



ਅਪ੍ਰੈਲ-ਜੂਨ,2010 ਅੰਕ :17

**KAHANI DHARA (Punjabi Quarterly)**
**R.N.I.Regd No.PUN PUN/2006/19971**
**ISSN 2321-4449**

ਕਹਾਣੀ ਧਾਰਾ

e-mail:
kahanidhara@gmail.com
bhagwantrasulpuri@gmail.com

**ਸੰਪਾਦਕ**
**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:

Editor:
***KAHANI DHARA***
Vill. Dharampur, P.O. Khambra,
Distt. Jalandhar-144026, Pb.
Mob. 94170-64350

ਚੰਦੇ: ਇਕ ਅੰਕ:25 ਰੁ.,10 ਅੰਕ:250 ਰੁ.,
10 ਅੰਕ: ਡਾਲਰ:40, ਤੇ ਪੌਂਡ: 35
ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ
ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ **Bright Printing Press, Mohalla Kishanpura, Jalandhar** ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ
(ਪ੍ਰਕਾਸ਼ਨ ਮਿਤੀ 1 ਮਈ, 2010)

## ਤਰਤੀਬ

ਸੰਪਾਦਕੀ
ਆਦਿ ਧਰਮੀਆਂ ਦੇ ਵਸਣ ਤੇ ਉਜੜਨ ਦਾ ਮਸਲਾ-1

ਚਾਰ ਕਹਾਣੀਆਂ-
ਸੂਤ ਪੁੱਤਰ ਕਰਨ/-ਸਰੂਪ ਸਿਆਲਵੀ-3
ਕਲਯੁਗ/-ਗੁਰਮੀਤ ਆਰਿਫ਼-20
ਚਪੇੜ/-ਗੁਰਿੰਦਰ ਸਿੰਘ ਕਲਸੀ-26
ਮੈਂ ਤੈਨੂੰ ਮੁਖਾਤਿਬ ਹਾਂ/-ਪ੍ਰੀਤ ਨੀਤਪੁਰ-33

ਸ਼ਬਦ ਚਿੱਤਰ
ਕਲਮ ਦਾ ਸਿਪਾਹੀ-ਸੰਤੋਖ ਸਿੰਘ ਧੀਰ/
-ਪ੍ਰੇਮ ਪ੍ਰਕਾਸ਼-37

ਲੇਖ
ਪੰਜਾਬੀ ਕਹਾਣੀ 'ਚ ਪਸੰਦ ਨਾ ਪਸੰਦ/
-ਪ੍ਰੇਮ ਪ੍ਰਕਾਸ਼-43
ਪੰਜਾਬੀ ਕਹਾਣੀ-ਨਵੇਂ ! ਰੁਝਾਣ/-ਡਾ. ਬਲਦੇਵ ਸਿੰਘ ਧਾਲੀਵਾਲ-46
ਸਭਿਆਚਾਰਕ ਸੰਤਾਪ ਦਾ ਕਥਾ ਬੋਧ 'ਈਸ਼ਵਰ ਦਾ ਜਨਮ' /-ਡਾ. ਗੁਰਮੇਲ ਸਿੰਘ-58

ਜਨ ਬੋਧ
ਦੇਵ ਦਾਸੀ ਪ੍ਰਥਾ ਬਨਾਮ ਦਲਿਤ ਸ਼ੋਸ਼ਣ/
-ਕਿਰਪਾਲ ਕਜ਼ਾਕ-64
ਪੁਸਤਕ ਪੜਚੋਲ-82
ਹੁੰਗਾਰਾ-96

ਟਾਇਟਲ ਪੇਂਟਿੰਗ: ਮਿਸ ਰਿਤੂ, 90415-22782

# ਆਦਿ ਧਰਮੀਆਂ ਦੇ ਵਸਣ ਤੇ ਉਜੜਨ ਦਾ ਮਸਲਾ

ਜਲੰਧਰ ਸਥਿਤ ਬੂਟਾ ਮੰਡੀ ਤੋਂ ਲਾਂਬੜਾ ਦਾ ਖਿੱਤਾ ਦਲਿਤਾਂ, ਖਾਸ ਕਰਕੇ ਆਦਿ ਧਰਮੀਆਂ/ ਚਮਾਰਾਂ ਦੇ ਚਮੜਾ ਰੰਗਣ ਦੇ ਕੰਮ ਦਾ ਜਨਮ, ਵਿਕਾਸ ਤੇ ਪੱਤਣ ਦਾ ਇਤਿਹਾਸ ਸਾਂਭੀ ਬੈਠਾ ਹੈ। ਭਾਵੇਂ ਕਿ ਇਸ ਖਿੱਤੇ ਦੇ ਆਲੇ ਦੁਆਲੇ ਦੇ ਬਾਠਾ, ਨਕੋਦਰ ਤੇ ਹੋਰ ਆਸ ਪਾਸ ਦੇ ਪਿੰਡਾਂ ਵਿਚ ਵੀ ਵੱਡੀ ਪੱਧਰ ’ਤੇ ਚਮੜਾ ਰੰਗਣ ਦਾ ਕੰਮ ਹੁੰਦਾ ਸੀ ਪਰ ਮੈਂ ਇਸ ਖਿੱਤੇ ’ਤੇ ਗੱਲ ਨੂੰ ਫੋਕਸ ਕਰਨਾ ਚਾਹੁੰਦਾ ਹਾਂ। ਦੇਸ਼ ਆਜ਼ਾਦ ਹੋਣ ਤੋਂ ਪਹਿਲਾਂ 1940 ਦੇ ਆਸ ਪਾਸ ਬੂਟਾ ਮੰਡੀ ਤੋਂ ਲਾਂਬੜੇ ਦਾ ਕੱਚਾ ਰਾਹ ਟਿੱਬੇ, ਮਲ੍ਹੇ-ਝਾੜੀਆਂ, ਕਿੱਕਰਾਂ ਤੇ ਉਜਾੜ ਬੀਆਬਾਨ ’ਚ ਘਿਰਿਆ ਹੋਇਆ ਸੀ। ਇਸ ਲੰਮੇ ਰਸਤੇ ਦੇ ਆਲੇ ਦੁਆਲੇ ਉਦੋਂ ਕੁ ਆਦਿ ਧਰਮੀ ਵਸਣ ਲੱਗ ਪਏ ਸਨ। ਉਹ ਜੋ ਚਮੜਾ ਰੰਗਣ ਦਾ ਕੰਮ ਕਰਦੇ ਸਨ ਤੇ ਜਿਨ੍ਹਾਂ ਨੂੰ ਪਿੰਡ ਵਾਲੇ ਉੱਚ ਵਰਗ ਦੇ ਲੋਕ ਉਨ੍ਹਾਂ ਕੰਮ ਕਰਕੇ ਨਫ਼ਰਤ ਨਾਲ ਦੇਖਦੇ ਸਨ। ਬੂਟਾਂ ਮੰਡੀ ਤੋਂ ਦੋ ਮੀਲ ਦੀ ਵਿੱਥ ਤੇ ਪਿੰਡ ਖਾਂਬਰੇ ’ਤੇ ਆਸ ਪਾਸ ਦੇ ਚਾਮੜੀ ਕੱਚੇ ਰਸਤੇ ਦੇ ਨੇੜੇ ਨੇੜੇ ਵਸਣ ਲੱਗੇ । ਇਨ੍ਹਾਂ ਲੋਕਾਂ ਵਿਚੋਂ ਇਕ ਟੱਬਰ ਮੇਰਾ ਨਾਨਕਾ ਅਹੀਰ ਪਰਿਵਾਰ ਦਾ ਸੀ। ਜਿਸ ਦਾ ਮੁੱਖੀ ਦੂੰਨੀ ਚੰਦ ਸੀ। ਹੁਣ ਇਸ ਪਰਿਵਾਰ ਦੀ ਪੰਜਵੀਂ ਪੀੜ੍ਹੀ ਚੱਲ ਰਹੀ ਹੈ। ਇਸ ਤਰ੍ਹਾਂ ਚਾਰ ਪੰਜ ਟੱਬਰ ਨਾਲ ਨਾਲ ਵਸ ਗਏ। ਇਹ ਸਾਰੇ ਲੋਕ ਆਦਿ ਧਰਮੀ ਸਨ। ਜਿਹੜੇ ਚੰਮੜਾ ਰੰਗਦੇ ਅਤੇ ਕੁਝ ਬਹੁਤ ਨਿਘਰੇ ਗਰੀਬ ਲੋਕ ਆਲੇ ਦੁਆਲੇ ਦੇ ਪਿੰਡਾਂ ਵਿਚੋਂ ਮਰੇ ਡੰਗਰ ਚੁੱਕਕੇ ਖੱਲ੍ਹਾਂ ਲਾਹੁੰਦੇ। ਸਮਾਂ ਪਾ ਕੇ ਇਨ੍ਹਾਂ ਆਦਿ ਧਰਮੀਆਂ ਨੇ ਪਿੰਡ ਦਾ ਨਾਂ ‘ਧਰਮਪੁਰਾ’ ਰੱਖ ਲਿਆ ਸੀ। ਭਾਵ ਕਿ ਨਿਰੋਲ ਆਦਿ ਧਰਮੀਆਂ... ਨਿਰੋਲ ਚਮੜਾ ਰੰਗਣ ਵਾਲਿਆਂ ਦਾ ਪਿੰਡ। ਤਿੰਨ ਮੀਲ ਦੀ ਵਿੱਥ ਤੇ ਕੁਝ ਹੋਰ ਲੋਕੀ ਚਮੜਾ ਰੰਗਣ ਵਾਲੇ ਆ ਬੈਠੇ ਤਾਂ ਪਿੰਡ ‘ਤਾਜਪੁਰ’ ਵਸ ਗਿਆ। ਦੋ ਮੀਲ ਤੇ ਹੋਰ ਚਮਾਰ ਆ ਬੈਠੇ ਤੇ ਲਾਂਬੜਾ ਪਿੰਡ ਵਸਿਆ। ਜਿਹੜਾ ‘ਕਾਰਖਾਨੇ’ ਤੌਰ ਤੇ ਜਾਣਿਆ ਗਿਆ। ਇੰਝ ਇਕ ਬੈਲਟ ਕੱਚੇ ਰਾਹ ਦੇ ਆਲੇ ਦੁਆਲੇ ਚਮੜਾ ਰੰਗਣ ਵਾਲਿਆਂ ਦੀ ਬਣ ਗਈ। ਉਹ ਰਾਹ ਜਿੱਥੇ ਸੰਘਣੀਆਂ ਕਿੱਕਰਾਂ ਸਨ, ਜਿਨ੍ਹਾਂ ਤੇ ਇੱਲ੍ਹਾਂ ਬੈਠੀਆਂ ਰਹਿੰਦੀਆਂ ਸਨ। ਇਕ ਭਿਆਨਿਕ ਦ੍ਰਿਸ਼। ਬੂਟਾ ਮੰਡੀ ਚਮੜੇ ਦੀ ਆੜਤ ਦਾ ਵੱਡਾ ਕੇਂਦਰ ਬਣ ਕੇ ਉਭਰਨ ਲੱਗਾ। ਕਲਕੱਤੇ ਤੋਂ ਕੱਚਾ ਚਮੜਾ ਆਉਂਦਾ-ਜਾਂਦਾ। ਬੂਟਾ ਮੰਡੀ ਦੇ ਚਮਾਰ ਕੱਚੇ ਚਮੜੇ ਦੀ ਆੜਤ ਵੀ ਕਰਦੇ ਤੇ ਪੱਕਾ ਚਮੜਾ ਵੀ ਵੇਚਦੇ। ਜੁੱਤੀਆਂ ਬਣਾਉਣ ਵਾਲੇ ਰਵਿਦਾਸੀਏ ਚਮਾਰ ਕਰੀਗਰ ਵੀ ਬੂਟਾ ਮੰਡੀ ਦੇ ਆਲੇ ਦੁਆਲੇ ਵਸਣ ਲੱਗੇ। ਗੋਰਿਆ ਦੇ ਵੇਲੇ ਜੁੱਤੀਆਂ ਬਣਾਉਣ ਦਾ ਇਹ ਇਲਾਕਾ ਵੱਡਾ ਕੇਂਦਰ ਬਣ ਗਿਆ ਸੀ। ਅੰਗਰੇਜ਼ ਫੌਜ਼ ਨੂੰ ਇਥੋਂ ਬੂਟ ਸਪਲਾਈ ਹੁੰਦੇ। ਬਾਬੂ ਮੰਗੂ ਰਾਮ ਮੁੱਗੋਵਾਲੀਏ ਨੇ ਆਦਿ ਧਰਮੀ ਕਰੀਗਰਾ ਤੋਂ ਸਿੱਧੇ ਬੂਟ ਖਰੀਦਣ ਦੇ ਮੁੱਦੇ ’ਤੇ ਜਲਸੇ, ਮੰਗ ਪੱਤਰ ਵੀ ਗੋਰੀ ਸਰਕਾਰ ਨੂੰ ਦਿੱਤੇ।

ਚਮੜੇ ਦੇ ਕਿੱਤੇ ਕਰਕੇ ਇਸ ਖਿੱਤੇ ਦੇ ਆਦਿ ਧਰਮੀ ਆਰਥਿਕ ਪੱਖੋਂ ਕਾਫੀ ਮਜਬੂਤ ਵੀ ਹੋ ਗਏ। ਪੈਸਾ ਆਉਣ ਨਾਲ ਆਦਿ ਧਰਮੀ ਪੜ੍ਹਨ ਵੱਲ ਰੁਚਿਤ ਹੋਣ ਲੱਗੇ। ਉਦੋਂ ਕੁ ਆਦਿ ਧਰਮ ਲਹਿਰ ਦਾ ਉਭਾਰ ਹੋ ਚੁੱਕਾ ਸੀ। ਇਸ ਲਹਿਰ ਦਾ ਇਸ ਖਿੱਤੇ ਵਿਚ ਕਾਫੀ ਰਸੂਖ ਸੀ। ਪਿੰਡ ਖਾਂਬਰੇ ਤੋਂ ਦੋ ਸੱਜਣ ਪੜ੍ਹ ਲਿਖ ਜਾਣ ਕਾਰਨ ਇਸ ਲਹਿਰ ਨਾਲ ਜੁੜੇ ਜਿੱਥੋਂ ਮੇਰਾ ਨਾਨਾ ਪਰਿਵਾਰ ਉੱਠਿਆ ਸੀ। ਜਿਨ੍ਹਾਂ ’ਚੋਂ ਇਕ ਘਨੀਆਂ ਲਾਲ ਸੀ ਜਿਸ ਨੂੰ ਆਦਿ ਧਰਮ ਮੰਡਲ ਪੰਜਾਬ ਦਾ ਖਜਾਨਚੀ ਬਣਾਇਆ ਗਿਆ ਤੇ ਦੂਜਾ ਸੀ ਨਾਨਕ ਚੰਦ ਜੋ ਆਦਿ ਧਰਮ ਮੰਡਲ ਦੇ ਪ੍ਰਬੰਧਕੀ ਕਮੇਟੀ ਵਿਚ ਸੀ। ਮੇਰੇ ਨਾਨੇ ਦੇ ਬਾਪ ਦੂੰਨੀ ਚੰਦ ਨੇ ਵੀ ਇਸ ਲਹਿਰ ਵਿਚ ਵੱਧ ਚੜ ਕੇ ਕੰਮ ਕੀਤਾ। ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਹੋਰ ਸੱਜਣ ਵੀ ਆਦਿ ਧਰਮ ਨਾਲ ਜੁੜੇ। ਇਸ ਖਿੱਤੇ ਵਿਚ ਜਲਸੇ, ਕਨਫਰੰਸਾਂ ਵੀ ਹੋਈਆਂ। ਇਥੋਂ ਦੇ ਲੋਕ ਰਵਿਦਾਸ ਨਾਲ ਤੇ ਆਦਿ ਧਰਮ ਨਾਲ ਵੱਡੀ ਪੱਧਰ ਤੇ ਜੁੜਨ ਲੱਗੇ। ਦਲਿਤਾਂ ਵਿਚ ਰਾਜਨੀਤਿਕ ਤੌਰ ਤੇ ਚੇਤਨਾ ਆਈ। ਨਫ਼ਰਤ ਦੀ ਪ੍ਰਵਿਰਤੀ ਨਾਲ ਪਿੰਡੋਂ ਬਾਹਰ ਨੂੰ ਧਕੇਲੇ ਗਏ ਆਦਿ ਧਰਮੀ ਆਰਥਿਕ, ਸਮਾਜਿਕ, ਰਾਜਨੀਤਿਕ ਤੌਰ ਤੇ ਮਜਬੂਤ ਹੋਣ ਲੱਗੇ। 80 ਵਿਆਂ ’ਚ ਪਹੁੰਚ ਕੇ ਆਦਿ ਧਰਮੀਆਂ ਕੋਲੋਂ ਇਹ ਕਿੱਤਾ ਖੋਹਣ ਦੀਆਂ ਗਹਿਰੀਆਂ ਚਾਲਾ ਆਰੰਭ ਹੋਣ ਲੱਗ ਪਈਆਂ। ਉਦੋਂ ਕੁ ਬੂਟਾ ਮੰਡੀ ਵਿਚ ਇਕ ਚਮੜਾ ਵਪਾਰੀ ਦਾ



ਉਭਾਰ ਹੁੰਦਾ ਹੈ, ਜਿਹੜਾ ਕਦੇ ਸਿਰਾ ’ਤੇ ਰੰਗਿਆ ਚਮੜਾ ਚੁੱਕਦਾ ਹੁੰਦਾ ਸੀ। ਦੇਖਦੇ ਦੇਖਦੇ ਇਹ ਵਪਾਰੀ ਬੂਟਾ ਮੰਡੀ ਦੀ ਚਮੜਾ ਸਨਅਤ ’ਤੇ ਕਾਬਜ ਹੋ ਜਾਂਦਾ ਹੈ। ਬੂਟਾ ਮੰਡੀ ਤੋਂ ਚਮੜੇ ਦਾ ਕੰਮ ਬੰਦ ਕਰਵਾਉਣ ਦੀਆਂ ਪਾਲਸੀਆਂ ਬਣਦੀਆਂ ਹਨ। ਬੂਟਾ ਮੰਡੀ ਦਾ ਵਿਸ਼ਾਲ ਛੱਪੜ ਪੂਰਿਆ ਜਾਂਦਾ ਹੈ, ਜਿੱਥੇ ਕੱਚਾ ਚਮੜਾ ਰੰਗਣ ਦਾ ਪਾਣੀ ਪੈਂਦਾ ਸੀ। ਸਰਕਾਰੀ ਦਬਾਅ ਨਾਲ ਲੈਦਰ ਕੰਪਲੈਕਸ ਬਣਦਾ ਹੈ। ਉਧਰ ਧਰਮਪੁਰਾ, ਲਾਂਬੜਾ ਤੇ ਇਹਦੇ ਨਾਲ ਦੇ ਇਲਾਕੇ ’ਚ ਚਮੜਾ ਰੰਗਣ ਵਾਲੇ ਘਟਣ ਲੱਗਦੇ ਹਨ। ਅਰਥਚਾਰਾ ਬਦਲਦਾ ਹੈ ਧਰਮ ਪੁਰੇ ਦੇ ਸਾਰੇ ਆਦਿ ਧਰਮੀ ਬੂਟਾ ਮੰਡੀ ਦੇ ਇਕ ਵਪਾਰੀ ਦੇ ਕਾਰਖਾਨੇ ਵਿਚ ਕੱਚਾ ਚਮੜਾ ਰੰਗਣ ਲੱਗਦੇ ਹਨ। ਕੁਝ ਬੂਟ ਬਣਾਉਣ ਵਾਲੇ ਕਾਰੀਗਰ ਉਥੇ ਬੂਟ ਬਣਾਉਣ ਲੱਗਦੇ ਹਨ। ਬਾਕੀ ਲੈਦਰ ਕੰਪਲੈਕਸ ਵਿਚ ਮਜ਼ਦੂਰ ਦੇ ਤੌਰ ਤੇ ਕੰਮ ਕਰਨ ਲੱਗਦੇ ਹਨ। ਧਰਮਪੁਰੇ ਪਿੰਡ ਦਾ ਜੱਦੀ ਪੁਸ਼ਤੀ ਕਿੱਤਾ ਖਤਮ ਹੋ ਜਾਂਦਾ ਹੈ। ਅੱਜ ਹਾਲਾਤ ਇਹ ਹੈ ਕਿ ਇਕ ਵੀ ਘਰ ਚਮੜਾ ਨਹੀਂ ਰੰਗਦਾ। ਨਾ ਹੀ ਕਿਸੇ ਨੇ ਚਮੜਾ ਰੰਗਣ ਦਾ ਯੂਨਿਟ ਲਾਇਆ ਹੈ। ਚਮੜਾ ਉਦਯੋਗ ’ਚ ਉੱਚ ਜਾਤੀਆਂ ਦਾ ਪ੍ਰਭਾਵ ਵੱਧਣ ਲੱਗਦਾ ਹੈ। ਲੈਦਰ ਕੰਪਲੈਕਸ ਵਿਚ 80 ਪ੍ਰਤੀਸ਼ਤ ਚਮੜੇ ਦਾ ਕੰਮ ਉੱਚ ਜਾਤੀ ਦੇ ਲੋਕਾਂ ਦੇ ਹੱਥਾਂ ਵਿਚ ਹੈ। ਮੈਂ ਖੁਦ ਕਾਫੀ ਲੰਮੇ ਸਮੇਂ ਤੋਂ ਇਸ ਮਸਲੇ ’ਤੇ ਸਰਵੇ ਕਰ ਰਿਹਾ ਹਾਂ ਕਿ ਸਮਾਜਿਕ, ਆਰਥਿਕ ਸਿਸਟਮ ਕਿਵੇਂ ਬਦਲਦਾ ਹੈ। ਆਰਥਿਕਤਾ ਨਾਲ ਜੁੜ ਕੇ ਕਿੱਤੇ ਕਿਵੇਂ ਬਦਲਦੇ ਹਨ। ਚਮਾਰਾਂ ਕੋਲ ਉਨ੍ਹਾਂ ਦੇ ਪਿਤਾ ਪੁਰਖੀ ਕਿੱਤਾ ਖੋਹਣ ਲਈ ਪਾਲਸੀਆਂ ਘੜੀਆਂ ਜਾਣ ਲੱਗੀਆਂ। ਉਹ ਆਦਿ ਧਰਮੀ ਜਿਹੜਾ ਇਹ ਕੰਮ ਖੁਦ ਕਿੱਕਰ ਦਾ ਸੱਕ ਪਾ ਕੇ ਕਰਦੇ ਸਨ ਹੁਣ ਉਹ ਕਾਰਖਾਨਿਆਂ ਵਿਚ ਨਵੀਆਂ ਤਕਨੀਕਾਂ ਨਾਲ ਹੁਣ ਤਿਆਰ ਕਰਦੇ ਹਨ ।

ਦੂਜੇ ਪਾਸੇ ਉਹ ਧਰਮ ਪੁਰਾ ਪਿੰਡ ਜਿਥੇ ਆਦਿ ਧਰਮੀ ਲੋਕ ਕੱਚਾ ਚਮੜਾ ਰੰਗਣ ਦਾ ਕੰਮ ਕਰਦੇ ਸਨ। ਜੋ ਭਾਈਚਾਰਕ ਤੌਰ ਤੇ ਚੇਤਨ ਸਨ। ਪਿਤਾ ਪੁਰਖੀ ਕੰਮ ਹੱਥੋਂ ਨਿਕਲਣ ਕਾਰਨ ਕਈ ਪਰਿਵਾਰ ਗਰੀਬੀ ਵਿਚ ਚਲੇ ਗਏ। ਇਹ ਕੱਚਾ ਰਾਹ ਜੋ ਕਦੇ ਉਜਾੜ ਹੁੰਦਾ ਸੀ। ਜਿਹਦੇ ਆਲੇ ਦੁਆਲੇ ਮੱਲ੍ਹੇ-ਝਾੜੀਆਂ, ਕਿੱਕਰਾਂ ਸਨ। ਹੌਲੀ ਹੌਲੀ ਵਸਣ ਲੱਗਾ। ਕੱਚੇ ਤੋਂ ਪੱਕੀ ਸੜਕ ਬਣ ਗਈ। ਬੂਟਾ ਮੰਡੀ ਪੁਰਾਣੇ ਨਵੇਂ ਤਾਕੀਆਂ ਦਰਵਾਜ਼ੇ ਦੀ ਲਕੜ ਮੰਡੀ ਵਿਚ ਤਬਦੀਲ ਹੋ ਗਈ। ਧਰਮ ਪੁਰਾ ਪਿੰਡ ਸੜਕ ਦੇ ਕਿਨਾਰੇ ਕਿਨਾਰੇ ਹੋਣ ਕਰਨ ਇਥੇ ਜ਼ਮੀਨਾ ਦਾ ਭਾਅ ਕਰੋੜਾ ਤੀਕ ਪਹੁੰਚ ਗਿਆ। ਉਨ੍ਹਾਂ ਲੋਕਾਂ ਦਾ ਧਿਆਨ ਮੁੜ ਇਸ ਇਲਾਕੇ ਤੇ ਗਿਆ ਜਿਨ੍ਹਾਂ ਨੇ ਕਦੇ ਆਦਿ ਧਰਮੀਆਂ ਨੂੰ ਪਿੰਡੋਂ ਉਜਾੜ ਕੇ ਰੋਹੀ ਬੀਆਬਾਨ ਥਾਂ ਤੇ ਧਕੇਲਿਆ ਸੀ। ਫਿਰ ਇਹੋ ਇਲਾਕਾ ਆਪਣੇ ਕਾਰੋਬਾਰ ਲਈ ਲਾਭਕਾਰੀ ਲੱਗਣ ਲੱਗਾ। ਪੈਸੇ ਦੇ ਜੋਰ ਨਾਲ ਇਨ੍ਹਾਂ ਲੋਕਾਂ ਨੇ ਧਰਮ ਪੁਰਾ ਪਿੰਡ ਨੂੰ ਖਰੀਦਣਾ ਆਰੰਭ ਕਰ ਦਿੱਤਾ ਹੈ। ਗਰੀਬ ਆਦਿ ਧਰਮੀਆਂ ਨੂੰ ਲੱਖਾਂ ਰੁਪਏ ਮਿਲ ਰਹੇ ਹਨ। ਮੇਰੇ ਦੇਖਦੇ ਦੇਖਦੇ ਸ਼ਹਿਰ ਪਿੰਡ ਨੂੰ ਖਾਣ ਲੱਗਾ। ਬਾਣੀਆਂ ਬਿਰਤੀ ਦੇ ਵਪਾਰੀ ਲੋਕਾਂ ਨੇ ਜੈ ਜਗਦੰਬੇ, ਮਾਂ ਲਕਸ਼ਮੀ, ਸ਼੍ਰੀ ਗਣੇਸ਼, ਵਰਮਾ, ਸ਼ਰਮਾਂ ਆਦਿ ਨਾਂਵਾਂ ਨਾਲ ਮਾਰਬਲ ਦੀਆਂ ਹੱਟੀਆਂ ਬਣਾ ਲਈਆਂ ਹਨ। ਉਹ ਪਿੰਡ ਜਿੱਥੇ ਕਦੇ ਕੱਚੇ ਚਮੜੇ ’ਤੇ ਰੰਬੀਆਂ ਚਲਦੀਆਂ ਸਨ, ਹੁਣ ਪੱਥਰ ਕੱਟਣ ਵਾਲੇ ਕਟਰ ਚੱਲ ਰਹੇ ਹਨ। ਨਿਰੋਲ ਆਦਿ ਧਰਮੀਆਂ ਦਾ ਅੱਧਾ ਪਿੰਡ ਉਜੜ ਗਿਆ ਹੈ। ਆਦਿ ਧਰਮੀਆਂ ਦੀ ਭਾਈਚਾਰਕ ਸਾਂਝ ਦਿਨੋਂ ਦਿਨ ਘਟ ਰਹੀ ਹੈ। ਸਾਂਝੇ ਪਿੰਡਾਂ ਤੋਂ ਉਜਾੜ ਕੇ ਦਲਿਤਾਂ ਨੂੰ ਜੰਗਲਾਂ, ਟਿੱਬਿਆ, ਮਾਲ੍ਹੇ-ਝਾੜੀਆਂ ’ਤੇ ਵਸਾਉਣਾ ਅਤੇ ਫਿਰ ਉਥੋਂ ਵੀ ਆਪਣੇ ਹਿੱਤਾ ਲਈ ਉਜਾੜਨ ਦੀ ਪ੍ਰਵਿਰਤੀ ਨੂੰ ਅੱਜ ਦੇ ਸਮੇਂ ’ਚ ਬਹੁਤ ਸਮਝਣ ਦੀ ਲੋੜ ਹੈ। ਇਹ ਬਹੁਤ ਹੀ ਚਿੰਤਾ ਜਨਕ ਮਸਲਾ ਹੈ। ਬੜੀ ਚਲਾਕੀ ਨਾਲ ਆਦਿ ਧਰਮੀਆਂ ਦੀਆਂ ਸਮਾਜਿਕ, ਧਾਰਮਿਕ ਜੜ੍ਹਾਂ ’ਤੇ ਸਰਮਾਏ ਦੀ ਦਾਤੀ ਫਿਰ ਰਹੀ ਹੈ। ਜਿਸ ਦੀ ਸਧਾਰਨ ਦਲਿਤ ਨੂੰ ਸਮਝ ਹੀ ਨਹੀਂ ਲੱਗਦੀ। ਤੁਸੀਂ ਦੇਖ ਲਓ ਪੂਰੇ ਭਾਰਤ ਵਿਚ ਜੰਗਲੀ ਜਨਜਾਤੀਆਂ ਕੋਲੋਂ ਉਨ੍ਹਾਂ ਦੇ ਪਹਾੜ, ਜੰਗਲ, ਖੇਤ ਖੋਹੇ ਜਾ ਰਹੇ ਹਨ। ਉਨ੍ਹਾਂ ਨੂੰ ਵਿਕਾਸ ਦੇ ਨਾਂ ’ਤੇ ਉਜਾੜਿਆ ਤੇ ਮਾਰਿਆ ਜਾ ਰਿਹਾ ਹੈ। ਅੱਜ ਵੀ ਹਰਿਆਣੇ ਵਿਚ ਦਲਿਤਾਂ ਨੂੰ ਉਜਾੜਨ ਲਈ ਉਨ੍ਹਾਂ ਦੇ ਘਰਾਂ ਨੂੰ ਸਾੜਿਆ ਜਾ ਰਿਹਾ ਹੈ। ਮੀਡੀਆ ਸੁੱਤਾ ਪਿਆ ਹੈ। ਇਹ ਚਿੰਤਾ ਜਨਕ ਮਸਲਾ ਹੈ। ਇਕ ਨਿੱਕੇ ਜਿਹੇ ਖਿੱਤੇ ਨੂੰ ਕੇਂਦਰ ਬਣਾ ਕੇ ਮੈਂ ਦਲਿਤਾਂ ਦੇ ਉਜਾੜਨ ਦੀ ਗੱਲ ਕੀਤੀ ਹੈ। ਕਈ ਰੂਪਾ ਨਾਲ ਇਹ ਹਰ ਖਿੱਤੇ ਵਿਚ ਹੋ ਰਿਹਾ ਹੈ। ਇਸ ਮਸਲੇ ਤੇ ਵਿਚਾਰ ਕਰਨ ਦੀ ਲੋੜ ਹੈ। **- ਭਗਵੰਤ ਰਸੂਲਪੁਰੀ**

## ਕਹਾਣੀ / ਸੂਤ ਪੁੱਤਰ... ਕਰਨ/ ਸਰੂਪ ਸਿਆਲਵੀ

ਯੁੱਧ ਰੋਕਣ ਦੀਆਂ ਸਾਰੀਆਂ ਕੋਸ਼ਿਸ਼ਾਂ ਨਾਕਾਮ ਹੋ ਗਈਆਂ ਸਨ ਤੇ ਕੁਰੂਕਸ਼ੇਤਰ ਦੇ ਮੈਦਾਨ ਵਿਚ... ਮਹਾਂਭਾਰਤ ਦਾ ਯੁੱਧ ਆਰੰਭ ਹੋ ਚੁੱਕਿਆ ਸੀ।

ਯੁੱਧ ਸ਼ੁਰੂ ਹੋਣ ਤੋਂ ਦੂਸਰੇ ਦਿਨ, ਕਰਨ ਆਪਣਾ ਘੋੜਾ ਦੁੜਾਉਂਦਾ ਹੋਇਆ, ਹਸਤਨਾਪੁਰ ਦੇ ਦੱਖਣ ’ਚ, ਰਮਣੀਕ ਜੰਗਲ ਵਿਚ ਵਸੇ, ਬਚਪਨ ਤੋਂ ਉਹਦੇ ਦੋਸਤ ਬਣੇ ਨਿਸ਼ਾਦ ਕਬੀਲੇ ਦੇ ਲੋਕਾਂ ਨੂੰ ਮਿਲਣ ਲਈ ਗਿਆ। ਉਹ ਇਕੱਤਰ ਹੋਏ ਲੋਕਾਂ ਨੂੰ ਰਾਜ ਦੀ ਗੱਲ ਦੱਸਣ ਲੱਗਿਆ, “ਜਿਨ੍ਹਾਂ ਰੱਥਾਂ ’ਤੇ ਚੜਕੇ ਤੀਰ ਕਮਾਨ, ਬਰਛੇ, ਭਾਲੇ ਗਦਾ ਆਦਿ ਹਥਿਆਰਾਂ ਨਾਲ ਲੈਸ ਹੋ ਕੇ... ਹੁਣ ਇਹ ਕਸ਼ੱਤਰੀ ਰਾਜੇ, ਮਹਾਂਭਾਰਤ ਦਾ ਯੁੱਧ ਲੜ ਰਹੇ ਹਨ...” ਕਰਨ ਨੇ ਇਤਿਹਾਸ ਰੂਪੀ ਰਥ ਦੇ ਪਹੀਏ ਨੂੰ ਸੈਂਕੜੇ ਸਾਲ ਪਿਛਾਂਹ ਵੱਲ ਘੁਮਾਉਂਦਿਆਂ ਦੱਸਿਆ, “ਹਜ਼ਾਰਾਂ ਸਾਲ ਪਹਿਲਾਂ ਤੁਹਾਡੇ ਪੂਰਵਜਾਂ ਨੇ ਪਹੀਏ ਦੀ ਕਾਢ ਕੱਢਣ ਤੋਂ ਬਾਅਦ ਲਗਾਤਾਰ ਕਿੰਨਾ ਸਮਾਂ ਦਿਮਾਗ ਲੜਾ ਕੇ, ਇਸ ਚਾਰ ਪਹੀਆ ਵਾਲੇ ਰੱਥ ਦਾ ਆਵਿਸ਼ਕਾਰ ਕੀਤਾ ਸੀ। ਜਿਹੜਾ ਕਿ ਸ਼ਿਲਪ ਦਾ ਇਕ ਅਦਭੁਤ ਚਮਤਕਾਰ ਸੀ।”

ਨਿਸ਼ਾਦ ਕਬੀਲੇ ਦੇ ਲੋਕਾਂ ਨੂੰ ਹਸਤਨਾਪੁਰ ਰਾਜ ਦੇ ਸੈਨਿਕਾਂ ਰਾਹੀਂ ਜੰਗਲਾਂ ਵਿਚੋਂ ਵੀ ਵਾਰ ਵਾਰ ਉਜਾੜੇ ਜਾਣ ਕਰਕੇ ਉਹਨਾਂ ਦੇ ਪੂਰਵਜਾਂ ਰਾਹੀ, ‘ਰਥ ਦੀ ਕਾਢ ਕੱਢੇ ਜਾਣ ਦੀ ਗੱਲ’ ਸੱਚ ਨਹੀਂ ਸੀ ਜਾਪੀ। ਤਾਂ ਕਰਨ ਨੇ ਉਹਨਾਂ ਦਾ ਸ਼ੱਕ ਦੂਰ ਕਰਨ ਲਈ ਦੱਸਿਆ ਸੀ ਕਿ ਉਹਨਾਂ ਦੇ ਅਸੁਰ ਪੂਰਵਜਾਂ ਕੋਲੋਂ ਇਹ ਰੱਥ ਕਸ਼ੱਤਰੀਆਂ ਦੇ ਆਰੀਆਂ ਪੂਰਵਜਾਂ ਦੇ ਹੱਥਾਂ ਵਿਚ ਜਾਣ ਪਿਛੇ ਬਹੁਤ ਲੰਮਾ ਇਤਿਹਾਸ ਹੈ। ਕਰਨ ਦੀਆਂ ਦੱਸੀਆਂ ਹੋਰ ਗੱਲਾਂ ਨੂੰ ਸੱਚ ਮੰਨਣ ਵਾਂਗ, ਨਿਸ਼ਾਦ ਕਬੀਲੇ ਦੇ ਲੋਕਾਂ ਨੇ... ਉਹਦੀ ਦੱਸੀ ਇਹ ਗੱਲ ਵੀ ਸੱਚ ਮੰਨ ਲਈ ਸੀ। ਜਿਵੇਂ ਕਰਨ ਨੇ ਦੱਸਿਆ ਸੀ ਕਿ ਮਹਾਂਭਾਰਤ ਦੇ ਸ਼ੁਰੂ ਹੋਏ ਯੁੱਧ ਵਿਚ ਕੌਰਵਾਂ ਤੇ ਪਾਂਡਵਾਂ ਵਿਚ ਸੰਧੀ ਹੋਣ ਦੀ ਕੋਈ ਉਮੀਦ ਨਹੀਂ ਤੇ ਯੁੱਧ ਵਿਚ ਨਿੱਤ ਵੱਡੇ ਵੱਡੇ ਰਾਜੇ, ਮਹਾਂਰਾਜਿਆਂ ਦੇ ਵੀਰ ਗਤੀ ਨੂੰ ਪ੍ਰਾਪਤ ਹੋਣ ਦੇ ਨਾਲ ਨਾਲ ਖੂਹਣੀਆਂ ਦੀਆਂ ਖੂਹਣੀਆਂ ਸੈਨਿਕ ਵੀ ਯੁੱਧ ਦੀ ਭੇਟ ਚੜ੍ਹਦੇ ਜਾਣਗੇ। ਨਿਸ਼ਾਦ ਕਬੀਲੇ ਦੇ ਲੋਕਾਂ ਨੂੰ ਪਤਾ ਲਗਦਾ ਰਹਿੰਦਾ ਸੀ ਮਹਾਂਭਾਰਤ ਦੇ ਯੁੱਧ ਵਿਚ ਨਿੱਤ ਇੰਝ ਹੋ ਵੀ ਰਿਹਾ ਸੀ।

ਪਰ ਕਰਨ ਅੰਗ ਦੇਸ਼ ਦਾ ਰਾਜਾ ਹੁੰਦਿਆਂ ਵੀ ਮਹਾਂਭਾਰਤ ਦੇ ਯੁੱਧ ਵਿਚ ਭਾਗ ਨਹੀਂ ਲੈ ਸਕਿਆ ਸੀ। ਦੁਰਯੋਧਨ ਰਾਹੀਂ ਕੌਰਵ ਸੈਨਾ ਦੇ ਬਣਾਏ ਪਹਿਲੇ ਪ੍ਰਧਾਨ ਸੈਨਾਪਤੀ ਭੀਸ਼ਮ ਪਿਤਾਮਾ ਨੇ ਕਿਹਾ ਸੀ, “ਹੇ ਕਰਨ ਤੂੰ ਸੂਤ ਪੁੱਤਰ ਹੈਂ ਇਸ ਲਈ ਤੂੰ ਮਹਾਂਭਾਰਤ ਦੇ ਯੁੱਧ ਵਿਚ ਭਾਗ ਨਹੀਂ ਲੈ ਸਕਦਾ।” ਗੁੱਸੇ ਵਿਚ ਆਇਆ ਦੁਰਯੋਧਨ, ਉਹਦੇ ਪਰਮ ਮਿੱਤਰ, ਕਰਨ ਨੂੰ ਯੁੱਧ ਵਿਚ ਭਾਗ ਲੈਣ ਤੋਂ ਰੋਕਣ ਦੇ ਭੀਸ਼ਮ ਪਿਤਾਮਾ ਦੇ ਫੈਸਲੇ ਵਿਰੁੱਧ ਬੋਲਣ ਹੀ ਲੱਗਿਆ ਸੀ ਕਿ ਮਾਮਾ ਸ੍ਰੀ ਸ਼ੁਕੁਨੀ ਨੇ ਮੌਕਾ ਸੰਭਾਲਦਿਆਂ ਉਹਨੂੰ ਚੁੱਪ ਰਹਿਣ ਦਾ ਇਸ਼ਾਰਾ ਕੀਤਾ। ਤਾਂ ਭੀਸ਼ਮ ਪਿਤਾਮਾ ਨੇ ਦੁਰਯੋਧਨ ਦੇ ਗੁੱਸੇ ਨੂੰ ਭਾਂਪਦਿਆਂ ਕਿਹਾ ਸੀ, “ਹੇ ਦੁਰਯੋਧਨ ! ਮੇਰੀ ਮੌਤ ਤੋਂ ਬਾਅਦ ਕੌਰਵ ਸੈਨਾ ਦੇ ਬਣਾਏ ਜਾਣ ਵਾਲੇ ਪ੍ਰਧਾਨ ਸੈਨਾਪਤੀ ਦੀ ਮਰਜੀ ਹੋਵੇਗੀ। ਉਹ ਕਰਨ ਨੂੰ ਯੁੱਧ ਵਿਚ ਭਾਗ ਲੈਣ ਦੇਣ ਜਾਂ ਨਾ।”

ਭੀਸ਼ਣ ਯੁੱਧ ਕਰਦਿਆਂ ਦਸਵੇਂ ਦਿਨ ਭੀਸ਼ਮ ਪਿਤਾਮਾ ਅਰਜਨ ਦੇ ਤੀਰਾਂ ਨਾਲ ਜ਼ਖ਼ਮੀ ਹੋਇਆ ਮੌਤ ਦੀ ਸੇਜ ਤੇ ਜਾ ਪਿਆ ਸੀ। ਉਸ ਤੋਂ ਬਾਦ ਦੁਰਯੋਧਨ ਨੇ ਗੁਰੂ ਦਰੋਣਾਚਾਰੀਆ ਨੂੰ ਕੌਰਵ ਸੈਨਾ ਦਾ ਪ੍ਰਧਾਨ ਸੈਨਾਪਤੀ ਬਣਾ ਕੇ ਮਹਾਂਭਾਰਤ ਦੇ ਯੁੱਧ ਵਿਚ ਭੇਜਿਆ ਸੀ। ਉਹ ਵੀ ਚਾਰ ਦਿਨ ਯੁੱਧ ਕਰਕੇ ਵੀਰ ਗਤੀ ਨੂੰ ਪ੍ਰਾਪਤ ਹੋ ਗਿਆ ਸੀ। ਗੁਰੂ ਦਰੋਣਾਚਾਰੀਆਂ ਦੇ ਮਰਨ ਦੀ ਨਿਸ਼ਾਦ ਕਬੀਲੇ ਦੇ ਲੋਕਾਂ ਨੇ ਬਹੁਤ ਖੁਸ਼ੀ ਮਨਾਈ ਸੀ। ਕਿਉਂਕਿ ਦਰੋਣਾਚਾਰੀਆਂ ਨੇ ਉਨ੍ਹਾਂ ਦੇ ਕਬੀਲੇ ਦੇ ਨਿਪੁਨ ਤੀਰ ਅੰਦਾਜ, ਨੌਜਵਾਨ ਇਕਲਵਯ ਦਾ ਗੁਰੂਦੱਖਣਾ ਵਜੋਂ ਕਪਟ ਨਾਲ ਸੱਜੇ ਹੱਥ ਦਾ ਅੰਗੂਠਾ ਕੱਟ ਲਿਆ ਸੀ।

ਗੁਰੂ ਦਰੋਣਾਚਾਰੀਆਂ ਤੋਂ ਬਾਅਦ, ਮਹਾਂਭਾਰਤ ਦੇ ਯੁੱਧ ਦੇ ਪੰਦਰਵੇਂ ਦਿਨ ਕੁਲ ਗੁਰੂ ਕਿਰਪਾਚਾਰੀਆ, ਗੁਰੂ ਦਰੋਣ ਪੁੱਤਰ ਆਸ਼ੂਥਾਮਾ, ਮਦਰ ਨਰੇਸ਼ ਗਦਾਧਾਰੀ ਸ਼ਲਯ ਆਦਿ ਸ਼ੂਰਵੀਰਾਂ ਦੇ ਹੁੰਦਿਆਂ ਦੂਰਯੋਧਨ ਨੇ



ਸੂਤ ਪੁੱਤਰ ਅਖਵਾਏ ਜਾਂਦੇ ਕਰਨ ਨੂੰ ਕੌਰਵ ਸੈਨਾ ਦਾ ਪ੍ਰਧਾਨ ਸੈਨਾਪਤੀ ਥਾਪਿਆ ਸੀ। ਇਹ ਪਤਾ ਲਗਦਿਆਂ ਹੀ... ਕਰਨ ਦੇ ਮਿੱਤਰ ਨਿਸ਼ਾਦ ਕਬੀਲੇ ਦੇ ਲੋਕਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਸੀ। ਕਿਉਂਕਿ ਦੁਰਯੋਧਨ ਨੇ ਸੂਤ ਪੁੱਤਰ ਕਰਨ ਨੂੰ ਕੌਰਵ ਸੈਨਾ ਦਾ ਪ੍ਰਧਾਨ ਸੈਨਾਪਤੀ ਬਣਾਏ ਜਾਣ ਦੇ ਨਾਲ ਨਾਲ ਅਰਜਨ ਦੇ ਕ੍ਰਿਸ਼ਨ ਵਰਗੇ ਸ਼ਾਤਰ ਦਿਮਾਗ ਸਾਰਥੀ ਦੇ ਮੁਕਾਬਲੇ ਵਿਚ ਕਰਨ ਦੇ ਰੱਥ ਦੇ ਘੋੜਿਆਂ ਦੀਆਂ ਵਾਗਾਂ ਸਕੁਸ਼ਲ ਸਾਰਥੀ ਮਹਾਰਾਜਾ ਸ਼ਲਯ ਦੇ ਹੱਥਾਂ ਵਿਚ ਫੜਾਈਆਂ ਸਨ।

ਨਿਸ਼ਾਦ ਕਬੀਲੇ ਦੇ ਇਕਲਵਯ ਤੇ ਉਸਦੇ ਦੋਸਤ ਨੌਜਵਾਨ, ਯੁੱਧ ਖੇਤਰ ਦੇ ਨੇੜੇ ਤੇੜੇ ਦੇ ਸੰਘਣੇ ਦਰਖਤਾਂ ’ਤੇ ਚੜ੍ਹ ਕੇ ਲੁਕੇ ...ਮਹਾਂਭਾਰਤ ਦਾ ਯੁੱਧ ਦੇਖਦਿਆਂ ਅਤਿ ਪ੍ਰਸੰਨ ਹੋ ਰਹੇ ਸਨ... ਕਿਉਂਕਿ ਇਕ ਪਾਸੇ ਮਹਾਂਦੇਵ, ਇੰਦਰ, ਪਰਸੂਰਾਮ, ਭੀਸ਼ਮ, ਦਰੋਣਾਚਾਰੀਆਂ ਆਦਿ ਕਿੰਨ ਹੀ ਦੇਵਤਿਆਂ ਦਾ ਆਸ਼ੀਰਵਾਦ ਪ੍ਰਾਪਤ ਕਰਨ ਵਾਲਾ ਇੰਦਰਜੀਤ ਕਹਾਉਣ ਵਾਲਾ ਅਰਜਨ ਸੀ। ਤੇ ਦੂਸਰੇ ਪਾਸੇ ਗੁਰੂ ਪਰਸੁਰਾਮ ਉਹਦੇ ਹੱਥੋਂ ਮਾਰੇ ਗਏ ਬਛੜੇ ਦੇ ਮਾਲਕ ਬ੍ਰਾਹਮਣ ਆਦਿ ਕਿੰਨਿਆਂ ਦੇ ਹੀ ਦੂਰਬਚਨਾਂ ਸੂਤ ਪੁੱਤਰ ਹੋਣ ਕਰਕੇ ਦਿੱਤੇ ਗਏ ਸਰਾਪਾਂ ਦਾ ਬੋਝ ਸਿਰ ’ਤੇ ਚੁੱਕੀ ਅਰਜਨ ਦਾ ਮੁਕਾਬਲਾ ਕਰਦਾ ਉਹਨਾਂ ਦਾ ਲੁਕਵਾਂ ਮਿੱਤਰ ਕਰਨ ਸੀ। ਫੇਰ ਵੀ ਉਹ ਡਾਢੇ ਆਤਮ ਵਿਸ਼ਵਾਸ ਤੇ ਹੌਸਲੇ ਨਾਲ ਅਰਜਨ ਦੇ ਬਰਸਾਏ ਤੀਰਾਂ ਨੂੰ ਆਪਣੇ ਵਾਣਾਂ ਨਾਲ ਕੱਟ ਕੱਟ ਕੇ ਸੁੱਟ ਰਿਹਾ ਸੀ। ਕੁਰੂਕਸ਼ੇਤਰ ਦੇ ਮੈਦਾਨ ਵਿਚ ਯੁੱਧ ਕਰਦਿਆਂ ਦੇਖ ਕੇ ਕੋਈ ਨਹੀਂ ਕਹਿ ਸਕਦਾ ਸੀ ਕਿ ਇਹ ਉਹੀ ਕਰਨ ਸੀ ਜਿਹੜਾ ਸਾਰੀ ਉਮਰ ‘ਸੂਤ ਪੁੱਤਰ’ ਹੋਣ ਦਾ ਸੰਤਾਪ ਹੰਢਾਉਂਦਾ ਆ ਰਿਹਾ ਸੀ।

ਸਮਝ ਨਹੀਂ ਸੀ ਲਗਦੀ ਕਿ ਉਹਨੂੰ ਸੂਤ ਪੁੱਤਰ ਕਹਿਕੇ ਕਿਉਂ ਤ੍ਰਿਸਕਾਰਿਆਂ ਜਾਂਦਾ ਸੀ। ਉਹਨੂੰ ਤਾਂ ਏਨਾ ਈ ਦੱਸਿਆ ਗਿਆ ਸੀ ਕਿ ਉਹਨੂੰ ਉਹਦੀ ਮਾਤਾ ਨੇ ਜਨਮ ਦਿੰਦਿਆਂ ਹੀ ਤਿਆਗ ਦਿੱਤਾ ਸੀ। ਤੇ ਉਹਨੂੰ ਸਾਰਥੀ ਅਧੀਰਥ ਦੀ ਪਤਨੀ ‘ਰਾਧਾ’ ਨੇ ਪਾਲਿਆ ਸੀ। ਤੇ ਉਹ ਪਾਲਣਹਾਰ ਮਾਤਾ ਦੇ ਨਾਂ ਉਤੋਂ ਆਪਣੇ ਆਪ ਨੂੰ ਰਾਧੇਆ, ਕਹਾਉਣ ਲੱਗ ਪਿਆ ਸੀ।

‘ਸੂਤ ਪੁੱਤਰ’ ਅਖਵਾਏ ਜਾਣ ਦੇ ਮਿਹਣੇ ਤਾਅਨਿਆਂ ਤੋਂ ਤੰਗ ਆ ਕੇ, ਉਹ ਸੋਝੀ ਸੰਭਲਦਿਆਂ ਹੀ ਜੰਗਲ ਵਿਚ ਜਾ ਕੇ ਤਪੱਸਿਆ ਕਰਨ ਲੱਗ ਪਿਆ ਸੀ। ਉਹਨੂੰ ਦੱਸਿਆ ਗਿਆ ਸੀ ਕਿ ਜਪ ਤਪ ਕਰਕੇ, ਦੇਵਤਿਆਂ ਨੂੰ ਪ੍ਰਸੰਨ ਕਰਕੇ ਉਹ ਅਦ੍ਰਿਸ਼ ਸ਼ਕਤੀਆਂ ਪ੍ਰਾਪਤ ਕਰ ਲਵੇਗਾ। ਤੇ ‘ਸੂਤ ਪੁੱਤਰ’ ਹੋਣ ਦੇ ਸੰਤਾਪ ਤੋਂ ਮੁਕਤ ਹੋ ਕੇ ਕਸ਼ੱਤਰੀਆਂ ਵਿਚ ਪ੍ਰਵਾਨ ਕਰ ਲਿਆ ਜਾਵੇਗਾ ਜਿਨ੍ਹਾਂ ਦਾ ਕਿ ਉਹਦਾ ਪਿਓ ਸਾਰਥੀ ਬਣਕੇ ਰਥ ਚਲਾਉਂਦਾ ਸੀ।

ਇਕ ਦਿਨ ਸਮਾਧੀ ਲਾ ਕੇ ਜਪ ਕਰ ਰਹੇ ਰਾਧੇਅ ਉਤੋਂ ਇਕ ਸ਼ੇਰ ਨੇ ਹਮਲਾ ਕਰ ਦਿੱਤਾ ਸੀ। ਉਸਦੀਆਂ ਕਮਜੋਰ ਭੁਜਾਵਾਂ ਨਾਲ ਕੀਤੇ ਤਲਵਾਰ ਦੇ ਵਾਰ ਝੱਲਦਾ ਸ਼ੇਰ ਉਸ ਉਤੇ ਝਪਟਣ ਹੀ ਵਾਲਾ ਸੀ ਕਿ ਇਕ ਪਾਸਿਓਂ ਹੋਏ ਤਲਵਾਰ ਦੇ ਵਾਰ ਨਾਲ ਸ਼ੇਰ ਥਾਏਂ ਚਿੱਤ ਹੋ ਗਿਆ ਸੀ। ਰਾਧੇਅ ਸ਼ੇਰ ਨੂੰ ਮਾਰਨ ਵਾਲੇ ਸ਼ਿਕਾਰੀ ਨਾਲ ਉਲਝ ਪਿਆ, “ਤੂੰ ਮੇਰੇ ਅੱਗੇ ਆਇਆ। ਸ਼ੇਰ ਕਿਉਂ ਮਾਰਿਆ? ਕੀ ਤੈਨੂੰ ਸ਼ਿਕਾਰ ਕਰਨ ਦੇ ਨਿਯਮਾਂ ਦਾ ਪਤਾ ਨਹੀਂ?” ਸ਼ਿਕਾਰੀ ਬੋਲਿਆ, “ਮੈਨੂੰ ਕਿਸੇ ਸ਼ਿਕਾਰੀ ਅੱਗੇ ਆਏ ਸ਼ਿਕਾਰ ਨੂੰ ਮਾਰਨ ਜਾਂ ਨਾ ਮਾਰਨ ਦੇ ਨਿਯਮਾਂ ਦਾ ਤਾਂ ਪਤਾ ਨਹੀਂ, ਪਰ ਜੇ ਮੈਂ ਸ਼ੇਰ ਨੂੰ ਨਾ ਮਾਰਦਾ ਉਹਨੇ ਤੇਰੇ ਉੱਤੇ ਝਪਟਕੇ ਤੈਨੂੰ ਆਪਣਾ ਸ਼ਿਕਾਰ ਜ਼ਰੂਰ ਬਣਾ ਲੈਣਾ ਸੀ।”

ਰਾਧੇਅ, ਉਹਦਾ ਸ਼ਿਕਾਰ ਮਾਰਨ ਕਰਕੇ, ਸ਼ਿਕਾਰੀ ਨਾਲ ਯੁੱਧ ਕਰਨ ਦੀ ਜ਼ਿੱਦ ਕਰਨ ਲਗ ਪਿਆ ਸੀ। ਤਾਂ ਸ਼ਿਕਾਰੀ ਉਹਨੂੰ ਸਮਝਾਉਂਦਾ ਰਿਹਾ ਸੀ, “ਹੇ ਨਾਦਾਨ ਬਾਲਕ ! ਜਪ, ਤਪ ਕਰਕੇ ਸ਼ਰੀਰ ਨੂੰ ਕਮਜ਼ੋਰ ਬਣਾਉਣ ਨਾਲ ਕੋਈ ਅਦ੍ਰਿਸ਼ ਸ਼ਕਤੀ ਪ੍ਰਾਪਤ ਨਹੀਂ ਹੋਣੀ ਸਗੋਂ ਹਥਿਆਰ ਚਲਾਉਣ ਦਾ ਅਭਿਆਸ ਕਰਕੇ ਹੀ ਬਲਵਾਨ ਬਣਿਆ ਜਾ ਸਕਦਾ ਹੈ। ਅਜਿਹਾ ਸਾਡੇ ਕਬੀਲੇ ਦਾ ਬਜ਼ੁਰਗਾਂ ਤੋਂ ਲੈ ਕੇ ਪੀੜ੍ਹੀ ਦਰ ਪੀੜ੍ਹੀ ਵਿਸ਼ਵਾਸ ਚਲਿਆ ਆ ਰਿਹਾ ਏ।” ਤੇ ਉਹ ਉਹਦੇ ਨਾਲ ਯੁੱਧ ਕਰਨ ਦੀ ਜਿੱਦ ਕਰਦੇ ਅਬੋਧ ਬਾਲਕ ਨੂੰ ਜਬਰਦਸਤੀ ਘੋੜੇ ’ਤੇ ਬਿਠਾ ਕੇ ਆਪਣੇ ਨਾਲ ਲੈ ਗਿਆ।

ਰਾਤ ਨੂੰ ਸ਼ੇਰਾਂ ਦੇ ਝੁੰਡ ਨੇ ਕਬੀਲੇ ਦੇ ਸਾਂਝੇ ਪਸ਼ੂ ਵਾੜੇ ਉੱਤੇ ਆਕਰਮਣ ਕਰ ਦਿੱਤਾ ਸੀ। ਪਸ਼ੂ ਵਾੜੇ ਦੇ ਆਲੇ-ਦੁਆਲੇ ਖੜੇ ਨੌਜਵਾਨਾਂ ਨੇ ਸ਼ੇਰਾਂ ਉੱਤੇ ਤੀਰਾਂ, ਤਲਵਾਰਾਂ, ਬਰਛਿਆਂ, ਭਾਲਿਆਂ ਨਾਲ ਵਾਰ

ਕਰਨੇ ਸ਼ੁਰੂ ਕਰ ਦਿੱਤੇ ਸਨ। ਨੌਜਵਾਨਾਂ ਨੇ ਰਾਧੇਅ ਨੂੰ ਵੀ ਇਹ ਕ੍ਰਿਸ਼ਮਾ ਦਿਖਾਉਣ ਲਈ ਹਥਿਆਰ ਫੜਾ ਕੇ ਨਾਲ ਲੈ ਲਿਆ ਸੀ। ਕਈ ਕਮਜ਼ੋਰ ਤੇ ਬੁਢੇ ਸ਼ੇਰ ਜ਼ਖ਼ਮੀ ਹੋ ਕੇ ਡਿੱਗ ਪਏ ਸਨ। ਬਾਕੀ ਸ਼ੇਰਾਂ ਦੇ ਝੁੰਡ ਨੂੰ ਹਥਿਆਰ ਬੰਦ ਘੋੜ ਸਵਾਰ ਭਜਾ ਕੇ ਕਈ ਜੰਗਲਾਂ ਤੋਂ ਪਾਰ ਟਪਾ ਆਏ ਸਨ। ਹੁਣ ਰਾਧੇਅ ਨੂੰ ਪਤਾ ਲੱਗਿਆ ਸੀ ਕਿ ਕਲ੍ਹ ਘੋੜ ਸਵਾਰ ਸ਼ਿਕਾਰੀ ਨੇ ਉਹਨੂੰ ਜਬਰਦਸਤੀ ਆਪਣੇ ਨਾਲ ਲਿਆ ਕੇ ਰਾਤ ਨੂੰ ਸ਼ੇਰਾਂ ਦੇ ਝੁੰਡ ਦੇ ਹੋਣ ਵਾਲੇ ਹਮਲੇ ਤੋਂ ਉਹਦੀ ਜਾਨ ਬਚਾ ਦਿੱਤੀ ਸੀ।

ਸਵੇਰੇ ਉਠਕੇ ਉਹਨੂੰ ਪਤਾ ਲਗਿਆ ਸੀ ਕਿ ਉਹ ਰਾਤ ਨੂੰ ਜਿਸ ਨੌਜਵਾਨ ਨਾਲ ਘੁਲ-ਮਿਲ ਗਿਆ ਸੀ ਉਹਦਾ ਨਾ ਇਕਲਵਯ ਸੀ। ਤੇ ਜੰਗਲ ਵਿਚ ਉਹਦੀ ਜਾਨ ਬਚਾ ਕੇ ਲਿਆਉਣ ਵਾਲਾ ਸ਼ਿਕਾਰੀ, ਇਕਲਵਯ ਦਾ ਪਿਤਾ ਸ਼ੁਰਲਵਯ ਸੀ। ਜਿਹੜੀ ਇਸਤਰੀ ਉਹਨੂੰ ਪੁੱਤਰਾਂ ਨਾਲੋਂ ਵੱਧ ਪਿਆਰ ਕਰ ਰਹੀ ਸੀ। ਉਹ ਇਕਲਵਯ ਦੀ ਅੰਮਾ ਅੰਬੋ ਸੀ। ਜਿਸ ਕਬੀਲੇ ਵਿਚ ਉਹ ਰਹਿ ਰਹੇ ਸਨ, ਉਹ ਜੰਗਲ ਵਾਸੀਆਂ ਦਾ ਨਿਸ਼ਾਦ ਨਾਂ ਦਾ ਕਬੀਲਾ ਸੀ।

ਕੁਝ ਹੀ ਦਿਨਾਂ ਵਿਚ ਰਾਧੇਅ ਨਿਸਾਦ ਕਬੀਲੇ ਦੇ ਲੋਕਾਂ ਨਾਲ ਘੁਲ ਮਿਲ ਗਿਆ ਸੀ। ਤੇ ਲਵਯ ਤੇ ਹੋਰ ਨੋਜਵਾਨਾਂ ਨਾਲ ਹਥਿਆਰ ਚਲਾਉਣ ਦਾ ਅਭਿਆਸ ਕਰਨ ਲੱਗ ਪਿਆ ਸੀ। ਲਵਯ ਦੇ ਘਰ ਰਹਿੰਦਿਆਂ ਉਹ ਉਹਦੀ ਮਾਤਾ ਨੂੰ ਤੀਸਰੀ ਮਾਤਾ ਆਖਦਾ। ਪਹਿਲੀ ਜਨਮ ਦੇਣ ਵਾਲੀ, ਦੂਸਰੀ ਅਧੀਰਥ ਨਾਂ ਦੇ ਸਾਰਥੀ ਦੀ ਪਤਨੀ, ਗੰਗਾ ਵਿਚੋਂ ਉਹਨੂੰ ਰੁੜ੍ਹੇ ਜਾਂਦੇ ਨੂੰ ਫੜਕੇ ਪਾਲਣ ਵਾਲੀ ਤੇ ਤੀਸਰੀ ਆਪਣੇ ਪੁੱਤਰਾਂ ਤੋਂ ਵਧ ਪਿਆਰ ਕਰ ਵਾਲੀ ਲਵਯ ਦੀ ਮਾਤਾ ਅੰਬੋ ਸੀ।

ਭਾਵੇਂ ਰਾਧੇਅ ਜੰਗਲ ਦੇ ਨਿਸ਼ਾਦ ਕਬੀਲੇ ਵਿਚ ਰਹਿੰਦਿਆਂ ਖੁਸ਼ ਤੇ ਸੰਤੁਸ਼ਟ ਸੀ। ਕਿਉਂਕਿ ਨਿਸ਼ਾਦ ਕਬੀਲੇ ਵਿਚ ਹਸਤਨਾਪੁਰ ਦੇ ਬ੍ਰਾਹਮਣਾਂ, ਕਸ਼ੱਤਰੀਆਂ, ਸ਼ੂਦਰਾਂ, ਸ਼ਿਲਪੀਆਂ ਚਿਕਿਤਸਕਾਂ, ਸੂਤ ਪੁੱਤਰਾਂ ਆਦਿ ਦੇ ਉਚ-ਨੀਚ ਵਾਲੇ ਸਮਾਜ ਵਾਂਗ... ਕੋਈ ਉਚ-ਨੀਚ ਵਾਲਾ ਵਰਤ-ਵਿਹਾਰ ਤੇ ਨਫਰਤ ਨਹੀਂ ਸੀ ਕਰਦਾ। ਸਭ ਬਰਾਬਰ ਸਨ। ਤਾਂ ਵੀ ਉਹ ਸਾਰੀ ਉਮਰ ਨਿਸ਼ਾਦ ਕਬੀਲੇ ਵਿਚ ਨਹੀਂ ਰਹਿ ਸਕਦਾ ਸੀ। ਕਿਉਂਕਿ ਉਹ ਹਸਤਨਾਪੁਰ ਦੇ ਬ੍ਰਾਹਮਣਾਂ, ਕਸ਼ੱਤਰੀਆਂ ਵਿਚ ਆਪਣੀ ਥਾਂ ਬਣਾਉਣ ਦਾ ਨਿਸ਼ਚਾ ਕਰ ਚੁੱਕਾ ਸੀ। ਤੇ ਸ਼ਾਸ਼ਤਰ ਵਿਦਿਆ ਵਿਚ ਪ੍ਰਵੀਨ ਹੁੰਦਿਆਂ ਹੀ ਉਹ ਨਿਸ਼ਾਦ ਕਬੀਲੇ ਦੇ ਲੋਕਾਂ ਨੂੰ ਇਹ ਕਹਿੰਦਿਆਂ ਵਿਦਾ ਹੋਇਆ ਕਿ ਉਹ ਉਹਨਾਂ ਦੇ ਦਿਤੇ ਪਿਆਰ ਨੂੰ ਭੁੱਲ ਨਹੀਂ ਸਕਦਾ ਤੇ ਥੋੜੇ ਥੋੜੇ ਸਮੇਂ ਬਾਅਦ ਉਹਨਾਂ ਨੂੰ ਮਿਲਣ ਲਈ ਆਉਂਦਾ ਰਹੇਗਾ।

ਹਸਤਨਾਪੁਰ ਪਹੁੰਚ ਪਿਓ ਅੱਗੇ ਵਾਰ ਵਾਰ ਜ਼ਿੱਦ ਕਰਨ 'ਤੇ ਉਹਦਾ ਸਾਰਥੀ ਪਿਓ, ਅਧੀਰਥ ਉਹਨੂੰ ਸ਼ਸਤਰ ਵਿਦਿਆ ਸਿਖਾਉਣ ਲਈ ਗੁਰੂ ਦਰੋਣਾਚਾਰੀਆਂ ਕੋਲ ਲੈ ਗਿਆ। ਗੁਰੂ ਦਰੋਣ ਪਾਂਡਵਾਂ ਤੇ ਕੌਰਵਾਂ ਨੂੰ ਸ਼ਾਸਤਰ ਵਿਦਿਆ ਸਿਖਾ ਰਿਹਾ ਸੀ। ਸਾਰਥੀ ਪਿਓ, ਅਧੀਰਥ ਨੇ ਗੁਰੂ ਦਰੋਣਾਚਾਰੀਆਂ ਕੋਲ ਰਾਧੇਅ ਨੂੰ ਵੀ ਸ਼ਸਤਰ ਵਿਦਿਆ ਸਿਖਾਉਣ ਲਈ, ਹੱਥ ਜੋੜ ਕੇ ਬੇਨਤੀ ਕੀਤੀ। ਅਗੋਂ ਗੁਰੂ ਦਰੋਣ ਗੁੱਸੇ ਵਿਚ ਲੋਹਾ-ਲਾਖਾ ਹੁੰਦਿਆ ਬੋਲਿਆ, "ਮੈਂ ਕਸ਼ੱਤਰੀਆਂ ਤੇ ਰਾਜਿਆਂ ਨੂੰ ਸ਼ਾਸਤਰ ਵਿਦਿਆ ਸਿਖਾਉਂਦਾ ਹਾਂ, ਸ਼ੂਦਰਾਂ ਸ਼ਿਲਪੀਆਂ, ਸੂਤ ਪੁੱਤਰਾਂ ਨੂੰ ਵੇਦਾਂ ਦਾ ਅਧਿਐਨ ਕਰਨ, ਜਾਇਦਾਦ ਬਣਾਉਣ ਤੇ ਸ਼ਾਸਤਰ ਵਿਦਿਆ ਸਿਖਣ ਦਾ ਅਧਿਕਾਰ ਨਹੀਂ। ਉਹ ਨਾ ਮਾਤਰ ਸੈਨਿਕ ਤਾਂ ਬਣ ਸਕਦੇ ਹਨ... ਪਰ ਸ਼ਾਸਤਰ ਧਾਰੀ, ਧਨੁਖ ਧਾਰੀ ਬਣ ਕੇ ਰੱਥ ਤੇ ਸਵਾਰ ਹੋ ਕੇ ਯੁਧ ਭੂਮੀ ਵਿਚ ਨਹੀਂ ਜਾ ਸਕਦੇ। ... ਓ ਮੂਰਖ ਤੈਨੂੰ ਪਤਾ ਨਹੀਂ ਕਿ ਰਾਧੇਅ ਨੂੰ 'ਸੂਤ ਪੁੱਤਰ' ਹੋਣ ਕਰਕੇ ਸ਼ਸਤਰ ਵਿਦਿਆ ਸਿਖਣ ਦਾ ਅਧਿਕਾਰ ਨਹੀਂ, ਇਸ ਮਨਹੂਸ ਨੂੰ ਤੁਰੰਤ ਮੇਰੇ ਸਾਹਮਣੇ ਤੋਂ ਪਰ੍ਹਾਂ ਲੈ ਜਾ।"

ਦੁਰਯੋਧਨ ਦੇ ਮਨ ਵਿਚ ਵਿਚਾਰ ਘੁੰਮ ਰਹੇ ਸਨ। ਕੁਝ ਦਿਨ ਪਹਿਲਾਂ ਕੌਰਵਾਂ ਤੇ ਪਾਂਡਵਾਂ ਵਿਚ ਸ਼ਸਤਰ ਚਲਾਉਣ ਦੇ ਮੁਕਾਬਲੇ ਕਰਵਾਏ ਗਏ ਸਨ। ਗਦਾ ਯੁੱਧ ਵਿਚ ਪਾਂਡਵਾਂ ਵਿਚੋਂ ਭੀਮ ਤੇ ਕੌਰਵਾਂ ਵਿਚੋਂ ਦੁਰਯੋਧਨ ਬਰਾਬਰ ਦੇ ਯੋਧਾ ਸਾਬਤ ਹੋਏ ਸਨ। ਪਰ ਤੀਰ ਅੰਦਾਜ਼ੀ ਵਿਚ ਅਰਜਨ ਦਾ ਮੁਕਾਬਲਾ ਕੌਰਵਾਂ ਵਿਚੋਂ ਕੋਈ ਵੀ ਨਹੀਂ ਕਰ ਸਕਿਆ ਸੀ। ਦੁਰਯੋਧਨ ਨੇ ਗੱਲਾਂ ਗੱਲਾਂ ਵਿਚ ਰਾਧੇਅ ਤੋਂ ਪਤਾ ਕਰ ਲਿਆ ਸੀ ਕਿ ਉਹ ਜੰਗਲ ਵਿਚ ਸ਼ਾਸਤਰ ਵਿਦਿਆ ਸਿਖਦਿਆਂ ਤੀਰ ਅੰਦਾਜ਼ੀ ਵਿਚ ਨਿਪੁਨ ਹੋ ਗਿਆ



ਸੀ। ਦੁਰਯੋਧਨ ਨੇ ਸੋਚਿਆ ਕਿ ਜੇ ਉਹ ਰਾਧੇਅ ਨੂੰ ਕਿਸੇ ਤਰ੍ਹਾਂ ਗੁਰੂ ਦਰੋਣ ਦਾ ਚੇਲਾ ਬਣਾ ਦਵੇ ਤਾਂ ਉਹਨਾਂ ਨੂੰ ਪਾਂਡਵਾਂ ਵਿਚਾਲੇ ਅਰਜਣ ਦਾ ਮੁਕਾਬਲਾ ਕਰਨ ਵਾਲਾ ਧਨੁਖ ਧਾਰੀ ਮਿਲ ਜਾਵੇਗਾ।

ਰਾਧੇਅ ਗੁਰੂ ਦਰੋਣਾਚਾਰੀਆਂ ਵਲੋਂ ਅਪਮਾਨਿਤ ਕੀਤਾ ਜਾਣ ਕਰਕੇ... ਦੁਖੀ ਤੇ ਉਦਾਸ ਹੋਇਆ ਸਾਰਥੀ ਪਿਓ ਦੇ ਪਿਛੇ ਖੜ੍ਹਾ ਸੀ। ਦੁਰਯੋਧਨ ਗੁਰੂ ਦਰੋਣਾਚਾਰੀਆਂ ਨੂੰ ਕਹਿਣ ਲੱਗਿਆ, "ਹੇ ਗੁਰੂ ਦੇਵ! ਕੁਰੂ ਰਾਜ, ਕੁਰੂਕਸ਼ੇਤਰ ਤੋਂ ਲੈ ਕੇ ਹਸਤਾਪੁਰ ਤੱਕ ਤੇ ਗੰਗਾ, ਯਮੁਨਾ ਦੁਆਬ ਦੇ ਬਹੁਤ ਵੱਡੇ ਭਾਗ ਵਿਚ ਫੈਲਿਆ ਹੋਇਆ ਹੈ। ਇਥੋਂ ਤਕ ਕਿ ਪੂਰਵ ਵੱਲ ਪੰਚਾਲਾਂ, ਮੱਲਾਂ ਤੇ ਮਗਧਾਂ ਤੋਂ ਅੱਗੇ ਅੰਗ ਰਾਜ ਸਥਿਤ ਹੈ ਜਿਹੜਾ ਕਿ ਕੁਰੂ ਰਾਜ ਦੇ ਅਧੀਨ ਹੈ ਤੇ ਉਥੋਂ ਦੇ ਸਾਮੰਤ ਹਸਤਨਾਪੁਰ ਨੂੰ ਵਾਰਸ਼ਿਕ ਕਰ ਦਿੰਦੇ ਹਨ। ਹੇ ਗੁਰੂ ਦੇਵ! ਮੈਂ ਰਾਧੇਅ ਨੂੰ ਅੰਗ ਨਾਂ ਦੇ ਭੂ-ਭਾਗ ਦਾ ਰਾਜਾ ਘੋਸ਼ਿਤ ਕਰਦਾ ਹਾਂ।" ਤੇ ਇਹ ਕਹਿੰਦਿਆਂ ਦੁਰਯੋਧਨ ਦੀ ਆਵਾਜ਼ ਸਥਤ ਹੋ ਗਈ ਸੀ, "ਹੁਣ ਤਾਂ ਰਾਧੇਅ ਅੰਗ ਦੇਸ਼ ਦਾ ਰਾਜਾ ਹੈ, ਗੁਰੂ ਦੇਵ ਹੁਣ ਤੁਸੀਂ ਉਸਨੂੰ ਸ਼ਸਤਰ ਵਿਦਿਆ ਸਿਖਾਉਣ ਤੋਂ ਨਾਂਹ ਨਹੀਂ ਕਰ ਸਕਦੇ।" ਗੁਰੂ ਦਰੋਣਾਚਾਰੀਆਂ ਨੂੰ ਮਹਾਰਾਜਾ ਧਿਰਤਰਾਸ਼ਟਰ ਦਾ ਜਯੇਸ਼ਟ ਪੁੱਤਰ ਹੋਣ ਕਰਕੇ, ਦੁਰਯੋਧਨ ਦੀ ਗੱਲ ਮੰਨਣੀ ਪਈ। ਪਰ ਰਾਧੇਅ ਵੈਸ਼ ਪਿਤਾ ਤੇ ਬ੍ਰਾਹਮਣੀ ਮਾਤਾ ਦਾ ਪੁੱਤਰ ਅਖਵਾਉਂਦਿਆਂ 'ਸੂਤ ਪੁੱਤਰ' ਹੋਣ ਕਰਕੇ ਸ਼ਾਸਤਰਾਂ ਅਨੁਸਾਰ ਉਪਨਯਨ ਧਾਰਨ ਕਰਨ ਦਾ ਅਧਿਕਾਰੀ ਨਹੀਂ ਸੀ। ਇਸ ਲਈ ਗੁਰੂ ਦਰੋਣ ਨੇ ਰਾਧੇਅ ਦਾ ਨਾਂ 'ਕਰਨ' ਰੱਖ ਦਿੱਤਾ। ਵੈਸ਼ ਪਿਤਾ ਤੇ ਸ਼ੂਦਰ ਮਾਤਾ ਦਾ ਪੁੱਤਰ 'ਕਰਨ' ਸ਼ਾਸਤਰਾਂ ਅਨੁਸਾਰ ਉਪਨਯਨ, ਜਨੇਊ, ਪਾਉਣ ਦਾ ਅਧਿਕਾਰ ਰੱਖਦਾ ਸੀ ਤੇ ਗੁਰੂ ਜੀ ਨੇ ਕਰਨ ਨੂੰ ਜਨੇਊ ਧਾਰਨ ਕਰਵਾ ਦਿੱਤਾ ਤੇ ਉਹ ਕੌਰਵਾਂ, ਪਾਂਡਵਾਂ ਨਾਲ ਮਿਲ ਕੇ ਗੁਰੂ ਜੀ ਤੋਂ ਸ਼ਸਤਰ ਵਿਦਿਆ ਸਿਖਣ ਲੱਗ ਪਿਆ ਸੀ। ਭਾਵੇਂ ਗੁਰੂ ਦਰੋਣ ਨੇ ਰਾਧੇਅ ਦਾ ਨਾਂ ਕਰਨ ਰਖ ਕੇ ਉਹਨੂੰ ਜਨੇਊ ਪਹਿਨਾ ਦਿਤਾ ਸੀ ਪਰ ਬ੍ਰਾਹਮਣਾਂ ਤੋਂ ਕਸ਼ਤੱਰੀਆਂ ਵਲੋਂ ਉਹਨੂੰ ਸਾਰੀ ਉਮਰ ਸੂਤ ਪੁੱਤਰ ਕਹਿ ਕੇ ਨਫ਼ਰਤ ਕੀਤੀ ਜਾਂਦੀ ਰਹੀ।

ਦੁਰਯੋਧਨ ਇਹ ਦੇਖਦਿਆਂ ਖੁਸ਼ ਹੁੰਦਾ ਕਿ ਕਰਨ ਕਈ ਵਾਰ ਨਿਸ਼ਾਨਾ ਲਾਉਣ ਵਿਚ ਅਰਜਨ ਨੂੰ ਮਾਤ ਪਾ ਜਾਂਦਾ ਸੀ ਤੇ ਉਹ ਇਹ ਸੋਚਦਿਆਂ ਖੁਸ਼ ਹੁੰਦਾ ਕਿ ਉਹਨੇ ਰਾਧੇਅ ਬਾਰੇ ਕਿੰਨਾ ਠੀਕ ਫੈਸਲਾ ਲਿਆ ਸੀ। ਪਰ ਇਸੇ ਕਰਕੇ ਅਰਜਣ, ਕਰਨ ਨਾਲ ਈਰਖਾ ਕਰਨ ਲੱਗ ਪਿਆ ਸੀ ਕਿ ਉਹ ਸੂਤ ਪੁੱਤਰ ਹੁੰਦਿਆਂ, ਇਕ ਕਸ਼ੱਤਰੀ ਦਾ ਮੁਕਾਬਲਾ ਕਰੇ। ਇਸ ਲਈ ਉਹ ਕਰਨ ਨੂੰ 'ਸੂਤ ਪੁੱਤਰ' ਕਹਿੰਦਿਆਂ ਅਪਮਾਨਿਕ ਕਰਦਾ ਰਹਿੰਦਾ ਸੀ।

ਅਰਜਨ ਦੇ ਵਾਰ ਵਾਰ ਕਾਟਵੇਂ ਸ਼ਬਦ ਸੁਣਦਿਆਂ ਕਰਨ ਦੇ ਮਨ ਵਿਚ ਉਹਦੇ ਪ੍ਰਤੀ ਨਫ਼ਰਤ ਤੇ ਦੁਸ਼ਮਣੀ ਦੀ ਅੱਗ ਮਚਣ ਲੱਗ ਪਈ ਸੀ। ਦੁਰਯੋਧਨ ਨੇ ਅੰਗ ਰਾਜ ਬਣਾ ਕੇ ਉਸਨੂੰ ਮੰਨੇ ਪ੍ਰਮੰਨੇ ਧਨੁਖਧਾਰੀ ਅਰਜਨ ਦਾ ਮੁਕਾਬਲਾ ਕਰਨ ਦਾ ਮੌਕਾ ਦਿੱਤਾ ਸੀ। ਇਸ ਸਬੰਧੀ ਉਹ ਆਪਣੇ ਆਪ ਨੂੰ ਦੁਰਯੋਧਨ ਦਾ ਰਿਣੀ ਸਮਝਦਾ ਸੀ। ਤੇ ਕਰਨ ਦੇ ਮਨ 'ਤੇ ਇਹੀ ਭਾਰ ਪਿਆ ਰਹਿੰਦਾ ਕਿ ਉਹ ਦੁਰਯੋਧਨ ਦੇ ਇਸ ਐਡੇ ਵੱਡੇ ਰਿਣ ਨੂੰ ਕਿਵੇਂ ਚੁਕਾਵੇਗਾ। ਦੁਰਯੋਧਨ ਨੇ ਕਰਨ ਨਾਲ ਹੋਰ ਮਿੱਤਰਤਾ ਵਧਾਉਂਦਿਆਂ, ਉਹਨੂੰ ਆਪਣੇ ਅਤੇ ਦੁਸ਼ਾਸ਼ਨ ਦੇ ਨਾਲ ਦਾ ਮਹਿਲ ਰਹਿਣ ਲਈ ਦੇ ਦਿੱਤਾ ਸੀ।

ਦੁਰਯੋਧਨ ਨਾਲ ਏਨੀ ਮਿੱਤਰਤਾ ਹੁੰਦਿਆਂ ਵੀ ਕਰਨ ਦੇ ਜੰਗਲੀ ਨਿਸ਼ਾਦ ਕਬੀਲੇ ਨਾਲ ਸੰਬੰਧ ਕਾਇਮ ਰਹੇ। ਸਗੋਂ ਵਧਦੇ ਚਲੇ ਗਏ। ਉਹਨੂੰ ਉਹਨਾਂ ਵਿਚ ਜਾ ਕੇ ਵੱਧ ਆਪਣਾਪਨ ਮਹਿਸੂਸ ਹੁੰਦਾ। ਭਾਵੇਂ ਦੁਰਯੋਧਨ ਦਾ ਮਿੱਤਰ ਹੋਣ ਕਰਕੇ, ਕੌਰਵ ਉਸਦਾ ਆਦਰ ਕਰਦੇ ਸਨ। ਪਰ ਉਹਦਾ ਆਪਣਾ ਪਿਛੋਕੜ ਉਹਨਾਂ ਦੇ ਬਰਾਬਰ ਦਾ ਨਾ ਹੋਣ ਕਰਕੇ ਉਹ ਕੌਰਵ ਰਾਜ ਕੁਮਾਰਾਂ ਨਾਲ ਦਿਲ ਖੋਲ੍ਹ ਕੇ ਗੱਲ ਨਹੀਂ ਸੀ ਕਰ ਸਕਦਾ। ਕਰਨ ਤੇ ਰਾਜ ਕੁਮਾਰਾਂ ਸਾਹਮਣੇ ਘਟ ਰਹੀ ਘਟਨਾ ਬਾਰੇ ਉਹਨਾਂ ਦਾ ਪ੍ਰਤੀਕਰਮ ਅਲੱਗ ਅਲੱਗ ਹੀ ਰਹਿੰਦਾ ਸੀ।

ਇਕ ਦਿਨ, ਗੁਰੂ ਦਰੋਣਾਚਾਰੀਆਂ, ਪਾਂਡਵਾਂ ਤੇ ਕੌਰਵਾਂ ਨੂੰ ਸ਼ਸਤਰ ਵਿਦਿਆ ਸਿਖਾ ਰਿਹਾ ਸੀ। ਉਹਨਾਂ ਦੇ ਭੌਂਕ ਰਹੇ ਕੁੱਤੇ ਦੇ ਮੂੰਹ ਵਿਚ ਤੀਰ ਆਣ ਵੱਜਾ। ਗੁਰੂ ਦਰੋਣ ਨੇ ਏਧਰ-ਉਧਰ ਦੇਖਿਆ ਇਹ ਤੀਰ ਉਨ੍ਹਾਂ ਦੇ ਕਿਸੇ ਚੇਲੇ ਨੇ ਨਹੀਂ ਚਲਾਇਆ ਸੀ। ਸਗੋਂ ਬ੍ਰਿਛਾਂ ਦੇ ਝੁੰਡ ਓਹਲਿਓ ਕਿਸੇ ਨੇ ਕੁੱਤੇ ਦੇ ਭੌਂਕਣ

ਦੀ ਆਵਾਜ਼ ਸੁਣਕੇ ਚਲਾਇਆ ਸੀ। ਤੀਰ ਚਲਾਉਣ ਵਾਲੇ ਨੂੰ ਬੁਲਾਇਆ ਗਿਆ। ਗੁਰੂ ਦਰੋਣ ਨੇ ਉਹਦਾ ਨਾਂ ਪੁੱਛਿਆ।

"ਜੀ ਇਕਵਲਯ।"

"ਕਿਥੇ ਰਹਿੰਦੇ ਹੋ?"

"ਜੀ ਜੰਗਲ ਵਿਚ ਤੁਰਦੇ ਫਿਰਦੇ ਹਾਂ, ਕਿਸੇ ਇਕ ਥਾਂ ਸਾਡਾ ਸਥਾਈ ਨਿਵਾਸ ਨਹੀਂ ਹੈ।"

ਇਕਵਲਯ ਤੇ ਕਬੀਲੇ ਦੇ ਹੋਰ ਨੌਜਵਾਨਾਂ ਨੂੰ ਮਾਪਿਆ ਨੇ ਸਮਝਾਇਆ ਹੋਇਆ ਸੀ, "ਖਾਸ ਕਰਕੇ ਜੇ ਅਚਾਨਕ ਸ਼ਸਤਰ ਧਾਰੀ ਸੈਨਿਕਾਂ ਨਾਲ ਵਾਹ ਪੈ ਜਾਵੇ। ਸੋਚ, ਸਮਝਕੇ ਡਰ ਕੇ ਜਵਾਬ ਦੇਣਾ ਹੈ। ਕਿਉਂਕਿ ਜੇ ਇਹ ਪਤਾ ਲਗ ਗਿਆ ਕਿ ਕਬੀਲੇ ਦੇ ਲੋਕ ਇਕ ਥਾਂ ਇਕੱਠੇ ਰਹਿੰਦੇ ਹਨ... ਤਾਂ ਇਹ ਦੱਸਣ ਵਾਲੇ ਜੰਗਲੀ ਕਬੀਲੇ ਦੇ ਬੰਦੇ ਨੂੰ ਤਾਂ ਦੇਖਦੇ ਹੀ ਕਤਲ ਕਰ ਦੇਣਗੇ। ਉਹਨਾਂ ਦੇ ਪਸ਼ੂ ਲੁੱਟ ਕੇ ਲੈ ਜਾਣਗੇ ਤੇ ਉਨ੍ਹਾਂ ਦੇ ਕਬੀਲੇ ਦੇ ਲੋਕਾਂ ਨੂੰ ਮਾਰ, ਮਾਰ ਕੇ ਭਜਾ ਦੇਣਗੇ।"

"ਅੱਛਾ ਤਾਂ ਤੇਰਾ ਗੁਰੂ ਕੌਣ ਹੈ? " ਗੁਰੂ ਦਰੋਣ ਨੇ ਤੀਜਾ ਸਵਾਲ ਪੁੱਛਿਆ, "ਜੀਹਨੇ ਤੈਨੂੰ ਤੀਰ ਅੰਦਾਜੀ ਵਿਚ ਏਨਾ ਪ੍ਰਵੀਨ ਕੀਤਾ... ਕਿ ਤੂੰ ਬਿਨਾ ਦੇਖਿਆ... ਆਵਾਜ਼ ਸੁਣਕੇ ਹੀ ਨਿਸ਼ਾਨੇ 'ਤੇ ਤੀਰ ਮਾਰ ਸਕਦਾ ਹੈ।" ਇਕਲਵਯ ਫੇਰ ਘਬਰਾ ਗਿਆ। ਉਹਨੇ ਕਰਨ ਕੋਲੋਂ ਸੁਣਿਆ ਹੋਇਆ ਸੀ ਕਿ ਉਹ ਗੁਰੂ ਦਰੋਣਾਚਾਰੀਆ ਕੋਲੋਂ ਸ਼ਸਤਰ ਵਿਦਿਆ ਸਿਖਦੇ ਹਨ। ਉਸਨੇ ਸੋਚਿਆ ਕਿ ਕਿਉਂ ਨਾ ਗੁਰੂ ਦਰੋਣਾਚਾਰੀਆ ਦਾ ਨਾਂ ਲੈ ਦਿੱਤਾ ਜਾਵੇ। ਗੁਰੂ ਵਜੋਂ ਆਪਣਾ ਨਾਂ ਸੁਣਕੇ ਸਾਇਦ ਉਹਦੀ ਜਾਨ ਬਖ਼ਸ਼ ਦੇਣ। ਸੋ ਉਹਨੇ ਆਖ ਦਿੱਤਾ ਸੀ, "ਜੀ ਗੁਰੂ ਦਰੋਣਾਚਾਰੀਆ ਦਾ ਨਾਂ ਲੈ ਕੇ ਸ਼ਾਸਤਰ ਚਲਾਉਣੇ ਸਿਖ ਰਿਹਾ ਹਾਂ।"

"ਫੇਰ ਗੁਰੂ ਦਰੋਣਾਚਾਰੀਆ ਤਾਂ ਮੈਂ ਹੀ ਹਾਂ।" ਉਹਨਾਂ ਨੇ ਹਸ ਕੇ ਕਿਹਾ, "ਫੇਰ ਗੁਰਦਖਣਾ ਤਾਂ ਦੇ?" ਗੁਰਦਖਣਾ ਬਾਰੇ ਜੰਗਲਵਾਸੀ ਇਕਲਵਯ ਨੂੰ ਭਲਾ ਕੀ ਪਤਾ ਹੋ ਸਕਦਾ ਸੀ। ਉਹ ਸੋਚੀ ਪੈ ਗਿਆ ਸੀ। ਤੇ ਗੁਰੂ ਦਰੋਣ ਨੇ ਝੱਟ ਤਲਵਾਰ ਮਾਰ ਕੇ ਗੁਰਦੱਖਣਾ ਵਜੋਂ ਉਹਦਾ ਸੱਜੇ ਹੱਥ ਦਾ ਅੰਗੂਠਾ ਕੱਟ ਲਿਆ ਸੀ। ਜਿਸ ਨਾਲ ਉਸਨੇ ਧਨੁਖ ਤੇ ਚਿੱਲਾ ਚੜ੍ਹਾ ਕੇ ਖਿਚ ਕੇ ਤੀਰ ਚਲਾਇਆ ਸੀ। ਇਕਲਵਯ ਕੱਟੇ ਹੋਏ ਅੰਗੂਠੇ ਵਾਲੇ ਖ਼ੂਨ ਨੁਚੜਦੇ ਜ਼ਖ਼ਮ ਨੂੰ ਦੂਸਰੇ ਹੱਥ ਨਾਲ ਘੁੱਟ ਕੇ ਫੜਕੇ ਰੋਂਦਾ ਕੁਰਲਾਂਦਾ ਜੰਗਲ ਵਿਚਲੇ ਉਹਦੇ ਨਿਸ਼ਾਦ ਕਬੀਲੇ ਵੱਲ ਨੂੰ ਭੱਜ ਲਿਆ ਸੀ।

ਜੰਗਲਵਾਸੀ ਇਕਲਵਯ ਦਾ ਅੰਗੂਠਾ ਕੱਟੇ ਜਾਣ ਦਾ ਤਮਾਸ਼ਾ ਵੇਖਦਿਆਂ ਕੌਰਵ ਤੇ ਪਾਂਡਵ ਰਾਜ ਕੁਮਾਰ ਖੜ੍ਹੇ ਤਾੜੀਆਂ ਵਜਾਉਂਦੇ ਨੱਚ ਟੱਪ ਰਹੇ ਸਨ। ਉਹ ਹੈਰਾਨ ਵੀ ਹੋ ਰਹੇ ਸਨ ਕਿ ਗੁਰੂ ਜੀ ਨੇ ਜੰਗਲਵਾਸੀ ਪ੍ਰਵੀਨ ਤੀਰ ਅੰਦਾਜ਼ ਨੂੰ ਕਤਲ ਕਿਉਂ ਨਹੀਂ ਕੀਤਾ। ਅੰਗੂਠਾ ਕੱਟ ਕੇ ਹੀ ਕਿਉਂ ਛੱਡ ਦਿੱਤਾ। ਸਾਇਦ ਇਸ ਕਰਕੇ ਕਿ ਉਹਨੇ ਗੁਰੂ ਵਜੋਂ ਉਹਨਾਂ ਦਾ ਨਾਂ ਲਿਆ ਸੀ।

ਇਕਲਵਯ ਨੇ ਜਾਂਦੀ ਵਾਰ ਕਰਨ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਿਆ ਸੀ। ਕਰਨ ਬਹੁਤ ਦੁਖੀ ਹੋ ਰਿਹਾ ਸੀ ਕਿਉਂਕਿ ਗੁਰੂ ਦਰੋਣਾਚਾਰੀਆ ਨੇ ਏਡੀ ਦੂਰੋਂ ਭੌਂਕਦੇ ਹੋਏ ਕੁੱਤੇ ਦੇ ਮੂੰਹ ਵਿਚ ਤੀਰ ਮਾਰਨ 'ਤੇ ਆਪਣੇ ਚੇਲੇ ਨੂੰ ਸ਼ਾਬਾਸ਼ ਦੇਣ ਦੀ ਥਾਂ ਉਹਦਾ ਅੰਗੂਠਾ ਕੱਟ ਲਿਆ ਸੀ। ਕਰਨ ਨੇ ਪਿਛਾਂਹ ਨੂੰ ਮੂੰਹ ਕਰਕੇ ਅੱਖਾਂ ਪੂੰਝ ਲਈਆਂ ਸਨ। ਉਹ ਕਸ਼ੱਤਰੀਆਂ ਸਾਹਮਣੇ ਸ਼ਰੇਆਮ ਉਸ ਨਾਲ ਹਮਦਰਦੀ ਨਹੀਂ ਸੀ ਦਿਖਾਉਣੀ ਚਾਹੁੰਦਾ ਕਿ ਉਹ ਕਹਿਣਗੇ , "ਹੈ ਤਾਂ ਸੂਤ ਪੁੱਤਰ ਈ ਤਾਂ ਹੀ ਤਾਂ ਆਪਣੇ ਵਰਗਿਆਂ ਨਾਲ ਹਮਦਰਦੀ ਦਿਖਾਉਂਦਾ ਹੈ।"

ਲੱਖ ਛੁਪਾਉਣ 'ਤੇ ਵੀ ਦੁਰਯੋਧਨ ਨੇ ਕਰਨ ਦੀਆਂ ਅੱਖਾਂ ਵਿਚ ਅਥਰੂ ਦੇਖ ਲਏ ਸਨ। ਉਹਨੂੰ ਖੁਦ ਨੂੰ ਵੀ ਦਰੋਣਾਚਾਰੀਆ ਦੀ ਇਹ ਗੱਲ ਚੰਗੀ ਨਹੀਂ ਗੱਲੀ। ਉਹ ਮੂੰਹ ਫਟ ਤਾਂ ਹੈ ਈ ਸੀ, ਬੋਲ ਪਿਆ, "ਗੁਰੂ ਜੀ ਲਓ ਸਾਡੇ ਵੀ ਅੰਗੂਠੇ ਕੱਟ ਕੇ ਸਾਥੋਂ ਵੀ ਗੁਰੂ ਦੱਖਣਾ ਹੁਣੇ ਲੈ ਲਓ, ਫੇਰ ਸ਼ਾਇਦ ਕੋਈ ਦਵੇ ਜਾਂ ਨਾ ਦਵੇ।" ਦੁਰਯੋਧਨ ਨੇ ਆਪਣੇ ਸੱਜੇ ਹੱਥ ਦਾ ਅੰਗੂਠਾ ਦਰੋਣਾਚਾਰੀਆ ਦੇ ਅੱਗੇ ਕਰਕੇ ਕਿਹਾ ਸੀ। ਗੁਰੂ ਜੀ ਠਰੰਮੇ ਨਾਲ ਬੋਲੇ ਸਨ, "ਦੁਰਯੋਧਨ ਤੈਨੂੰ ਆਪਣੇ ਇਤਿਹਾਸ ਬਾਰੇ ਜਾਣਕਾਰੀ ਨਹੀਂ, ਮੈਂ ਤੈਨੂੰ ਇਸ ਮੌਕੇ 'ਤੇ ਇਹੀ ਸਲਾਹ ਦਿੰਦਾ ਹਾਂ ਕਿ ਤੂੰ ਇਹਨਾਂ ਦੇ ਤੇ ਆਪਣੇ ਪੂਰਵਜਾਂ ਦੇ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਤ੍ਰਈ ਜੇ ਤਿੰਨ ਵੇਦਾਂ ਦਾ ਨਹੀਂ ਤਾਂ ਘੱਟੋ ਘੱਟ ਰਿਗ ਵੇਦ ਦਾ ਅਧਿਐਨ ਜ਼ਰੂਰ ਕਰ।"



ਦੁਰਯੋਧਨ ਕੋਲ ਉਹਦਾ ਪਿਓ, ਰਾਜਾ ਧਿਰਤਰਾਸ਼ਟਰ ਅੰਨ੍ਹਾ ਹੋਣ ਕਰਕੇ ਰਾਜ-ਕਾਜ ਦਾ ਕੰਮ ਸੰਭਾਲਦਿਆਂ ਅਧਿਐਨ ਕਰਨ ਦਾ ਸਮਾਂ ਨਹੀਂ ਸੀ ਪਰ ਕਰਨ ਨੇ ਗੁਰੂ ਦਰੋਣਾਚਾਰੀਆ ਦੀ ਗੱਲ ਸੁਣਦਿਆਂ ਤਿੰਨ ਰਿਗ, ਸਾਮ ਤੇ ਅਥਰਵ ਵੇਦ ਦਾ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ ਸੀ। ਕਸ਼ੱਤਰੀਆਂ ਵਿਚ ਤਾਂ ਉਹ ਇਸ ਸੰਬੰਧੀ ਗੱਲ ਵੀ ਨਹੀਂ ਕਰ ਸਕਦਾ ਸੀ। ਪਰ ਨਿਸ਼ਾਦ ਕਬੀਲੇ ਦੇ ਲੋਕਾਂ ਵਿਚ ਉਹ ਦਿਲ ਖੋਲ ਕੇ ਗੱਲਾਂ ਕਰ ਸਕਦਾ ਸੀ। ਉਹ ਚੋਰੀ ਛਿਪੇ ਜਾਂ ਸ਼ਿਕਾਰ ਦੇ ਬਹਾਨੇ ਜੰਗਲ ਵਿਚ ਦੂਰ ਨਿਕਲ ਜਾਂਦਾ ਸੀ।

ਉਹ ਨਿਸ਼ਾਦ ਕਬੀਲੇ ਦੇ ਲੋਕਾਂ ਨੂੰ ਦੱਸਦਾ, "ਜਿਹੜੀਆਂ ਨਸਲਾਂ ਆਪਣਾ ਇਤਿਹਾਸ ਭੁੱਲ ਜਾਂਦੀਆਂ ਹਨ ਉਹ ਨਸਲਾਂ ਖਤਮ ਹੋ ਜਾਂਦੀਆਂ ਹਨ। ਆਪਣੀ ਵੱਖਰੀ ਪਛਾਣ ਗੁਆ ਬਹਿੰਦੀਆਂ ਹਨ। ਐ ਨਿਸ਼ਾਦ ਕਬੀਲੇ ਦੇ ਲੋਕੋ ! ਤੁਸੀਂ ਆਪਣੇ ਵਿਰਸੇ ਨੂੰ ਸਾਂਭਿਆ ਨੀ ਹੈਗਾ। ਲਓ ਤੁਸੀਂ ਆਪਣੇ ਪੂਰਵਜਾਂ ਦੀਆਂ ਲਿਖਤਾਂ ਪੜ੍ਹ ਕੇ ਦਿਖਾਓ?" ਨਿਸ਼ਾਦ ਕਬੀਲੇ ਦੇ ਲੋਕ ਕਰਨ ਕੋਲ ਪੱਥਰ ਅਤੇ ਚਮੜੇ ਦੇ ਟੁਕੜੇ 'ਤੇ ਉੱਕਰੇ ਨਿਸ਼ਾਨ ਦੇਖਦੇ ਰਹੇ। ਉਹ ਉਹਨਾਂ ਦੇ ਅਰਥ ਸਮਝਣ ਤੋਂ ਅਸਮਰਥ ਸਨ। ਕਰਨ ਬੋਲਿਆ, "ਇਹ ਲਿਖਤਾਂ ਤਾਂ ਮੈਂ ਵੀ ਨਹੀਂ ਪੜ੍ਹ ਸਕਦਾ, ਪਰ ਰਿਗ ਵੇਦ ਜਿਸਦਾ ਮੈਂ ਅਧਿਐਨ ਕੀਤਾ ਹੈ ਵਿਚੋਂ ਕੁਝ ਗੱਲਾਂ ਤੁਹਾਡੇ ਨਾਲ ਜ਼ਰੂਰ ਕਰਾਂਗਾ। ਹੁਣ ਤੁਸੀਂ ਹਸਤਾਪੁਰ ਰਾਜ ਦੇ ਸੈਨਿਕਾ ਤੋਂ ਡਰਦੇ ਮਾਰੇ ਜੰਗਲਾਂ ਵਿਚ ਘੁੰਮਦੇ ਓ ਤੁਹਾਡੇ ਕੋਲ ਸਿਰ ਲੁਕਾਉਣ ਲਈ ਥਾਂ ਨਹੀਂ ਪਰ ਕੁਝ ਹੀ ਸੈਂਕੜੇ ਸਾਲ ਪਹਿਲਾਂ ਤੁਹਾਡੇ ਪੂਰਵਜ ਹਸਤਨਾਪੁਰ ਵਰਗੇ ਨਗਰ ਰਾਜਾ ਦੇ ਰਾਜੇ ਹੋਇਆ ਕਰਦੇ ਸਨ। ਉਹਨਾਂ ਕੋਲ ਹਾਥੀ, ਘੋੜੇ, ਰੱਥ, ਸੈਨਾ, ਹਥਿਆਰ, ਆਲੀ ਸ਼ਾਨ ਭਵਨ ਸਭ ਕੁਝ ਸੀ।" ਕਰਨ ਕੋਲੋਂ ਸੁਣਦਿਆ ਕਿ ਉਹਨਾਂ ਦੇ ਪੂਰਵਜ ਇਸ ਭੂਮੀ ਦੇ ਮਾਲਕ ਹੁੰਦੇ ਸਨ ਤੇ ਮਹਿਲਾਂ ਵਰਗੇ ਭਵਨਾਂ ਵਿਚ ਰਹਿੰਦੇ ਸਨ। ਨਿਸ਼ਾਦ ਕਬੀਲੇ ਦੇ ਲੋਕਾਂ ਵਿਚ ਇਹ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਤੇ ਉਹ ਇਕੱਤਰ ਹੋ ਕੇ ਬੰਸਰੀਆਂ, ਵੀਨਾ, ਢੋਲ, ਨਗਾਰੇ ਵਜਾਉਂਦਿਆਂ ਨੱਚ ਗਾ ਕੇ ਖ਼ੁਸ਼ੀ ਮਨਾਉਣ ਲੱਗ ਪਏ।

ਕਰਨ ਨੇ ਉਨ੍ਹਾਂ ਨੂੰ ਦੱਸਣਾ ਸ਼ੁਰੂ ਕੀਤਾ। "ਹੁਣ ਤੁਸੀਂ ਸੁਣੋ, ਤੁਸੀਂ ਇਸ ਅਵਸਥਾ ਵਿਚ ਕਿਵੇਂ ਪੁੱਜੇ। ਹਜ਼ਾਰਾਂ ਸਾਲ ਪਹਿਲਾਂ ਬਾਹਰੋਂ ਆਏ ਆਰੀਆਂ ਨੇ ਇਥੇ ਆਪਣੀ ਮਾਤ ਭੂਮੀ 'ਤੇ ਨਗਰਾਂ ਵਿਚ ਵਸਦੇ ਅਸੁਰਾਂ 'ਤੇ ਹਮਲਾ ਕਰ ਦਿੱਤਾ ਸੀ। ਆਰੀਆਂ ਦੇ ਪੂਰਵਜ ਪੁਰੂ, ਯਦੂ, ਅਨੂ, ਭਰਤ ਆਦਿ ਕਬੀਲਿਆਂ ਦਾ ਅਸੁਰਾ ਦੇ ਪੂਰਵਜ ਪਣੀ, ਅਜ, ਸਿਗਰੂ, ਨਿਸ਼ਾਦ ਕਿਲਾਤ ਆਦਿ ਗਣਾਂ ਨਾਲ ਲੰਬੇ ਅਰਸੇ ਤੱਕ ਯੁੱਧ ਚਲਦਾ ਰਿਹਾ। ਯੁੱਧਾਂ ਵਿਚ ਆਰੀਆਂ ਤੇ ਅਸੁਰਾਂ ਦੋਹਾਂ ਪਾਸਿਆਂ ਤੋਂ ਇਕ ਦੂਸਰੀ ਧਿਰ ਦੀਆਂ ਖ਼ੂਨ ਦੀਆਂ ਨਦੀਆਂ ਬਹਾਈਆਂ ਜਾਂਦੀਆਂ ਰਹੀਆਂ। ਰਿਗ ਵੇਦ ਵਿਚ ਵਿਸ਼ੇਸ਼ ਯੁੱਧਾਂ ਦਾ ਵਰਨਣ ਸੰਬੂ ਵਿਜੈ, ਦਾਸ਼ਰਾਜ ਯੁੱਧ, ਸੰਬਰ ਵਿਜੈ ਆਦਿ ਸਿਰਲੇਖਾਂ ਅਧੀਨ ਦਰਜ ਹੈ। ਆਸੁਰ ਇਕ ਇਕ ਇੰਚ ਧਰਤੀ ਲਈ ਖ਼ੂਨ ਬਹਾਉਂਦਿਆਂ ਹਾਰਦੇ ਚਲੇ ਗਏ। ਆਰੀਆ ਸਵਾਤ ਘਾਟੀ ਤੋਂ ਗੰਗਾ, ਜਮਨਾ ਤੋਂ ਅੱਗੇ ਮਗਧ ਤੱਕ ਆਪਣਾ ਅਧਿਕਾਰ ਜਮਾਉਣ ਵਿਚ ਸਫ਼ਲ ਹੋ ਗਏ। "

ਕਰਨ ਅੱਗੇ ਦੱਸਦਾ ਜਾ ਰਿਹਾ ਸੀ।

"ਆਰੀਆ ਤਾਂ ਕਬਾਇਲੀ ਲੋਕ ਸਨ ਅਤੇ ਅਸੁਰ ਨਗਰੀ ਜੀਵਨ ਜਿਉਣ ਵਾਲੇ ਸ਼ਿਲਪੀ, ਦਸਤਕਾਰ ਸਨ। ਇਸ ਲਈ ਰਿਗ ਵੇਦ ਦੀ ਰਚਨਾ ਕਾਲ ਵਿਚ ਸਮਾਜ ਵਿਚ ਸਾਰੇ ਸਿਲਪੀ ਜਿਵੇਂ ਸਾਰਥੀ, ਗਡਰੀਏ, ਹਲ ਵਾਹ, ਰਥਕਾਰ, ਸਵਰਨਕਾਰ, ਧਾਤੂਕਾਰ, ਚਰਮਕਾਰ, ਜੁਲਾਹੇ, ਧੋਬੀ, ਖਟੀਕ, ਗਾਇਕ, ਕੁਮਹਾਰ, ਮਹਾਵਤ, ਚਿਕਿਤਸਕ ਆਦਿ ਸਭ ਬਰਾਬਰ ਸਨ। ਵਿਆਹ ਸ਼ਾਦੀਆਂ ਗੋਤ ਤੋਂ ਬਾਹਰ ਕਰਨ ਦੀ ਰਵਾਇਤ ਦਾ ਸਖਤੀ ਨਾਲ ਪਾਲਣ ਕੀਤਾ ਜਾਂਦਾ ਸੀ। ਰਿਗ ਵੇਦ ਵਿਚ ਅਸੁਰ ਰਿਸ਼ੀਆਂ ਤੇ ਇਸਤਰੀ ਰਿਸ਼ੀਆਂ ਦੇ ਰਚੇ ਸੂਕਤ ਦਰਜ ਹਨ। ਇਹ ਇਸ ਦਾ ਪ੍ਰਮਾਣ ਹੈ। ਭਾਵੇਂ ਰਿਗ ਵੇਦ ਵਿਚ ਸਮਾਜ ਨੂੰ ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸੂਦਰ ਵਰਣ ਵਿਚ ਵੰਡਣ ਤੇ ਕਸ਼ੱਤਰੀਆਂ ਵਿਚ ਆਪਣੀ ਆਪਣੀ ਸ਼ਕਤੀ ਵਧਾਉਣ ਤੋਂ ਬਿਨਾ ਇਸ ਸੂਕਤ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਪਰ ਹੁਣ ਉਤਰ ਵੈਦਿਕ ਕਾਲ ਵਿਚ ਸ਼ਿਲਪੀਆਂ ਸ਼ੂਦਰਾਂ ਰਿਸ਼ੀਆਂ ਮੁਨੀਆਂ ਨੇ ਅਪਵਿੱਤਰ ਸਮਝਦਿਆਂ ਉਨ੍ਹਾਂ ਨੂੰ ਯੱਗ, ਅਨੁਸਥਾਨਾਂ ਵਿਚ ਭਾਗ ਲੈਣ ਦੀ ਮਨਾਹੀ ਆਰੀਆਂ ਨਾਲ ਵਿਆਹ ਸੰਬੰਧ ਵਰਜਿਤ ਤੇ ਸੰਪਤੀ ਦੇ ਅਧਿਕਾਰ ਤੋਂ ਵਰਜਿਤ ਕਰ ਦਿੱਤਾ ਗਿਆ। ਏਤਰੇਆ ਬ੍ਰਾਹਮਣ ਗ੍ਰੰਥ ਵਿਚ ਇਕ ਥਾਂ ਲਿਖਿਆ ਹੈ ਕਿ ਜੇ ਸ਼ੂਦਰ ਉਪਰਲੇ ਵਰਣਾਂ ਦੀ ਬਰਾਬਰੀ

ਕਰਦਾ ਹੈ ਤਾਂ ਉਸਨੂੰ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਜਾਂ ਉਸਦਾ ਵਧ ਕੀਤਾ ਜਾਂ ਮਾਰ ਮੁਕਾਇਆ ਜਾ ਸਕਦਾ ਹੈ।"

ਕਰਨ ਨੇ ਨਿਸ਼ਾਦ ਕਬੀਲੇ ਦੇ ਲੋਕਾਂ ਨੂੰ ਦੱਸਿਆ, "ਪਰ ਉਹ ਉਨ੍ਹਾਂ ਅਸੁਰ ਨਿਸ਼ਾਦ ਪੂਰਵਜਾਂ ਦੀ ਔਲਾਦ ਹੈ, ਜਿਨ੍ਹਾਂ ਨੇ ਆਰੀਆ ਦੀ ਈਨ ਨਹੀਂ ਮੰਨੀ ਤੇ ਜੰਗਲਾਂ, ਬੇਲਿਆਂ ਵਿਚ ਘੁੰਮਦਿਆਂ ਆਰੀਆਂ ਦੇ ਨਗਰਾਂ 'ਤੇ ਆਕਰਮਣ ਕਰਕੇ ਉਨ੍ਹਾਂ ਤੋਂ ਆਪਣਾ ਰਾਜ ਖੋਹਣ ਦੀ ਕੋਸ਼ਿਸ਼ ਕਰਦੇ ਰਹੇ। ਇਸ ਲਈ ਇਹ ਆਰੀਆ, ਭਰਤ ਤੋਂ ਬਣੇ ਕੁਰੂ ਕਸ਼ੱਤਰੀ ਰਾਜੇ ਅਜੇ ਵੀ ਜੰਗਲੀ ਕਬੀਲਿਆਂ ਤੋਂ ਡਰਦੇ ਸੈਨਿਕ ਭੇਜਕੇ ਜੰਗਲਾਂ ਵਿਚ ਉਨ੍ਹਾਂ ਨੂੰ ਇਕੱਠੇ ਨਹੀਂ ਹੋਣ ਦਿੰਦੇ ਮਾਰ ਕੇ ਭਜਾਉਂਦੇ ਰਹਿੰਦੇ ਹਨ।

ਕਿਉਂਕਿ ਇਹ ਆਰੀਆਂ ਰਾਜੇ ਜਾਣਦੇ ਹਨ ਕਿ ਹੁਣ ਵੀ ਦੂਰ ਦੱਖਣ ਵਿਚ ਅਸੁਰ ਦਰਾਵਿੜ ਰਾਜਿਆਂ ਦਾ ਰਾਜ ਹੈ ਤੇ ਦਰਾਵਿੜ ਲੋਕ ਹੀ ਉਹਨਾਂ ਦੀ ਪਰਜਾ ਹੈ ਇਸ ਲਈ ਉਹ ਇਥੇ ਵਾਂਗ ਉਨ੍ਹਾਂ 'ਤੇ ਜਬਰ ਜੁਲਮ ਨਹੀਂ ਕਰਦੇ ਤੇ ਪਰਜਾ ਅਮਨ ਅਮਾਨ ਨਾਲ ਰਹਿੰਦੀ ਹੈ।

ਕਰਨ ਦੀਆਂ ਗੱਲਾਂ ਸੁਣਕੇ, ਨਿਸ਼ਾਦ ਕਬੀਲੇ ਦੇ ਲੋਕਾਂ ਵਿਚ ਘੁਸਰ-ਮੁਸਰ ਹੋਣ ਲੱਗ ਪਈ ਸੀ। ਉਹ ਹਸਤਨਾਪੁਰ ਰਾਜ ਦੇ ਸੈਨਿਕਾਂ ਦੇ ਜਬਰ ਜ਼ੁਲਮ ਤੋਂ ਤੰਗ ਆਏ ਸਲਾਹ ਕਰਨ ਲੱਗੇ ਸਨ ਕਿ ਕਿਓ ਨਾ ਦੱਖਣ ਦਿਸ਼ਾ ਵੱਲ ਆਪਣੇ ਵਰਗੇ ਦਰਾਵਿੜਾਂ ਅਸ਼ੁਰਾਂ ਦੇ ਰਾਜ ਵੱਲ ਕੂਚ ਕੀਤਾ ਜਾਵੇ। ਕਦੇ ਤਾਂ ਉਨ੍ਹਾਂ ਦੇ ਰਾਜ ਵਿਚ ਪੁੱਜਾਂਗੇ ਹੀ। ਅਗਲੀਆਂ ਪੀੜ੍ਹੀਆਂ ਤਾਂ ਅਮਨ ਸ਼ਾਂਤੀ ਦੀ ਜ਼ਿੰਦਗੀ ਗੁਜਾਰਨਗੀਆਂ।

ਕਰਨ ਨੂੰ ਇਹਨਾਂ ਨਿਸ਼ਾਦ ਕਬੀਲੇ ਦੇ ਲੋਕਾਂ ਦਾ ਬੜਾ ਸਹਾਰਾ ਸੀ। ਉਹ ਆਪਣੇ ਮਨ ਦੀ ਗੱਲ ਇਹਨਾਂ ਨਾਲ ਖੁਲ੍ਹ ਕੇ ਕਰ ਸਕਦਾ ਸੀ। ਹੋਰ ਕਿਸੇ ਨਾਲ ਨਹੀਂ ਸੀ ਕਰ ਸਕਦਾ। ਕਰਨ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ, "ਜਦ ਤੱਕ ਮੈਂ ਜਿੰਦਾ ਹਾਂ ਤੁਹਾਨੂੰ ਇਥੋਂ ਕੋਈ ਉਜਾੜ ਨਹੀਂ ਸਕੇਗਾ।" ਤੇ ਕਰਨ ਨੇ ਉਨ੍ਹਾਂ ਦਾ ਹੌਸਲਾ ਵਧਾਉਂਦਿਆਂ ਦੱਸਿਆ, "ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਧਰਤੀ 'ਤੇ ਉਥਲ ਪੁਥਲ ਹੁੰਦੀ ਰਹਿੰਦੀ ਹੈ। ਇਤਿਹਾਸ ਦਾ ਸਮਾਜ ਨੂੰ ਉਚ ਨੀਚ ਵਿਚ ਵੰਡਣ ਵਾਲੀ ਵਿਵਸਥਾ ਵਿਚ ਧਸਦਾ ਜਾ ਰਿਹਾ ਪਹੀਆ ਪਤਾ ਨਹੀਂ ਕਿਧਰ ਨੂੰ ਘੁੰਮ ਜਾਵੇ ਤੇ ਰਾਜਿਆਂ ਤੋਂ ਰੰਕ ਤੇ ਰੰਕਾਂ ਤੋਂ ਰਾਜੇ ਬਣ ਜਾਣ।" ਕਰਨ ਨੇ ਉੱਚੀ ਸੁਰ ਵਿਚ ਕਿਹਾ, "ਐ ਨਿਸ਼ਾਦ ਕਬੀਲੇ ਦੇ ਲੋਕੋਂ ਅਜੇਹੀ ਸਮਾਜਿਕ ਤਬਦੀਲੀ ਇਤਿਹਾਸ ਦੇ ਕਿਸੇ ਵੀ ਪੜਾਅ ਤੇ ਵਾਪਰ ਸਕਦੀ ਹੈ।"

ਕਰਨ ਨੇ ਹਸਤਾਪੁਰ ਜਾ ਕੇ ਉਨ੍ਹਾਂ ਸੈਨਿਕਾਂ ਨਾਲ ਸੰਪਰਕ ਕੀਤਾ ਜਿਹੜੇ ਕੁਝ ਸਮੇਂ ਬਾਅਦ ਜੰਗਲ ਵਿਚ ਜਾ ਕੇ ਆਦੀ ਵਾਸੀਆਂ ਦੀਆਂ ਝੁੱਗੀਆਂ ਝੌਂਪੜੀਆਂ ਨੂੰ ਅੱਗਾਂ ਲਾ ਕੇ ਉਨ੍ਹਾਂ ਤੇ ਤਰ੍ਹਾਂ ਤਰ੍ਹਾਂ ਦੇ ਜ਼ੁਲਾਮ ਢਾਹੁੰਦੇ ਸਨ। ਉਨ੍ਹਾਂ ਦੇ ਘੋੜੇ, ਗਾਈਆਂ, ਭੇਡ, ਬੱਕਰੀਆਂ, ਸਾਰੇ ਪਸ਼ੂ ਲੁੱਟ ਕੇ ਲੈ ਜਾਂਦੇ ਸਨ। ਉਹ ਸੈਨਿਕ ਵੀ ਦੁਖ ਭੋਗਦੇ ਗਰੀਬ ਦਸਤਕਾਰਾਂ ਸ਼ਿਲਪੀਆਂ ਦੇ ਘਰਾਂ ਵਿਚੋਂ ਸਨ। ਉਹ ਕਰਨ ਦੀ ਰਮਜ ਝੱਟ ਸਮਝ ਗਏ ਸਨ। ਹੁਣ ਉਹ ਸੈਨਿਕ ਜੰਗਲੀ, ਨਿਸ਼ਾਦ ਕਬੀਲੇ ਕੋਲ ਜਾਂਦੇ ਜ਼ਰੂਰ ਸਨ ਪਰ ਇਕ ਸਮਝੌਤੇ ਅਧੀਨ ਉਹਨਾਂ ਦੇ ਮਿਥੀ ਹੋਈ ਗਿਣਤੀ ਦੇ ਗਾਵਾਂ, ਘੋੜੇ ਬੈਲ ਆਦਿ ਪਸ਼ੂ ਲੈ ਜਾਂਦੇ ਸਨ, ਤੇ ਰਾਜ ਭਵਨ ਵਿਚ ਜਾ ਕੇ ਗੱਲਾਂ ਬਣਾਉਂਦੇ ਕਿ ਉਹ ਜੰਗਲ ਵਾਸੀਆਂ ਦੇ ਘਰ ਫੂਕ ਕੇ ਤਹਿਸ਼-ਨਹਿਸ ਕਰਕੇ ਉਨ੍ਹਾਂ ਨੂੰ ਉਥੋਂ ਭਜਾ ਆਏ ਸਨ। ਕਰਨ ਕੁਝ ਦਿਨਾਂ ਬਾਅਦ ਮੱਛ ਕਬੀਲੇ ਦੇ ਲੋਕਾਂ ਦਾ ਹੌਸਲਾ ਬਨਾਉਣ ਲਈ ਉਨ੍ਹਾਂ ਕੋਲ ਜਾਂਦਾ ਰਹਿੰਦਾ ਸੀ।

ਪਰ ਕਰਨ ਦਾ ਆਪਣਾ ਹੌਸਲਾ ਬਨ੍ਹਾਉਣ ਲਈ ਉਹਨੂੰ ਕੋਈ ਮਿਲਣ ਨਹੀਂ ਆਉਂਦਾ ਸੀ। ਜਿਹੜਾ ਵੀ ਉਹਨੂੰ ਮਿਲਣ ਆਉਂਦਾ ਉਹਦੇ ਦੁਖਾਂ ਵਿਚ ਵਾਧਾ ਕਰਨ ਲਈ ਹੀ ਆਉਂਦਾ ਸੀ। ਇਕ ਦਿਨ ਤੜਕੇ ਜਦ ਉਹ ਪੂਜਾ, ਅਰਚਨਾ ਕਰ ਰਿਹਾ ਸੀ। ਤਾਂ ਮਹਾਰਾਣੀ ਕੁੰਤੀ ਨੂੰ ਉਹਨੂੰ ਇਕੱਲਿਆਂ ਮਿਲਣ ਆਉਂਦਿਆਂ ਦੇਖ ਉਹ ਅਚੰਭਿਤ ਹੋ ਗਿਆ ਸੀ। ਉਹਨੇ ਕੁੰਤੀ ਨੂੰ ਪ੍ਰਨਾਮ ਕੀਤਾ, ਤੇ ਕੁੰਤੀ ਨੇ ਉਹਨੂੰ ਰਾਜ ਦੀ ਗੱਲ ਦੱਸ ਕੇ ਚੱਕਰਾਂ ਵਿਚ ਪਾ ਦਿੱਤਾ। ਕਿ ਉਹ ਕੁੰਤੀ ਪੁੱਤਰ ਕੌਂਤੇਅ ਹੈ ਰਾਧੇਅ ਨਹੀਂ ਪਰ ਉਹ ਉਹਦੇ ਕੁਆਰੀ ਦੇ ਪੈਦਾ ਹੋਇਆ ਹੋਣ ਕਰਕੇ ਉਹ ਸਮਾਜ ਵਿਚ ਹੋਣ ਵਾਲੇ ਅਪਮਾਨ ਤੋਂ ਡਰਦੀ ਇਸ ਦਾ ਭੇਤ ਕਿਸੇ ਨੂੰ ਵੀ ਦੱਸ ਨਹੀਂ ਸਕੀ ਸੀ। ਤੇ ਉਹਨੂੰ ਪੈਦਾ ਹੁੰਦਿਆਂ ਹੀ ਰੇਸ਼ਮੀ ਕਪੜਿਆਂ ਵਿਚ ਲਪੇਟ ਕੇ ਸੰਦੂਕੜੀ ਵਿਚ



ਰੱਖਿਆ ਵਿਚ ਸੋਨੇ ਦੀਆਂ ਮੋਹਰਾਂ ਰੱਖ ਕੇ ਉਹਦੇ ਜੀਵਨ ਦੀ ਖੈਰ ਸੁਖ ਮੰਗਦਿਆਂ ਰੋਂਦਿਆਂ ਕੁਰਲਾਉਂਦਿਆਂ ਉਹਨੂੰ ਗੰਗਾ ਵਿਚ ਵਹਾ ਦਿੱਤਾ ਸੀ।

ਕਰਨ ਨੇ ਉਹਨੂੰ ਮਾਤਾ ਸ੍ਰੀ ਆਖਦਿਆਂ ਦੁਬਾਰਾ ਚਰਨ ਛੂਹ ਕੇ ਪ੍ਰਣਾਮ ਕੀਤਾ ਸੀ। ਕੁੰਤੀ ਉਹਨੂੰ ਗੋਦੀ ਵਿਚ ਲੈ ਕੇ ਕਿੰਨਾ ਚਿਰ ਬੈਠੀ ਪਿਆਰ ਕਰਦੀ ਰਹੀ ਸੀ। ਤੇ ਉਹਨੂੰ ਆਪਣਾ ਨਾਂ ਨਾ ਦੇ ਸਕਣ ਦੇ ਦੁਖ ਦਰਦ ਨਾਲ ਵਿਆਕੁਲ ਹੁੰਦਿਆਂ ਹੌਕੇ ਭਰਦੀ ਰਹੀ ਸੀ। ਕਰਨ ਵੀ ਭਾਵੁਕ ਹੋ ਕੇ ਹਟਕੋਰੇ ਭਰਦਿਆਂ ਕਿੰਨਾ ਚਿਰ ਜਨਮ ਦੇਣ ਵਾਲੀ ਮਾਤਾ ਸ੍ਰੀ ਦੀ ਗੋਦ ਦਾ ਨਿਘ ਮਾਣਦਾ ਰਿਹਾ ਸੀ।

ਸਮੇਂ ਦੀਆਂ ਦੁਸ਼ਵਾਰੀਆਂ ਝੱਲਦਿਆਂ ਕਰਨ ਦਾ ਮਨ ਕਠੋਰ ਹੋ ਗਿਆ ਸੀ। ਉਹ ਸੋਚਣ ਲੱਗਿਆ, "ਕਈ ਗੱਲਾਂ ਦਾ ਭੇਤ ਨਾ ਲਗਣਾ ਹੀ ਵਿਅਕਤੀ ਦੇ ਹਿਤ ਵਿਚ ਹੁੰਦਾ ਹੈ। ਉਹਦਾ ਭੇਤ ਖੁਲ੍ਹਣ ਤੇ ਮਨ ਸਗੋਂ ਹੋਰ ਦੁਖੀ ਹੋ ਜਾਂਦਾ ਹੈ। ਕਿੰਨੀ ਚੰਗੀ ਗੱਲ ਸੀ ਕਿ ਪਹਿਲਾਂ ਉਹਨੂੰ ਪਤਾ ਹੀ ਨਹੀਂ ਸੀ ਕਿ ਉਹਨੂੰ ਜਨਮ ਦੇਣ ਵਾਲੀ ਮਾਤਾ ਕੌਣ ਸੀ । ਤੇ ਉਹਨੂੰ ਨਾ ਅਪਣਾਉਣਾ ਉਹਦੀ ਕੋਈ ਮਜਬੂਰੀ ਹੋ ਸਕਦੀ ਸੀ। ਪਰ ਜਦ ਉਹਨੂੰ ਪਤਾ ਲਗ ਗਿਆ ਕਿ ਉਹਨੂੰ ਜਨਮ ਦੇਣ ਵਾਲੀ ਕੁੰਤੀ ਸੀ ਜੇ ਉਹ ਮਹਾਰਾਣੀ ਹੁੰਦਿਆਂ ਵੀ ਉਹਨੂੰ ਅਪਣਾ ਨਹੀਂ ਸਕਦੀ ਸੀ ਫੇਰ ਉਹਨੇ ਉਹਨੂੰ ਮਿਲਕੇ ਉਹਦੇ ਦੁਖਦੇ ਜ਼ਖ਼ਮਾਂ ਨੂੰ ਹੋਰ ਕਿਉਂ ਉਚੇੜਿਆ। ਇਸ ਤਰ੍ਹਾਂ ਕਰਕੇ ਉਹ ਆਪ ਵੀ ਦੁਖੀ ਹੋਈ ਤੇ ਉਹਨੂੰ ਵੀ ਹੋਰ ਦੁਖੀ ਕੀਤਾ। ਇਸ ਨਾਲੋਂ ਤਾਂ ਇਸ ਰਾਜ ਨੂੰ ਰਾਜ ਹੀ ਰਹਿਣ ਦਿੰਦੀ। ਕਿੰਨਾ ਚੰਗਾ ਸੀ।"

ਕੁੰਤੀ ਨੇ ਕਰਨ ਨੂੰ ਆਪਣਾ ਪੁੱਤਰ ਦੱਸ ਕੇ ਸਗੋਂ ਹੋਰ ਮੁਸਕਲ ਵਿਚ ਫਸਾ ਦਿੱਤਾ ਸੀ। ਕਰਨ ਸੋਚਦਾ, "ਜੇ ਮੈਂ ਇਹ ਦੱਸਾਂ ਵੀ ਕਿ ਮੈਂ ਪੰਜੇ ਪਾਂਡਵਾਂ ਦਾ ਵੱਡਾ ਭਰਾ ਕੌਂਤੇਆ ਹਾਂ ਰਾਧੇਅ ਨਹੀਂ ਤਾਂ ਕੀ ਕਸ਼ੱਤਰੀ ਬ੍ਰਾਹਮਣ ਵਰਣ ਮੇਰੀ ਗੱਲ ਮੰਨ ਲਵੇਗਾ? ਤੇ ਕੀ ਕੁੰਤੀ ਰਾਜ ਦਰਬਾਰ ਵਿਚ ਮੇਰੀ ਮਾਤਾ ਸ੍ਰੀ ਹੋਣ ਦਾ ਭੇਤ ਸਵੀਕਾਰ ਕਰ ਲਵੇਗੀ? ਕਿ ਮੈਂ ਉਹਦੀ ਕੁਆਰੀ ਦੀ ਕੁੱਖ ਤੋਂ ਪੈਦਾ ਹੋਇਆ ਸੀ। ਕਤਈ ਨਹੀਂ। ਜੇ ਨਹੀਂ ਫੇਰ ਤਾਂ ਮੈਂ ਕਸ਼ੱਤਰੀਆਂ, ਬ੍ਰਾਹਮਣਾਂ ਵਿਚ ਘੋਰ ਨਫਰਤ ਦਾ ਪਾਤਰ ਬਣਾਂਗਾ ਕਿ ਮੈਂ ਆਪਣੇ ਆਪ ਨੂੰ ਧੱਕੇ ਨਾਲ ਕਸੱਤਰੀ ਸਾਬਤ ਕਰਨਾ ਚਾਹੁੰਦਾ ਹਾਂ ਉਹ ਹੋਣ ਦੇਣਗੇ ? ਕਦੇ ਵੀ ਨਹੀਂ।"

ਕਰਨ ਦੇ ਮਨ ਵਿਚ ਵਿਚਾਰ ਆਉਂਦੇ ਗਏ, "ਨਾਲੇ ਜਦ ਹੁਣ ਮੈਨੂੰ ਪਤਾ ਲਗ ਗਿਆ ਕਿ ਮੈਨੂੰ ਜਨਮ ਦੇਣ ਵਾਲੀ ਯੁਧਿਸ਼ਟਰ ਭੀਮ ਤੇ ਅਰਜਨ ਨੂੰ ਵੀ ਜਨਮ ਦੇਣ ਵਾਲੀ ਮਾਤਾ ਸ੍ਰੀ ਕੁੰਤੀ ਹੈ ਤਾਂ ਮੇਰਾ ਉਨ੍ਹਾਂ ਪ੍ਰਤੀ ਰੋਹ ਸਗੋਂ ਹੋਰ ਵਧ ਗਿਆ ਹੈ। ਕਿਉਂਕਿ ਪਾਂਡਵ ਮੇਰਾ ਸੂਤ ਪੁੱਤਰ ਕਹਿੰਦਿਆਂ ਮਜਾਕ ਉਡਾਉਂਦੇ ਰਹਿੰਦੇ ਹਨ। ਉਹ ਚਾਹੁੰਦੇ ਹਨ ਕਿ ਮੈਂ ਤੰਗ ਆ ਕੇ ਦੁਰਯੋਧਨ ਦੇ ਸ਼ਿਵਿਰ ਵਿਚੋਂ ਨਿਕਲ ਜਾਵਾਂ। ਮੈਂ ਹੀ ਉਹਨਾਂ ਦੀਆਂ ਅੱਖਾਂ ਵਿਚ ਰੜਕਦਾ ਹਾਂ ਕਿਉਂਕਿ ਕਈ ਵਾਰੀ ਅਰਜਨ ਵੀ ਤੀਰ ਅੰਦਾਜੀ ਵਿਚ ਮੈਥੋਂ ਮਾਤ ਖਾ ਜਾਂਦਾ ਹੈ ਤਾਂ ਅਰਜਨ ਮੈਨੂੰ ਚਿੜਾਉਣ ਲਈ ਕਹਿੰਦਾ ਹੈ, "ਤੂੰ ਜਿੰਨਾ ਮਰਜੀ ਤੀਰ ਅੰਦਾਜ ਬਣੀ ਜਾ ਪਰ ਤੂੰ ਯੁੱਧ ਵਿਚ ਸੈਨਿਕ ਦਾ ਸੈਨਿਕ ਹੀ ਰਹੇਗਾ। ਸੂਤ ਪੁੱਤਰ ਹੋਣ ਕਰਕੇ ਤੂੰ ਮਹਾਰਥੀ ਧਨੁਖਧਾਰੀ ਨਹੀਂ ਬਣ ਸਕੇਂਗਾ।"

ਪਰ ਮਾਤਾ ਸ੍ਰੀ ਕੁੰਤੀ ਤੋਂ ਕੁਆਰੀ ਅਵਸਥਾ ਵਿਚ ਪੈਦਾ ਹੋਣ ਦਾ ਰਾਜ ਉਹ ਦੁਰਯੋਧਨ ਨਾਲ ਵੀ ਸਾਂਝਾ ਨਹੀਂ ਕਰ ਸਕਦਾ ਸੀ। ਸ਼ਾਇਦ ਦੁਰਯੋਧਨ ਵੀ ਇਸਨੂੰ ਨਹੀਂ ਮੰਨੇਗਾ ਤੇ ਐਵੇਂ ਮਨਘੜਤ ਬਣਾਈ ਹੋਈ ਗੱਲ ਸਮਝੇਗਾ। ਤੇ ਉਹ ਦੁਰਯੋਧਨ ਦੀਆਂ ਨਜ਼ਰਾਂ ਵਿਚ ਵੀ ਹੌਲਾ ਪੈ ਜਾਵੇਗਾ। ਤੇ ਦੁਰਯੋਧਨ ਦੀ ਉਸ ਨਾਲ ਨੇੜਤਾ ਘਟ ਜਾਵੇਗੀ। ਤੇ ਕਰਨ ਨੇ ਕਈ ਦਿਨਾਂ ਦੀ ਸੋਚ ਵਿਚਾਰ ਕਰਕੇ ਫੇਰ ਨਿਸ਼ਾਦ ਕਬੀਲੇ ਦੇ ਲੋਕਾਂ ਕੋਲ ਜਾ ਕੇ ਇਸ ਗੱਲ ਦਾ ਭੇਤ ਸਾਂਝਾ ਕਰਨ ਦਾ ਮਨ ਬਣਾ ਲਿਆ ਸੀ।

ਨਿਸ਼ਾਦ ਕਬੀਲੇ ਦੇ ਲੋਕਾਂ ਨੂੰ ਕਰਨ ਕੋਲੋਂ ਇਹ ਗੱਲ ਸੁਣਦਿਆਂ ਬਹੁਤ ਦੁਖ ਹੋਇਆ ਸੀ ਕਿ ਉਹ ਮਹਾਰਾਣੀ ਕੁੰਤੀ ਦੇ ਕੁਆਰੀ ਦੇ ਪੈਦਾ ਹੋਇਆ ਸੀ ਪਰ ਕੁੰਤੀ ਉਹਨੂੰ ਅਪਣਾਉਣਾ ਤਾਂ ਇਸ ਪਾਸੇ ਉਹਨੂੰ ਆਪਣਾ ਪੁੱਤਰ ਦੱਸਣ ਤੋਂ ਵੀ ਡਰ ਰਹੀ ਸੀ। ਤੇ ਕੁੰਤੀ ਰਾਹੀਂ ਇਹ ਭੇਤ ਛੁਪਾ ਕੇ ਰੱਖਣ ਕਰਕੇ ਕਰਨ ਕਸ਼ੱਤਰੀ ਪੁੱਤਰ ਹੁੰਦਿਆਂ ਵੀ 'ਸੂਤ ਪੁੱਤਰ' ਹੋਣ ਦਾ ਕਲੰਕ ਲੁਆ ਕੇ ਕਸ਼ਟ ਉਠਾ ਰਿਹਾ ਸੀ। ਕਰਨ ਨੇ ਦੱਸਿਆ ਸੀ ਕਿ ਅਜੋਕੇ ਚੱਲ ਰਹੇ ਉਪਨਿਸ਼ਦ ਕਾਲ ਦੀ ਹੀ ਤਾਂ ਗੱਲ ਸੀ। ਕਿ ਅਜੇ ਕੁਝ ਪੀੜ੍ਹੀਆਂ ਪਹਿਲਾਂ ਜਬਾਲੀ ਆਪਣੇ ਪੁੱਤਰ ਜਬਾਲ ਨੂੰ ਗੌਤਮ ਰਿਸ਼ੀ ਦੇ ਆਸ਼ਰਮ ਵਿਚ ਵਿਦਿਆ ਗ੍ਰਹਿਣ ਕਰਵਾਉਣ

ਵਾਸਤੇ ਦਾਖਲ ਕਰਵਾਉਣ ਆਈ ਸੀ। ਗੌਤਮ ਰਿਸ਼ੀ ਨੇ ਭੋਜ ਪੱਤਰ 'ਤੇ ਬਾਲਕ ਦਾ ਨਾਂ ਦਰਜ ਕਰਦਿਆਂ ਉਹਦੇ ਪਿਤਾ ਦਾ ਨਾਂ ਲਿਖਣ ਲਈ ਪੁੱਛਿਆ? ਤਾਂ ਜਬਾਲੀ ਸਹਿਜ ਸੁਭਾ ਬੋਲੀ, "ਰਿਸ਼ੀਵਰ ਮੈਂ ਨਿੱਤ ਬਹੁਤ ਸਾਰੇ ਘਰਾਂ ਵਿਚ ਕੰਮ ਕਰਦੀ ਹਾਂ ਬਹੁਤ ਸਾਰੇ ਪੁਰਖਾਂ ਨਾਲ ਸਹਿਵਾਸ ਕੀਤਾ ਹੈ। ਇਸਦੇ ਪਿਤਾ ਦਾ ਨਾਂ ਤਾਂ ਪਤਾ ਨਹੀਂ।" ਰਿਸ਼ੀ ਗੌਤਮ ਨੇ ਜਬਾਲ ਨੂੰ ਵਿਦਿਆ ਪੜ੍ਹਾਈ ਤੇ ਉਹਨੇ ਵੱਡਾ ਹੋ ਕੇ 'ਜਬਾਲ ਉਪਨਿਸ਼ਦ' ਦੀ ਰਚਨਾ ਕੀਤੀ।

ਕਰਨ ਨੇ ਦੁਖੀ ਹੁੰਦਿਆਂ ਨਿਸ਼ਾਦ ਕਬੀਲੇ ਦੇ ਲੋਕਾਂ ਨੂੰ ਦੱਸਿਆ, "ਹੁਣ ਇਨ੍ਹਾਂ ਬ੍ਰਾਹਮਣਾਂ ਨੇ ਆਪਣੀ ਉੱਚਤਾ ਸਥਾਪਤ ਕਰਨ ਲਈ ਅਤੇ ਆਪਣੀ ਅਲੱਗ ਪਹਿਚਾਣ ਕਾਇਮ ਕਰਨ ਲਈ ਆਪਣੇ ਵਰਣ ਵਿਚ ਹੀ ਸਗੋਤਰ ਵਿਆਹ ਕਰਵਾਉਣ ਦੀ ਪ੍ਰਥਾ ਸ਼ੁਰੂ ਕਰ ਦਿੱਤੀ ਹੈ। ਅਤੇ ਨਿਯਮ ਬਣਾ ਦਿੱਤੇ ਹਨ ਕਿ ਹਰੇਕ ਜਾਤੀ ਦੇ ਲੋਕ ਆਪਣੀ ਜਾਤੀ ਵਿਚ ਹੀ ਵਿਆਹ ਕਰਵਾਉਣ ਅਤੇ ਦੂਸਰੀ ਜਾਤੀ ਵਿਚ ਅੰਤਰ ਜਾਤੀ ਵਿਆਹ ਕਰਵਾਉਣ ਲਈ ਸਜ਼ਾਵਾ ਘੋਸ਼ਤ ਕਰ ਦਿੱਤੀਆ ਹਨ। ਜਿਵੇਂ ਜੇਕਰ ਸ਼ੂਦਰ ਬ੍ਰਾਹਮਣੀ ਨਾਲ ਵਿਆਹ ਕਰਵਾਵੇ ਤਾਂ ਉਹਨਾਂ ਦੀ ਔਲਾਦ ਚੰਡਾਲ ਹੋਵੇਗੀ। ਚੰਡਾਲ ਬਸਤੀਆਂ ਤੋਂ ਬਾਹਰ ਵਸਣ। ਇਹਨਾਂ ਦੀ ਸੰਪਤੀ ਕੁੱਤੇ, ਗਧੇ, ਸੂਰ ਹੋਣ। ਮੁਰਦਿਆਂ ਦੇ ਕੱਪੜੇ ਲਾਹ ਕੇ ਪਾਉਣ। ਟੁੱਟੇ ਬਰਤਨਾਂ ਵਿਚ ਰੋਟੀ ਖਾਣ। ਜੇ ਸ਼ੂਦਰ ਕਸ਼ੱਤਰਾਣੀ ਨਾਲ ਵਿਆਹ ਕਰਵਾਵੇ ਤਾਂ ਔਲਾਦ ਕਸ਼ੇਤਾ ਹੋਵੇ। ਉਹ ਖੇਤਾਂ ਦੀਆਂ ਖੱਡਾਂ ਵਿਚ ਰਹਿਣ ਵਾਲੇ ਜੀਵਾਂ ਨੂੰ ਮਾਰ ਕੇ ਖਾਵੇ ਜਿਵੇਂ ਬੰਗਾਲੇ ਤੇ ਸ਼ੂਦਰ ਪਤੀ ਦੇ ਵੈਸ਼ ਪਤਨੀ ਦੀ ਔਲਾਦ ਬੜ੍ਹਾਈ ਤਰਖਾਣ ਦਾ ਕੰਮ ਕਰੇ।"

ਕਰਨ ਕੋਲੋਂ ਇਹ ਸੁਣਦਿਆਂ ਨਿਸ਼ਾਦ ਕਬੀਲੇ ਦੇ ਲੋਕਾਂ ਨੇ ਸੁਭਾਵਕ ਪੁੱਛਿਆ ਕਿ ਫੇਰ ਉਹ ਕਿਸ ਵਰਣ ਜਾਤੀ ਵਿਚ ਵਿਆਹ ਕਰਵਾਏਗਾ ਤੇ ਉਹਦੀ ਔਲਾਦ ਕੀ ਹੋਵੇਗੀ? ਭਾਵੇਂ ਨਿਸ਼ਾਦ ਕਬੀਲੇ ਦੇ ਲੋਕਾਂ ਨੇ ਉਹਨੂੰ ਇਹ ਪ੍ਰਸ਼ਨ ਸੁਭਾਵਕ ਕੀਤਾ ਸੀ ਕਿ ਆਖਰ ਵਿਆਹ ਤਾਂ ਉਹਨੇ ਕਰਵਾਉਣਾ ਈ ਹੈ ਕਿਸ ਨਾਲ ਕਰਵਾਏਗਾ? ਪਰ ਕਰਨ ਨੂੰ ਇਸ ਪ੍ਰਸ਼ਨ ਨੇ ਡਾਢਾ ਦੁਖੀ ਅਤੇ ਪ੍ਰੇਸ਼ਾਨ ਕਰ ਦਿੱਤਾ ਸੀ। ਪਰ ਕਰਨ ਨੂੰ ਉਹਨਾਂ ਦੀ ਗੱਲ ਦਾ ਕੋਈ ਨਾ ਕੋਈ ਜਵਾਬ ਤਾਂ ਦੇਣਾ ਈ ਪੈਣਾ ਸੀ। ਸੋ ਕਰਨ ਬੋਲਿਆ, "ਹੇ ਨਿਸ਼ਾਦ ਕਬੀਲੇ ਦੇ ਲੋਕੋ! ਜਦ ਮੈਨੂੰ ਵੈਸ਼ ਪਿਤਾ ਤੇ ਬ੍ਰਾਹਮਣੀ ਮਾਤਾ ਦੀ ਔਲਾਦ ਦੱਸਦਿਆਂ ਸੂਤ ਪੁੱਤਰ ਕਹਿਕੇ ਏਨੀ ਨਫਰਤ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਫਿਰ ਕੀ ਕੋਈ ਬ੍ਰਾਹਮਣ ਜਾਂ ਕਸ਼ੱਤਰੀ ਜਾਤੀ ਦਾ ਵਿਅਕਤੀ ਮੈਨੂੰ ਆਪਣੀ ਕੰਨਿਆ ਦੇਣ ਲਈ ਤਿਆਰ ਹੋਵੇਗਾ? ਮਨ ਲਿਆ ਅੰਗ ਰਾਜ ਹੋਣ ਕਰਕੇ ਜੇ ਕੋਈ ਗਰੀਬ ਬ੍ਰਾਹਮਣ ਜਾਂ ਕਸ਼ੱਤਰੀ ਆਪਣੀ ਕੰਨਿਆਂ ਦਾ ਵਿਆਹ ਮੇਰੇ ਨਾਲ ਕਰਨ ਨੂੰ ਤਿਆਰ ਵੀ ਹੋ ਜਾਵੇ ਤਾਂ ਜਦ ਸੂਤ ਪੁੱਤਰ ਹੁੰਦਿਆਂ ਮੈਂ ਏਨੀ ਨਫ਼ਰਤ ਦਾ ਸ਼ਿਕਾਰ ਹਾਂ ਫੇਰ ਇਕ ਸੂਤ ਪੁੱਤਰ ਅਤੇ ਬ੍ਰਾਹਮਣ ਜਾਂ ਕਸ਼ੱਤਰੀ ਕੰਨਿਆ ਦੀ ਔਲਾਦ ਨੂੰ ਹੋਰ ਕਿੰਨਾ ਘਿਰਣਾਯੋਗ ਨਾਂ ਦੇਣਗੇ। ਮੈਂ ਇਹ ਸੋਚ ਵੀ ਨਹੀਂ ਸਕਦਾ।"

ਨਿਸ਼ਾਦ ਕਬੀਲੇ ਦੇ ਲੋਕਾਂ ਵਿਚੋਂ ਬਹੁਤ ਉੱਚੀ ਤੇ ਤਿੱਖੀ ਆਵਾਜ਼ ਆਈ , "ਐ ਕਰਨ ਕੀ ਫੇਰ ਤੂੰ ਸਾਰੀ ਉਮਰ ਕੁਆਰਾ ਹੀ ਰਹੇਂਗਾ?" ਬੁੱਢੇ ਚਿਕਿਤਸਕ ਚੇਤਿਆ ਨੇ ਗੱਲ ਨੂੰ ਹਾਸੇ ਵਿਚ ਪਾਉਂਦਿਆਂ ਕਿਹਾ, "ਹੇ ਕਰਨ! ਤੂੰ ਨਿਸ਼ਾਦ ਕਬੀਲੇ ਦੀ ਕਿਸੇ ਕੁੜੀ ਵੱਲ ਉਂਗਲ ਕਰ ਉਹੀ ਕੁੜੀ ਤੇਰੇ ਨਾਲ ਵਿਆਹ ਕਰਵਾਉਣ ਨੂੰ ਤਿਆਰ ਹੋਵੇਗੀ।" ਕਰਨ ਦੀ ਨਿਗਾਹ ਉੱਪਰ ਉਠੀ ਨਿਸ਼ਾਦ ਕਬੀਲੇ ਦੀਆਂ ਕਿੰਨੀਆਂ ਹੀ ਗੋਰੀਆਂ, ਸਾਂਵਲੀਆਂ, ਲੰਮ ਸਲੰਮੀਆਂ ਕੁੜੀਆਂ ਜਿਨ੍ਹਾਂ ਨੇ ਲੱਕ ਦੁਆਲੇ ਰੰਗ ਬਰੰਗੇ ਸੂਤੀ ਕੱਪੜੇ ਲਪੇਟੇ ਹੋਏ ਸਨ ਧਾਰੀਦਾਰ ਪੱਟੀ ਬੰਨ੍ਹਕੇ ਅੱਧ ਪਚੱਧੀਆਂ ਛਾਤੀਆਂ ਕੱਜੀਆਂ ਹੋਈਆਂ ਸਨ। ਤੇ ਉਨ੍ਹਾਂ ਨੇ ਵਾਲ਼ਾਂ ਨੂੰ ਖ਼ੁਸ਼ਬੂਦਾਰ ਤੇਲ ਲਾ ਕੇ ਵਾਹ ਕੇ ਕੁਝ ਨੇ ਵਾਲ਼ਾਂ ਨੂੰ ਖੁੱਲਾਂ ਛੱਡਿਆ ਹੋਇਆ ਸੀ। ਉਨ੍ਹਾਂ ਦੀਆਂ ਨਜ਼ਰਾਂ ਕਰਨ ਵੱਲੋਂ ਉਠਦੀਆਂ ਤੇ ਸੰਗ ਕੇ ਨੀਵੀਆਂ ਪੈਂਦੀਆਂ ਗਈਆਂ।

ਬੁੱਢੇ ਚਿਕਿਤਸਕ ਚੇਤਿਆਂ ਨੇ ਆਪਣੀ ਗੱਲ ਸਪਸ਼ਟ ਕਰਦਿਆਂ ਕਿਹਾ, "ਹੇ ਕਰਨ! ਇਥੋਂ ਕਿਸੇ ਅਣਵਿਆਹੀ ਮਾਂ ਦੇ ਬੱਚੇ ਨਾਲ ਵਿਤਕਰਾ ਨਹੀਂ ਕੀਤਾ ਜਾਂਦਾ। ਸਾਰੇ ਬੱਚੇ, ਕਬੀਲੇ ਦੇ ਸਾਂਝੇ ਬੱਚੇ ਹਨ... ਉਹਨਾਂ ਨੂੰ ਕਬੀਲੇ ਦੀਆਂ ਸਾਰੀਆਂ ਮਾਵਾਂ ਰਲ ਕੇ ਪਾਲਦੀਆਂ ਹਨ। ਸਗੋਂ ਕਈ ਵਾਰ ਜਵਾਨ ਇਸਤਰੀਆਂ ਬੱਚਿਆਂ ਨੂੰ ਛੱਡਕੇ ਮਰਦਾਂ ਨਾਲ ਜੰਗਲ ਵਿਚ ਸ਼ਿਕਾਰ ਕਰਨ, ਖੇਤੀ ਕਰਨ, ਪਸ਼ੂ ਚਰਾਉਣ ਜਾਂ ਕੰਦ ਮੂਲ



ਜੜ੍ਹਾਂ ਪੁੱਟਕੇ ਲਿਆਉਣ ਲਈ ਚਲੀਆਂ ਜਾਂਦੀਆਂ ਹਨ ਤਾਂ ਆਮ ਤੌਰ ਤੇ ਵੱਡੀ ਉਮਰ ਦੀਆਂ ਇਸਤਰੀਆਂ ਹੀ ਬੱਚਿਆਂ ਨੂੰ ਤੇ ਘਰਾਂ ਨੂੰ ਸਾਂਭਦੀਆਂ ਹਨ।"

ਕਰਨ ਭਾਵੇਂ ਕਬੀਲੇ ਵਿਚ ਰਹਿੰਦਿਆਂ ਸਭ ਕੁਝ ਜਾਣਦਾ ਸੀ ਪਰ ਬੁਢੇ ਚਿਕਿਤਸਕ ਦੇ ਮੂੰਹੋਂ ਦੁਬਾਰਾ ਸੁਣਕੇ ਉਹ ਸੋਚਣ ਲੱਗਿਆ ਕਿ ਕਿੰਨਾ ਚੰਗਾ ਹੁੰਦਾ ਜੇਕਰ ਉਹ ਪੁਰਾਤਨ ਵੈਦਿਕ ਕਾਲ ਨਹੀਂ, ਤਾਂ ਹੁਣ ਨਿਸ਼ਾਦ ਕਬੀਲੇ ਵਿਚ ਹੀ ਜੰਮਿਆ ਹੁੰਦਾ ਤਾਂ ਉਹਨੂੰ ਏਨੀਆਂ ਬੇਅਦਬੀਆਂ ਬੇਇਜ਼ਤੀਆਂ ਤਾਂ ਨਾ ਕਰਵਾਉਣੀਆਂ ਪੈਂਦੀਆਂ।

ਬੁੱਢੇ ਚਿਕਿਤਸਕ ਦੇ ਬਹੁਤ ਜ਼ਿੱਦ ਕਰਨ 'ਤੇ ਕਰਨ ਕੁਝ ਸਮਾਂ ਨਿਸ਼ਾਦ ਕਬੀਲੇ ਵਿਚ ਰਹਿਣਾ ਮੰਨ ਗਿਆ ਸੀ। ਉਹ ਕਬੀਲੇ ਦੀਆਂ ਮੁਟਿਆਰਾਂ ਅਤੇ ਜਵਾਨਾਂ ਨਾਲ ਘੋੜਿਆਂ 'ਤੇ ਸਵਾਰ ਹੋ ਕੇ ਸ਼ਿਕਾਰ 'ਤੇ ਚੜ੍ਹੇ ਰਹਿੰਦੇ ਜੰਗਲਾਂ ਬੇਲਿਆਂ ਦੇ ਸੁੰਦਰ ਦ੍ਰਿਸ਼ਾ ਦਾ ਆਨੰਦ ਮਾਣਦਿਆਂ ਕਲ ਕਲ ਵਗਦੇ ਝਰਨਿਆਂ ਵਿਚ ਨਹਾਉਂਦੇ। ਸਾਰਾ ਦਿਨ ਤਰੋ-ਤਾਜ਼ਾ ਬਣੇ ਰਹਿੰਦੇ। ਕਰਨ ਉਚ-ਨੀਚ ਤੇ ਵਿਤਕਰਿਆ ਭਰੀ ਦੁਨੀਆਂ ਤੋਂ ਦੂਰ ਪ੍ਰਕਿਰਤੀ ਦੀ ਗੋਦ ਵਿਚ ਰਹਿੰਦਿਆਂ ਅਤਿਅੰਤ ਖੁਸ਼ੀ ਅਨੁਭਵ ਕਰ ਰਿਹਾ ਸੀ।

ਦੁਰਯੋਧਨ ਦਾ ਬੁਲਾਵਾ ਆਉਣ ਤੇ ਜਦ ਉਹ ਹਸਤਨਾਪੁਰ ਪਹੁੰਚਿਆ ਤਾਂ ਉਹਨੂੰ ਹੋਰ ਖ਼ੁਸ਼ੀ ਦੀ ਖ਼ਬਰ ਮਿਲੀ। ਹਸਤਨਾਪੁਰ ਵਿਚ ਦੁਰਯੋਧਨ ਨੂੰ ਰਾਜ ਤਿਲਕ ਦੇਣ ਦੀਆਂ ਤਿਆਰੀਆਂ ਚਲ ਰਹੀਆਂ ਸਨ। ਧਿਰਤਰਾਸਟਰ ਅੰਨ੍ਹਾਂ ਹੋਣ ਕਰਕੇ ਜਲਦੀ ਤੋਂ ਜਲਦੀ ਆਪਣੇ ਵੱਡੇ ਪੁੱਤਰ ਦੁਰਯੋਧਨ ਨੂੰ ਰਾਜ ਤਿਲਕ ਦੇਣਾ ਚਾਹੁੰਦਾ ਸੀ। ਪਰ ਤਾਅ ਸ੍ਰੀ ਭੀਸਮ ਪਿਤਾਮਾ ਕੁਲ ਗੁਰੂ ਕਿਰਪਾਚਾਰੀਆ ਕੌਰਵਾਂ ਤੇ ਪਾਂਡਵਾਂ ਵਿਚੋਂ ਵੱਡੇ ਭਰਾ ਯੁਧਿਸ਼ਟਰ ਨੂੰ ਹਸਤਨਾਪੁਰ ਦਾ ਨਰੇਸ਼ ਬਣਾਉਣ ਦੇ ਹੱਕ ਵਿਚ ਖੜੇ ਹੋ ਗਏ ਸਨ। ਵੱਡੇ ਹੋਣ ਕਰਕੇ ਉਹਨਾਂ ਦੀ ਦਿਤੀ ਰਾਇ ਦੀ ਅਣਦੇਖੀ ਨਹੀਂ ਸੀ ਕੀਤੀ ਜਾ ਸਕਦੀ।

ਪਰ ਇਸ 'ਤੇ ਧਿਰਤਰਾਸ਼ਟਰ ਅੜ ਗਿਆ ਸੀ ਕਿ ਪਹਿਲਾਂ ਵੀ ਉਸਨੂੰ ਵੱਡਾ ਹੁੰਦਿਆਂ ਵੀ ਅੰਨ੍ਹਾ ਹੋਣ ਕਰਕੇ ਰਾਜ ਗੱਦੀ ਨਹੀਂ ਸੀ ਮਿਲੀ। ਉਸਦੇ ਛੋਟੇ ਭਰਾ ਪਾਂਡੂ ਨੂੰ ਮਿਲੀ ਸੀ। ਪਾਂਡੂ ਦੀ ਮੌਤ ਤੋਂ ਬਾਅਦ ਉਹ ਛੋਟੇ ਭਰਾ ਪਾਂਡੂ ਦੀ ਥਾਂ ਰਾਜ ਪ੍ਰਬੰਧ ਚਲਾ ਰਿਹਾ ਸੀ। ਅਗਲੀ ਪੁਸਤ ਵਿਚ ਫੇਰ ਉਸਦਾ ਵੱਡਾ ਪੁੱਤਰ ਰਾਜ ਗੱਦੀ ਤੋਂ ਵਾਂਝਾ ਰਹਿ ਗਿਆ ਸੀ। ਉਹ ਇਸ ਦੁਖ ਨੂੰ ਕਿਵੇਂ ਬਰਦਾਸ਼ਤ ਕਰ ਸਕਦਾ ਸੀ?

ਦੁਰਯੋਧਨ ਦਾ ਮਾਮਾਂ ਸ਼ਕੁਨੀ ਵੀ, ਗੰਧਾਰ ਰਾਜ ਤੋਂ ਹਸਤਨਾਪੁਰ ਆਇਆ ਹੋਇਆ ਸੀ। ਉਹ ਸਮਝਦਾ ਸੀ ਕਿ ਰਾਜ ਭਾਗ ਦੀ ਪ੍ਰਾਪਤੀ ਲਈ ਸ਼ਾਮ ਦਾਮ, ਦੰਡ, ਭੇਤ ਸਭ ਕੁਝ ਜਾਇਜ ਸੀ। ਉਹ ਪਾਂਡਵਾਂ ਨੂੰ ਦੁਰਯੋਧਨ ਦੇ ਰਸਤੇ ਵਿਚੋਂ ਹਟਾਉਣ ਦੀਆਂ ਗੋਂਦਾ ਗੁੰਦਣ ਲੱਗਿਆ। ਉਹਨੇ ਦੁਰਯੋਧਨ ਦੇ ਨਾਲ ਨਾਲ ਦੁਸ਼ਾਸਨ ਤੇ ਕਰਨ ਨੂੰ ਵੀ ਆਪਣੇ ਨਾਲ ਮਿਲਾ ਲਿਆ ਸੀ। ਕਰਨ ਨੂੰ ਪਾਂਡਵ ਨਫਰਤ ਦੀ ਨਜ਼ਰ ਨਾਲ ਦੇਖਦੇ ਸਨ। ਉਹਨੂੰ ਪਾਂਡਵਾਂ ਨਾਲ ਕੀ ਹਮਦਰਦੀ ਹੋ ਸਕਦੀ ਸੀ?

ਸਾਜਿਸ਼ ਰਚਦਿਆਂ ਇਕ ਲਾਖ ਦਾ ਮਹਿਲ ਉਸਾਰਿਆ ਗਿਆ। ਕੁੰਤੀ ਅਤੇ ਪਾਂਡਵਾਂ ਨੂੰ ਉਸ ਵਿਚ ਰਹਿਣ ਲਈ ਭੇਜਿਆ ਗਿਆ। ਕੁਝ ਦਿਨਾਂ ਬਾਅਦ ਉਸਨੂੰ ਅੱਗ ਲੱਗ ਗਈ ਸੀ। ਸਾਰਿਆਂ ਨੇ ਅਫਸੋਸ ਮਨਾਇਆ ਸੀ ਕਿ ਵਿਚਾਰੇ ਪਾਂਡਵ ਅਤੇ ਮਾਤਾ ਸ੍ਰੀ ਕੁੰਤੀ ਉਸ ਵਿਚ ਜਲ ਕੇ ਮਰ ਗਏ ਸਨ।

ਕੁਝ ਸਮੇਂ ਬਾਅਦ ਪਾਂਚਾਲ ਦੇਸ਼ ਦੇ ਰਾਜਾ ਦਰੁਪਦ ਦੀ ਰਾਜ ਕੁਮਾਰੀ ਦਰੋਪਤੀ ਨੇ ਸਵੰਬਰ ਰਚਾਇਆ। ਸਵੰਬਰ ਦੀ ਸ਼ਰਤ ਇਹ ਸੀ ਕਿ ਜਿਹੜਾ ਵੀ ਰਾਜਕੁਮਾਰ ਗਰਮ ਹੁੰਦੇ ਤੇਲ ਦੇ ਕੜਾਹੇ ਵਿਚ ਦੇਖਦਿਆਂ ਉਸਦੇ ਉਪਰ ਚੱਕਰ ਵਿਚ ਘੁੰਮਦੀ ਮਛਲੀ ਦੀ ਅੱਖ ਵਿਚ ਤੀਰ ਮਾਰੇਗਾ ਦਰੋਪਤੀ ਉਸ ਦੇ ਗਲ ਵਿਚ ਵਰ ਮਾਲਾ ਪਾ ਦੇਵੇਗੀ। ਦੁਰਯੋਧਨ ਕਰਨ ਨੂੰ ਦਰੋਪਤੀ ਦੇ ਸਵੰਬਰ ਦੀ ਸ਼ਰਤ ਪੂਰੀ ਕਰਨ ਲਈ ਇਹ ਕਹਿੰਦਿਆਂ ਨਾਲ ਲੈ ਗਿਆ ਸੀ ਕਿ ਕਸ਼ੱਤਰੀਆਂ ਵਿਚ ਇੰਦਰ, ਮਹਾਂਦੇਵ, ਪਰਸੂਰਾਮ, ਭੀਸ਼ਮ ਦਰੋਣ ਤੇ ਅਰਜਨ ਇਹਨਾਂ ਛੇਆਂ ਤੋਂ ਬਿਨਾ ਉਹਦਾ ਮੁਕਾਬਲਾ ਕਰਨ ਵਾਲਾ ਕੋਈ ਨਹੀਂ। ਅਰਜਣ ਤਾਂ ਪਾਂਡਵਾਂ ਨਾਲ ਕੁੰਤੀ ਸਮੇਤ ਲਾਖ ਦੇ ਘਰ ਵਿਚ ਸੜ ਕੇ ਮਰ ਗਿਆ ਸੀ। ਮਹਾਂਦੇਵ ਇੰਦਰ, ਪਰਸ਼ੂਰਾਮ, ਭੀਸ਼ਮ ਤੇ ਦਰੋਣਾਚਾਰੀਆ ਨੇ ਸਵੰਬਰ ਵਿਚ ਜਾਣਾ ਨਹੀਂ ਸੀ ਇਸ ਲਈ ਸਵੰਬਰ ਦੀ ਮੁਸ਼ਕਲ ਸ਼ਰਤ ਪੂਰੀ ਕਰਕੇ ਕਰਨ ਤੋਂ ਬਿਨਾ ਕਸ਼ੱਤਰੀਆਂ ਵਿਚੋਂ ਦਰੋਪਤੀ ਨੂੰ ਵਿਆਉਣ ਵਾਲਾ ਕੋਈ ਨਹੀਂ ਸੀ।

ਲਗਭਗ ਸਾਰੇ ਆਰੀਆਵਰਤ ਤੋਂ ਆਏ ਹੋਏ ਰਾਜਕੁਮਾਰ ਉਠਦੇ ਗਏ ਖੌਲਦੇ ਹੋਏ ਤੇਲ ਦੇ ਕੜਾਹੇ ਵਿਚ ਵੇਖਕੇ ਉਪਰ ਚੱਕਰ ਵਿਚ ਘੁੰਮ ਰਹੀ ਮੱਛੀ ਦੀ ਅੱਖ ਵਿਚ ਤੀਰ ਮਾਰਨ ਦੀ ਕੋਸ਼ਿਸ਼ ਕਰਦੇ ਰਹੇ। ਪਰ ਕਿਸੇ ਵੀ ਰਾਜ ਕੁਮਾਰ ਦਾ ਤੀਰ ਮੱਛੀ ਦੀ ਅੱਖ ਨਹੀਂ ਵਿਨ ਸਕਿਆ। ਦੁਰਯੋਧਨ ਦੇ ਇਸਾਰੇ ਤੇ 'ਕਰਨ' ਉਠਿਆ, ਤਾਂ ਦਰੋਪਤੀ ਨੇ ਕਿਹਾ, "ਹੇ ਕਰਨ ਜੇ ਤੂੰ ਚੱਕਰ ਵਿਚ ਘੁੰਮ ਰਹੀ ਮੱਛੀ ਦੀ ਅੱਖ ਵਿਚ ਤੀਰ ਮਾਰ ਕੇ ਸਵੰਬਰ ਦੀ ਸ਼ਰਤ ਪੂਰੀ ਵੀ ਕਰ ਦਿੱਤੀ ਤਾਂ ਵੀ ਮੈਂ ਤੇਰੇ ਨਾਲ ਵਿਆਹ ਨਹੀਂ ਕਰਵਾਂਵਾਂਗੀ ਕਿਉਂਕਿ ਤੂੰ ਕਸੱਤਰੀ ਨਹੀਂ ਹੈ 'ਸੂਤ ਪੁੱਤਰ' ਹੈ।"

ਕਰਨ ਦੇ ਹੱਥਾਂ ਵਿਚ ਫੜੇ ਹੋਏ ਧਨੁਸ਼ ਬਾਣ ਥਾਏਂ ਡਿੱਗ ਗਏ ਸਨ। ਉਹਨੂੰ ਚੱਕਰ ਆ ਗਿਆ ਸੀ। ਉਹਨੂੰ ਧਰਤੀ ਤੇ ਆਕਾਸ਼ ਅੱਖਾਂ ਸਾਹਮਣੇ ਘੁੰਮਦੇ ਨਜ਼ਰ ਆ ਰਹੇ ਸਨ। ਸ਼ਰਮ ਦੇ ਮਾਰੇ ਉਸਤੋਂ ਅੱਖਾਂ ਉਪਰ ਚੁੱਕ ਕੇ ਦੇਖਿਆ ਨਹੀਂ ਸੀ ਜਾ ਰਿਹਾ।

ਦੁਰਯੋਧਨ ਨੇ ਉਸਨੂੰ ਬਾਂਹ ਤੋਂ ਫੜਕੇ ਉਹਦੀ ਥਾਂ 'ਤੇ ਬਿਠਾਇਆ ਸੀ। ਤੇ ਦਿਲਾਸਾ ਦਿੱਤਾ ਸੀ।

ਉਦੋਂ ਹੀ ਪਤਾ ਲੱਗਿਆ ਕਿ ਪਾਂਡਵ ਲਾਖ ਦੇ ਘਰ ਨੂੰ ਅੱਗ ਲੱਗਣ ਤੋਂ ਪਹਿਲਾਂ ਹੀ ਨਿਕਲ ਕੇ ਜੰਗਲ ਵੱਲ ਚਲੇ ਗਏ ਸਨ। ਤੇ ਹੁਣ ਉਹ ਸਵੰਬਰ ਵਿਚ ਆਏ ਬੈਠੇ ਸਨ। ਬ੍ਰਾਹਮਣ ਦੇ ਭੇਸ ਵਿਚ ਅਰਜਨ ਉੱਠਿਆ ਉਹਨੇ ਸਵੰਬਰ ਦੀ ਸ਼ਰਤ ਪੂਰੀ ਕਰਕੇ ਦਰੋਪਤੀ ਨਾਲ ਵਿਆਹ ਕਰਵਾ ਲਿਆ ਸੀ। ਤੇ ਦਰੋਪਤੀ ਨੂੰ ਅਰਜਨ ਸਮੇਤ ਪੰਜੇ ਪਾਂਡਵਾਂ ਨੇ ਆਪਣੀ ਪਤਨੀ ਬਣਾ ਲਿਆ ਸੀ।

ਇਹ ਪਤਾ ਲੱਗਣ 'ਤੇ ਦਰੋਪਤੀ ਦੇ ਸਵੰਬਰ ਦੀ ਸ਼ਰਤ ਅਰਜਨ ਨੇ ਪੂਰੀ ਕਰਕੇ ਉਹਦੇ ਨਾਲ ਵਿਆਹ ਕਰਵਾਇਆ ਸੀ ਕਰਨ ਬਹੁਤ ਦੁਖੀ ਹੋਇਆ ਸੀ। ਕਿਉਂਕਿ ਉਹਨੂੰ ਸੂਤ ਪੁੱਤਰ ਕਹਿਕੇ ਅਪਮਾਨਿਤ ਕਰਨ ਵਾਲੇ ਪਾਂਡਵਾਂ ਵਿਚ ਉਹਨੂੰ ਸੂਤ ਪੁੱਤਰ ਕਹਿ ਕੇ ਅਪਮਾਨਿਤ ਕਰਨ ਵਾਲੀ ਦਰੋਪਤੀ ਵੀ ਸ਼ਾਮਿਲ ਹੋ ਗਈ ਸੀ।

ਹਸਤਨਾਪੁਰ ਪੁੱਜਣ 'ਤੇ ਧਿਰਤਰਾਸ਼ਟਰ ਨੇ ਪਾਂਡਵਾਂ ਨੂੰ ਰਾਜ ਦਾ ਇਕ ਹਿੱਸਾ ਵੰਡ ਕੇ ਰਾਜ ਕਰਨ ਲਈ ਦੇ ਦਿੱਤਾ ਸੀ। ਪਾਂਡਵਾਂ ਦੇ ਵੱਡੇ ਭਰਾ ਯੁਧਿਸ਼ਟਰ ਨੇ ਰਾਜ ਗੱਦੀ ਤੇ ਬੈਠਦਿਆਂ ਜਮਨਾ ਕਿਨਾਰੇ ਵਸੇ ਇੰਦਰਪ੍ਰਸਥ ਨਗਰ ਨੂੰ ਆਪਣੀ ਰਾਜਧਾਨੀ ਬਣਾ ਲਿਆ ਸੀ। ਤੇ ਰਾਜ ਕਰਨ ਲੱਗ ਪਿਆ ਸੀ। ਪਰ ਜੂਆ ਖੇਡਣ ਦੀ ਭੈੜੀ ਆਦਤ ਨੇ ਉਹਨੂੰ ਬਹੁਤਾ ਚਿਰ ਰਾਜ ਕਰਨ ਨਾ ਦਿੱਤਾ। ਦੁਰਯੋਧਨ ਨੇ ਉਹਨੂੰ ਹਸਤਨਾਪੁਰ ਦਰਬਾਰ ਵਿਚ ਆ ਕੇ ਜੂਆ ਖੇਡਣ ਦਾ ਸੱਦਾ ਦਿੱਤਾ ਸੀ ਤੇ ਉਹਨੇ ਝੱਟ ਸਵੀਕਾਰ ਕਰ ਲਿਆ ਸੀ।

ਦੁਰਯੋਧਨ ਮਾਮਾ ਸ੍ਰੀ ਸ਼ਕੁਨੀ ਨਾਲ ਮਿਲਕੇ, ਯੁਧਿਸ਼ਟਰ ਨੂੰ ਚਾਲਾਂ ਵਿਚ ਫਸਾਉਂਦੇ ਰਹੇ ਤੇ ਉਹ ਹਰ ਬਾਜੀ ਹਾਰਦਾ ਚਲੇ ਗਿਆ। ਤਮਾਮ ਦਰਸ਼ਕ ਦੇਖਕੇ ਹੈਰਾਨ ਰਹਿ ਗਏ ਕਿ ਉਹ ਆਪਣਾ ਇੰਦਰ ਪ੍ਰਸਥ ਰਾਜ ਵੀ ਦਾਅ 'ਤੇ ਲਾ ਕੇ ਹਾਰ ਗਿਆ ਸੀ।

ਇੰਦਰਪ੍ਰਸਥ ਰਾਜ ਨੂੰ ਜੂਏ ਵਿਚ ਹਾਰਨ 'ਤੇ ਇੰਦਰਪ੍ਰਸਥ ਤੇ ਹਸਤਨਾਪੁਰ ਵਿਚ ਤਾਂ ਕੀ ਆਲੇ ਦੁਆਲੇ ਦੇ ਚਾਰੇ ਪਾਸਿਆਂ ਦੇ ਰਾਜਾਂ ਵਿਚ ਤ੍ਰਾਹ ਤ੍ਰਾਹ ਹੋ ਗਈ ਸੀ। ਯੁਧਿਸਟਰ ਨੂੰ ਹਰ ਪਾਸਿਓਂ ਇਕੋ ਸਵਾਲ ਪੁੱਛਿਆ ਜਾ ਰਿਹਾ ਸੀ, "ਰਾਜਾ ਤਾਂ ਪਰਜਾ ਦਾ ਪਾਲਕ ਹੁੰਦਾ ਹੈ ਉਹਨੂੰ ਆਪਣੀ ਪਰਜਾ ਨੂੰ ਜੂਏ ਵਿਚ ਹਾਰਨ ਦਾ ਕੀ ਅਧਿਕਾਰ ਹੈ। ਕੀ ਉਹਨੇ ਆਪਣੇ ਰਾਜ ਦੇ ਲੋਕਾਂ ਨੂੰ ਭੇਡਾਂ, ਬੱਕਰੀਆਂ ਸਮਝ ਲਿਆ?"

ਪਰ ਯੁਧਿਸਟਰ ਕੋਲ ਉਹਦੀ ਪਰਜਾ ਦੇ ਪ੍ਰਸਨਾਂ ਦਾ ਕੋਈ ਉੱਤਰ ਨਹੀਂ ਸੀ ਉਹ ਤਾਂ ਸਗੋਂ ਮਹਾਰਾਣੀ ਵੀ ਜੂਏ ਵਿਚ ਦਾਅ 'ਤੇ ਲਾ ਕੇ ਦੁਰਯੋਧਨ ਕੋਲ ਹਾਰ ਗਿਆ ਸੀ। ਇਹ ਤਾਂ ਹੁਣ ਦੁਰਯੋਧਨ ਦੀ ਮਰਜੀ ਸੀ ਉਹ ਦਰੋਪਤੀ ਨਾਲ ਕਿਹੋ ਜਿਹਾ ਸਲੂਕ ਕਰਦਾ। ਦੁਰਯੋਧਨ ਦੇ ਕਹਿਣ 'ਤੇ ਦੁਸ਼ਾਸਨ ਦਰੋਪਤੀ ਨੂੰ ਵਾਲਾਂ ਤੋਂ ਫੜਕੇ ਖਿਚ ਕੇ ਹਸਤਨਾਪੁਰ ਰਾਜ ਦਰਬਾਰ ਵਿਚ ਲੈ ਕੇ ਆਇਆ ਤੇ ਦੁਰਯੋਧਨ ਨੇ ਉਨ੍ਹੰ ਜੰਘਾਂ (ਪੱਟਾਂ) 'ਤੇ ਬਿਠਾਉਣ ਨੂੰ ਕਿਹਾ। ਕਰਨ ਸੋਚ ਰਿਹਾ ਸੀ ਕਿ ਦਰੋਪਤੀ ਨਾਲ ਇਹ ਸਲੂਕ ਤਾਂ ਹੋਇਆ ਕਿਉਂਕਿ ਯੁਧਿਸਟਰ ਨੇ ਉਸਨੂੰ ਜੂਏ ਵਿਚ ਹਾਰਿਆ ਸੀ।

ਜਦ ਪਾਂਡਵ ਅਤੇ ਦਰੋਪਤੀ ਸ਼ਾਹੀ ਵਸਤਰ ਉਤਾਰ ਸਧਾਰਣ ਵਸਤਰਾਂ ਵਿਚ ਦੁਰਯੋਧਨ ਰਾਹੀਂ ਦਿਤੇ ਬਾਰਾਂ ਸਾਲ ਦੇ ਬਣਵਾਸ ਤੇ ਇਕ ਸਾਲ ਦੇ ਆਗਿਆਤਵਾਸ ਲਈ ਤੁਰ ਪਏ ਤਾਂ ਕਰਨ ਦਾ ਕੋਮਲ ਮਨ



ਇਸ ਦਰਦਨਾਕ ਦ੍ਰਿਸ਼ ਨੂੰ ਦੇਖਦਿਆਂ ਬਰਦਾਸ਼ਤ ਨਾ ਕਰ ਸਕਿਆ। ਉਹ ਆਪਣੇ ਘੋੜੇ ਤੇ ਚੜ੍ਹਕੇ ਆਪਣੇ ਨਿਸ਼ਾਦ ਪ੍ਰਿਆ ਮਿੱਤਰ ਕਬੀਲੇ ਵਿਚ ਜਾ ਪਹੁੰਚਿਆ।

ਕਰਨ ਆਪਣੇ ਮਨ ਦੀਆਂ ਗੱਲਾਂ ਸਾਂਝੀਆਂ ਕਰਨ ਲੱਗਿਆ ਉਹਨੂੰ ਸਭ ਤੋਂ ਵੱਡਾ ਦੁਖ ਇਹ ਸੀ ਕਿ ਦਰੋਪਤੀ ਨੂੰ ਇਕੱਲਾ ਅਰਜਨ ਵਿਆਹ ਕੇ ਲਿਆਇਆ ਸੀ। ਫੇਰ ਉਸਨੇ ਬਾਕੀ ਪਾਂਡਵਾਂ ਦੀ ਪਤਨੀ ਬਣਨ ਦਾ ਵਿਰੋਧ ਕਿਉਂ ਨਹੀਂ ਕੀਤਾ। ਕਰਨ ਨੂੰ ਉਤੇਜਨਾਵਸ ਗੱਲਾਂ ਕਰਦਿਆਂ ਦੇਖ ਬੁੱਢੇ ਚਿਕਿਤਸਕ ਨੇ ਉਹਨੂੰ ਟੋਕਿਆ, "ਹੇ ਕਰਨ ਸਾਡੇ ਪੂਰਵਜ ਦੱਸਦੇ ਰਹੇ ਸਨ ਕਿ ਵਹਿਸ਼ੀ ਕਬੀਲਿਆਂ ਦੇ ਲੋਕ ਆਪਣੀਆਂ ਕੁੜੀਆਂ ਨੂੰ ਜੰਮਦਿਆਂ ਈ ਮਾਰ ਦਿੰਦੇ ਸਨ ਤੇ ਉਹ ਦੂਸਰੇ ਕਬੀਲਿਆਂ 'ਤੇ ਅਵੇਸਲੇ ਹੋਣ ਤੇ ਰੋਟੀ ਖਾਣ ਵੇਲੇ ਜਾਂ ਸੌਣ ਜਾਂ ਸੁੱਤੇ ਉੱਠਣ ਵੇਲੇ ਹਮਲਾ ਕਰਕੇ ਜਿੰਨੀਆਂ ਕੁ ਹੋ ਸਕਦਾ ਸੀ। ਲੜਕੀਆਂ ਲੁੱਟ ਕੇ ਲਿਜਾਂਦੇ ਸਨ ਤੇ ਫੇਰ ਇਕ ਇਕ ਲੜਕੀ ਨਾਲ ਕਈ ਕਈ ਵਿਅਕਤੀ ਉਹਨੂੰ ਪਤਨੀ ਬਣਾ ਕੇ ਰਹਿਣ ਲੱਗ ਪੈਂਦੇ ਸਨ। ਕਰਨ ਦਰੋਪਤੀ ਨਾਲ ਵੀ ਪੰਜੇ ਪਾਂਡਵ ਉਹਨੂੰ ਪਤਨੀ ਬਣਾ ਕੇ ਰਖਦੇ ਰਹੇ ਇਹ ਵੀ ਬਹੁ ਪਤੀ ਵਿਆਹ ਪ੍ਰਣਾਲੀ ਹੋਈ।"

"ਪਰ ਉਹ ਤਾਂ ਗੋਤਾਂਤਰ ਵਿਆਹ ਹੋਇਆ ਜਿਹੜੇ ਆਪਣੇ ਗੋਤ ਵਿਚ ਵਿਆਹ ਨਹੀਂ ਕਰਦੇ ਸਨ। ਪਰ ਇਹ ਕਸੱਤਰੀ ਤਾਂ ਆਪਣੀ ਜਾਤ ਤੋਂ ਬਾਹਰ ਵਿਆਹ ਕਰਦੇ ਹਨ। ਗੋਤਾਂਤਰ, ਵਰਣ, ਜਾਤੀ ਤੋਂ ਬਾਹਰਲੇ ਵਿਆਹ ਸੰਬੰਧਾਂ ਤੋਂ ਹੋਣ ਵਾਲੇ ਬੱਚੇ ਤਾਂ ਸਗੋ ਸਮਾਜਕ ਬਹਿਸ਼ਿਕਾਰ ਦੀ ਸਜਾ ਭੋਗਦੇ ਹਨ। ਫਿਰ ਇਹ ਪਾਂਡਵ ਤਾਂ ਰਾਜ ਕੁਮਾਰ ਹਨ ਕਈ ਕਈ ਵਿਆਹ ਕਰਵਾ ਸਕਦੇ ਹਨ। ਕਰਵਾਏ ਵੀ ਹਨ ਪਰ ਫੇਰ ਇਹਨਾਂ ਨੇ ਦਰੋਪਤੀ ਨੂੰ ਹੀ ਇਸਤਰੀ ਜਾਤੀ 'ਤੇ ਦਾਬਾ ਪਾਉਣ ਲਈ ਪੰਜਾਂ ਨੇ ਆਪਣੀ ਪਤਨੀ ਬਣਾ ਕੇ ਰੱਖਿਆ। ਇਹੀ ਨਹੀਂ ਯੁਧਿਸਟਰ ਨੇ ਦੇਰ ਨਹੀਂ ਲਾਈ ਜੂਏ ਵਿਚ ਦਾਅ 'ਤੇ ਲਾ ਕੇ ਮਹਾਰਾਣੀ ਦਰੋਪਤੀ ਨੂੰ ਹਾਰ ਦਿੱਤਾ।"

"ਐ ਨਿਸ਼ਾਦ ਕਬੀਲੇ ਦੇ ਲੋਕੋ ! ਇਹਨਾਂ ਮਰਦਾਂ ਨੇ ਔਰਤਾਂ ਨੂੰ ਆਪਣੇ ਮਗਰ ਕਿਵੇਂ ਲਾਇਆ ਹੋਇਆ ।" ਕਰਨ ਦਾ ਮਨ ਅਜੇ ਗੱਲਾਂ ਕਰਕੇ ਭਰਿਆ ਨਹੀਂ ਸੀ। ਉਹ ਉੱਚੀ ਸੁਰ ਵਿਚ ਬੋਲ ਰਿਹਾ ਸੀ। "ਮੈਂ ਗੱਲ ਹਸਤਨਾਪੁਰ ਰਾਜ ਮਹਿਲ ਦੀ ਕਰਦਾ ਹਾਂ। ਜੇ ਧਿਰਤਰਾਸ਼ਟਰ ਅੰਨ੍ਹਾਂ ਹੈ ਮਹਾਰਾਣੀ ਗੰਧਾਰੀ ਤਾਂ ਸੁਜਾਖੀ ਸੀ ਉਹ ਅੱਗੇ ਤੁਰਦਿਆਂ ਉਹਨੂੰ ਰਾਹ ਦਿਖਾਉਂਦੀ ਪਰ ਅਜਿਹਾ ਨਹੀਂ ਹੋਇਆ ਸਗੋਂ ਸਮਾਜਿਕ ਮਾਣ-ਮਰਿਯਾਦਾ ਪਾਲਣ ਲਈ ਪਤੀ ਅੰਨ੍ਹਾਂ ਹੋਣ ਕਰਕੇ ਪਤਨੀ ਗੰਧਾਰੀ ਨੂੰ ਵੀ ਸਾਰੀ ਉਮਰ ਲਈ ਅੱਖਾਂ 'ਤੇ ਪੱਟੀ ਬੰਨ੍ਹਕੇ ਰੱਖਣੀ ਪਈ। ਹੁਣ ਜਾ ਕੇ ਹਸਤਨਾਪੁਰ ਦੇ ਰਾਜ ਦਰਬਾਰ ਵਿਚ ਜਾ ਵੇਖਣ। ਉਹ ਸੁਜਾਖੀ ਹੁੰਦਿਆਂ ਅੱਖਾਂ ਤੇ ਪੱਟੀ ਬੰਨ੍ਹਦੇ ਅੰਨ੍ਹੇ ਪਤੀ ਧਿਰਤਰਾਸਟਰ ਦੇ ਮੋਢੇ 'ਤੇ ਹੱਥ ਰਖਕੇ ਤੁਰਦੀ ਹੈ।"

"ਜਿਥੇ ਮਹਾਰਾਣੀ ਦੀ ਹਾਲਤ ਤਰਸਯੋਗ ਹੈ ਉਥੇ ਨਗਰ ਵਿਚ ਰਹਿੰਦੀਆਂ ਆਮ ਇਸਤਰੀਆਂ ਦੀ ਕੀ ਹਾਲਤ ਹੋਵੇਗੀ।" ਨਿਸ਼ਾਦ ਕਬੀਲੇ ਦੇ ਲੋਕ ਆਪੋਂ ਵਿਚੀਂ ਗੱਲਾਂ ਕਰਦੇ ਰਹਿੰਦੇ ਸਨ। ਇਕ ਦਿਨ ਨਿਸ਼ਾਦ ਕਬੀਲੇ ਦੀਆਂ ਔਰਤਾਂ ਨੂੰ ਨਗਰੀ ਜੀਵਨ ਤੋਂ ਅੱਕੀਆਂ ਥੱਕੀਆਂ ਕੁਝ ਇਸਤਰੀਆਂ ਜੰਗਲ ਵਿਚ ਭਟਕਦੀਆਂ ਫਿਰਦੀਆਂ ਮਿਲੀਆਂ। ਉਨ੍ਹਾਂ ਵਿਚੋਂ ਕੁਝ ਇਸਤਰੀਆਂ ਨੇ ਨਸ਼ਿਆਂ ਵਿਚ ਗ੍ਰਸਤ ਰਹਿਣ ਵਾਲੇ ਤੇ ਪਰਵਾਰ ਦੀ ਸੁਧ-ਬੁਧ ਨਾ ਲੈਣ ਵਾਲੇ ਪਤੀਆਂ ਦੇ ਮਰਨ 'ਤੇ ਉਨ੍ਹਾਂ ਦੀਆਂ ਲਾਸ਼ਾਂ ਨਾਲ ਸਤੀ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਤੇ ਕੁਝ ਇਸਤਰੀਆਂ ਨੇ ਸ਼ਰਾਬੀ ਤੇ ਜੁਆਰੀਏ ਪਤੀਆਂ ਰਾਹੀਂ ਉਨ੍ਹਾਂ ਨੂੰ ਜੂਏ ਵਿਚ ਦਾਅ ਤੇ ਲਾ ਕੇ ਦੂਸਰੇ ਜੁਆਰੀਆਂ ਕੋਲ ਹਾਰ ਦਿੱਤਾ ਸੀ। ਤੇ ਉਨ੍ਹਾਂ ਨੇ ਉਨ੍ਹਾਂ ਨੂੰ ਜੂਏ ਵਿਚ ਜਿੱਤੇ ਹੋਏ ਜੁਆਰੀਆਂ ਨਾਲ ਜਾਣ ਤੋਂ ਇਨਕਾਰ ਕਰ ਦਿੱਤਾ ਸੀ। ਤੇ ਹੁਣ ਉਹ ਘਰੋਂ ਭੱਜਕੇ ਜੰਗਲ ਵਿਚ ਘੁੰਮਦੀਆਂ ਅਜਿਹਾ ਜੀਵਨ ਜੀਣ ਨਾਲੋਂ ਆਤਮ ਹੱਤਿਆ ਕਰਨ ਦੀਆਂ ਵਿਉਂਤਾਂ ਬਣਾ ਰਹੀਆਂ ਸਨ। ਤੇ ਨਿਸ਼ਾਦ ਕਬੀਲੇ ਦੀਆਂ ਔਰਤਾਂ ਉਨ੍ਹਾਂ ਨੂੰ ਸਮਝਾ ਬੁਝਾ ਕੇ ਆਪਣੇ ਕਬੀਲੇ ਦੀਆਂ ਝੌਂਪੜੀਆਂ ਵਿਚ ਨੂੰ ਲੈ ਆਈਆਂ ਸਨ। ਨਿਸ਼ਾਦ ਕਬੀਲੇ ਦੇ ਲੋਕਾਂ ਨੂੰ ਡਰ ਸੀ ਕਿ ਉਨ੍ਹਾਂ ਦੇ ਮਾਲਕ ਆ ਕੇ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕਰਨਗੇ। ਉਨ੍ਹਾਂ ਨੇ ਕਰਨ ਨੂੰ ਦੱਸਿਆ। ਕਰਨ ਨੇ ਆਪਣੇ ਵਫਾਦਾਰ ਸੈਨਿਕਾਂ ਨੂੰ ਜੰਗਲ ਵਿਚ ਭੇਜ ਦਿੱਤਾ ਸੀ। ਜੰਗਲ ਵਿਚੋਂ ਖੋਈਆਂ ਹੋਈਆਂ ਔਰਤਾਂ ਨੂੰ ਭਾਲਣ ਆਏ ਮਾਲਕਾਂ ਨੇ ਦੱਸਿਆ ਕਿ ਉਹ ਇਸਤਰੀਆਂ ਨੂੰ ਘਰਾਂ ਵਿਚ ਵਸਾਉਣ ਲਈ ਨਹੀਂ ਲਿਜਾਣਾ ਚਾਹੁੰਦੇ ਸਗੋਂ ਇਸ ਲਈ ਲਿਜਾਣਾ ਚਾਹੁੰਦੇ

ਸਨ ਕਿ ਉਹ ਅਪਮਾਨਿਤ ਹੁੰਦਿਆਂ ਭੁੱਖੀਆਂ ਮਰਦੀਆਂ ਗਲੀਆਂ ਵਿਚ ਘੁੰਮਦੀਆਂ ਰਹਿਣ ਉਨ੍ਹਾਂ ਨੂੰ ਦੇਖਕੇ ਬਾਕੀ ਔਰਤਾਂ ਡਰਦੀਆਂ ਰਹਿਣ ਕਿ ਉਹ ਜੂਏ ਵਿਚ ਹਾਰਨ ਤੋਂ ਜਿੱਤੇ ਹੋਏ ਜੁਆਰੀ ਕੋਲ ਜਾਣ ਤੋਂ ਅਤੇ ਬਰਾਦਰੀ ਤੋਂ ਬਾਹਰ ਸੰਬੰਧ ਬਣਾ ਕੇ ਬੱਚੇ ਜੰਮਣ ਦੀ ਜ਼ੁਰਅਤ ਨਾ ਕਰਨ। ਤੇ ਮੋਏ ਪਤੀ ਨਾਲ ਸਤੀ ਹੋਣ ਤੋਂ ਇਨਕਾਰ ਨਾ ਕਰ ਸਕਣ।

ਸੈਨਿਕਾਂ ਨੇ ਉਹਨਾਂ ਨਾਗਰਿਕਾਂ ਨੂੰ ਵਾਪਸ ਭੇਜ ਦਿੱਤਾ ਸੀ ਕਿ ਜੰਗਲ ਵਿਚ ਨਿਸ਼ਾਦ ਕਬੀਲੇ ਦੇ ਲੋਕਾਂ ਨਾਲ ਯੁੱਧ ਚੱਲ ਰਿਹਾ ਹੈ, ਉਹਨਾਂ ਦੀਆਂ ਪਤਨੀਆਂ ਜਮਨਾ ਵਿਚ ਛਾਲਾ ਮਾਰ ਕੇ ਮਰ ਗਈਆਂ ਹੋਣਗੀਆਂ।

ਕਰਨ ਦੇ ਨਿਸ਼ਾਦ ਕਬੀਲੇ ਦੇ ਲੋਕਾਂ ਵਿਚ ਚੱਕਰ ਵਧਦੇ ਜਾ ਰਹੇ ਸਨ। ਉਹਨੂੰ ਬਣਵਾਸ ਦਾ ਦੁਖ ਸਹਿੰਦੇ ਪਾਂਡਵਾਂ ਅਤੇ ਦਰੋਪਤੀ ਦੀਆਂ ਮੁਸੀਬਤਾਂ ਬਾਰੇ ਪਤਾ ਲਗਦਾ ਰਹਿੰਦਾ ਸੀ। ਅੰਤ ਨੂੰ ਪਾਂਡਵ ਬਾਰਾ ਸਾਲ ਦਾ ਬਣਵਾਸ ਤੇ ਇਕ ਸਾਲ ਦਾ ਆਗਿਆਤਵਾਸ ਭੋਗ ਕੇ ਦਰੋਪਤੀ ਦੇ ਪਿਤਾ ਪਾਂਚਾਲ ਦੇ ਰਾਜਨ ਦਰੁਪਦ ਦੇ ਰਾਜ ਮਹਿਲ ਵਿਚ ਪੁੱਜ ਗਏ ਸਨ। ਅਤੇ ਕੌਰਵਾਂ ਕੋਲ ਉਹਨਾਂ ਦਾ ਇੰਦਰਪ੍ਰਸਥ ਰਾਜ ਵਾਪਸ ਕਰਨ ਲਈ ਹਸਤਨਾਪੁਰ ਦੇ ਰਾਜ ਦਰਬਾਰ ਵਿਚ ਦੂਤ ਭੇਜਣ ਲੱਗ ਪਏ ਸਨ।

ਕ੍ਰਿਸਨ ਵੀ ਪਾਂਡਵਾਂ ਵਲੋਂ ਦੂਤ ਬਣਕੇ ਆਇਆ ਸੀ। ਉਸਨੇ ਕਿਹਾ ਸੀ ਕਿ ਦੁਰਯੋਧਨ ਨੇ ਦਰੋਪਤੀ ਨੂੰ ਜੰਘਾਂ (ਪੱਟਾਂ) ਤੇ ਬਿਠਾਉਣ ਨੂੰ ਕਿਹਾ ਅਤੇ ਦੁਸ਼ਾਸਨ ਦਰੋਪਤੀ ਨੂੰ ਵਾਲਾਂ ਤੋਂ ਫੜ ਕੇ ਖਿਚ ਕੇ ਲਿਆਇਆ। ਹੁਣ ਪਾਂਡਵ ਯੁੱਧ ਕਰਕੇ ਦਰੋਪਤੀ ਦੇ ਕੀਤੇ ਹੋਏ ਅਪਮਾਨ ਤੇ ਬੋਲੇ ਗਏ ਦੁਰਬਚਨਾ ਦਾ ਬਦਲਾ ਲੈਣਾ ਚਾਹੁੰਦੇ ਸਨ।

ਦੁਰਯੋਧਨ ਨੇ ਵੀ ਆਪਣਾ ਪੱਖ ਕ੍ਰਿਸ਼ਨ ਅੱਗੇ ਰੱਖਿਆ, "ਹੇ ਕ੍ਰਿਸ਼ਨ ਪਰ ਕੀ ਪਾਂਡਵਾਂ ਨੇ ਸਾਨੂੰ ਦੁਰ-ਬਚਨ ਨਹੀਂ ਬੋਲੇ? ਅਰਜਨ ਸਮੇਤ ਸਾਰੇ ਪਾਂਡਵ ਤੇ ਦਰੋਪਤੀ ਕਰਨ ਨੂੰ ਅੰਗ ਰਾਜ ਹੁੰਦਿਆਂ ਸੂਤ ਪੁੱਤਰ ਆਖ ਕੇ ਅਪਮਾਨਿਤ ਕਰਦੇ ਰਹੇ ਸਨ। ਜਦ ਮੈਂ ਯੁਧਿਸਟਰ ਦੇ ਰਾਜ ਮਹਿਲ, ਇੰਦਰਪ੍ਰਸਥ ਵਿਚ ਗਿਆ ਤਾਂ ਇਕ ਥਾਂ ਧਰਤੀ ਦਾ ਭੁਲੇਖਾ ਖਾ ਕੇ ਖੜੇ ਪਾਣੀ ਵਿਚ ਵੜ ਗਿਆ ਤਾਂ ਦਰੋਪਤੀ ਨੇ ਮੈਨੂੰ ਬੋਲੀ ਮਾਰੀ ਸੀ। 'ਫੇਰ ਵੀ ਅੰਨ੍ਹੇ ਦਾ ਅੰਨ੍ਹਾ ਈ ਰਿਹਾ।" ਤੇ ਪਾਂਡਵਾਂ ਅਤੇ ਕੌਰਵਾਂ ਵਿਚ ਬੋਲੇ ਗਏ ਇਹਨਾਂ ਦੁਰਬਚਨਾਂ ਮਾੜੇ ਸ਼ਬਦਾਂ ਨੇ ਮਹਾਂਭਾਰਤ ਦਾ ਯੁੱਧ ਕਰਵਾ ਦਿੱਤਾ ਸੀ। ਨਹੀਂ ਤਾਂ ਪਾਂਡਵ ਕੌਰਵਾਂ ਤੋਂ ਆਪਣਾ ਰਾਜ ਪ੍ਰਾਪਤ ਕਰਨ ਦਾ ਮਾਮਲਾ ਸਾਇਦ ਆਪਸ ਵਿਚ ਮਿਲ ਬੈਠ ਕੇ ਨਜਿਠ ਲੈਂਦੇ।

ਕਰਨ ਨੂੰ ਤਾਂ ਕੌਰਵ ਸੈਨਾ ਦੇ ਬਣਾਏ ਪਹਿਲੇ ਪ੍ਰਧਾਨ ਸੈਨਾਪਤੀ ਭੀਸਮ ਪਿਤਾਮਾ ਦੇ ਆਖੇ ਮਾੜੇ ਸ਼ਬਦ ਹੀ ਜਾਪੇ ਸਨ। ਉਹਨੇ ਕਿਹਾ ਸੀ, "ਹੇ ਕਰਨ ਤੂੰ ਸੂਤ ਪੁੱਤਰ ਹੈ ਜਦ ਤੱਕ ਮੈਂ ਪ੍ਰਧਾਨ ਸੈਨਾਪਤੀ ਹਾਂ ਤੂੰ ਮਹਾਂਭਾਰਤ ਦੇ ਯੁੱਧ ਵਿਚ ਭਾਗ ਨਹੀਂ ਲੈ ਸਕਦਾ।" ਭੀਸਮ ਦੇ ਆਖੇ ਇਹ ਸ਼ਬਦ ਕਰਨ ਦੇ ਕੰਨਾਂ ਵਿਚ ਗੂੰਜਦੇ ਰਹਿੰਦੇ ਸਨ।

ਤੇ ਉਹ ਪਹਿਲੇ ਦਿਨ ਬਾਹਰੋਂ ਖੜ ਕੇ ਮਹਾਂਭਾਰਤ ਦਾ ਯੁੱਧ ਦੇਖਕੇ ਦੂਸਰੇ ਦਿਨ ਯੁੱਧ ਦਾ ਹਾਲ ਦੱਸਣ ਲਈ ਨਿਸ਼ਾਦ ਕਬੀਲੇ ਦੇ ਲੋਕਾਂ ਕੋਲ ਨੂੰ ਤੁਰ ਪਿਆ ਸੀ।

ਕਰਨ ਕੋਲੋਂ ਸੁਣਕੇ ਕਿ ਕੌਰਵਾਂ, ਪਾਂਡਵਾਂ ਦੀਆਂ ਦੋਵੇਂ ਪਾਸੇ ਖੜੀਆਂ ਸੈਨਾਵਾਂ ਵਿਚ ਉਹਨਾਂ ਦੇ ਸਾਕ, ਰਿਸ਼ਤੇਦਾਰ ਮਿੱਤਰ, ਪਿਆਰੇ ਅਧੀਨ ਸਾਮੰਤ ਅਤੇ ਇਕ ਦੂਸਰੇ ਦੀ ਦੁਸ਼ਮਣੀ ਦਾ ਬਦਲਾ ਲੈਣ ਵਾਲੇ ਰਾਜੇ ਆਪਣੀਆਂ ਆਪਣੀਆਂ ਕਈ ਕਈ ਖੂਹਣੀਆਂ ਸੈਨਾ ਲੈ ਕੇ ਖੜੇ ਸਨ ਨਿਸ਼ਾਦ ਕਬੀਲੇ ਦੇ ਲੋਕਾਂ ਨੇ ਪੁੱਛਿਆ ਸੀ, "ਹੇ ਕਰਨ ਪਰ ਕੀ ਇਹ ਭਰਾਵਾਂ ਦੀ ਆਪਸੀ ਕਲਾਹ ਕਾਰਨ ਹੋ ਰਹੇ ਯੁੱਧ ਨੂੰ ਕਿਸੇ ਨੇ ਰੁਕਵਾਉਣ ਦੀ ਕੋਸ਼ਿਸ਼ ਨਹੀਂ ਕੀਤੀ?"

"ਯੁੱਧ ਰੁਕਵਾਉਣ ਦੀ ਕੋਸ਼ਿਸ਼ ਕੀਤੀ? ਕੀਤੀ ਕਿਉਂ ਨਹੀਂ??" ਕਰਨ ਨੇ ਰਤਾ ਤਰਾਰੇ ਵਿਚ ਆ ਕੇ ਕਿਹਾ,

"ਸਗੋਂ ਕਿਸੇ ਹੋਰ ਨੇ ਨਹੀਂ ਅਰਜਨ ਨੇ ਹੀ ਕੀਤੀ। ਅਰਜਨ ਕ੍ਰਿਸ਼ਨ ਨੂੰ ਕਹਿਣ ਲੱਗਿਆ ਕਿ ਸਾਡੇ ਪਾਂਡਵਾਂ ਤੇ ਕੌਰਵ ਭਰਾਵਾਂ ਦੇ ਰਾਜ ਦੀ ਲੜਾਈ ਪਿਛੇ ਇਹ ਮੇਰੇ ਸਾਹਮਣੇ ਖੜੇ ਮੇਰੇ ਗੁਰੂ, ਗੁਰਭਾਈ ਪੂਰਵਜ, ਨਾਤੇਦਾਰ, ਰਿਸ਼ਤੇਦਾਰ, ਮਿੱਤਰ ਪਿਆਰੇ ਹਿਤੈਸ਼ੀ, ਵਿਰੋਧੀ ਰਾਜੇ ਸੂਰਵੀਰ, ਸੈਨਿਕ... ਅਠਾਰਾਂ ਦੀਆਂ ਅਠਾਰਾਂ ਖੂਹਣੀਆਂ ਸੈਨਾ, ਆਪੋ ਵਿਚੀਂ ਯੁੱਧ ਕਰਦਿਆਂ ਮਰ ਜਾਵੇਗੀ। ਤੇ ਅਰਜਨ ਯੁੱਧ ਦੀ



ਭਿਆਨਕਤਾ, ਕਤਲੋ-ਗਾਰਤ ਤੋਂ ਡਰ, ਸਹਿਮ ਗਿਆ ਸੀ। ਤੇ ਉਹਨੇ ਕ੍ਰਿਸ਼ਨ ਅੱਗੇ ਹੱਥ ਜੋੜਦਿਆਂ ਕਿਹਾ ਸੀ, ਕਿ ਉਹ ਸਾਡੇ, ਪਾਂਡਵਾਂ ਵਲੋਂ ਯੁੱਧ ਬੰਦੀ ਦਾ ਐਲਾਨ ਕਰਕੇ ਤਮਾਮ ਰਾਜਿਆਂ, ਸੈਨਿਕਾਂ ਨੂੰ ਵਾਪਸ ਪਰਤਣ ਲਈ ਕਹਿ ਦੇਵੇ। ਪਰ ਕ੍ਰਿਸ਼ਨ ਅਰਜਨ ਦੇ ਮਨ ਵਿਚ ਉਠੇ ਮਾਨਵ ਧਰਮ ਦੀ ਥਾਂ ਉਹਨੂੰ 'ਕਸ਼ੱਤਰੀ ਧਰਮ ਸਮਝਾਉਣ ਲੱਗ ਪਿਆ ਸੀ, 'ਹੇ ਅਰਜਨ ਯੁੱਧ ਕਰਨਾ ਕਸ਼ੱਤਰੀ ਦਾ ਧਰਮ ਹੈ। ਤੇ ਉਹਨੂੰ ਇਹਨਾਂ ਰਾਜਿਆਂ, ਸੈਨਿਕਾਂ ਦੇ ਮਾਰਨ ਦਾ ਪਾਪ ਵੀ ਨਹੀਂ ਲਗੇਗਾ। ਉਹ ਇਸ ਕਰਮ ਦਾ ਫ਼ਲ ਅਦ੍ਰਿਸ਼ ਸ਼ਕਤੀ 'ਭਗਵਾਨ' ਨੂੰ ਸੌਂਪ ਦੇਵੇ।"

ਕਰਨ ਦੀਆਂ ਗੱਲਾਂ ਸੁਣਦਿਆਂ ਬੁੱਢਾ ਚਿਕਿਤਸਕ ਚੇਤਿਆ ਬੋਲ ਪਿਆ, "ਹੇ ਕਰਨ ਜਪ ਤਪ ਕਰਕੇ ਕੀਤੇ ਕਰਮ ਦਾ ਦਾ ਫ਼ਲ ਉਚ ਵਰਣ ਦੇ ਲੋਕ ਹੀ ਅਦ੍ਰਿਸ਼ ਸ਼ਕਤੀ 'ਭਗਵਾਨ' ਨੂੰ ਸੌਂਪ ਸਕਦੇ ਹਨ। ਪਰ ਅਸੀਂ ਸ਼ਿਕਾਰ ਆਪਣੇ ਖਾਣ ਲਈ ਮਾਰਦੇ ਹਾਂ ਜੇ ਅਸੀਂ ਉਸਦਾ ਫ਼ਲ ਮਾਰੇ ਹੋਏ ਜਾਨਵਰ ਦਾ ਮਾਸ ਛੱਡ ਦੇਈਏ ਤਾਂ ਉਹਨੂੰ ਸ਼ੇਰ, ਚੀਤੇ, ਭੇੜੀਏ ਖਾ ਜਾਣਗੇ। ਅਸੀਂ ਤੇ ਸਾਡੇ ਬੱਚੇ ਭੁੱਖੇ ਮਰ ਜਾਣਗੇ। ਇਸ ਤਰ੍ਹਾਂ ਅਸੀਂ ਫ਼ਲ, ਸਬਜੀਆਂ ਤੇ ਅਨਾਜ ਆਪਣੇ ਖਾਣ ਲਈ ਉਗਾਉਂਦੇ ਹਾਂ ਪਰ ਜੇ ਅਸੀਂ ਪੱਕੇ ਹੋਏ ਫ਼ਲ, ਸਬਜੀਆਂ, ਅਨਾਜ ਹੋਰਾਂ ਨੂੰ ਸੌਂਪ ਦੇਈਏ ਫਿਰ ਅਸੀਂ ਕੀ ਖਾਵਾਂਗੇ। ਭੁੱਖੇ ਮਰ ਜਾਵਾਂਗੇ।" ਬੁੱਢੇ ਚਿਕਿਤਸਕ ਨੇ ਜੋਰ ਕੇ ਕੇ ਕਿਹਾ, "ਹੇ ਕਰਨ ਅਸੀਂ ਆਪਣੇ ਕੀਤੇ ਕਰਮਾਂ ਦੇ ਫ਼ਲ ਤੇ ਆਪਣਾ ਪੂਰਾ ਅਧਿਕਾਰ ਸਮਝਦੇ ਹਾਂ।"

ਕਰਨ ਨੇ ਚੇਤਿਆ ਦੀ ਗੱਲ ਦਾ ਜਵਾਬ ਦਿੰਦਿਆਂ ਕਿਹਾ,

"ਮੈਂ ਤੁਹਾਨੂੰ ਆਪਣੇ ਕੀਤੇ ਕਰਮਾਂ ਦਾ ਫ਼ਲ ਅਦ੍ਰਿਸ਼ ਸ਼ਕਤੀ, 'ਭਗਵਾਨ' ਨੂੰ ਸੌਂਪਣ ਬਾਰੇ 'ਕ੍ਰਿਸ਼ਨ ਰਾਹੀਂ ਅਰਜਣ ਨੂੰ ਦਿੱਤੇ ਉਪਦੇਸ਼ ਬਾਰੇ ਦੱਸਿਆ ਹੈ।" ਇਸ ਉੱਤੇ ਅਮਲ ਕਰਨ ਜਾਂ ਨਾ ਕਰਨ ਬਾਰੇ ਕੁਝ ਨਹੀਂ ਕਿਹਾ।' ਤੇ ਕਰਨ ਨੇ ਨਿਸ਼ਾਦ ਕਬੀਲੇ ਦੇ ਲੋਕਾਂ ਨੂੰ ਪ੍ਰਸ਼ਨ ਕੀਤਾ, "ਐ ਨਿਸ਼ਾਦ ਕਬੀਲੇ ਦੇ ਲੋਕੋ। ਇਹ ਯੁੱਧ ਤੁਹਾਡੇ ਹਿੱਤ ਵਿਚ ਹੈ ਜਾਂ ਨਹੀਂ??" ਚੌਹੀ ਪਾਸਿਆਂ ਤੋਂ ਆਵਾਜ਼ ਆਈ, "ਹੇ ਕਰਨ ਭਲਾ ਯੁੱਧ ਵੀ ਕਦੇ ਕਿਸੇ ਦੇ ਹਿੱਤ ਵਿਚ ਹੋਇਆ ?" ਕਰਨ ਨੇ ਉਨ੍ਹਾਂ ਦੀ ਗੱਲ ਦਾ ਕੋਈ ਜਵਾਬ ਨਹੀਂ ਦਿੱਤਾ ਸਗੋਂ ਕਿਹਾ, "ਜੇ ਇਹ ਯੁੱਧ ਚਲਦਾ ਰਿਹਾ ਤੁਹਾਨੂੰ ਆਪਣੇ ਆਪ ਹੀ ਪਤਾ ਲਗ ਜਾਵੇਗਾ ਕਿ ਇਹ ਯੁੱਧ ਤੁਹਾਡੇ ਹਿਤ ਵਿਚ ਹੈ... ਜਾਂ ਨਹੀਂ।"

ਮਹਾਂਭਾਰਤ ਦੇ ਯੁੱਧ ਵਿਚ ਨਿੱਤ ਕਿੰਨੇ ਹੀ ਰਾਜੇ ਪਾਂਡਵਾਂ ਤੇ ਕੌਰਵਾਂ ਦੀਆਂ ਸੈਨਾਵਾਂ ਵਿਚੋਂ ਯੁੱਧ ਕਰਦਿਆਂ ਵੀਰਗਤੀ ਨੂੰ ਪ੍ਰਾਪਤ ਹੋ ਜਾਂਦੇ ਸਨ। ਜਿਹੜੇ ਵੀ ਦੇਸ ਦਾ ਰਾਜਾ ਵੀਰ ਗਤੀ ਨੂੰ ਪ੍ਰਾਪਤ ਹੁੰਦਾ ਉਹਦੇ ਰਾਜ ਵਿਚ ਸੋਗ ਪੈ ਜਾਂਦਾ ਤੇ ਰਾਜੇ ਦੇ ਵਾਰਸ਼ ਰੋਣ ਪਿੱਟਣ ਲੱਗ ਜਾਂਦੇ ਸਨ।

ਰਾਜੇ ਦੀ ਫੌਜ ਤਾਂ ਉਸ ਰਾਜੇ ਵੱਲ ਜਵਾਬਦੇਹ ਹੁੰਦੀ। ਰਾਜੇ ਦੇ ਮਰਨ ਤੋਂ ਬਾਅਦ ਉਹਦੀ ਬਾਕੀ ਸੈਨਾ ਬਾਗੀ ਹੋ ਜਾਂਦੀ। ਤੇ ਸੈਨਿਕ ਮਰ ਗਏ ਆਪਣੇ ਸਾਥੀ ਸੈਨਿਕਾਂ ਦਾ ਗੁੱਸਾ ਲੋਕਾਂ 'ਤੇ ਕੱਢਦਿਆਂ ਰਾਹ ਵਿਚ ਲੁੱਟ ਮਚਾਉਂਦੇ ਕਤਲ ਬਲਾਤਕਾਰ ਕਰਦੇ ਆਪਣੇ ਰਾਜ ਵੱਲ ਕੂਚ ਕਰ ਜਾਂਦੇ ਸਨ। ਇਸ ਤਰ੍ਹਾਂ ਮਾਰੇ ਗਏ ਰਾਜੇ ਦੇ ਰਾਜ ਵਿਚ ਅਫਰਾ ਤਫਰੀ ਬਦ ਅਮਨੀ ਦਾ ਵਾਤਾਵਰਣ ਪੈਦਾ ਹੋ ਜਾਂਦਾ। ਪਰ ਰਾਜੇ ਕੀ ਮੌਤ ਦੇ ਸੋਗ ਵਿਚ ਡੁੱਬੇ ਰਾਜੇ ਦੇ ਵਾਰਸ ਇਸ 'ਤੇ ਕਾਬੂ ਪਾਉਣ ਵਿਚ ਅਸਮਰਥ ਹੁੰਦੇ ਸਨ। ਇਸ ਦਾ ਲਾਭ ਕੁਝ ਹੀ ਅਰਸਾਂ, ਪਹਿਲਾਂ ਰਾਜੇ ਵਲੋਂ ਨਿਸਕ੍ਰਿਆ ਕੀਤੀਆਂ ਉਥੋਂ ਦੇ ਗਣ ਰਾਜ ਦੀਆਂ ਸਭਾ ਸੋਸਾਇਟੀਆਂ ਉਠਾਉਂਦੀਆਂ ਬਜ਼ੁਰਗਾਂ ਦੀ ਸਮਿਤੀ ਵਲੋਂ ਗਣ ਦੇ ਆਮ ਨਾਗਰਿਕਾਂ ਦੀ ਸਭਾ ਬੁਲਾਈ ਜਾਂਦੀ। ਜਿਸ ਵਿਚ ਸੈਨਾਪਤੀ ਦੀ ਚੋਣ ਕਰਕੇ ਗਣ ਦੀ ਸੈਨਾ ਦਾ ਗਠਨ ਕਰ ਦਿੱਤਾ ਜਾਂਦਾ। ਸੈਨਾਪਤੀ ਗਣ ਦੀ ਸੈਨਾ ਰਾਹੀ ਅਮਨ ਸ਼ਾਂਤੀ ਬਹਾਲ ਕਰ ਦਿੰਦਾ। ਅਫਰਾ ਤਫਰੀ ਦਾ ਵਾਤਾਵਰਣ ਖਤਮ ਹੋ ਜਾਂਦਾ ਤੇ ਗਣ ਦਾ ਸ਼ਾਸ਼ਨ ਪਹਿਲਾਂ ਵਾਂਗ ਗਣ ਦੀ ਬਜੁਰਗਾਂ ਦੀ ਸਮਿਤੀ ਅਤੇ ਆਮ ਨਾਗਰਿਕਾਂ ਦੀ ਸਭਾ ਵਲੋਂ ਲਏ ਗਏ ਫੈਸਲਿਆਂ ਅਨੁਸਾਰ ਚਲਾਇਆ ਜਾਣ ਲੱਗ ਪੈਂਦਾ।

ਮਹਾਂਭਾਰਤ ਦੇ ਯੁੱਧ ਦੇ ਦਸਵੇਂ ਦਿਨ ਭੀਸ਼ਮ ਪਿਤਾਮਾ ਸਖਤ ਜ਼ਖ਼ਮੀ ਹੋ ਕੇ ਤੀਰਾਂ ਦੀ ਸੇਜ 'ਤੇ ਜਾ ਪਿਆ ਸੀ। ਤੇ ਗਿਆਰਵੇਂ ਦਿਨ ਗੁਰੂ ਦਰੋਣਾਚਾਰੀਆ ਦੇ ਕੌਰਵ ਸੈਨਾ ਦਾ ਪ੍ਰਧਾਨ ਸੈਨਾਪਤੀ ਬਣਕੇ ਮਹਾਂਭਾਰਤ ਦੇ ਯੁੱਧ ਵਿਚ ਜਾਣ ਤੋਂ ਤੁਰੰਤ ਬਾਅਦ ਕਰਨ ਆਪਣਾ ਘੋੜਾ ਦੁੜਾਉਂਦਿਆਂ ਨਿਸ਼ਾਦ ਕਬੀਲੇ ਵਿਚ ਪਹੁੰਚ ਗਿਆ ਸੀ। ਨਿਸ਼ਾਦ ਕਬੀਲੇ ਦੇ ਲੋਕ ਪਹਿਲਾਂ ਹੀ ਕਰਨ ਦੀ ਬੇਸਬਰੀ ਨਾਲ ਉਡੀਕ

ਕਰ ਰਹੇ ਸਨ। ਕਰਨ ਦੇ ਜਾਂਦਿਆਂ ਹੀ ਉਹਨਾਂ ਨੇ ਚੋਣ ਕਰਕੇ ਬਜ਼ੁਰਗਾਂ ਦੀ ਸਮਿਤੀ ਤੇ ਆਮ ਨਾਗਰਿਕਾਂ ਦੀ ਸਭਾ ਦਾ ਗਠਨ ਕਰਕੇ ਸਰਵ ਸੰਮਤੀ ਨਾਲ ਇਕਲਵਯ ਨੂੰ ਨਿਸ਼ਾਦ ਗਣ ਦਾ ਸੈਨਾਪਤੀ ਚੁਣ ਲਿਆ ਸੀ। ਤੇ ਇਕਲਵਯ ਨੇ ਆਪਣੇ ਨੌਜਵਾਨ ਸੈਨਿਕਾਂ ਨਾਲ ਗਣ ਦੀ ਸੈਨਾ ਸੰਗਠਿਤ ਕਰ ਲਈ ਸੀ। ਤੇ ਬਜ਼ੁਰਗਾਂ ਦੀ ਸਮਿਤੀ ਤੇ ਆਮ ਨਾਗਰਿਕਾਂ ਦੀ ਸਭਾ ਦੇ ਫੈਸਲਿਆਂ ਨਾਲ ਨਿਸ਼ਾਦ ਗਣ ਦਾ ਸ਼ਾਸਨ ਪ੍ਰਬੰਧ ਲਾਇਆ ਜਾਣ ਲੱਗ ਪਿਆ ਸੀ। ਤੇ ਉਨ੍ਹਾਂ ਨੇ ਨਿਸ਼ਾਦ ਗਣ ਨੂੰ ਸੁਤੰਤਰ ਰਾਜ ਘੋਸ਼ਿਤ ਕਰ ਦਿੱਤਾ ਸੀ।

ਮਹਾਂਭਾਰਤ ਦੇ ਯੁੱਧ ਦੇ ਚੌਦਵੇਂ ਦਿਨ ਗੁਰੂ ਦਰੋਣਾਚਾਰੀਆ ਦੇ ਵੀਰ ਗਤੀ ਨੂੰ ਪ੍ਰਾਪਤ ਹੋਣ ਤੋਂ ਬਾਅਦ ਪੰਦਰਵੇਂ ਦਿਨ ਲਈ, ਦੁਰਯੋਧਨ ਨੇ ਕਰਨ ਨੂੰ ਕੌਰਵ ਸੈਨਾ ਦਾ ਪ੍ਰਧਾਨ ਸੈਨਾਪਤੀ ਬਣਾ ਦਿੱਤਾ ਸੀ।

ਨਿਸ਼ਾਦ ਗਣ ਰਾਜ ਦਾ ਨਵਾਂ ਨਵਾਂ ਬਣਿਆ ਸੈਨਾਪਤੀ ਇਕਲਵਯ ਨਿਸ਼ਾਦ ਗਣ ਦੀ ਸੈਨਾ ਲੈ ਕੇ ਕਰਨ ਦੇ ਪੱਖ ਵਿਚ ਯੁੱਧ ਕਰਨ ਦੀ ਜਿੱਦ ਕਰ ਰਿਹਾ ਸੀ। ਕਰਨ ਨੇ ਫੇਰ ਇਕਲਵਯ ਨੂੰ ਤਾੜਨਾ ਕੀਤੀ ਸੀ, "ਹੇ ਮੇਰੇ ਪਿਆਰੇ ਇਕਲਵਯ ਮੈਂ ਤਾਂ ਕੌਰਵਾਂ ਦੇ ਪੱਖ ਵਿਚ ਇਸ ਲਈ ਯੁੱਧ ਕਰ ਰਿਹਾ ਹਾਂ ਕਿਉਂਕਿ ਦੁਰਯੋਧਨ ਨੇ ਮੈਨੂੰ 'ਨੀਚ' ਸੂਤ ਪੁੱਤਰ ਕਹਿਣ ਵਾਲੇ ਵਾਲੇ ਨੂੰ ਅੰਗ ਦੇਸ਼ ਦਾ ਰਾਜਾ ਬਣਾ ਕੇ ਕਸ਼ਤਰੀ ਰਾਜ ਕੁਮਾਰਾਂ ਵਿਚ ਬਰਾਬਰ ਦਾ ਸਥਾਨ ਦੁਆਇਆ। ਇਸ ਲਈ ਮੈਂ ਦੁਰਯੋਧਨ ਦਾ ਰਿਣੀ ਹਾਂ। ਮੇਰੇ ਕੋਲ ਆਪਣੇ ਸਰੀਰ ਤੋਂ ਬਿਨਾ ਹੋਰ ਕੁਝ ਵੀ ਨਹੀਂ ਮੈਂ ਆਪਣੀ ਜਾਨ ਵਾਰ ਕੇ ਦੁਰਯੋਧਨ ਦਾ ਰਿਣ ਚੁਕਾਉਣਾ ਹੈ।"

"ਪਰ ਐ ਨਿਸ਼ਾਦ ਕਬੀਲੇ ਦੇ ਸੈਨਿਕੋਂ ! ਤੁਹਾਨੂੰ ਅਜੇ ਵੀ ਰਾਜਨੀਤੀ ਦਾ ਪਤਾ ਨਹੀਂ ਲੱਗਿਆ ਇਹ ਯੁੱਧ ਤੁਸੀਂ ਮੇਰੇ ਪੱਖ ਵਿਚ ਨਹੀਂ ਕੌਰਵਾਂ ਦੇ ਪੱਖ ਵਿਚ ਲੜ ਰਹੇ ਹੋਵੋਗੇ। ਜਿਸ ਰਾਜ ਦੇ ਸੈਨਿਕ ਤੁਹਾਨੂੰ ਉਜਾੜਦੇ ਰਹੇ ਸਨ। ਯਾਦ ਰੱਖੋ ਯੁੱਧ ਜਿੱਤ ਕੇ ਵੀ ਉਹ ਤੁਹਾਡੇ ਨਾਲ ਉਹੀ ਸਲੂਕ ਕਰਨਗੇ। ਇਸ ਵੇਲੇ ਤੁਹਾਡਾ ਮੇਰੇ ਕੋਲ ਖੜ੍ਹਨਾ ਵੀ ਖ਼ਤਰੇ ਤੋਂ ਖਾਲੀ ਨਹੀਂ। ਜਾਓ ਅਤੇ ਆਲੇ ਦੁਆਲੇ ਦੇ ਜੰਗਲ ਵਿਚੋਂ ਲੁਕ ਕੇ ਯੁੱਧ ਦੇਖਦਿਆਂ ਯੁੱਧ ਦੀਆਂ ਪੇਚੀਦਗੀਆਂ ਨੂੰ ਸਮਝੋ।"

ਪਹਿਲੇ ਦਿਨ ਕਰਨ ਨੇ ਅਰਜਨ ਦੇ ਅਜਿਹੇ ਛੱਕੇ ਛੁਡਾਏ ਕਿ ਉਸਦਾ ਸਾਰਾ ਗਰਵ ਚਕਨਾਚੂਰ ਹੋ ਗਿਆ। ਅਰਜਨ ਦੇ ਧਨੁਸ਼ ਦੀ ਡੋਰੀ ਟੁੱਟ ਗਈ ਸੀ... ਉਹ ਤੀਰ ਚਲਾਉਣ ਤੋਂ ਅਸਮਰਥ ਸੀ ਪਰ ਧਨੁਸ਼ ਤੇ ਚੜ੍ਹਾਇਆ ਹੋਇਆ ਤੀਰ ਕਰਨ ਨੇ ਸੂਰਜ ਅਸਤ ਹੁੰਦਿਆਂ ਦੇਖ ਵਾਪਸ ਤਰਕਸ਼ ਵਿਚ ਰੱਖ ਦਿੱਤਾ ਸੀ। ਕਿਉਂਕਿ ਸੂਰਜ ਅਸਤ ਹੋਣ ਤੋਂ ਬਾਦ ਯੁੱਧ ਕਰਨਾ ਯੁੱਧ ਦੇ ਨਿਯਮਾਂ ਤੋਂ ਉਲੱਟ ਸੀ। ਪਰ ਅਗਲੇ ਦਿਨ ਅਰਜਨ ਨੇ ਯੁੱਧ ਦੇ ਸਾਰੇ ਨਿਯਮ ਤੋੜਦਿਆਂ ਕਰਨ 'ਤੇ ਤੀਰਾਂ ਦੀ ਉਸ ਵੇਲੇ ਬੋਛਾਰ ਕਰ ਦਿੱਤੀ ਸੀ ਜਦਕਿ ਉਹ ਧਨੁਸ ਬਾਣ ਰੱਖਦਿਆਂ ਰਥ ਤੋਂ ਉਤਰ ਕੇ ਦਲਦਲ ਵਿਚ ਫਸੇ ਹੋਏ ਰਥ ਦਾ ਪਹੀਆਂ ਕੱਢ ਰਿਹਾ ਸੀ।

ਰਾਤ ਦੇ ਹਨੇਰੇ ਵਿਚ ਪ੍ਰਾਣ ਤਿਆਗ ਰਹੇ ਕਰਨ ਨੂੰ ਮਿਲਣ ਆਏ ਇਕਲਵਯ ਦੀ ਪਿਆਰ ਨਾਲ ਗਰਦਨ ਦੁਆਲੇ ਬਾਂਹ ਵਲਾ ਕੇ ਕਿਹਾ ਸੀ, "ਮੇਰੇ ਪਿਆਰੇ ਇਕਲਵਯ ਸੰਸਾਰ ਵਿਚ ਮੈਨੂੰ 'ਸੂਤ ਪੁੱਤਰ' ਹੋਣ ਕਰਕੇ ਦੁਰਯੋਧਨ ਦੇ ਤੇ ਤੁਹਾਡੇ ਪਿਆਰ ਤੋਂ ਬਿਨਾ ਕਿਸੇ ਤੋਂ ਵੀ ਪਿਆਰ ਸਤਿਕਾਰ ਨਹੀਂ ਮਿਲਿਆ। ਤ੍ਰਿਸਕਾਰ ਹੀ ਮਿਲਿਆ। ਮੈਨੂੰ ਆਪਣੇ ਮਰਨ ਦਾ ਕੋਈ ਦੁੱਖ ਨਹੀਂ ਇਤਿਹਾਸ ਦਾ ਪਹੀਆ ਤੇਜ ਗਤੀ ਨਾਲ ਘੁੰਮ ਰਿਹਾ ਹੈ ਇਤਿਹਾਸ ਰੂਪੀ ਸੂਰਜ ਦੇ ਚੜ੍ਹਦੇ ਢਲਦੇ ਪੜਛਾਵੇਂ ਨੇ ਜੇ ਇਤਿਹਾਸ ਰੂਪੀ ਸੂਰਜ ਕਸ਼ੱਤਰੀਆਂ ਦੇ ਵਿਹੜੇ ਅਸਤ ਹੋ ਰਿਹਾ ਹੈ ਤਾਂ ਜੰਗਲੀਆਂ ਗਣ ਰਾਜਾਂ ਸ਼ਿਲਪੀਆਂ ਦੇ ਵਿਹੜੇ 'ਚ ਉਦੈ ਹੋ ਰਿਹਾ ਹੈ।" ਆਖਦਿਆਂ ਕਰਨ ਨੇ ਪ੍ਰਾਣ ਤਿਆਗ ਦਿੱਤੇ।

ਇਕਲਵਯ ਤੇ ਉਹਦੇ ਸੈਨਿਕ ਕਰਨ ਦੇ ਰਥ ਨੂੰ ਤੇ ਰਣ ਭੂਮੀ ਵਿਚ ਖੜੇ ਹੋਰ ਰਥਾਂ ਨੂੰ ਘੋੜੇ ਜੋੜ ਕੇ ਸਰਪਟ ਦੁੜਾਉਂਦੇ ਹੋਏ ਦੁਖੀ ਮਨ ਨਾਲ ਸੂਰਜ ਚੜ੍ਹਦੇ ਨੂੰ ਨਿਸ਼ਾਦ ਕਬੀਲੇ ਵਿਚ ਜਾ ਪੁੱਜੇ ਸਨ। ਕਰਨ ਦੇ ਮਰਨ ਦਾ ਪਤਾ ਲੱਗਣ 'ਤੇ ਨਿਸ਼ਾਦ ਕਬੀਲੇ ਦੇ ਨਰ, ਨਾਰੀਆਂ ਵਿਚ ਰੋਣ ਕੁਰਲਾਣ ਪੈ ਗਿਆ ਸੀ। ਤੇ ਕਈ ਦਿਨਾਂ ਤੱਕ ਸੋਗ ਮਨਾਇਆ ਜਾਂਦਾ ਰਿਹਾ ਸੀ।

ਕਰਨ ਦੇ ਵੀਰ ਗਤੀ ਨੂੰ ਪ੍ਰਾਪਤ ਕਰਨ ਤੋਂ ਬਾਅਦ ਨਿਸ਼ਾਦ ਕਬੀਲੇ ਦੇ ਲੋਕਾਂ ਦੀ ਮਹਾਂਭਾਰਤ ਦੇ ਯੁੱਧ ਵਿਚ ਦਿਲਚਸਪੀ ਯੁੱਧ ਅਤੇ ਦੇਖਣ ਲਈ ਸਗੋਂ ਹੋਰ ਵਧ ਗਈ ਸੀ। ਯੁੱਧ ਦੇ ਸਤਾਰਵੇਂ ਦਿਨ ਭੀਮ ਨੇ ਕੌਰਵ ਸੈਨਾ ਦੇ ਬਣਾਏ ਗਏ ਪ੍ਰਧਾਨ ਸੈਨਾਪਤੀ ਮਦਰ ਨਰੇਸ ਸਲਯ ਨੂੰ ਗਦਾ ਯੁੱਧ ਵਿਚ ਮਾਰ ਦਿੱਤਾ ਸੀ। ਤੇ ਅਠਾਰਵੇਂ ਦਿਨ ਗਦਾ ਯੁੱਧ ਵਿਚ ਭੀਮ ਰਾਹੀਂ ਦੁਰਯੋਧਨ ਨੂੰ ਮਾਰੇ ਜਾਣ ਤੋਂ ਬਾਅਦ ਪਾਂਡਵਾਂ ਨੇ



ਮਹਾਂਭਾਰਤ ਦਾ ਯੁੱਧ ਜਿੱਤਣ ਦੀ ਘੋਸ਼ਣਾ ਕਰ ਦਿੱਤੀ ਸੀ।

ਪਾਂਡਵਾਂ ਨੇ ਯੁਧਿਸ਼ਟਰ ਨੂੰ ਰਾਜ ਤਿਲਕ ਦਿੰਦਿਆਂ ਯੁੱਧ ਜਿੱਤਣ ਦੀ ਖੁਸ਼ੀ ਨਹੀਂ ਸੀ ਮਨਾਈ। ਕਿਉਂਕਿ ਹਸਤਨਾਪੁਰ ਰਾਜ ਮਹਾਂਭਾਰਤ ਦੇ ਯੁੱਧ ਵਿਚ ਮਾਰੇ ਗਏ ਸੈਨਾਪਤੀਆਂ, ਯੋਧਿਆਂ, ਸੂਰਵੀਰਾਂ ਤੇ ਸੈਨਿਕਾਂ ਦੇ ਸੋਗ ਵਿਚ ਡੁੱਬਿਆ ਹੋਇਆ ਸੀ ਕਿਸੇ ਦਾ ਪੁੱਤਰ ਕਿਸੇ ਦਾ ਭਰਾ, ਕਿਸੇ ਦਾ ਪਤੀ, ਕਿਸੇ ਦਾ ਨੇੜੇ ਦੇ ਸਕਾ-ਸੰਬੰਧੀ ਯੁੱਧ ਵਿਚ ਮਾਰਿਆ ਜਾਣ ਕਰਕੇ ਘਰ ਘਰ ਰੋਣ ਪਿੱਟਣਾ ਪਿਆ ਹੋਇਆ ਸੀ ਲੋਕ ਗੱਲਾਂ ਕਰ ਰਹੇ ਸਨ। ਕਿ ਯੁੱਧ ਦੀ ਭਿਆਨਿਕਤਾ ਦਾ ਯੁੱਧ ਦੇ ਸਮਾਪਤ ਹੋਣ ਤੋਂ ਬਾਅਦ ਪਤਾ ਲਗਦਾ ਹੈ।

ਉਧਰ ਦਵਾਰਕਾ ਵਿਚ ਯਾਦਵਾਂ ਦੀ ਅੰਤਰ ਕਲਹ ਵਿਚ ਕਿਹਾ ਜਾਂਦਾ ਹੈ ਰਿਸ਼ੀ ਦੇ ਸਰਾਪ ਕਰਕੇ ਮਾਰੇ ਜਾਣ ਕਰਕੇ ਚਿੰਤਾਤੁਰ ਹੁੰਦਿਆਂ ਯੁਧਿਸ਼ਟਰ ਨੇ ਅਰਜਨ ਨੂੰ ਦਵਾਰਕਾਂ ਤੋਂ ਯਾਦਵ ਵੰਸਣੀਆਂ ਨੂੰ ਹਸਤਨਾਪੁਰ ਲਿਆਉਣ ਲਈ ਭੇਜ ਦਿੱਤਾ ਸੀ। ਤੇ ਯਾਦਵ ਵੰਸ਼ਣੀਆਂ ਨੂੰ ਲਈ ਆਉਂਦੇ ਅਰਜਨ ਦਾ ਟਾਕਰਾ ਰਾਹ ਵਿਚ ਪੈਂਦੇ ਨਿਸ਼ਾਦ ਕਬੀਲੇ ਦੇ ਸੈਨਿਕਾ ਨਾਲ ਹੋ ਗਿਆ ਸੀ।

ਨਿਸ਼ਾਦ ਗਣ ਰਾਜ ਦੇ ਨਵੇਂ ਬਣੇ ਸੈਨਾਪਤੀ ਇਕਲਵਯ ਨੇ ਅਰਜਨ ਨੂੰ ਕਿਹਾ ਸੀ, "ਹੇ ਅਰਜਨ ! ਕਰਨ ਸਾਨੂੰ ਦੱਸਦਾ ਰਹਿੰਦਾ ਸੀ ਕਿ ਤੁਸੀਂ ਉਹਨੂੰ ਅਪਮਾਨਿਤ ਕਰਦੇ ਰਹੇ। ਉਹਨੇ ਪਿਛਲੇ ਜਨਮਾਂ ਵਿਚ ਬੁਰੇ ਕਰਮ ਪਾਪ ਕੀਤੇ ਇਸ ਲਈ ਉਹ ਇਸ ਜਨਮ ਵਿਚ ਸੂਤ ਪੁੱਤਰ ਜਨਮਿਆ। ਪਰ ਕਰਨ ਤੁਹਾਡੀ ਗੱਲ ਮੰਨਣ ਨੂੰ ਬਿਲ ਕੁਲ ਤਿਆਰ ਨਹੀਂ ਸੀ। ਉਹ ਤ੍ਰਈ ਤਿੰਨ ਵੇਦਾਂ ਦਾ ਗਿਆਤਾ ਸੀ। ਉਹ ਦੱਸਦਾ ਸੀ ਕਿ ਰਿਗ ਵੇਦ ਦੇ ਰਚਨਾ ਕਾਲ ਸਮੇਂ ਵਿਆਹ ਹੀ ਅੰਤਰ ਵਰਣ-ਅੰਤਰ ਜਾਤੀ ਹੁੰਦੇ ਸਨ। ਭਾਵ ਹੁਣ ਵਾਂਗ ਆਪਣੇ ਵਰਣ, ਜਾਤੀ ਵਿਚ ਸਗੋਤਰ ਵਿਆਹ ਨਹੀਂ ਸੀ ਹੁੰਦੇ। ਉਦੋਂ ਸਾਰੇ ਬੱਚੇ ਅੰਤਰ ਜਾਤੀ, ਅੰਤਰ ਵਰਣ ਵਿਆਹ ਕਰਵਾਉਣ ਵਾਲੇ ਪਤੀ, ਪਤਨੀਆਂ ਦੀ ਔਲਾਦ ਹੁੰਦੇ ਸਨ। ਕੀ ਉਦੋਂ ਇਹ ਹੁਣ ਵਾਲਾ ਪਿਛਲੇ ਜਨਮਾਂ ਦੇ ਬੁਰੇ ਕਰਮਾਂ ਦਾ ਫ਼ਲ ਨਹੀਂ ਸੀ ਹੁੰਦਾ। ਉਹ ਦੱਸਦਾ ਕਿ ਇਹ ਇਹਨਾਂ ਉੱਚ ਜਾਤੀ ਦੇ ਲੋਕਾਂ ਦਾ ਹੁਣ ਦੇ ਸਮੇਂ ਵਿਚ ਰਚਿਆ ਹੋਇਆ ਪ੍ਰਪੰਚ ਢੌਂਗ ਹੈ। ਪਰ ਉਹ ਤੁਹਾਡੇ ਸਾਹਮਣੇ ਇਕਲਾ ਤੇ ਨਿਤਾਣਾ ਹੋਣ ਕਰਕੇ ਬੋਲ ਨਹੀਂ ਸੀ ਸਕਦਾ।"

ਅਰਜਨ ਹੈਰਾਨ ਸੀ, "ਇਹਨਾਂ ਗੁੱਝੇ ਭੇਤਾਂ ਦਾ ਇਹਨਾਂ ਜੰਗਲੀਆਂ ਨੂੰ ਕਿਵੇਂ ਪਤਾ ਲਗ ਗਿਆ। ਤੇ ਇਹ ਸਾਰਾ 'ਸੂਤ ਪੁੱਤਰ' ਕਰਨ ਦਾ ਕਸੂਰ ਸੀ। ਜੇ ਦੁਰਯੋਧਨ ਦੇ ਜਿੱਦ ਕਰਨ 'ਤੇ ਗੁਰੂ ਦਰੋਣਾਚਾਰੀਆ ਨੇ ਕਰਨ ਨੂੰ ਸ਼ਾਸਤਰ ਵਿਦਿਆ ਤੇ ਸ਼ਾਸਤਰ ਵਿਦਿਆ ਸਿਖਾਈ ਤਾਂ ਉਹਨੇ ਵੇਦਾਂ, ਸ਼ਾਸਤਰਾਂ ਦਾ ਅਧਿਐਨ ਕਰਕੇ ਇਹ ਗੱਲਾਂ ਅੱਗੇ ਇਹਨਾਂ ਨੂੰ ਦੱਸੀਆਂ। ਇਸ ਲਈ ਤਾਂ ਮੌਜੂਦਾ ਕਾਲ ਵਿਚ ਰਿਸ਼ੀਆਂ-ਮੁਨੀਆਂ ਨੇ ਸ਼ੂਦਰਾਂ ਦੇ ਵਿਦਿਆ ਪੜ੍ਹਨ ਤੇ ਵੇਦਾਂ ਦੇ ਉਚਾਰਨ ਕਰਨ ਤੇ ਉਹਨਾਂ ਲਈ ਸਖਤ ਸਜ਼ਾਵਾਂ ਨਿਰਧਾਰਤ ਕੀਤੀਆਂ ਹਨ।"

ਬੁੱਢੇ ਚਿਕਿਤਸਕ ਚੇਤਿਆਂ ਨੇ ਵੀ ਅਰਜਣ ਦਾ ਧਿਆਨ ਆਪਣੇ ਵੱਲ ਖਿੱਚਿਆ। ਉਹ ਬੋਲਿਆ, "ਹੇ ਅਰਜਣ ! ਇਹ ਦੱਸ ਮਹਾਂਭਾਰਤ ਦੇ ਯੁੱਧ ਵਿਚ ਨਿੱਤ ਜ਼ਖ਼ਮੀ ਹੁੰਦੇ ਹਜ਼ਾਰਾ ਸੈਨਿਕਾਂ ਦੇ ਜ਼ਖ਼ਮਾਂ ਦਾ ਇਲਾਜ ਕੌਣ ਕਰਦੇ ਸਨ? ਕੀ ਉਹ ਰਿਸ਼ੀ ਮੁਨੀ ਕਰ ਸਕਦੇ ਹਨ। ਜਿਨ੍ਹਾਂ ਨੇ ਬੀਮਾਰੀਆਂ ਦਾ ਇਲਾਜ ਜੰਤਰਾਂ, ਮੰਤਰਾਂ, ਤੰਤਰਾਂ ਨਾਲ ਕਰਨਾ ਆਰੰਭ ਕਰ ਦਿੱਤਾ ਸੀ। ਅਤੇ ਸੱਲਾਯ ਚਿਕਿਤਸਕਾਂ ਜਗਹਾਂ ਤੇ ਵੈਦਾਂ ਹਕੀਮਾਂ ਨੂੰ ਉੱਚ ਵਰਣ ਦੇ ਲੋਕਾਂ ਦੇ ਨਾਲ ਨਾਲ ਸ਼ੂਦਰ ਵਰਣ ਦੇ ਲੋਕਾਂ ਦਾ ਇਲਾਜ ਕਰਦਿਆਂ ਉਹਨਾਂ ਦੀ ਨਬਜ ਦੇਖਣ ਲਈ ਸ਼ੂਦਰ ਵਰਣ ਦੇ ਲੋਕਾਂ ਨੂੰ ਛੂਹਣ ਕਰਕੇ ਉਨ੍ਹਾਂ ਜਗਾਹਾਂ ਤੇ ਵੇਦਾ ਨੂੰ ਸੂਦਰ ਵਰਣ ਵਿਚ ਸ਼ਾਮਿਲ ਕਰ ਦਿੱਤਾ ਸੀ। ਕਿਉਂਕਿ ਉਚ ਵਰਣ ਦੇ ਲੋਕਾਂ ਲਈ ਸ਼ੂਦਰ ਵਰਣ ਦੇ ਲੋਕਾਂ ਨੂੰ ਛੂਹਣਾ ਵਰਜਿਤ ਸੀ। ਤੇ ਸਾਡਾ ਚਿਕਿਤਸਕਾਂ ਦਾ ਚੇਤਿਆ ਘਰਾਣਾ ਉਚ ਵਰਣ ਦੇ ਲੋਕਾਂ ਵਿਚੋਂ ਕਢੇ ਜਾਣ ਤੇ ਅਪਮਾਨਿਤ ਹੋ ਕੇ ਸ਼ੂਦਰ ਵਰਣ ਦੇ ਲੋਕਾਂ ਵਿਚ ਜਾ ਕੇ ਵਸਣ ਦੀ ਬਜਾਇ ਜੰਗਲ ਵੱਲ ਕੂਚ ਕਰ ਗਿਆ ਸੀ। ਤੇ ਜੰਗਲ ਵਿਚ ਵਸਦੇ ਕਬੀਲਿਆਂ ਦੇ ਲੋਕਾਂ ਵਿਚੋਂ ਸੂਝਵਾਨ, ਪ੍ਰਤਿਭਾਸ਼ਾਲੀ ਬੰਦਿਆਂ ਨੂੰ ਸੱਲਯ ਚਿਕਿਤਸਾ ਜਿਰਾਹੀ ਤੇ ਵੈਦਾਗਿਰੀ ਸਿਖਾਉਣ ਲੱਗ ਪਿਆ ਸੀ। ਹੇ ਅਰਜਣ ਮਹਾਂਭਾਰਤ ਦੇ ਯੁੱਧ ਵਿਚ ਰਾਜਿਆਂ ਸੂਰਵੀਰਾਂ ਤੇ ਸੈਨਿਕਾਂ ਦੇ ਜ਼ਖ਼ਮਾਂ, ਘਾਵਾਂ ਦਾ ਇਲਾਜ ਤਾਂ ਰਿਸ਼ੀਆਂ ਬ੍ਰਾਹਮਣਾਂ ਦੇ ਬੋਲੇ ਜਬਾਨੀ ਕਲਾਮੀ ਜੰਤਰਾਂ, ਮੰਤਰਾਂ, ਤੰਤਰਾਂ ਨਾਲ ਨਹੀਂ ਹੋ ਸਕਦਾ ਸੀ। ਇਸ ਲਈ ਜ਼ਖ਼ਮੀਆਂ ਦੇ ਜ਼ਖ਼ਮਾਂ,

ਘਾਵਾਂ ਨੂੰ ਦਵਾਈਆਂ ਨਾਲ ਧੋ ਕੇ ਸਾਫ ਕਰਕੇ ਜ਼ਖ਼ਮਾਂ ਨੂੰ ਸਿਉਂ ਕੇ ਪੱਟੀਆਂ ਕਰਕੇ ਜ਼ਖ਼ਮ ਛੇਤੀ ਭਰਨ ਲਈ ਜੰਗਲਾਂ ਵਿਚੋਂ ਸਾਡੇ ਚੇਤਿਆ ਘਰਾਣੇ ਦੇ ਚਿਕਿਤਸਕਾਂ ਨੂੰ ਵੀ ਬੁਲਾਇਆ ਜਾਂਦਾ ਰਿਹਾ।"

ਉਧਰ ਜੰਗਲ ਵਾਸੀ ਇਕਲਵਯ ਨੇ ਅਰਜਨ ਨੂੰ ਯੁੱਧ ਕਰਨ ਲਈ ਵੰਗਾਰਿਆ, "ਹੇ ਅਰਜਨ ਸਾਡੇ ਪੁਰਖਿਆ ਦਾ ਪੀੜ੍ਹੀ ਦਰ ਪੀੜ੍ਹੀ ਵਿਸ਼ਵਾਸ ਚਲਿਆ ਆਉਂਦਾ ਰਿਹਾ। ਕਿ ਕੋਈ ਅਦ੍ਰਿਸ਼ ਸ਼ਕਤੀ ਨਹੀਂ ਹੁੰਦੀ। ਜੇ ਤੇਰੇ ਕੋਲ ਕੋਈ ਅਦ੍ਰਿਸ਼ ਸ਼ਕਤੀ ਹੁੰਦੀ ਦਿਵਯ ਅਸਤਰ ਹੁੰਦੇ, ਭੀਸ਼ਮ ਪਿਤਾਮਾ ਸਾਹਮਣੇ ਸਿਖੰਡੀ ਹੀਜੜੇ ਨੂੰ ਖੜਾ ਕਰਕੇ ਪਿਤਾਮਾ ਦੇ ਉਸ ਵੱਲ ਪਿੱਠ ਕਰਨ 'ਤੇ ਤੂੰ ਯੁੱਧ ਦੇ ਨਿਯਮਾਂ ਦੀ ਉਲੰਘਣਾ ਕਰਕੇ, ਉਨ੍ਹਾਂ ਦੀ ਪਿੱਠ ਵਿਚ ਤੀਰ ਕਿਉਂ ਮਾਰਦਾ? ਫੇਰ ਤੂੰ ਗੁਰੂ ਦਰੋਣਾਚਾਰੀਆ ਦੇ ਪੁੱਤਰ ਅਸ਼ੁਮਥਾਮਾਂ ਦੇ ਮਾਰੇ ਜਾਣ ਦਾ ਝੂਠਾ ਰੌਲਾ ਪਾ ਕੇ ਗੁਰੂ ਦਰੋਣ ਦੇ ਸ਼ਾਸਤਰ ਰੱਖਕੇ ਪੁੱਤਰ ਦੇ ਮਰਨ ਦਾ ਸੋਗ ਮਨਾਉਂਦੇ ਨੂੰ ਨਿਹੱਥੇ ਨੂੰ ਯੁੱਧ ਨੀਤੀ ਦੀ ਉਲੰਘਣਾ ਕਰਕੇ ਮਾਰਿਆ। ਸਾਡੇ ਪਰਮ ਮਿੱਤਰ ਕਰਨ ਉਦੋਂ ਮਾਰਿਆ ਜਦੋਂ ਉਹ ਧਨੁਸ਼ ਬਾਣ ਰੱਖਕੇ ਰੱਥ ਦਾ ਗਡਿਆ ਹੋਇਆ ਪਹੀਆ ਬਾਹਰ ਕੱਢ ਰਿਹਾ ਸੀ, ਹੇ ਅਰਜਨ ਜੇ ਤੇਰੇ ਕੋਲ ਦਿਵਯ ਅਸਤਰ ਹੁੰਦੇ ਤੂੰ ਉਨ੍ਹਾਂ ਨੂੰ ਦਿਵਯ ਅਸਤਰਾਂ ਦਾ ਪ੍ਰਯੋਗ ਕਰਕੇ ਉਨ੍ਹਾਂ ਨੂੰ ਮਾਰਦਾ। ਕਪਟ ਨਾਲ ਨਾ ਮਾਰਦਾ। ਹੇ ਅਰਜਨ ਹੁਣ ਵੀ ਮੈਂ ਤੈਨੂੰ ਪਹਿਲ ਕਰਨ ਦਾ ਮੌਕਾ ਦਿੰਦਾ ਹਾਂ ਤੂੰ ਪਹਿਲਾਂ ਮੇਰੇ ਉੱਤੇ ਵਾਰ ਕਰ...।"

ਇਕਲਵਯ ਦੀਆਂ ਗੱਲਾਂ ਸੁਣਕੇ ਅਰਜਨ ਡੂੰਘੀ ਚਿੰਤਾ ਵਿਚ ਡੁੱਬ ਗਿਆ ਸੀ। ਉਹਨੇ ਸੋਚਿਆ ਕਿ ਇਕ ਜੰਗਲੀ ਕਬੀਲੇ ਦਾ ਲੜਕਾ 'ਕਸ਼ੱਤਰੀ ਧਰਮ' ਬਾਰੇ ਕੀ ਜਾਣ ਸਕਦਾ ਸੀ ਕਿ ਕਸ਼ੱਤਰੀ ਧਰਮ ਕੀ ਹੈ? ਕਸ਼ੱਤਰੀ ਧਰਮ ਯੁੱਧ ਨੀਤੀ ਤੋਂ ਵੀ ਉੱਪਰ ਹੈ। ਅਰਜਨ ਦੇ ਮਨ ਵਿਚ ਵਿਚਾਰ ਘੁੰਮ ਰਹੇ ਸਨ।

"ਕਰਨ ਨੂੰ ਜੇ ਮਹਾਂਭਾਰਤ ਦੇ ਯੁੱਧ ਵਿਚ ਪ੍ਰਧਾਨ ਸੈਨਾਪਤੀ ਬਣਾ ਕੇ ਨਾ ਭੇਜਿਆ ਹੁੰਦਾ, ਮੈਂ ਤਾਂ 'ਕਸ਼ੱਤਰੀ ਧਰਮ' ਦੀ ਪਾਲਣਾ ਕਰਦਿਆਂ 'ਸੂਤ ਪੁੱਤਰ' ਹੋਣ ਕਰਕੇ 'ਕਰਨ' ਨਾਲ ਵੀ ਯੁੱਧ ਨਹੀਂ ਸੀ ਕਰਨਾ। ਪਰ ਫੇਰ ਮਹਾਂਭਾਰਤ ਦੀ ਵਿਜੈ ਸ੍ਰੀ ਦਾ ਰਸਤਾ ਕਰਨ ਦੀ ਲਾਸ਼ ਉਪਰ ਦੀ ਲੰਘਕੇ ਜਾਂਦਾ ਸੀ। ਸੋ ਮੈਂ ਕਰਨ ਨੂੰ ਰਥ ਦਾ ਗੱਡਿਆ ਹੋਇਆ ਪਹੀਆਂ ਕੱਢਦੇ ਨੂੰ 'ਯੁਧ ਨੀਤੀ' ਦੀ ਉਲੰਘਣਾ ਕਰਕੇ ਮਾਰਿਆ ਸੀ। ਹੁਣ ਫੇਰ ਜੰਗਲੀ ਕਬੀਲੇ ਦਾ ਲੜਕਾ ਮੇਰੇ ਨਾਲ ਯੁੱਧ ਕਰਨ ਨੂੰ ਖੜਾ ਹੈ। ਮੈਨੂੰ ਮਹਾਂਭਾਰਤ ਜੇਤੂ ਅਰਜਨ ਨੂੰ ਸ਼ੂਦਰ ਵਰਣ ਤੋਂ ਵੀ ਥੱਲੇ ਵਾਲੇ ਨਿਸ਼ਾਦ ਲੜਕੇ ਇਕਲਵਯ 'ਤੇ ਮੇਰਾ 'ਕਸ਼ੱਤਰੀ ਧਰਮ' ਤੀਰ ਚਲਾਉਣ ਤੋਂ ਵਰਜ ਰਿਹਾ ਹੈ। ਹੁਣ ਮੈਂ ਕੀ ਕਰਾਂ ਕੀ ਨਾ ਕਰਾਂ।"

ਇਸ ਤਰ੍ਹਾਂ ਨਾਲ ਅਰਜਨ ਦੀ ਮਾਨਸਿਕ ਸਥਿਤੀ ਫੇਰ ਮਹਾਂਭਾਰਤ ਦੇ ਯੁੱਧ ਲੜਨ ਜਾਂ ਨਾ ਲੜਨ ਵਾਲੀ ਕਸਮਕਸ਼ ਵਾਲੀ ਬਣ ਗਈ ਸੀ। ਉਹ ਕੋਈ ਫੈਸਲਾ ਲੈਣ ਤੋਂ ਅਸਮਰਥ ਸੀ। ਉਹਦਾ ਸਰੀਰ ਝੂਠਾ ਪੈ ਗਿਆ ਸੀ। ਤਰਕਸ਼ ਵਿਚੋਂ ਕੱਢਕੇ ਤੀਰ ਚਲਾਉਣ ਲਈ ਫੜਿਆ ਹੋਇਆ ਉਹਦੇ ਅਤੇ ਉਹਦੇ ਹੱਥੋਂ ਗਾਂਡੀਵ ਧਨੁਸ਼ ਛੁੱਟਕੇ ਥੱਲੇ ਡਿੱਗ ਪਏ ਸਨ। ਤੇ ਇਹ ਵਾਕ ਇਕ ਕਹਾਵਤ ਬਣ ਗਿਆ ਸੀ। 'ਸਮੇਂ ਸਮੇਂ ਸਮਰੱਥ ਉਹੀ ਅਰਜਨ ਦੇ ਧਨੁਸ਼ ਬਾਣ ਉਹੀ ਅਰਜਨ ਦੇ ਹੱਥ।'

ਇਕ ਸ਼ਿਕਾਰੀ ਰਾਹੀ ਮਾਰੇ ਜਾਣ ਕਰਕੇ ਅਰਜਨ ਕੋਲ ਮਹਾਂਭਾਰਤ ਯੁੱਧ ਲੜਾਉਣ ਵਾਲਾ ਸਾਰਥੀ ਕ੍ਰਿਸ਼ਨ ਵੀ ਨਹੀਂ ਸੀ। ਜਿਹੜਾ ਉਸ ਨੂੰ ਇਸ ਗੁੰਝਲ ਵਿਚੋਂ ਕੱਢ ਸਕਦਾ। ਉਹਦੇ ਮੌਜੂਦਾ ਸਾਰਥੀ ਨੂੰ ਪਤਾ ਨਹੀਂ ਕੀ ਸੁੱਝੀ ਉਹਨਾਂ ਹਸਤਨਾਪੁਰ ਵੱਲ ਯਾਦਵ ਵੰਸ਼ੀਆਂ ਨੂੰ ਵੀ ਉਥੇ ਹੀ ਛੱਡ ਆਇਆ ਸੀ।

ਇਸ ਤਰ੍ਹਾਂ ਨਾਲ ਮਹਾਂਭਾਰਤ ਜੇਤੂ ਅਰਜਨ ਦਾ ਆਪਣੇ ਆਪ ਤੋਂ ਵਿਸ਼ਵਾਸ ਉਠ ਗਿਆ ਸੀ। ਤੇ ਯੁਧਿਸ਼ਟਰ, ਭੀਮ, ਨਕੁਲਾ, ਤੇ ਸਹਿਦੇਵ ਵੀ ਲਗਭਗ ਇਹੋ ਜਿਹੀ ਮਨੋ ਸਥਿਤੀ ਵਿਚ ਲੰਘ ਰਹੇ ਸਨ। ਇਸ ਕਰਕੇ ਉਹ ਏਨਾ ਖੂਨ ਖਰਾਬਾ ਕਰਕੇ ਪ੍ਰਾਪਤ ਕੀਤਾ ਰਾਜ ਬਹੁਤੇ ਲੰਬੇ ਅਰਸੇ ਤੱਕ ਨਹੀਂ ਕਰ ਸਕਦੇ ਸਨ। ਇਸ ਤੋਂ ਉਕਤਾਉਂਦਿਆਂ ਰਾਜ ਗੱਦੀ ਅਭਿਮਨਯੂ ਦੇ ਪੁੱਤਰ ਪ੍ਰੀਛਤ ਨੂੰ ਦੇ ਕੇ ਪੰਜੇ ਪਾਂਡਵ ਦਰੋਪਤੀ ਨੂੰ ਨਾਲ ਲੈ ਕੇ ਹਿਮਾਲਾ ਪਰਬਤ ਤੇ ਤਪ ਕਰਨ ਲਈ ਚਲੇ ਗਏ ਸਨ। ਵਾਪਸ ਨਹੀਂ ਪਰਤੇ।

**ਪਤਾ: ਪਿੰਡ ਮਾਜਰੀ, ਡਾ. ਸਿਆਲਬਾ, ਤਹਿ. ਖਰੜ, ਜ਼ਿਲ੍ਹਾ ਐਸ. ਏ. ਨਗਰ, ਮੁਹਾਲੀ, ਪੰਜਾਬ (98881-29977)**



## ਕਹਾਣੀ / **ਕਲਯੁਗ** / ਗੁਰਮੀਤ ਆਰਿਫ਼

'... ਧੀਆਂ ਦੇ ਜੰਮਦਿਆਂ ਈ ਘਰ ਦੇ ਬੂਹਿਆਂ ਦੀਆਂ ਵਿਰਲਾਂ ਬੰਦ ਕਰ ਦੇਣੀਆਂ ਚਾਹੀਦੀਆਂ ਨੇ ਭਾਈ। ਬੂਹੇ ਬੰਦ...। ਇਹੋ ਜਿਹੀਆਂ ਗੱਲਾਂ ਮੈਂ ਆਪਣੀ ਮਾਂ ਦੇ ਮੂੰਹੋਂ ਨਿੱਕੀ ਹੁੰਦੀ ਨੇ ਕਈ ਵਾਰੀ ਸੁਣੀਆਂ ਸਨ। ਪਰ ਉਦੋਂ ਇਨਾਂ ਦੀ ਕੋਈ ਸਮਝ ਨੀ ਸੀ ਆਉਂਦੀ ਤੇ ਨਾ ਈ ਲੋੜ ਸਮਝੀ ਸੀ ਕਦੀ। ਪਰ ਹੁਣ ਜਦੋਂ ਆਪਣੀ ਧੀ ਮੋਢਿਆਂ ਤੇ ਆ ਚੜ੍ਹੀ ਐ ਤਾਂ ਉਹੀ ਗੱਲਾਂ ਮੁੜ ਕੰਨਾਂ ਦੁਆਲੇ ਗੂੰਜਣ ਲਗਦੀਆਂ ਨੇ। ਬਥੇਰੇ ਦੁਖ ਹੁੰਦੇ ਐ ਧੀਆਂ ਦੇ, ਆਟੇ ਦੇ ਟੁੱਕ ਵਰਗੀਆਂ ਹੁੰਦੀਆਂ। ਜੇ ਘਰ ਰਹਿਣ ਤਾਂ ਆਪਣੇ ਆਪ ਨੂੰ ਫਿਕਰਾਂ ਦੇ ਬੂਹੇ ਟੁਕਣੋਂ ਨੀ ਹਟਦੇ ਬਾਹਰ ਜਾਣ ਤਾਂ ਲੋਕਾਂ ਦੀਆਂ ਨਜ਼ਰਾਂ ਦੇ ਕਾਂ ਠੂੰਗੇ ਮਾਰਦੇ ਐ। ਇਨ੍ਹਾਂ ਬਾਰੇ ਬੰਦਾ ਸੋਚਾਂ ਸੋਚਦਾ ਈ ਅੱਧਾ ਰਹਿ ਜਾਂਦੈ। ਪਰ ਫਿਕਰਾਂ ਦੇ ਪਰਛਾਵੇਂ ਫਿਰ ਵੀ ਲੰਮੇ ਹੋਈ ਜਾਂਦੇ ਨੇ। ਸੋਚੀਦਾ ਕੁਛ ਹੋਰ ਤੇ ਹੁੰਦਾ ਹੋਰ।

ਓਸ ਦਿਨ ਨਾਲ ਦੇ ਮੁਹੱਲੇ ਵਾਲੀ ਮੇਰੀ ਸਹੇਲੀ ਚਰਨਜੀਤ ਮਿਲਣ ਆਈ ਸੀ। ਕਈ ਵਾਰੀ ਉਹ ਗੱਲਾਂ ਗੱਲਾਂ ਵਿੱਚ ਈ ਕਮਲੀਆਂ ਜਿਹੀਆਂ ਵੀ ਮਾਰਨ ਲਗ ਜਾਂਦੀ ਹੁੰਦੀ ਐ। ਬਥੇਰਾ ਵਰਜਦੀ ਆਂ ਬਈ ਲੋਕਾਂ ਦੀਆਂ ਗੱਲਾਂ 'ਚ ਕੀ ਰਖਿਐ। ਪਰ ਕਿਥੇ ਸਮਝਦੀ ਐ। ਪਰ ਉਸ ਦਿਨ ਉਹ ਸੱਚ ਈ ਕਹਿ ਰਹੀ ਸੀ, ਉਹਦੇ ਮੂੰਹ ਤੋਂ ਰੰਗ ਉੱਡਿਆ ਪਿਆ ਸੀ। ਸੁਣ ਕੇ ਮੈਨੂੰ ਵੀ ਆਪਣੇ ਕੰਨਾਂ ਤੇ ਵਿਸ਼ਵਾਸ ਨੀ ਸੀ ਹੋਇਆ। ਜਗੋਂ ਤੇਰਵੀਂ ਗੱਲ ਨੇ ਮੈਨੂੰ ਉਂਗਲਾਂ ਮੂੰਹ 'ਚ ਪਾ ਕੇ ਸੋਚਣ ਲਾ ਦਿੱਤਾ ਸੀ। ਉਨ੍ਹਾਂ ਦੇ ਗੁਆਂਢ ਵਿੱਚ ਪਿਓ ਧੀ ਕਿਰਾਏ ਤੇ ਰਹਿੰਦੇ ਸਨ। ਕੁੜੀ ਦੀ ਮਾਂ ਮਰੀ ਨੂੰ ਕਾਫੀ ਚਿਰ ਹੋ ਗਿਆ ਸੀ। ਕੁੜੀ ਵਾਹਵਾ ਹੁੰਦੜਹੇਲ ਸੀ ਤੇ ਆਪ ਵੀ ਉਹ ਬੰਦਾ ਉਮਰ ਦੀ ਢਲਾਣ ਜਿਹੀ ਤੋਂ ਤਿਲਕ ਰਿਹਾ ਸੀ। ਮੈਂ ਜਾਣਦੀਆਂ ਉਨ੍ਹਾਂ ਨੂੰ ਮੇਨ ਰੋਡ ਤੇ ਫ਼ਲਾਂ ਦੀ ਰੇਹੜੀ ਲਾਉਂਦੈ ਪਰ ਸ਼ਰਾਬ ਬਹੁਤ ਪੀਂਦੈ। ਕਦੀ ਕੋਈ ਚੀਜ਼ ਲੈਣ ਰੁਕ ਜਾਓ ਤਾਂ ਕੋਲ ਖੜ ਕੇ ਗੱਲ ਨੀ ਕਰ ਹੁੰਦੀ, ਦੂਰ ਤੱਕ ਮੁਸ਼ਕ ਮਾਰਦੈ। ਜਿਵੇਂ ਸ਼ਰਾਬ ਨਾਲ ਨਹਾ ਕੇ ਖੜਾ ਹੋਵੇ। ਕੁੜੀ ਕਈ ਵਾਰ ਉਹਦੀ ਰੋਟੀ ਲੈ ਕੇ ਆਉਂਦੀ ਹੁੰਦੀ ਐ, ਪਰ ਹੁਣ ਕਈ ਦਿਨਾਂ ਤੋਂ ਦੇਖੀ ਨਈਂ। ਸ਼ਾਇਦ ਚਰਨਜੀਤ ਠੀਕ ਵੀ ਕਹਿ ਰਹੀ ਸੀ। ਉਹ ਬੁੱਚੜ ਬੰਦਾ ਹਵਸ 'ਚ ਅੰਨਾਂ ਹੋਇਆ ਕੁੜੀ ਨਾਲ ਈ ਮੂੰਹ ਕਾਲਾ ਕਰਦਾ ਰਿਹਾ। ਜੇ ਕੁੜੀ ਵਿਰੋਧ ਕਰਦੀ ਤਾਂ ਅੱਗੋਂ ਮਾਰਨ ਪੈ ਜਾਂਦਾ। ਉਹਦੀਆਂ ਵੱਡੀਆਂ ਵੱਡੀਆਂ ਮੁੱਛਾਂ ਤੇ ਬੇਢੱਬੀ ਜਿਹੀ ਦਾੜ੍ਹੀ ਤੋਂ ਸ਼ਾਇਦ ਕੁੜੀ ਡਰ ਜਾਂਦੀ ਹੋਣੀ ਐਂ। ਉਹਨੇ ਡਰਦੀ ਨੇ ਕਦੀ ਸਾਹ ਨੀ ਸੀ ਕਢਿਆ। ਪਤਾ ਨੀ ਇਹ ਕਿਹੋ ਜਿਹਾ ਸਹਿਮ ਸੀ ਜੀਹਨੇ ਕੁੜੀ ਦੀ ਜੀਭ ਨੂੰ ਕੁੰਡਾ ਮਾਰਿਆ ਹੋਇਆ ਸੀ। ਇੱਕ ਦਿਨ ਉਹਦੇ ਢਿੱਡ 'ਚ ਦਰਦ ਹੋਇਆ ਤਾਂ ਉਹ ਦਵਾਈ ਲੈਣ ਨਰਸਾਂ ਕੋਲ ਹਸਪਤਾਲ ਚਲੀ ਗਈ। ਕੁੜੀ ਦਾ ਢਿੱਡ ਦੇਖ ਨਰਸਾਂ ਹੈਰਾਨ ...'ਹੈਂਅ... ਕਵਾਰੀ ਕੁੜੀ ਤੇ ਆਹ ਕਾਰਾ...।' ਪਰ ਉਹ ਨਾ ਮੰਨੀ। 'ਕੁੱਤੀਏ ਚਾਰ ਮਹੀਨੇ ਤੋਂ ਉਪਰ ਹੋ ਗਏ ਐ, ਹੁਣ ਇਹਦਾ ਕੁਛ ਨੀ ਬਣਨਾਂ ਜਾਂ ਜੰਮ ਨਈਂ ਫਿਰ ਮਰ ਕਿਸੇ ਖੂਹ ਖਾਤੇ 'ਚ ਜਾ ਕੇ।" ਕੁੜੀ ਨਰਸਾਂ ਦੇ ਪੈਰੀਂ ਢਹਿ ਪਈ ਨਈਂ ਨਈਂ ਆਂਟੀ ਜੀ ਬਚਾ ਲੈ ਮੈਨੂੰ, ਇਹ ਮੇਰੇ ਪਿਓ ਦਾ ਈ ਕਾਰਾ ਕੀਤਾ ਹੋਇਐ। ਕੀ ਦੱਸਾਂ ਥੋਨੂੰ ਬਈ ਦਿਨੇ ਪੁੱਤ ਪੁੱਤ ਕਰਨ ਵਾਲਾ ਪਿਓ ਰਾਤੀਂ ਸ਼ਰਾਬੀ ਹੋਇਆ ਸਾਰੇ ਰਿਸ਼ਤੇ ਭੁੱਲ ਜਾਂਦੈ...। ਮਾਰ ਦਿਓ ਆਂਟੀ ਜੀ ਮੈਨੂੰ ਮੈਂ ਜੀਣਾਂ ਨਈਂ ਚਹੁੰਦੀ। ਮਾਰ ਦਿਓ ਮੈਨੂੰ, ਮੇਰੀ ਮਿਨਤ ਐ। ਕੁੜੀ ਜ਼ਮੀਨ ਤੇ ਬੈਠੀ ਗੋਡਿਆਂ 'ਚ ਸਿਰ ਦੇਈ ਲੇਲੜੀਆਂ ਕੱਢੀ ਜਾ ਰਹੀ ਸੀ। ਇਕ ਵਾਰੀ ਤਾਂ ਸੁਣਕੇ ਉਹਦਾ ਪਿਓ ਘੀਲੇ ਕਸਾਈ ਵਰਗਾ ਲੱਗਾ ਸੀ। ਜਿਹੜਾ ਰੋਜ ਸਵੇਰੇ ਉੱਠ ਕੇ ਮੁਰਗੀਆਂ ਨੂੰ ਪੁਚਕਾਰ ਪੁਚਕਾਰ ਕੇ ਦਾਣੇ ਪਾਉਂਦਾ ਹੁੰਦੈ। ਤੇ ਫਿਰ ਦਿਨ ਢਲੇ ਪਿੰਜਰੇ 'ਚ ਤਾੜ ਅੱਡੇ ਤੇ ਦਾਤ ਲੈ ਕੇ ਬਹਿ ਜਾਂਦੈ।

"ਦੇਖ ਲੈ ਭੈਣੇ ਕਲਯੁਗ ਐਦੂੰ ਵੱਡਾ ਪਾਪੀ ਕੋਈ ਹੋ ਸਕਦੈ ਭਲਾ। ਜੇ ਪਿਓ ਈ ਧੀਆਂ ਨਾਲ ਖੇਹ ਖਾਣ ਲੱਗ ਪੈਣ ਤਾਂ ਕਿਹੜਾ ਰਿਸ਼ਤਾ ਬਾਕੀ ਬਚਿਆ ਜੀਹਤੇ ਤਬਾਰ ਕੀਤਾ ਜਾ ਸਕੇ। ਨਾਲੇ ਭੈਣ ਸ਼ਰਾਬੀ ਕਬਾਬੀ ਬੰਦਿਆਂ ਦਾ ਤਾਂ ਉੱਕਾ ਈ ਭਰੋਸਾ ਨੀ। ਬਾਬਾ ਜੀ ਇੱਕ ਦਿਨ ਕਹਿੰਦੇ ਬਈ ਬੰਦਾ ਜਦੋਂ ਨਸ਼ੇ 'ਚ

ਹੁੰਦਾ ਨਾ, ਉਦੋਂ ਉਹਦੇ ਅੰਦਰ ਸ਼ੈਤਾਨ ਦੀ ਆਤਮਾਂ ਵਸ ਜਾਂਦੀ ਐ ਤੇ ਫਿਰ ਉਹਨੂੰ ਪਤਾ ਨੀ ਲਗਦਾ ਬਈ ਮੈਂ ਕੀ ਕਰ ਰਿਹਾਂ। ਫਿਰ ਤਾਂ ਸ਼ੈਤਾਨ ਦੀ ਈ ਚਲਦੀ ਐ, ਉਹ ਜਿਵੇਂ ਕਹਿੰਦਾ ਬੰਦਾ ਕਰੀ ਜਾਂਦੈ। ਮੈਂ ਤਾਂ ਡਰ ’ਗੀ, ਉਦਣ ਈ ਕੁੜੀਆਂ ਦੇ ਪਿਓ ਨੂੰ ਕਹਿਤਾ ਬਈ ਅੱਜ ਤੋਂ ਘਰ ’ਚ ਸ਼ਰਾਬ ਬੰਦ, ਹੋਰ ਜੋ ਮਰਜੀ ਖਾਓ ਪੀਓ ਪਰ ਸ਼ਰਾਬ ਨੀ। ਪਰ ਇਹ ਬੰਦੇ ਕਿਥੇ ਹਟਦੇ ਐ ਭੈਣ, ਪਹਿਲਾਂ ਘਰੇ ਬਹਿ ਕੇ ਪੀਂਦਾ ਹੁੰਦਾ ਸੀ ਹੁਣ ਬਾਹਰੋਂ ਈ ਡੱਫ ਕੇ ਆ ਵੜਦੈ ਜੈ ਖਣਿਆਂ ਦਾ। ਹੁਣ ਤਾਂ ਮੈਂ ਡਰਦੀ ਮਾਰੀ ਕੁੜੀਆਂ ਨੂੰ ਜਮਾਂ ਈ ਅੱਖੋਂ ਉਹਲੇ ਨੀ ਕਰਦੀ ਤੇ ਨਾ ਈ ਕਿਤੇ ’ਕੱਲੀਆਂ ਛੱਡ ਕੇ ਜਾਨੀ ਆਂ। ਭੈਣ ਕੀ ’ਤਬਾਰ ਮਗਰੋਂ ਕੋਈ ਊਚ ਨੀਚ ਹੋ ਜੇ। ਇਨ੍ਹਾਂ ਦਾ ਕੀ ਭਰੋਸਾ ਪੀ ਕੇ ਮੂਧੇ ਹੋ ਕੇ ਪਏ ਰਹਿਣਾਂ ਸਾਰੀ ਰਾਤ। ਫੇਰ ਜੇ ਵੇਲੇ ਨੂੰ ਪਛਤਾਉਣਾਂ ਪਹਿਲਾਂ ਈ ਆਵਦੀ ਨਿਗਰਾਨੀ ਕਰੋ। ਨਾਲੇ ਭੈਣ ਤੂੰ ਵੀ ਬਿੜਕ ਨਾਲ ਪਿਆ ਕਰ, ਕੁੜੀ ਤੇਰੀ ਵੀ ਜਵਾਨ ਈ ਐ। ਦੁਧ ਫਿਟਦੇ ਦਾ ਕੋਈ ਪਤਾ ਨੀ ਲਗਦਾ।”

ਚਰਨਜੀਤ ਦੀਆਂ ਗੱਲਾਂ ਨੇ ਮੇਰਾ ਦਿਮਾਗ਼ ਖਰਾਬ ਕੀਤਾ ਪਿਐ। ਕਈਆਂ ਦਿਨਾਂ ਦੀ ਮੇਰੀਆਂ ਸੋਚਾਂ ਦੀ ਤਾਰ ਉਹਦੀਆਂ ਕਹੀਆਂ ਗੱਲਾਂ ਨਾਲ ਈ ਜੁੜੀ ਹੋਈ ਐ। ਜਿਵੇਂ ਲੋਹੇ ਨਾਲ ਚਮਕ ਪੱਥਰ ਜੁੜਦੈ। ਤੇ ਰਹਿੰਦੀ ਖੂੰਹਦੀ ਕਸਰ ਏਧਰ ਉਧਰ ਦੀਆਂ ਗੱਲਾਂ ਨੇ ਕੱਢਤੀ। ... ਸਕੇ ਚਾਚੇ ਨੇ ਭਤੀਜੀ ਨਾਲ...। ਐਸੀਆਂ ਗੱਲਾਂ ਸੁਣਨ ਨੂੰ ਮਨ ਤਾਂ ਨੀ ਕਰਦਾ ਪਰ... ਅਜਿਹੀਆਂ ਗੱਲਾਂ ਜੁਆਕਾਂ ਦੇ ਕੰਨਾਂ ਵਿਚ ਪੈਂਦੀਆਂ ਨੇ। ਦੁਰਫਿਟੇ ਮੂੰਹ ਪਤਾ ਨਹੀਂ ਮੈਂ ਆਪਣੇ ਆਪ ਨੂੰ ਕਿਹਾ ਜਾਂ ਬੰਦਿਆਂ ਨੂੰ।

ਸ਼ਾਮੀ ਜਦ ਸਰਬਣ ਆਇਆ ਤਾਂ ਰਾਣੀ ਬੂਹਾ ਖੋਲ੍ਹਣ ਚਲੀ ਗਈ। ਮੈਂ ਚੌਂਕੇ ਚ ਬੈਠੀ ਸਾਗ ਘੋਟ ਰਹੀ ਸਾਂ। ਅੰਦਰ ਲੰਘ ਸੈਂਕਲ ਸਟੈਂਡ ’ਤੇ ਲਾ ਉਹਨੇ ਰਾਣੀ ਨੂੰ ਕਲਾਵੇ ਵਿੱਚ ਭਰ ਲਿਆ। ... “ਕੀ ਕਰਦਾ ਫਿਰਦਾਂ ਉਏ ਰਾਣੂ।” ਉਹ ਬੋਲਿਆ । ਤੇ ਜਦ ਮੈਂ ਕੰਧੋਲੀ ਉਤੋਂ ਉਚੀ ਹੋ ਕੇ ਦੇਖਿਆ ਤਾਂ ਝੱਟ ਛੱਡ ਦਿੱਤਾ। ਉਹਦਾ ਕੁੜੀ ਨੂੰ ਐਸ ਤਰ੍ਹਾਂ ਕਲਾਵੇ ’ਚ ਭਰਨਾਂ ਮੈਨੂੰ ਬਹੁਤ ਬੁਰਾ ਲੱਗਾ। ਸ਼ਾਇਦ ਉਹਨੇ ਸ਼ਰਾਬ ਪੀਤੀ ਹੋਈ ਸੀ। ਉਹਦਾ ਚਿਹਰਾ ਮੈਨੂੰ ਓਪਰਾ ਓਪਰਾ ਜਿਹਾ ਲੱਗੀ ਜਾਵੇ। ਜਿਵੇਂ ਕੋਈ ਅਜਨਬੀ ਬਰੂਹਾਂ ਟੱਪ ਆਇਆ ਹੋਵੇ। ਸਾਰੀ ਰਾਤ ਮੈਨੂੰ ਨੀਂਦ ਨਾ ਆਈ। ਸਰਬਣ ਉਸ ਕੁੜੀ ਦਾ ਪਿਓ ਬਣ ਕੇ ਮੇਰੇ ਸਾਹਮਣੇ ਆ ਕੇ ਖਲੋ ਜਾਵੇ। ਤੇ ਮੈਂ ਤ੍ਰਭਕ ਕੇ ਉੱਠ ਬੈਠਾਂ। ਉਸ ਦਿਨ ਤੋਂ ਬਾਅਦ ਅਚਾਨਕ ਮੇਰੇ ਵਿਚ ਬਚਲਾਅ ਜਿਹਾ ਆ ਗਿਆ। ਘਰ ’ਚ ਤੁਰੀ ਫਿਰਦੀ ਕੁੜੀ ਤੇ ਉਹਦੇ ਪਿਓ ਦੀਆਂ ਹਰਕਤਾ ਨੂੰ ਵੀ ਪਾਗਲਾਂ ਵਾਂਗ ਤਾੜਨ ਲਗ ਪਈ ਸਾਂ। ਪਤਾ ਨੀ ਮੈਨੂੰ ਕਿਓਂ ਐਸ ਤਰ੍ਹਾਂ ਹੋਣ ਲੱਗਾ ਸੀ। ਜਦੋਂ ਵੀ ਪਿਓ ਧੀ ਕੋਈ ਗੱਲ ਮੇਰੀਆਂ ਅੱਖਾਂ ਤੋਂ ਪਰੇ ਕਰਦੇ ਤਾਂ ਮੈਨੂੰ ਲਗਦਾ ਜਿਵੇਂ ਸਰਬਣ ਕੁੜੀ ਨੂੰ ਵਰਗਲਾ ਰਿਹਾ ਹੋਵੇ। ਤੇ ਫਿਰ ਮੈਂ ਉਹਦੇ ਕੰਮ ਤੇ ਜਾਣ ਮਗਰੋਂ ਕਿਸੇ ਨਾ ਕਿਸੇ ਬਹਾਨੇ ਕੁੜੀ ਨੂੰ ਕੁੱਟ ਛਡਦੀ। ਰਾਣੀ ਦਾ ਪਿਓ ਸਰਬਣ ਮੇਰਾ ਦੂਜਾ ਪਤੀ ਹੈ। ਤੇ ਰਾਣੀ ਮੇਰੇ ਪਹਿਲੇ ਪਤੀ ਦੀ ਔਲਾਦ ਐ। ਸਰਬਣ ਐਫ. ਸੀ. ਆਈ ’ਚ ਚਪੜਾਸੀ ਦੀ ਨੌਕਰੀ ਕਰਦੈ। ਰਾਣੀ ਦੋ ਕੁ ਸਾਲ ਦੀ ਸੀ ਜਦੋਂ ਸਰਬਣ ਨਾਲ ਮੇਰਾ ਵਿਆਹ ਹੋਇਆ ਸੀ। ਰਾਣੀ ਤੋਂ ਬਾਅਦ ਮੇਰੇ ਕੋਈ ਬੱਚਾ ਨੀ ਸੀ ਹੋਇਆ। ਬਸ ਲੈ ਦੇ ਕੇ ਰਾਣੀ ਵੀ ਸਾਡੇ ਕੋਲ ਇਕੋ ਇਕ ਔਲਾਦ ਸੀ। ਛੋਟੀ ਹੁੰਦੀ ਰਾਣੀ ਆਪਣੇ ਪਿਓ ਕੋਲ ਨਈ ਸੀ ਜਾਂਦੀ ਓਪਰਾ ਓਪਰਾ ਜਿਹਾ ਮਹਿਸੂਸ ਕਰਦੀ ਸੀ। ਪਰ ਹੌਲੀ ਹੌਲੀ ਉਹ ਸਰਬਣ ਨਾਲ ਪਰਚ ਗਈ ਸੀ। ਹਰ ਰੋਜ ਉਹ ਡਿਊਟੀ ਤੋਂ ਆਉਂਦੀ ਇਹਦੇ ਲਈ ਕੁਸ਼ ਨਾ ਕੁਸ਼ ਖਾਣ ਨੂੰ ਲੈ ਆਉਂਦਾ। ਇਹਦੀ ਸ਼ੁਰੂ ਤੋਂ ਈ ਇੱਕ ਮਾੜੀ ਆਦਤ ਐ ਜਿਸ ਦਿਨ ਛੁੱਟੀ ਹੋਊ ਕਿਸੇ ਨਾ ਕਿਸੇ ਯਾਰ ਮਿੱਤਰ ਨੂੰ ਘਰ ਬਹਾ ਕੇ ਬਹਿ ਜੂ, ਸਵੇਰ ਤੋਂ ਆਥਣ ਤਾਂਈ ਹਿਲਣ ਦਾ ਨਾਂ ਨੀ ਲੈਂਦੇ। ਗਾਮੀਂ ਮੁੱਛੜ ਤਾਂ ਮੈਨੂੰ ਬਾਹਲਾ ਈ ਬੁਰਾ ਲਗਦੈ। ਗੱਲਾਂ ਹੋਰ ਪਾਸੇ ਕਰੂ ਤੇ ਝਾਕੀ ਕੁੜੀ ਜਾਂ ਮੇਰੇ ਵੱਲ ਜਾਊ, ਤੇ ਕਈ ਵਾਰ ਵਿਚੋਂ ਈ ਬੋਲੂ... ਹੈਂਅ ਭਰਜਾਈ ਜਾਂ ਹੈਂਅ ਰਾਣੋਂ...। ਉਹਦੇ ਇਹਨਾਂ ਲਫਜ਼ਾਂ ਤੋਂ ਮੈਨੂੰ ਬੜੀ ਚਿੜ੍ਹ ਚੜਦੀ ਐ। ਕਈ ਵਾਰੀ ਕਿਹੈ ਬਈ ਇਹਨੂੰ ਘਰੇ ਨਾ ਵਾੜਿਆ ਕਰੋ। ਪਰ ਇਹ ਅੱਗੋਂ ਆਖੂ... “ਤੈਨੂੰ ਦੱਸ ਕੀ ਕਹਿੰਦੈ, ਉਹ ਕਿਹੜਾ ਰੋਜ ਤੁਰਿਆ ਰਹਿੰਦੈ, ਕਦੀ ਹੋ ਗਿਆ ਬਹਿ ਗੇ ’ਕੱਠੇ... ਨਈਂ ਤਾਂ ਕਿਸੇ ਕੋਲ ਸਾਲਾ ਟੈਮ ਆਂ ਅੱਜ ਕੱਲ। ਤੂੰ ਐਵੀਂ ਨਾਸਾਂ ਫੁਕਾਰਦੀ ਰਹਿੰਦੀ ਐਂ, ਉਹ ਮੇਰਾ ਪੁਰਾਣਾਂ ਯਾਰ ਐ, ਮੈਨੂੰ ਪਤਾ ਨੀ ਉਹਦਾ, ਤੂੰ ਜਾਦਾ ਸਿਆਣੀ ਐਂ।” ਆਹੀ ਗੱਲਾਂ ਕਹਿ ਕੇ ਘਰੋਂ ਨਿੱਕਲ ਤੁਰੂ ਤੇ ਰਾਤੀਂ ਕਿਤੋਂ ਨਾ ਕਿਤੋਂ ਪੀ ਕੇ ਅੱਧੀ ਰਾਤੀਂ ਆ ਵੜੂ। ਸਰਬਣ ਦਾ ਐਸ ਤਰ੍ਹਾਂ ਦਾਰੂ ਪੀਣ ਮੈਨੂੰ



ਬਿਲਕੁਲ ਚੰਗਾ ਨੀ ਲਗਦਾ। ਜਿਸ ਦਿਨ ਉਹ ਦਾਰੂ ਪੀਂਦੈ ਮੈਨੂੰ ਨੀਂਦ ਨੀ ਆਉਂਦੀ। ਉਦੇ ਵਿਚੋਂ ਸ਼ੈਤਾਨ ਦਿਸਣ ਲਗ ਜਾਂਦੈ ਤੇ ਮੈਂ ਡਰ ਡਰ ਕੇ ਉੱਠ ਜਾਂਦੀ ਆਂ।

ਪਹਿਲਾਂ ਉਹ ਮੇਰੇ ਤੇ ਰਾਣੀ ਨਾਲ ਈ ਸੌਂਦਾ ਸੀ। ਪਰ ਹੁਣ ਮੈਂ ਉਹਨੂੰ ਆਪਣੇ ਨਾਲ ਸੌਣ ਨੀ ਦਿੰਦੀ। ਪਰੇ ਕਰਕੇ ਉਹਦੀ ਮੰਜੀ ਡਾਹੀ ਹੋਈ ਐ। ਪਹਿਲਾਂ ਇੱਕ ਦੋ ਵਾਰੀ ਵਰਜਿਆਂ ਸੀ। ਗੁਸੇ ’ਚ ਆ ਕੇ ਉਹਨੇ ਮੈਨੂੰ ਗਾਲ੍ਹਾਂ ਵੀ ਦਿੱਤੀਆਂ ਸਨ। ਤੇ ਫਿਰ ਮੈਂ ਉਹਨੂੰ ਕਹਿ ਈ ਦਿੱਤਾ... ਕੁੜੀ ਜਵਾਨ ਹੋਈ ਜਾਂਦੀ ਐ ਕੁਸ਼ ਤਾਂ ਸ਼ਰਮ ਕਰੋ, ਅੱਡ ਪਿਆ ਕਰੋ ਹੁਣ। ਇਹ ਕੁਸ਼ ਨਾ ਬੋਲਿਆ ਤੇ ਅੱਡ ਪੈਣ ਲਗ ਪਿਆ। ਸਚਮੁੱਚ ਕਈ ਦਿਨਾਂ ਤੱਕ ਤਾਂ ਮੈਨੂੰ ਵੀ ਨੀਂਦ ਨਈਂ ਸੀ ਆਈ। ਕਈ ਵਾਰ ਮੈਂ ਉੱਠ ਕੇ ਦੇਖਦੀ ਸਰਬਣ ਇਕੋ ਟੱਕ ਅੱਧੀ ਅੱਧੀ ਰਾਤ ਤੱਕ ਛੱਤ ਵੱਲ ਝਾਕੀ ਜਾਂਦਾ। ਸਾਲ ਭਰ ਬੀਤ ਜਾਣ ਬਾਅਦ ਮੈਨੂੰ ਐਂ ਮਹਿਸੂਸ ਹੋਣ ਲਗਾ ਜਿਵੇਂ ਮੈਂ ਅੰਦਰੋਂ ਠੰਡੀ ਹੋ ਗਈ ਹੋਵਾਂ। ਕਦੀ ਇਸ ਪਾਸੇ ਧਿਆਨ ਈ ਨੀ ਸੀ ਗਿਆ। ਪਰ ਕੀ ਸਰਬਣ ਦਾ ਵੀ ਮੱਚ ਮਰ ਗਿਆ ਸੀ। ਮੈਂ ਸੋਚਦੀ। ਗਾਮੀ ਮੁੱਛੜ ਨਾਲ ਰਹਿੰਦੈ, ਉਹ ਹੈ ਵੀ ਹਰਾਮੀ ਜਿਹਾ ਬੰਦਾ, ਕਿਤੇ ਬਾਹਰ ਤਾਂ ਨੀ...।” ਕਈ ਤਰ੍ਹਾਂ ਦੇ ਉਲਟੇ ਸਿੱਧੇ ਸਵਾਲ ਮੇਰੇ ਮਨ ’ਚ ਆਉਂਦੇ ਤੇ ਨਾ ਈ ਮੈਂ ਜਵਾਬ ਲੱਭਣ ਦੀ ਕੋਸ਼ਿਸ਼ ਕੀਤੀ ਸੀ ਕਦੇ।

ਬੱਸ ਹੁਣ ਤਾਂ ਮੈਨੂੰ ਕੁੜੀ ਦਾ ਈ ਫਿਕਰ ਵੱਢ ਵੱਢ ਖਾਣ ਲਗ ਪਿਆ ਏ। ਅਜੇ ਕੱਲ ਦੀਆਂ ਈ ਗੱਲਾਂ ਨੇ ਜਦੋਂ ਛੋਟੀ ਜਿਹੀ ਸੀ, ਪਰ ਜਦੋਂ ਉਂਗਲਾਂ ਦਿਆਂ ਪੋਟਿਆਂ ਤੇ ਦਿਨ ਸਾਲ ਗਿਣਦੀ ਆ ਤਾਂ ਆਪਣੇ ਈ ਹੱਥਾਂ ਵੱਲ ਦੇਖਦੀ ਰਹਿ ਜਾਂਦੀ ਆਂ। ਚੌਦਵਾਂ ਸਾਲ ਪਾਰ ਕਰ ਚੱਲੀ ਸੀ ਤੇ ਉਸ ਦਿਨ ਜਦੋਂ ਉਹਨੇ ਆ ਕੇ ਕਿਹਾ ਸੀ ਮੰਮੀ ਮੈਂ ਅੱਠਵੀਂ ’ਚੋਂ ਪਾਸ ਹੋ ਗਈ ਤਾਂ ਮੈਨੂੰ ਬਹੁਤ ਖੁਸ਼ੀ ਹੋਈ ਸੀ। ਤੇ ਇੱਕ ਤੌਖਲਾ ਜਿਹਾ ਵੀ ਬਣਿਆ ਹੋਇਐ। ਹੁਣ ਤਾਂ ਜਦੋਂ ਉਹ ਸਕੂਲ ਜਾਂਦੀ ਐ ਤਾਂ ਮੇਰੀਆਂ ਨਜ਼ਰਾਂ ਉਹਦੀ ਪੈੜ ਨਪਦੀਆਂ ਮਗਰੇ ਮਗਰ ਤੁਰੀਆਂ ਜਾਂਦੀਆਂ ਨੇ। ਤੇ ਘਰੇ ਮੈਂ ਟਾਈਮ ਪੀਸ ਦਾ ਅਲਾਰਮ ਢਾਈ ਵਜੇ ’ਤੇ ਲਾਇਆ ਹੋਇਐ। ਜਦੋਂ ਇਹਦੀ ਘੰਟੀ ਵਜਦੀ ਐ ਤਾਂ ਮੈਂ ਵਾਰ ਵਾਰ ਬੂਹਾ ਖੋਲ੍ਹ ਇਹਦੀਆਂ ਰਾਹਾਂ ਤਕਦੀ ਰਹਿੰਦੀ ਆਂ। ਰਾਹਾਂ ’ਚ ਖੜੀ ਮੁਡੀਰ ਦੇਖ ਕੇ ਮਨ ’ਚ ਬੁਰੇ ਬੁਰੇ ਖਿਆਲ ਆਉਣ ਲਗਦੇ ਨੇ ਜੋ ਛੇਤੀ ਮੇਰਾ ਪਿੱਛਾ ਨੀ ਛਡਦੇ। ਇਕ ਦਿਨ ਉਹ ਆਪਣੀ ਕਿਸੇ ਸਹੇਲੀ ਨਾਲ ਕਾਪੀ ਕਿਤਾਬ ਲੈਣ ਉਹਦੇ ਘਰ ਚਲੀ ਗਈ। ਅਲਾਰਮ ਵੱਜਾ ਅੱਧਾ ਘੰਟਾ ਉਪਰ ਹੋ ਗਿਆ। ਮੈਂ ਅੰਦਰ ਬਾਹਰ ਦੇਖਾਂ ਕੁੜੀ ਕਿਉਂ ਨੀ ਆਈ ਅਜੇ ਤੱਕ, ਮਨ ਕਾਹਲਾ ਪੈਣ ਲਗ ਪਿਆ। ਤੇ ਮੈਂ ਚੁੰਨੀ ਸਿਰ ਤੇ ਰੱਖ ਸਕੂਲ ਵੱਲ ਨੂੰ ਤੁਰ ਗਈ। ਅਗਾਂਹ ਜਾ ਕੇ ਦੇਖਿਆ ਰਾਣੀ ਤੀਜੀ ਗਲੀ ਦੇ ਮੋੜ ਤੋਂ ਸਕੂਲ ਦੇ ਰਾਹ ਤੇ ਤੁਰੀ ਆਉਂਦੀ ਸੀ।

“ਹੈਂ ਨੀ, ਕੀ ਗੱਲ ਹੋਗੀ... ਅੱਜ ਐਨਾਂ ਚਿਰ ਕਿਥੇ ਲਗ ਗਿਆ ਤੈਨੂੰ, ਘਰ ਆਉਣ ਦਾ ਫ਼ਿਕਰ ਨੀ...।” ਮੈਂ ਦਬਕੇ ਜਿਹੇ ਨਾਲ ਕੁੜੀ ਤੋਂ ਪੁੱਛਿਆ।

“ਕੀ ਮੰਮੀ ਤੂੰ ਪਿਛੇ ਪਿਛੇ ਸੂਹ ਕਢਦੀ ਰਹਿੰਨੀ ਐਂ... ਮੈਂ ਘਰ ਈ ਆਉਂਣਾ ਸੀ। ਕਿਤਾਬ ਲੈਣ ਗਈ ਸੀ ਸਹੇਲੀ ਨਾਲ। ਰਾਣੀ ਨੇ ਖਿਝ ਕੇ ਜਵਾਬ ਦਿਤਾ ਸੀ। ਕੁੜੀ ਦੇ ਜਵਾਬ ਨੇ ਮੈਨੂੰ ਠੰਡੀ ਕਰ ਦਿਤਾ ਸੀ। ਐਸ ਤਰ੍ਹਾਂ ਦੇ ਜਵਾਬ ਕਦੀ ਕੰਮੋਂ ਵੀ ਦਿਆ ਕਰਦੀ ਸੀ ਆਪਣੀਂ ਮਾਂ ਨੂੰ। ਉਹਦਾ ਨਾਂ ਆਉਂਦਿਆਂ ਈ ਸਾਰਾ ਸੀਨ ਮੇਰੀਆਂ ਅੱਖਾਂ ਅੱਗੇ ਘੁੰਮ ਗਿਆ। ਇਹ ਉਦੋਂ ਦੀ ਗੱਲ ਐ ਜਦੋਂ ਮੈਂ ਰਾਣੀ ਦੀ ਉਮਰ ਦੀ ਸੀ। ਤੇ ਕੰਮੋਂ ਉਦੋਂ ਕਸਵੀਂ ਜਮਾਤ ’ਚ ਪੜ੍ਹਦੀ ਹੁੰਦੀ ਸੀ। ਡਰਾਇੰਗ ਵਾਲੇ ਸਰ ਨਾਲ ਉਹਦਾ ਚੱਕਰ ਚਲਦਾ ਸੀ। ਉਨ੍ਹਾਂ ਨੇ ਕੰਮੋਂ ਨੂੰ ਦਸਵੀਂ ’ਚੋਂ ਪਾਸ ਕਰਾਉਣ ਦਾ ਲਾਰਾ ਲਾਇਆ ਹੋਇਆ ਸੀ। ਉਹ ਰੋਜ ਈ ਛੁੱਟੀ ਤੋਂ ਬਾਅਦ ਸਕੂਲੋਂ ਲੇਟ ਆਉਂਦੀ ਸੀ। ਇੱਕ ਦਿਨ ਉਹਦੀ ਸੇਹਤ ਖ਼ਰਾਬ ਹੋਗੀ। ਉਹਨੂੰ ਉਲਟੀਆਂ ਆਉਂਣ ਲਗ ਪਈਆਂ। ਉਹਦੀ ਮਾਂ ਨੇ ਕੰਮੋਂ ਨੂੰ ਬਹੁਤ ਕੁੱਟਿਆ ਸੀ। ਤੇ ਉਸ ਦਿਨ ਤੋਂ ਬਾਅਦ ਉਹਦਾ ਸਕੂਲ ਜਾਣਾਂ ਵੀ ਬੰਦ ਹੋ ਗਿਆ ਸੀ।

ਇਕ ਵਾਰੀ ਤਾਂ ਮੇਰੇ ਵੀ ਮਨ ’ਚ ਆਈ ਕਿ ਮਾਰਾਂ ਚਾਰ ਚਪੇੜਾਂ ਤੇ ਪੁੱਛਾਂ ਇਹਨੂੰ, ਕਿਥੇ ਗਈ ਸੀ ਨੀ ਖੇਹ ਖਾਣ। ਪਰ ਉਹਦੀਆਂ ਅੱਖਾਂ ਵਿਚਲੇ ਗੁਸੇ ਨੇ ਮੈਨੂੰ ਸ਼ਾਂਤ ਕਰ ਦਿੱਤਾ ਸੀ। ਤੇ ਮੈਂ ਚੁਪ ਚਾਪ ਵਾਪਸ ਆ ਗਈ ਸੀ।

ਵੱਡੇ ਵੀਰ ਜੀ ਦੀ ਸੇਹਤ ਕਾਫੀ ਖਰਾਬ ਰਹਿੰਦੀ ਐ। ਤਿੰਨ ਚਾਰ ਵਾਰ ਫੋਨ ਆ ਚੁਕੈ ਪਰ ਮੈਂ ਇੱਕ ਵਾਰ ਵੀ ਪਤਾ ਲੈਣ ਨੀ ਜਾ ਸਕੀ। ਸੋਚਦੀ ਆਂ ਕੀ ਦੱਸਾਂ ਉਨ੍ਹਾਂ ਨੂੰ, ਮੈਂ ਕਿਹੜੇ ਦਵੰਧ ਵਿੱਚ ਫਸੀ ਹੋਈ ਆਂ। ਇੱਕ ਮਿੰਟ ਵੀ ਘਰੋਂ ਬਾਹਰ ਜਾਂਦੀ ਆ ਤਾਂ ਭੈੜੇ ਭੈੜੇ ਖਿਆਲ ਆਉਣ ਲਗਦੇ ਨੇ। ਘਰ 'ਚ ਕੁੜੀ 'ਕੱਲੀ ਹੋਵੇ ਤਾਂ ਉਹਦੇ ਪਿਓ ਬਾਰੇ ਪਤਾ ਨੀ ਕੀ ਕੀ ਸੋਚੀ ਜਾਂਦੀ ਆਂ। ਉਹ ਬੰਦਾ ਮਾੜਾ ਤਾਂ ਨਈਂ ਪਰ ਚਰਨਜੀਤ ਦੀਆਂ ਗੱਲਾਂ ਫਿਰ ਚੇਤੇ ਆ ਜਾਂਦੀਆਂ ਨੇ। ਭੈਣ ਖਾਧੀ ਪੀਤੀ 'ਚ ਬੰਦੇ ਦਾ ਪਤਾ ਲਗਦੈ ਭਲਾ...। ਤੇ ਉਹਦਾ ਚਿਹਰਾ ਮੈਨੂੰ ਸ਼ੈਤਾਨ ਵਰਗਾ ਲੱਗਣ ਲਗ ਜਾਂਦੈ। ਜਿਵੇਂ ਉਹਨੇ ਕੁੜੀ ਨੂੰ ਨਿਗਲ ਜਾਣਾਂ ਹੋਵੇ। ਕਦੀ ਕਦੀ ਤਾਂ ਐਂ ਲਗਦੈ ਜਿਵੇਂ ਮੈਂ ਈ ਪਾਗਲ ਹੋ ਗਈ ਹੋਵਾਂ। ਜੇ ਪਿਓ ਧੀ ਦੇ ਰਿਸ਼ਤੇ ਚੋਂ ਗਲਤ ਅਰਥ ਕਢਦੀ ਰਹਿੰਦੀ ਆ। ਤੇ ਉਦੋਂ ਮੇਰਾ ਮਨ ਪਾਪ ਜਿਹੇ ਨਾਲ ਭਰ ਜਾਂਦੈ। ਪਰ ਜਦੋਂ ਉਨ੍ਹਾਂ ਦੀਆਂ ਹਰਕਤਾਂ ਦੇਖਦੀ ਆਂ ਤਾਂ ਉਹੀ ਸੋਚਣੀ ਹਕੀਕਤ ਬਣ ਕੇ ਹੱਥ ਤੇ ਸਰੋਂ ਜਮਾਂਉਣ ਵਾਲੀ ਗੱਲ ਹੋ ਜਾਂਦੀ ਐ।

ਸਰਬਣ ਹਰ ਰੋਜ ਈ ਸ਼ਹਿਰੋਂ ਆਉਂਦਾ ਕੁਸ਼ ਨਾ ਕੁਸ਼ ਖਾਣ ਨੂੰ ਲੈ ਆਉਂਦੈ। ਕਈ ਦਿਨਾਂ ਤੋਂ ਗਾਮੇ ਮੁੱਛੜ ਪਿਛੇ ਹੋਈ ਬਹਿਸ ਕਰਕੇ ਮੈਨੂੰ ਤਾਂ ਬੁਲਾਉਂਦਾ ਨੀ। ਪਰ ਜਦੋਂ ਸੈਂਕਲ ਦੇ ਡੰਡੇ ਨਾਲੋਂ ਲਿਫ਼ਾਫ਼ਾ ਖੋਹਲ ਕੇ ਅੰਦਰ ਜਾ ਕੁੜੀ ਨੂੰ ਫੜਾਉਂਦੈ ਤਾਂ ਮੈਨੂੰ ਬਹੁਤ ਬੁਰਾ ਲਗਦੈ। ਰੋਟੀ ਪਾਣੀ ਖਾ ਕੇ ਆਖੂ ਲਿਆ ਖਾਂ ਰਾਣੀ, ਮੈਂ ਤੇਰੇ ਲਈ ਸ਼ਹਿਰੋਂ ਖਾਣ ਨੂੰ ਚੀਜ਼ ਲੈ ਕੇ ਆਇਆ... ਲਿਆ ਫਿਰ ਖਾਈਏ। ਉਹਦੀਆਂ ਇਨ੍ਹਾਂ ਗੱਲਾਂ ਤੋਂ ਮੈਨੂੰ ਬਹੁਤ ਚਿੜ ਆਉਂਦੀ ਐ।

ਉਦਣ ਉਹ ਮਾਘੀ ਦੇ ਮੇਲੇ ਤੇ ਗਿਆ ਸਾਡੇ ਦੋਹੇਂ ਮਾਵਾਂ ਧੀਆਂ ਲਈ ਵੰਗਾਂ, ਕਾਂਟੇ, ਗਾਨੀਆਂ, ਕਲਿਪ ਤੇ ਹੋਰ ਬਹੁਤ ਸਾਰਾ ਸਮਾਨ ਲੈ ਆਇਆ ਸੀ। ਸੈਨਤ ਜਿਹੀ ਮਾਰ ਕੇ ਰਾਣੀ ਨੂੰ ਅੰਦਰ ਲੈ ਗਿਆ। ਰਾਣੀਂ ਬਾਹਾਂ 'ਚ ਵੰਗਾ ਤੇ ਕੰਨਾਂ 'ਚ ਕਾਂਟੇ ਪਾ ਮੇਰੇ ਕੋਲ ਚੌਂਕੇ 'ਤ ਆ ਬੈਠੀ... ਮੰਮੀ ਦੇਖ ਡੈਡੀ ਆਪਣੇ ਲਈ ਕੀ ਕੁਸ਼ ਲੈ ਕੇ ਆਇਆ। ਕੁੜੀ ਦੇ ਇਹ ਸਭ ਪਾਇਆ ਦੇਖ ਮੇਰਾ ਦਿਲੋ ਦਿਮਾਗ ਜ਼ਹਿਰ ਨਾਲ ਭਰ ਗਿਆ। ਭਲਾ ਇਹ ਕੀ ਗੱਲ ਹੋਈ ਜੇ ਤੂੰ ਕੁਸ਼ ਲੈ ਈ ਆਇਐਂ ਤਾਂ ਸਾਹਮਣੇ ਨੀ ਦੇ ਸਕਦਾ। ਮੇਰਾ ਮਨ ਕਰੇ ਕਿ ਸੁਣਾਵਾਂ ਚਾਰ ਪਰ ਪਤਾ ਨੀ ਕੀ ਸੋਚ ਕੇ ਚੁਪ ਰਹਿ ਗਈ ਸਾਂ। ਉਸ ਰਾਤ ਮੈਨੂੰ ਚੈਨ ਨੀ ਸੀ ਆਈ ਅੱਖਾਂ ਅੱਗੇ ਭੈੜੇ ਸੁਪਨੇ ਆਈ ਜਾਣ। ਹੁਣ ਮੈਨੂੰ ਲਗਾ ਜਿਵੇਂ ਸਰਬਣ ਵਿੱਚ ਕੋਈ ਸ਼ੈਤਾਨ ਆ ਗਿਆ ਹੋਵੇ ਤੇ ਉਹ ਮਲੰਗ ਬਣਿਆਂ ਰਾਣੀ ਦੇ ਮਗਰ ਮਗਰ ਭੱਜਾ ਫਿਰ ਰਿਹੈ ਹੋਵੇ। ਤੇ ਰਾਣੀ ਵੀ ਮੰਜੇ ਦੇ ਗੇੜੇ ਕੱਢ ਰਹੀ ਐ। ਤੇ ਫਿਰ ਅਚਾਨਕ ਦੋਵਾਂ ਦੇ ਪ੍ਰਛਾਵੇਂ ਇੱਕ ਹੋ ਜਾਂਦੇ ਨੇ। ਰਾਣੀ ਮੈਨੂੰ ਅੰਗੂਠਾ ਦਿਖਾ ਰਹੀ ਹੁੰਦੀ ਐ। ਇਹ ਸਾਰਾ ਦ੍ਰਿਸ਼ ਮੇਰੀਆਂ ਅੱਖਾਂ ਅੱਗੇ ਸਾਕਾਰ ਹੋ ਗਿਆ। ਉੱਭੜਵਾਹੇ ਉੱਠ ਮੈਂ ਰੱਬ ਰੱਬ ਕਰਨ ਲੱਗ ਪਈ ਅੱਚੋਤਾਈ ਜਿਹੀ 'ਚ ਈ ਉੱਠ ਮੈਂ ਕਮਰੇ ਦੀ ਲਾਈਟ ਜਗਾ ਦਿੱਤੀ। ਮੰਜੇ ਤੇ ਪਿਆ ਸਰਬਣ ਘੁਰਾੜੇ ਮਾਰ ਰਿਹਾ ਸੀ ਤੇ ਰਾਣੀ ਮੇਰੇ ਨਾਲ ਮੰਜੇ ਤੇ ਕੱਠੀ ਜਿਹੀ ਹੋਈ ਪਈ ਸੀ। ਮਨ 'ਚ ਪਤਾ ਨੀ ਕੀ ਆਈ ਮੈਂ ਅਲਮਾਰੀ ਦੇ ਸ਼ੀਸ਼ੇ ਮੂਹਰੇ ਜਾ ਖੜੀ ਹੋਈ। ਸ਼ੀਸ਼ੇ 'ਚ ਮੈਨੂੰ ਆਪਣੀ ਸ਼ਕਲ ਡਰਾਉਣੀ ਜਿਹੀ ਲੱਗੀ ਬਿਲਕੁਲ ਉਸ ਸ਼ੈਤਾਨ ਵਰਗੀ ਜੀਹਨੂੰ ਮੈਂ ਸਰਬਣ 'ਚ ਆਇਆ ਦੇਖਿਆ ਸੀ। ਦਿਲ ਕੀਤਾ ਆਪਣੇ ਮੂੰਹ ਤੇ ਚਪੇੜਾਂ ਮਾਰ ਮਾਰ ਕੇ ਸੁਜਾ ਲਵਾਂ ਤਾਂ ਕਿ ਉਸ ਸ਼ੈਤਾਨ ਦੇ ਭੈਅ ਤੋਂ ਮੁਕਤ ਹੋ ਸਕਾਂ। ਪਰ ਪਤਾਂ ਨੀ ਕਿਉਂ ਐਂ ਜਾਪ ਰਿਹੈ ਜਿਵੇਂ ਮੇਰੀ ਸੋਚ ਨੂੰ ਈ ਕਿਸੇ ਨੇ ਸੰਗਲਾਂ ਨਾਲ ਜਕੜ ਲਿਆ ਹੁੰਦੈ। ਲਖ ਛੁੱਟਣ ਤੇ ਵੀ ਮੁਕਤੀ ਨਈਂ ਮਿਲਦੀ। ਸਵੇਰ ਹੋਈ ਰਾਣੀ ਦੇ ਸਕੂਲ ਜਾਣ ਤੋਂ ਬਾਅਦ ਪਤਾ ਨੀ ਕੀ ਸੋਚ ਕੇ ਮੈਂ ਵੰਗਾਂ ਵਾਲਾ ਲਿਫ਼ਾਫ਼ਾ ਅਲਮਾਰੀ 'ਚੋਂ ਕੱਢ ਕੂੜੇ ਵਾਲੀ ਟੋਕਰੀ 'ਚ ਰੱਖ ਬਾਹਰ ਰੂੜੀ 'ਤੇ ਸੁੱਟ ਆਈ। ਇਕ ਵਾਰੀ ਮਨ ਨੂੰ ਸਕੂਨ ਜਿਹਾ ਮਿਲਿਆ ਸੀ ਜਿਵੇਂ ਕੋਈ ਵੱਡਾ ਸਾਰਾ ਪੱਥਰ ਦਿਲ ਤੋਂ ਚੱਕਿਆ ਗਿਆ ਹੋਵੇ। ਰਾਹ 'ਚ ਤੁਰੀ ਆਉਂਦੀ ਨੂੰ ਚਰਨਜੀਤ ਮਿਲ ਪਈ। ਨਿਰੀ ਗੱਲਾਂ ਦੀ ਗਾਲੜੀ ਐ, ਮਾੜਾ ਜਿਹਾ ਹਾਲ ਚਾਲ ਪੁੱਛ ਲਵੋਂ ਸਈ, ਬਸ ਉਧੜੀ ਤੁਰੀ ਜਾਊ। "ਕੀ ਦੱਸਾਂ ਭੈਣ ਕੁੜੀਆਂ ਵਲੋਂ ਬਾਹਲੀ ਤੰਗ ਸੀ। 'ਕੱਲੀਆਂ ਛੱਡ ਕੇ ਨਾ ਕਿਤੇ ਜਾਣ ਜੋਗੀ ਨਾ ਰਹਿਣ ਜੋਗੀ। ਬਾਰਾਂ ਬਾਰਾਂ ਜਮਾਤਾਂ ਕਰਗੀਆਂ ਸੀ ਦੋਵੇਂ। ਬਥੇਰੀਆਂ ਥਾਵਾਂ ਤੇ ਰਿਸ਼ਤੇ ਲੱਭੇ ਪਰ ਕੋਈ ਸਿਰੇ ਨੀ ਚੜਿਆ, ਜੇ ਮੁੰਡਾ ਚੰਗਾ ਮਿਲਦਾ ਤਾਂ ਘਰ ਨੀ ਜੇ ਘਰ ਨੇ ਤਾਂ ਮੁੰਡੇ ਨੀ। ਨਸ਼ਿਆਂ ਨੇ ਈ ਜਗ ਪੱਟਿਆ ਪਿਐ। ਨਸ਼ੇੜੀਆਂ ਦੇ ਧੀਆਂ ਤੋਰ ਕੇ ਕਿਵੇਂ ਸੁਖ ਦਾ



ਸਾਹ ਲੈ ਲਊ ਬੰਦਾ। ਤੇ ਉਤੋਂ ਆਹ ਅੱਜਕਲ ਦੀ ਵਿਹਲੜ ਮੁਡੀਰ, ਰੋਜ ਈ ਕੋਈ ਨਾ ਕੋਈ ਦਾਦੇ ਮਘਾਉਣਾਂ ਗਲੀ ਚੋਂ ਝਾਤੀਆਂ ਮਾਰ ਮਾਰ ਲੰਘਦਾ ਸੀ। ਇੱਕ ਦੋ ਵਾਰੀ ਤਾਂ ਮੈਂ ਵੀ ਕੁੜੀਆਂ ਨੂੰ ਬਿੜਕਾਂ ਲੈਂਦੀਆਂ ਦੇਖਿਆ ਸੀ। ਇਸ ਤੋਂ ਪਹਿਲਾਂ ਕੋਈ ਜਾਹ ਜਾਂਦੀ ਹੋਜੇ ਮੈਂ ਤਾਂ ਹਾਰ ਕੇ ਕੁੜੀਆਂ ਨੂੰ ਬਾਬਾ ਜੀ ਕੋਲ ਈ ਛੱਡ ਆਈ ਆ। ਮੈਂ ਕਿਆ ਬਾਬਾ ਜੀ ਮੈਂ ਤਾਂ ਬਥੇਰੀ ਵਾਹ ਲਾ ਲਈ, ਹੁਣ ਤਾਂ ਇਹ ਤੇਰੇ ਈ ਰਖਣਦੀਆਂ ਨੇ, ਜਿਥੇ ਮਰਜੀ ਵਿਆਹ ਦਿਓ। ਹੋਰ ਕੁਸ਼ ਨਾ ਸਹੀ ਬਾਬਾ ਜੀ ਦੇ ਲੜ ਲਗ ਕੋਈ ਚੰਗੀ ਮੱਤ ਤਾਂ ਆਊ ਨਾ ਭੈਣ। ਬਾਬਾ ਜੀ ਬੜੀ ਕਰਨੀ ਆਲੇ ਐ। ਜਦੋਂ ਦੀ ਉਥੇ ਜਾਣ ਲਗੀ ਆਂ ਆਹ ਦੇਖ ਲੈ ਵਾਰੇ ਨਿਆਰੇ ਹੋਏ ਪਏ ਐ। ਕਿਥੇ ਪੈਸੇ ਪੈਸੇ ਨੂੰ ਤਰਸੀਦਾ ਸੀ ਹੁਣ ਰੱਖ ਰੱਖ ਭੁੱਲੀਦਾ। ਨਾਲੇ ਹੁਣ ਤਾਂ ਇਨਾ ਦਾ ਪਿਓ ਵੀ ਸ਼ਰਾਬ ਛੱਡ ਸਿਧੇ ਰਾਹ ਤੇ ਆਇਆ ਪਿਐ। ਇੱਕ ਈ ਦਾਬਾ ਮਾਰਿਆ ਸੀ ਬਾਬਾ ਜੀ ਨੇ, "ਬੰਦਾ ਬਣ ਜਾ ਬੰਦਾ, ਨਈਂ ਗਧਾ ਬਣਾਂ ਕੇ ਕਿਲੇ ਨਾਲ ਬੰਨ੍ਹ ਦੂੰ।" ਉਹ ਦਿਨ ਜਾਵੇ ਤੇ ਅੱਜ ਦਾ ਆਵੇ ਕਦੀ ਅੱਖ 'ਚ ਪਾਇਆ ਨੀ ਰੜਕਿਆ। ਮੈਂ ਤਾਂ ਕਹਿੰਨੀ ਆਂ ਭੈਣ ਤੂੰ ਵੀ ਬਾਬਾ ਜੀ ਦਾ ਲੜ ਫੜ ਲੈ, ਕੁਲਾਂ ਤਰ ਜਾਣਗੀਆਂ। ਉਨ੍ਹਾਂ ਦੇ ਤਾਂ ਚਿਹਰੇ ਦਾ ਨੂਰ ਦੇਖ ਕੇ ਈ ਬੰਦਾ ਆਪਣੇ ਆਪ ਨੂੰ ਭੁਲ ਜਾਂਦੈ। ਤੂੰ ਚੱਲੀਂ ਕਦੇ ਮੇਰੇ ਨਾਲ ਦਿਖਾ ਕੇ ਲਿਆਓਂ ਬਾਬਾ ਜੀ ਦਾ ਡੇਰਾ।"

ਚਰਨਜੀਤ ਦੀ ਡੇਰੇ ਵਾਲੇ ਬਾਬਾ ਜੀ ਵਿੱਚ ਅਥਾਹ ਸ਼ਰਧਾ ਦੇਖ ਕੇ ਇੱਕ ਵਾਰੀ ਤਾਂ ਮੇਰੇ ਵੀ ਪੈਰ ਡਗਮਗਾ ਗਏ ਸਨ। ਅੰਦਰ ਈ ਅੰਦਰ ਮੈਂ ਵੀ ਤਿਆਰ ਹੋ ਗਈ ਸਾਂ ਬਾਬਾ ਜੀ ਦੇ ਦਰਸ਼ਨਾ ਲਈ। ਪਰ ਪਤਾ ਨੀ ਉਹ ਗੱਲ ਕਿਵੇਂ ਮੇਰੇ ਚੇਤੇ ਆ ਗਈ ਜੀਹਨੂੰ ਮੈਂ ਮਸਾਂ ਭੁਲਾਇਆ ਸੀ। ਉਨ੍ਹਾਂ ਦਿਨਾਂ ਵਿੱਚ ਕੰਬਲੀ ਵਾਲੇ ਸਾਧ ਦੀ ਬੜੀ ਚਰਚਾ ਹੁੰਦੀ ਸੀ। ਘਰ ਘਰ ਉਹਦੇ ਨਾਂ ਦੀ ਜੋਤ ਜਗਦੀ ਸੀ। ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਉਹਦੇ ਦਰਸ਼ਨਾਂ ਲਈ ਧੱਕਾ ਮੁੱਕੀ ਹੁੰਦੀਆਂ ਸਨ। ਸਰਕਾਰੇ ਦਰਬਾਰੇ ਸਾਧ ਦੀ ਤੂਤੀ ਬੋਲਦੀ ਸੀ। ਪਰ ਇੱਕ ਦਿਨ ਉਹਦੀ ਵੀ ਪੋਲ ਖੁਲ੍ਹ ਗਈ ਸੀ। ਉਹ ਡੇਰੇ 'ਚ ਸੇਵਾ ਕਰਦੀਆਂ ਕੁੜੀਆਂ ਨਾਲ ਗ਼ਲਤ ਕੰਮ ਕਰਦਾ ਸੀ। ਸਾਧ ਦੀਆਂ ਨਜਦੀਕੀ ਚੇਲੀਆਂ ਕੁੜੀਆਂ ਨੂੰ ਡਰਾ ਧਮਕਾ ਕੇ ਰਖਦੀਆਂ ਸਨ। ਤਾਂ ਕਿ ਕੋਈ ਬਾਹਰ ਸਾਹ ਨਾ ਕੱਢੇ। ਉਨ੍ਹਾਂ 'ਚੋਂ ਕਈ ਤਾਂ ਗੱਡੀ ਵੀ ਚਾੜ ਦਿੱਤੀਆਂ ਸਨ। ਪਰ ਇੱਕ ਕੁੜੀ ਮਰਦ ਵਾਂਗ ਸੀਨਾਂ ਠੋਕ ਕੇ ਖੜ੍ਹ ਗਈ ਸੀ ਜੀਹਨੇ ਸਾਧ ਦੇ ਚਿਟੇ ਚੋਲੇ ਹੇਠ ਦਾ਼ਗੀ ਗੰਦ ਸਭ ਨੂੰ ਦਿਖਾ ਦਿੱਤਾ ਸੀ। ਜਿਹੜੇ ਲੋਕ ਆਪਣੀਆਂ ਕੁੜੀਆਂ ਨੂੰ ਡੇਰੇ ਛੱਡ ਛੱਡ ਆਉਂਦੇ ਸਨ। ਉਨ੍ਹਾਂ ਨੂੰ ਹੁਣ ਮੂੰਹ ਲਕੋਣ ਨੂੰ ਥਾਂ ਨੀ ਸੀ ਲੱਭਦੀ ਤੇ ਨਾ ਈ ਕੋਈ ਖੂਹ ਖਾਤਾ ਦੀਂਹਦਾ ਸੀ ਜੀਹਦੇ ਵਿੱਚ ਡੁੱਬ ਮਰਨ। ਇਹ ਡੇਰੇ ਵਾਲਾ ਬਾਬਾ ਵੀ ਮੈਨੂੰ ਕੰਬਲੀ ਵਾਲੇ ਸਾਧ ਦਾ ਈ ਰੂਪ ਲਗਾ ਸੀ। ਤੇ ਮੈਂ ਆਪਣੇ ਡਗਮਗਾਂਦੇ ਪੈਰਾਂ ਤੂੰ ਸਥਿਰ ਕਰ ਲਿਆ। ਦੂਰੋਂ ਦਿਸਦੇ ਨਿਸ਼ਾਨ ਸਾਹਿਬ ਅੱਗੇ ਮੇਰਾ ਸਿਰ ਝੁਕ ਗਿਆ। ਤੇ ਮੈਂ ਅੰਦਰੋਂ ਈ ਬੋਲੀ "ਬਚਾਂਈ ਮਾਲਕਾ ਐਹੋ ਜੇ ਸਾਧਾਂ ਤੋਂ।"

ਵਾਪਸ ਘਰ ਆਈ ਤਾਂ ਅਖਬਾਰ ਵਿਹੜੇ ਵਿੱਚ ਖਿਲਰੀ ਪਈ ਸੀ। ਸ਼ਾਇਦ ਹਵਾ ਦੇ ਬੁੱਲੇ ਨਾਲ ਉੱਡ ਕੇ ਮੰਜੇ ਤੋਂ ਹੇਠਾਂ ਆ ਡਿੱਗੀ ਹੋਣੀ ਐਂ। ਹੁਣ ਤਾਂ ਇਹਦੇ ਵਰਕੇ ਫੋਲਣ ਤੋਂ ਵੀ ਡਰ ਆਉਂਦੈ। ਰੋਜ ਈ ਕੋਈ ਨਾ ਕੋਈ ਜੱਗੋ ਤੇਰਵੀਂ ਗੱਲ ਮੂੰਹ ਤੇ ਚਪੇੜ ਵਾਂਗ ਮਾਰਦੀ ਐ। ਜੋ ਕਦੀ ਨਾ ਦੇਖੀ ਹੁੰਦੀ ਐ ਨਾ ਸੁਣੀ ਹੁੰਦੀ ਐ। ਇਹਦੇ ਵਿੱਚ ਵੀ ਕੋਈ ਸ਼ੈਤਾਨੀ ਆਤਮਾਂ ਵਸੀ ਹੋਈ ਲਗਦੀ ਐ ਜੇ ਮੇਰਾ ਦਿਮਾ਼ਗ ਖਰਾਬ ਕਰਨ ਲਗੀ ਹੋਈ ਐ। ਮੁੱਖ ਪੰਨੇ ਤੇ ਛਪੀ ਦੋ ਸਕੀਆਂ ਭੈਣਾਂ ਦੀ ਤਸਵੀਰ ਮੇਰਾ ਮੂੰਹ ਚਿੜਾ ਰਹੀ ਸੀ। ਸਵੇਰ ਵੇਲੇ ਇਹ ਖਬਰ ਮੈਂ ਦੇ ਤਿੰਨ ਵਾਰ ਪੜੀ ਸੀ। ਮਾਂ ਦੀ ਚਤੋਂ ਪਹਿਰ ਦੀ ਨਿਗਰਾਨੀ ਅਤੇ ਨੁਕਤਾਚੀਨੀ ਤੋਂ ਤੰਗ ਆ ਕੇ ਦੋ ਸਕੀਆਂ ਭੈਣਾਂ ਘਰੋਂ ਭੱਜ ਗਈਆਂ ਸਨ। ਉਨ੍ਹਾਂ ਨੂੰ ਦਿੱਲੀ ਰੇਲਵੇ ਸਟੇਸ਼ਨ ਤੋਂ ਫੜ ਕੇ ਲਿਆਂਦਾ ਸੀ। ਹੇਠਾ ਲਿਖਿਆ ਸੀ ਟੀਨਏਜ਼ਰ ਬੱਚਿਆਂ ਤੇ ਲੋੜੋਂ ਵੱਧ ਪ੍ਰੈਸ਼ਰ ਅਤੇ ਦਬਾਅ ਉਨ੍ਹਾਂ ਦੇ ਮਾਨਸਿਕ ਸੰਤੁਲਨ ਨੂੰ ਵਿਗਾੜ ਸਕਦੈ। ਇਸ ਉਮਰੇ ਬੱਚਿਆਂ ਨੂੰ ਕੋਈ ਗੱਲ ਮਨਵਾਉਣ ਲਈ ਉਨ੍ਹਾਂ ਤੇ ਦਬਾਅ ਨਈ ਪਾਉਣਾਂ ਚਾਹੀਦਾ। ਨਈ ਤਾਂ ਕਈ ਵਾਰੀ ਖੁਦਕੁਸ਼ੀ ਜਾਂ ਘਰੋਂ ਭੱਜਣ ਵਰਗੀ ਨੌਬਤ ਆ ਜਾਂਦੀ ਐ। ਇਹੀ ਖਬਰ ਮੈਂ ਹੇਠੋਂ ਅਖਬਾਰ ਚੁੱਕ ਦੁਬਾਰਾ ਪੜੀ ਐ। ਕਿਤੇ ਮੈਂ ਵੀ ਕੁੜੀ ਨਾਲ ਐਂ ਤਾਂ ਨੀ ਕਰ ਰਹੀ। ਕਿਤੇ ਰਾਣੀ ਮੈਥੋਂ ਖਿਝ ਕੇ ਘਰੋਂ ਤਾਂ ਨੀ ਭੱਜ ਜੂ। ਮੇਰੇ ਅੰਦਰੋਂ ਵੀ ਕੁਸ਼ ਬੋਲਿਆ। ਨਈਂ ਨਈਂ ਐਂ ਨੀ ਹੋ ਸਕਦਾ, ਉਹ ਮੇਰੀ ਧੀ ਐ, ਉਹ ਐਂ ਨੀ ਕਰ ਸਕਦੀ। ਨਈਂ ਨਈਂ ਮੈਨੂੰ ਇੰਝ ਨੀ ਕਰਨਾ ਚਾਹੀਦਾ।

ਮੇਰੇ ਪਿੰਡੇ ਤੇ ਡਰ ਨਾਲ ਜਿਵੇਂ ਕੀੜੀਆਂ ਰੀਂਗਣ ਲਗੀਆਂ ਹੋਣ। ਬਲੱਡ ਪ੍ਰੈਸ਼ਰ ਵਧਦਾ ਜਾ ਰਿਹੈ। ਲਗਦੈ ਜਿਵੇਂ ਖੂਨ ਨਸਾਂ ਫਟ ਕੇ ਫੁਵਾਰੇ ਵਾਂਗ ਬਾਹਰ ਨਿੱਕਲ ਆਵੇਗਾ। ਮੈਨੂੰ ਚੱਕਰ ਆ ਰਹੇ ਨੇ, ਮੰਜਾ ਜਿਵੇਂ ਘੁੰਮ ਰਿਹਾ ਹੋਵੇ। ਅਲਾਰਮ ਦੀ ਘੰਟੀ ਵਜਦੀ ਹੈ, ਮੇਰੀਆਂ ਸੋਚਾਂ ਦੀ ਲੜੀ ਟੁਟਦੀ ਹੈ ਕਿਤੇ ਰਾਣੀ ਤਾਂ ... ਨਹੀਂ ਨਹੀਂ। ਮੈਂ ਬੂਹੇ ਮੂਹਰੇ ਜਾ ਖੜਦੀ ਆਂ। ਰਾਣੀ ਗਲੀ ਵਿੱਚ ਤੁਰੀ ਆਉਂਦੀ ਹੈ। ਉਹਨੂੰ ਦੇਖ ਕੇ ਮੇਰੇ ਸਾਹ 'ਚ ਸਾਹ ਆ ਜਾਂਦੈ ਹੈ। ਉਹ ਜਿਵੇਂ ਜਿਵੇਂ ਮੇਰੇ ਨੇੜੇ ਆ ਰਹੀ ਐ ਮੈਨੂੰ ਜਾਪਦਾ ਜਿਵੇਂ ਹਰ ਕਦਮ ਜਵਾਨ ਹੋ ਰਹੀ ਹੋਵੇ। ਉਹਦੇ ਸਰੀਰ ਦੀਆਂ ਗੋਲਾਈਆਂ ਵਾਂਗ ਉਹਦੇ ਕੱਪੜਿਆਂ ਦਾ ਅਕਾਰ ਵੀ ਮੈਨੂੰ ਓਪਰਾ ਓਪਰਾ ਜਿਹਾ ਲੱਗਾ। ਰਾਣੀ ਮੇਰੇ ਸਾਹਮਣੇ ਆ ਕੇ ਖੜ ਗਈ। ਮੈਂ ਡੌਰ ਭੌਰ ਉਹਦੇ ਵੱਲ ਦੇਖੀ ਜਾ ਰਹੀ ਆਂ ਸਿਰ ਤੋਂ ਪੈਰਾਂ ਤੱਕ।

"ਮੰਮੀ ...।" ਮੈਂ ਤ੍ਰਬਕੀ।

"ਕੀ ਵੇਖੀ ਜਾਨੀ ਐਂ...! ਚੱਲ ਅੰਦਰ!"

ਮੈਂ ਚੁਪਚਾਪ ਅੰਦਰ ਆ ਮੰਜੇ ਤੇ ਬੈਠ ਗਈ। ਰਾਣੀ ਕੱਪੜੇ ਬਦਲ ਰੋਟੀ ਖਾਣ ਲਗ ਪਈ। ਮੈਂ ਉਹਦੇ ਕੋਲ ਬੈਠੀ ਅਖਬਾਰ ਦੀ ਫੋਲਾਫਾਲੀ ਕਰ ਰਹੀ ਆਂ, ਪੜ੍ਹਨ ਦਾ ਤਾਂ ਜਿਵੇਂ ਬਹਾਨਾ ਐਂ। ਉਡੀਕਦੀ ਆਂ ਰਾਣੀ ਕੁਸ਼ ਬੋਲੇ ਤੇ ਮੈਂ ਉਹਦੀਆਂ ਗੱਲਾਂ ਵਿੱਚ ਗਵਾਚ ਸਭ ਕੁਸ਼ ਭੁਲ ਭੁਲਾ ਜਾਵਾਂ।

"ਮੰਮੀ ਅੱਜ ਨਾ ਮੈਨੂੰ ਪਾਪਾ ਸਕੂਲ ਛੱਡ ਕੇ ਗਏ। ਮੈਡਮਾਂ ਨੂੰ ਵੀ ਮਿਲਕੇ ਆਏ ਸੀ।"

ਮੇਰੇ ਮਨ 'ਚ ਕੁੜੱਤਣ ਜਿਹੀ ਭਰ ਗਈ ਹੈਂਅ ਅੱਗੇ ਨਾ ਪਿਛੇ ਅੱਜ ਇਹ ਕੁੜੀ ਦੇ ਸਕੂਲ ਕੀ ਕਰਨ ਗਿਆ ਸੀ। ਹੋ ਸਕਦਾ ਰਾਹ 'ਚ ਈ ਕੁੜੀ ਨਾਲ ਮਾੜੀਆਂ ਗੱਲਾਂ ਕਰਦਾ ਹੋਵੇ। ਇੱਕ ਵਾਰੀ ਫਿਰ ਮੈਨੂੰ ਸਰਬਣ ਦੇ ਚਿਹਰੇ ਤੇ ਸ਼ੈਤਾਨ ਦਾ ਝੌਲਾ ਪਿਆ। ਮੇਰੀ ਸੋਚ ਆਪਣੇ ਆਪ ਨੂੰ ਗੰਨੇ ਵਾਂਗ ਪੀੜਦੀ ਜਾਪੀ। ਹੁਣ ਉਹ ਬੰਦਾ ਮੈਨੂੰ ਜਮਾਂ ਈ ਚੰਗਾ ਨੀ ਲਗਦਾ। ਐਂ ਜਾਪਦੈ ਜਿਵੇਂ ਕੁੜੀ ਤੇ ਉਹਨੇ ਆਪਣਾਂ ਗਲਬਾ ਪੂਰੀ ਤਰ੍ਹਾਂ ਪਾ ਲਿਆ ਹੋਵੇ। ਤੇ ਰਾਵੀ ਉਹਦੇ ਵਿੱਚ ਪੂਰੀ ਤਰ੍ਹਾਂ ਧਸ ਗਈ ਹੋਵੇ।

"ਆਉਣ ਦੇ ਚੌਰੇ ਨੂੰ ਅੱਜ ਗੱਲ ਇਕ ਬੰਨੇ ਲਾ ਈ ਦੇਣੀ ਐ। ਆਖਰ ਤੇਰੇ ਮਨ 'ਚ ਹੈ ਕੀ ... ਕੀ ਚਹੁਨੈ ਤੂੰ...।" ਮੈਂ ਮਨ ਹੀ ਮਨ ਆਪਣੇ ਆਪ ਨੂੰ ਗ੍ਰਹਿ ਯੁੱਧ ਲਈ ਤਿਆਰ ਕਰਦੀ ਰਹੀ। ਬਾਕੀ ਬਚੇ ਚੱਪਾ ਕੁ ਦਿਨ ਵਿੱਚ ਮੇਰੇ ਅੰਦਰ ਪਤਾ ਨੀ ਕੀ ਕੁਸ਼ ਵਾਪਰ ਗਿਆ। ਪਲ ਪਲ ਮੇਰੀ ਸੋਚ ਆਪਣੇ ਆਪ ਵਿੱਚ ਗੁੱਥਮਗੁੱਥਾ ਹੁੰਦੀ ਰਹੀ।

ਮੂੰਹ ਹਨੇਰਾ ਹੋ ਗਿਆ ਬੂਹੇ ਮੂਹਰੇ ਘੁਸਰ ਮੁਸਰ ਜਿਹੀ ਹੋਈ ਜਾਵੇ। ਮੈਂ ਅਗਾਂਹ ਜਾ ਕੇ ਦੇਖਿਆ ਸਰਬਣ ਗਾਮੇ ਨਾਲ ਗੱਲੀਂ ਲਗਾ ਹੋਇਆ ਸੀ, "ਚਲ ਯਾਰ ਘੁੱਟ ਘੁੱਟ ਲਾ ਲੈਨੇ ਆਂ।" ਗਾਮਾਂ ਕਹਿ ਰਿਹਾ ਸੀ। ਨਈ ਯਾਰ ਹੁਣ ਚਿੱਤ ਨੀ ਕਰਦਾ, ਨਾਲੇ ਹੁਣ ਆਪਾਂ ਬਾਹਰ ਈ ਮਿਲਿਆ ਕਰਾਂਗੇ... ਘਰੇ ਠੀਕ ਨੀ ਲਗਦਾ। ਸਰਬਣ ਬੋਲਿਆ। ਮੈਂ ਚੁਪਚਾਪ ਵਾਪਸ ਆ ਚੌਂਕੇ 'ਚ ਬੈਠ ਰੋਟੀਆਂ ਲਹੁਣ ਲਗ ਪਈ। ਪੰਜ ਕੁ ਮਿੰਟ ਬਾਅਦ ਸਰਬਣ ਅੰਦਰ ਲੰਘ ਸੈਂਕਲ ਕੰਧ ਨਾ ਲਾ ਹੈਂਡਲ ਨਾਲੋਂ ਦੋ ਲਿਫ਼ਾਫੇ ਖੋਲ੍ਹ ਚੁਪਚਾਪ ਅੰਦਰ ਚਲਾ ਗਿਆ। ਰਾਣੀ ਵੱਲ ਬਰਾਸ਼ਾਂ ਜਿਹੀਆਂ ਪਾੜ ਕੇ ਦੇਖਦੇ ਨੂੰ ਮੈਂ ਚੌਂਕੇ 'ਚ ਬੈਠੀ ਨੇ ਦੇਖ ਲਿਆ ਸੀ। ਰਾਣੀ ਮੰਜੇ ਤੋਂ ਉੱਠ ਪਾਣੀ ਦੇਣ ਚਲੀ ਗਈ। ਮੇਰੇ ਮੂੰਹ 'ਚ ਜਿਵੇਂ ਅੱਕ ਦਾ ਪੱਠਾ ਚਿੱਥਿਆ ਗਿਆ ਹੋਵੇ। ਮਨ 'ਚ ਭਰੇ ਗੁਬਾਰ ਦਾ ਕੜ ਪਾਟਣ ਤੇ ਆ ਗਿਆ। "ਕੀ ਕੰਜਰਖਾਨਾਂ ਬਣਾਇਆ ਘਰ ਨੂੰ... ਅੱਜ ਦੱਸਦੀ ਆਂ ਇਨ੍ਹਾਂ ਨੂੰ ਬਈ ਪਿਓ ਧੀ...।' ਮੈਂ ਹੱਥ 'ਚ ਫੂਕਣਾਂ ਲੈ ਅੰਦਰ ਵੱਲ ਨੂੰ ਅਹੁਲੀ। ਮੇਰੇ ਕਦਮ ਦੇਹਲੀ ਤੇ ਈ ਧਰੇ ਰਹਿ ਗਏ। ਸਰਬਣ ਰਾਣੀ ਦੇ ਸਿਰ ਤੇ ਨਵੀਂ ਲਿਆਂਦੀ ਵਰਦੀ ਨਾਲ ਦੀ ਚੁੰਨੀ ਦੀ ਬੁੱਕਲ ਦੇ ਰਿਹਾ ਸੀ। ਹੁਣ ਮੇਰਾ ਪੁੱਤ ਵੱਡਾ ਹੋ ਗਿਆ, ਚੁੰਨੀ ਲੈ ਕੇ ਸਕੂਲ ਜਾਇਆ ਕਰੂਗਾ।" ਉਹ ਲਾਡ ਜਿਹੇ ਨਾਲ ਬੋਲ ਰਿਹਾ ਸੀ। ਰਾਣੀ ਚੁੰਨੀ ਦੀ ਬੁੱਕਲ ਮਾਰ ਮੇਰੇ ਵੱਲ ਮੁੜੀ। ਮੈਨੂੰ ਲਗਾ ਜਿਵੇਂ ਚੁੰਨੀ ਦੀ ਪਵਿਤਰਤਾ ਨਾਲ ਉਹਦਾ ਵਜੂਦ ਤੇ ਪਿਓ ਦੀ ਇੱਜਤ ਢਕੀ ਗਈ ਹੋਵੇ। ਮੈਥੋਂ ਉਨ੍ਹਾਂ ਨਾਲ ਅੱਖ ਨਾ ਮਿਲਾ ਹੋਈ। ਬੌਨੀ ਹੋ ਗਈ ਸਾਂ ਉਨ੍ਹਾਂ ਸਾਹਮਣੇਂ, ਮੂੰਹੋਂ ਕੁਸ਼ ਨਾ ਬੋਲ ਸਕੀ। ਅੰਦਰੋਂ ਈ ਕੁਸ਼ ਲਾਹਨਤ ਵਰਗਾ ਉਭਰਿਆ, "ਦੁਰਫਿਟੇ ਮੂੰਹ ਮੈਂ ਵੀ ਕੀ ਸੋਚਦੀ ਰਹੀ। ਭਲਾ.....।"

**ਪਤਾ: ਸ਼ੇਰਪੁਰ ਤਾਇਬਾਂ, ਮੋਗਾ-142042, ਮੋਬਾਇਲ 94638-83994**



## ਕਹਾਣੀ / **ਚਪੇੜ** / **ਗੁਰਿੰਦਰ ਸਿੰਘ ਕਲਸੀ**

ਨਸ਼ਾ ਬਹੁਤ ਹੋ ਗਿਆ ਹੈ। ਬੈੱਡ ਉੱਤੇ ਡਿੱਗਿਆ ਪਿਆ ਹਾਂ।ਲਗਦਾ ਹੈ ਕਿ ਬੈੱਡ ਭੁਆਂਟਣੀਆਂ ਖਾ ਰਿਹਾ ਹੈ-ਆਸੇ ਪਾਸੇ ਘੁੰਮ ਰਿਹਾ ਹੈ-ਕਦੇ ਹੇਠਾਂ ਵੱਲ ਬੜੀ ਤੇਜ਼ੀ ਨਾਲ ਆ ਜਾ ਰਿਹਾ ਹੈ। ਕੋਲ ਹੀ ਟੈਲੀਵੀਜ਼ਨ ਚੱਲ ਰਿਹਾ ਹੈ ਜਿਸ ਉੱਤੇ ਕੋਈ ਭਗਵੇਂ ਕੱਪੜਿਆਂ ਵਾਲਾ ਬਾਬਾ ਬੋਲ ਰਿਹਾ ਹੈ - ਉਸ ਦੇ ਟੁੱਟਵੇਂ ਜਿਹੇ ਬੋਲ ਵੀ ਸੁਣਦੇ ਹਨ ਅਤੇ ਆਲੇ-ਦੁਆਲੇ ਦੀਆਂ ਆਵਾਜ਼ਾਂ ਵੀ।

... ਦਿਨ-ਪ੍ਰਤੀ-ਦਿਨ ਮਨੁੱਸ਼ਯ ਅਕੇਲਾ ਹੋਤਾ ਜਾ ਰਹਾ ਹੈ । ਕਯਾ ਕਾਰਨ ਹੈ ।... ਇਸ ਕਾ ... ਈਰਸ਼ਯਾ, ਅਹੰਕਾਰ ... ਦੂਸਰੇ ਕੋ ਪਿਆਰ ਨਾ ਕਰਨਾ ... ਅਕੇਲਾ... ਅਕੇਲਾਪਨ।

ਅਜੇ ਨਸ਼ਾ ਟੁੱਟਿਆ ਨਹੀਂ.. ਦਿਮਾਗ਼ ਵਿੱਚ ਟੁੱਟੇ ਭੱਜੇ ਖ਼ਿਆਲ ਆਈ ਜਾਂਦੇ ਹਨ। ਫ਼ਿਲਮ ਦੀ ਰੀਲ੍ਹ ਵਾਂਗ ਘਟਨਾਵਾਂ ਬੜੀ ਤੇਜ਼ੀ ਨਾਲ ਬਦਲ ਰਹੀਆਂ ਹਨ। ਫੋਰਮੈਨ, ਚਾਚਾ ਰੂਪ ਸਿੰਘ ਦੀਆਂ ਦੇਹਲ਼ੀਆਂ ਵਿੱਚ ਡਿੱਗਿਆ ਪਿਆ ਹੈ। ਮੰਗੂ ਦੀ ਲਾਠੀ ਉਸ ਦੇ ਮੱਥੇ ਉੱਤੇ ਉੱਘਰ ਰਹੀ ਹੈ।....

ਗੋਲਾ ਗੁੱਸੇ ਨਾਲ ਫੁੰਕਾਰ ਰਹੀ ਮੇਰੇ ਸਹੁਰਿਆਂ ਨੂੰ ਫ਼ੋਨ ਕਰ ਰਹੀ ਹੈ... ਉਸ ਦੀ ਮਾਂ ਕੋਲ ਖੜ੍ਹੀ ਆਪਣੀਆਂ ਐਨਕਾਂ ਨੂੰ ਠੀਕ ਕਰ ਰਹੀ ਹੈ।...

ਮੈਂ ਦਾਰੂ ਦੇ ਦੋ ਤਿੰਨ ਪੈੱਗ ਲਗਾ ਕੇ ਕਰਨ ਨੂੰ ਫ਼ੋਨ ਉੱਤੇ ਗਾਲ੍ਹਾਂ ਕੱਢ ਰਿਹਾ ਹਾਂ...

ਪਤਾ ਹੀ ਨਹੀਂ ਲਗਦਾ ਕਿ ਕਦੋਂ ਮੈਂ ਬੈੱਡ ਉੱਤੇ ਪਿਆ-ਪਿਆ ਉੱਚੀਂ-ਉੱਚੀਂ ਗਾਲ੍ਹਾਂ ਕੱਢਣ ਲਗਦਾ ਹਾਂ। ਇਹ ਵੀ ਭੁੱਲ ਜਾਂਦਾ ਹਾਂ ਕਿ ਮੇਰੀਆਂ ਗਾਲ੍ਹਾਂ ਮੇਰੇ ਬੱਚੇ ਸੁਣ ਰਹੇ ਹਨ੍ਵ. ਮੇਰੀ ਪਤਨੀ ਅਤੇ ਮੇਰੀ ਮਾਂ ਸੁਣ ਰਹੀਆਂ ਹਨ।

ਮੈਨੂੰ ਆਪਣੀ ਪਤਨੀ ਬੁੜਬੁੜ ਕਰਦੀ ਸੁਣਾਈ ਦਿੰਦੀ ਹੈ। ਉਹ ਉਸ ਬੰਦੇ ਨੂੰ ਕੋਸ ਰਹੀ ਹੈ ਜਿਹੜਾ ਮੈਨੂੰ ਦਾਰੂ ਪੀਣ ਲਈ ਲੈ ਕੇ ਜਾਂਦਾ ਹੈ। ਉਂਜ ਉਸ ਨੂੰ ਵੀ ਇਹ ਨਹੀਂ ਪਤਾ ਕਿ ਅੱਜ ਮੈਂ ਕਿਸ ਦੇ ਨਾਲ ਪੀ ਕੇ ਆਇਆ ਹਾਂ। ਮੈਨੂੰ ਬਹੁਤ ਦੁੱਖ ਪਹੁੰਚਦਾ ਹੈ ਜਦੋਂ ਕੋਈ ਮੇਰੇ ਦੋਸਤਾਂ ਨੂੰ ਬੁਰਾ ਭਲਾ ਕਹਿੰਦਾ ਹੈ।

ਸ਼ਾਮ ਚਾਰ ਕੁ ਵਜੇ ਮਾਸਟਰ ਪਰਮਿੰਦਰ ਦਾ ਫ਼ੋਨ ਆਇਆ ਸੀ-

... ਹਾਂ ਕਿਆ ਕਰਦੈ? ... ਕਿੱਥੇ ਆਂ?...

... ਮੈਂ ... ਮੈਂ ਬਸ ਪੰਦਰਾਂ ਵੀਹ ਮਿੰਟ ਤੱਕ ਵਿਹਲਾ ਹੋ ਜਾਣੈਂ੍ਵ. ਬਸ ਘਰਦਿਆਂ ਨੂੰ ਦੁੱਧ ਅਤੇ ਸਬਜ਼ੀ ਲਿਆ ਕੇ ਦੇਣੀ ਆਂ...

... ਮੈਂ ਕਹਿੰਦੈ ਬੀ ਅੱਜ ਸੈਰ ਕਰਦੇ... ਮੈਂ ਅਰ ਗਰਚਾ ਤਾਂ ਤਿਆਰ ਹੋ ਰਹੇ ਆਂ ਸੈਰ ਵਾਸਤੇ।

... ਬੂਟ-ਬਾਟ ਪਾ 'ਲੇ।

ਇਹ ਕਹਿ ਕੇ ਮੈਂ ਹੱਸ ਪੈਂਦਾ ਹਾਂ ਕਿਉਂਕਿ ਮੈਂ ਉਸ ਦੀ 'ਸੈਰ' ਦਾ ਮਤਲਬ ਸਮਝ ਗਿਆ ਸੀ।

... ਹਾਂ ... ਆ ਜਾਂਦੈਂ ਮੈਂ ਫੇਰ-ਦੱਸੋ ਕਿੱਥੇ ਮਿਲਾਂ?

... ਤੂੰ ਸਾਧੂ ਦੇ ਢਾਬੇ 'ਤੇ ਆ ਜਾ।

ਫ਼ੋਨ ਬੰਦ।

ਬਸ ਸਾਧੂ ਦੇ ਢਾਬੇ 'ਤੇ ਕੁਝ ਜ਼ਿਆਦਾ ਹੀ ਹੋ ਗਈ। ਤਿੰਨ ਬੰਦੇ ਤੇ ਇੱਕ ਬੋਤਲ। ਬਾਅਦ ਵਿਚ ਇੱਕ ਹੋਰ ਦੋਸਤ ਉੱਥੇ ਈ ਬੀਅਰ ਦੇ ਪੈੱਗ ਲਵਾ ਗਿਆ। ਬਸ ਓਸੇ ਨੇ ਖ਼ਰਾਬ ਕੀਤਾ।

ਪਤਾ ਨਹੀਂ ਕਿਸ ਤਰ੍ਹਾਂ ਮੈਂ ਸਾਧੂ ਦੇ ਢਾਬੇ ਤੋਂ ਆਪਣੇ ਘਰ ਤੱਕ ਪੁੱਜਿਆ ਸੀ। ਰਸਤੇ ਵਿੱਚ ਪਤਾ ਨਹੀਂ ਕਿਸ-ਕਿਸ ਨੂੰ ਫ਼ੋਨ ਮਿਲਾ ਹੋ ਗਿਆ ਅਤੇ ਪਤਾ ਨਹੀਂ ਕਿਸ-ਕਿਸ ਨੂੰ ਕੀ-ਕੀ ਕਹਿ ਹੋ ਗਿਆ।

ਬਿਜਲੀ ਵਾਲੇ ਸ਼ਰਮੇ ਦੇ ਕੁਝ ਪੈਸੇ ਦੇਣੇ ਸਨ। ਉਸ ਦਾ ਹਿਸਾਬ-ਕਿਤਾਬ ਕਰਨ ਲਈ ਖੜ੍ਹ ਗਿਆ। ਉਹ ਮੁਸਕਰਾਈ ਜਾਵੇ ਅਤੇ ਕਹੀ ਜਾਵੇ:

... ਕੋਈ ਗੱਲ ਨੀ, ਮਾਸਟਰ ਜੀ, ਫੇਰ ਆ ਜਾਣਗੇ ਪੈਸੇ...

ਕੋਲ ਹੀ ਖੜ੍ਹਾ ਬੰਟੀ ਵੀ ਬੋਲਿਆ:

... ਲੈ ਲੋ, ਲੈ ਲੋ ਪੰਡਤ ਜੀ, ਅੱਜ ਮਾਸਟਰ ਜੀ ਮੂਡ ਵਿੱਚ ਆਂ।

ਕੁਝ ਚਿਰ ਲਈ ਮੈਨੂੰ ਬੰਟੀ ਬਹੁਤ ਬੁਰਾ ਲੱਗਿਆ। ਮੈਂ ਉਸ ਵੱਲ ਘੂਰ ਕੇ ਵੀ ਦੇਖਿਆ। ਪਰ ਮੇਰੇ ਚਿਹਰੇ ਉੱਤੇ ਗੁੱਸਾ ਉੱਭਰ ਹੀ ਨਹੀਂ ਸਕਿਆ। ਅੱਜ ਜਿਵੇਂ ਮੇਰਾ ਮੂਡ ਸਭ ਨਾਲ ਹੱਸ-

ਹੱਸ ਕੇ ਅਤੇ ਬਹੁਤ ਸਾਰੀਆਂ ਗੱਲਾਂ ਕਰਨ ਨੂੰ ਹੀ ਕਰਦਾ ਸੀ। ਇਸੇ ਅਸਰ ਅਧੀਨ ਅੱਜ ਮੈਂ ਆਪਣੇ ਘਰ ਦੇ ਸਾਹਮਣੇ ਤੰਗ ਗਲੀ ਵਿੱਚ ਖੜ੍ਹੇ ਮੰਗੂ ਨੂੰ ਬੁਲਾ ਲਿਆ ਸੀ। ਮੈਂ ਸਾਰੀ ਉਮਰ ਕਦੇ ਮੰਗੂ ਨੂੰ ਨਹੀਂ ਸੀ ਬੁਲਾਇਆ, ਪਰ ਅੱਜ ਉਸ ਨੂੰ ਬੁਲਾ ਲਿਆ:

... ਓ ਮੰਗੂ, ਆਪਣੀ ਕੋਈ ਦੁਸ਼ਮਣੀ ਨੀਂ ਹੈ ਯਾਰ, ਨਾ ਤੂੰ ਮੈਨੂੰ ਕਦੇ ਚੰਗਾ-ਮਾੜਾ ਕਿਹੈ . ਨਾ ਮੈਂ ਤੈਨੂੰ ਕਦੇ ਚੰਗਾ ਮਾੜਾ ਕਿਹੈ... ਤੂੰ ਮੈਨੂੰ ਦੱਸ ਦਈਂ ਜਿੱਦਣ ਸਾਲੇ ਕਰਨ ਦੇ ਚਾਰ ਰਖੜੇ ਲਾਉਣੇ ਹੋਏ... ਜੰਮਣਾ ਬੰਦ ਕਰ ਦਿਆਂਗੇ ਸਾਲ਼ੇ ਦਾ...।

ਆਪ ਮੁਹਾਰੇ ਹੀ ਮੇਰਾ ਹੱਥ ਉਸ ਦੇ ਮੋਢੇ ਉੱਤੇ ਚਲਾ ਗਿਆ ਸੀ। ਉਸ ਨੇ ਅਜੀਬ ਜਿਹੀ ਮੁਸਕੁਰਾਹਟ ਦੇ ਨਾਲ ਮੇਰਾ ਹੱਥ ਆਪਣੇ ਮੋਢੇ ਤੋਂ ਉਤਾਰ ਦਿੱਤਾ ਅਤੇ ਕਿਹਾ:

... ਬਸ ਰਹਿਣ ਦੇ ... ਹੁਣ।

ਮੈਨੂੰ ਲੱਗਿਆ ਜਿਵੇਂ ਕਿਸੇ ਨੇ ਬੜੀ ਜ਼ੋਰ ਨਾਲ ਮੇਰੇ ਮੂੰਹ ਉੱਤੇ ਚਪੇੜ ਮਾਰੀ ਹੋਵੇ। ਕਿੰਨੀ ਬੇਇੱਜ਼ਤੀ ਸੀ ਮੇਰੀ? ਕਿੰਨਾ ਛੋਟਾ ਸੀ ਮੰਗੂ ਮੇਰੇ ਨਾਲੋਂ? ਉਸ ਨੇ ਮੇਰਾ ਹੱਥ ਆਪਣੇ ਮੋਢੇ ਤੋਂ ਇੱਕ ਕਿਸਮ ਨਾਲ ਝਟਕ ਹੀ ਦਿੱਤਾ ਸੀ।

ਇਸ ਤਰ੍ਹਾਂ ਤਾਂ ਮੇਰੇ ਨਾਲ ਕਦੇ ਕਿਸੇ ਨੇ ਨਹੀਂ ਸੀ ਕੀਤੀ।

ਪਰ ਮੈਂ ਕਿਹੜਾ ਉਸ ਨਾਲ ਘੱਟ ਕੀਤੀ ਸੀ। ਪੁਲਿਸ ਸਟੇਸ਼ਨ ਵਿੱਚ ਉਸ ਨਾਲ ਅਤੇ ਉਸ ਦੇ ਸਾਥੀਆਂ ਨਾਲ ਸਿਪਾਹੀਆਂ ਤੋਂ ਜੋ ਵਿਵਹਾਰ ਮੈਂ ਕਰਵਾਇਆ ਸੀ, ਉਹ ਕਿਹੜਾ ਘੱਟ ਸੀ। ਉਹਨਾਂ ਨੂੰ ਸਿਪਾਹੀਆਂ ਨੇ ਗਾਲ੍ਹਾਂ ਕੱਢੀਆਂਤ.. ਠੁੱਡੇ ਮਾਰੇ ਅਤੇ ਲਿਖ਼ਤੀ ਤੌਰ 'ਤੇ ਮਾਫ਼ੀ ਵੀ ਮੰਗਵਾਈ ਸੀ। ਮੇਰਾ ਤਾਂ ਉਸ ਨੇ ਕੁਝ ਵੀ ਨਹੀਂ ਸੀ ਵਿਗਾੜਿਆ।

ਸਾਰਾ ਪੰਗਾ ਤਾਂ ਮੇਰੇ ਸਾਲ਼ੇ ਕਰਨ ਨੇ ਹੀ ਪਾਇਆ ਸੀ, ਉਸ ਨਾਲ ਲੜਾਈ ਛੇੜ ਕੇ। ਪਹਿਲਾਂ ਦੋਵੇਂ ਦੋਸਤ ਸਨ। ਫਿਰ ਲੜ ਪਏ। ਪਤਾ ਨਹੀਂ ਕੁੜੀਆਂ ਦਾ ਮਾਮਲਾ ਸੀ ਜਾਂ ਫ਼ੋਨਾਂ ਉੱਤੇ ਮਾਰੀਆਂ ਮਿੱਸ ਕਾਲਾਂ ਦਾ। ਕਿਸੇ ਨੂੰ ਕੁਝ ਨਹੀਂ ਪਤਾ।

ਮੇਰੇ ਘਰ ਦੇ ਬਿਲਕੁਲ ਸਾਹਮਣੇ ਤੰਗ ਜਿਹੀ ਗਲੀ ਵਿੱਚ ਮੰਗੂ ਦਾ ਘਰ ਹੈ। ਸ਼ੁਰੂ ਤੋਂ ਹੀ ਇਸ ਪਰਿਵਾਰ ਨਾਲ ਸਾਡੀ ਸਾਂਝ ਰਹੀ ਹੈ। ਮੰਗੂ ਦੇ ਬਾਪੂ ਰੂਪ ਸਿੰਘ ਨੂੰ ਅਸੀਂ ਚਾਚਾ ਜੀ ਕਹਿ ਕੇ ਹੀ ਬੁਲਾਉਂਦੇ ਰਹੇ ਹਾਂ। ਉਹ ਬੜੇ ਖੁੱਲ੍ਹੇ ਅਤੇ ਟਿੱਚਰੀ ਸੁਭਾਅ ਵਾਲਾ ਹੈ। ਮੰਗੂ ਤੋਂ ਵੱਡੀਆਂ ਚਾਰ ਕੁੜੀਆਂ ਵੀ ਹਨ ਉਸ ਦੀਆਂ।

ਮੰਗੂ ਦੀ ਮਾਂ ਅਤੇ ਭੈਣਾਂ ਨੇ ਵਿਆਹ-ਸ਼ਾਦੀਆਂ ਦੇ ਸਮੇਂ ਲੋਕਾਂ ਦੇ ਘਰੀਂ ਕੰਮ ਕਰ-ਕਰ ਕੇ ਪਰਿਵਾਰ ਦਾ ਗੁਜ਼ਾਰਾ ਚਲਾਇਆ ਹੈ। ਲੋਕ ਕਹਿੰਦੇ ਹਨ ਕਿ ਰੂਪ ਸਿੰਘ ਨੇ ਕਦੇ ਕੋਈ ਕੰਮ ਨਹੀਂ ਕੀਤਾ। ਬਸ ਮਸਤ-ਮਲੰਗ ਹੀ ਰਿਹਾ ਹੈ। ਪਰ ਮੈਨੂੰ ਇਸ ਗੱਲ ਵਿਚ ਕੋਈ ਸੱਚਾਈ ਨਹੀਂ ਜਾਪਦੀ ਕਿਉਂਕਿ ਮੈਂ ਬਚਪਨ ਵਿੱਚ ਉਸ ਨੂੰ ਸਾਈਕਲ ਉੱਤੇ ਬਰਫ਼ ਦੇ ਗੋਲੇ ਬਣਾ ਕੇ ਵੇਚਦਿਆਂ ਤੱਕਿਆ ਹੈ। ਕਦੇ-ਕਦੇ ਉਹ ਸਾਈਕਲ ਦੇ ਪਿੱਛੇ ਟੋਕਰੀ ਬੰਨ੍ਹ ਕੇ ਸਬਜ਼ੀ ਦੀ ਫੇਰੀ ਵੀ ਲਾਇਆ ਕਰਦਾ ਸੀ। ਇਸ ਤਰ੍ਹਾਂ ਕਿਸੇ ਨੂੰ ਸਾਰੀ ਉਮਰ ਲਈ ਵਿਹਲਾ ਜਾਂ ਨਿਕੰਮਾ ਕਹਿ ਦੇਣਾ ਮੈਨੂੰ ਚੰਗਾ ਨਹੀਂ ਲਗਦਾ।

ਮੰਗੂ ਨੇ ਤਾਂ ਮੇਰੀ ਸੋਝੀ ਵਿੱਚ ਹੀ ਜਨਮ ਲਿਆ ਹੈ। ਮੇਰੀਆਂ ਅੱਖਾਂ ਸਾਹਮਣੇ ਹੀ ਇਹ ਵੱਡਾ ਹੋਇਆ, ਥੋੜ੍ਹਾ ਬਹੁਤ ਪੜ੍ਹਿਆ, ਆਵਾਰਾ ਘੁੰਮਿਆ, ਕਰਨ ਹੁਰਾਂ ਨਾਲ ਲੜਿਆ, ਫਿਰ ਕਿਸੇ ਅਰਬ ਦੇਸ਼ ਵਿੱਚ ਚਲਾ ਗਿਆ ਅਤੇ ਹੁਣ ਇਸ ਨੇ ਬਾਹਰੋਂ ਆ ਕੇ ਵਿਆਹ ਕਰਵਾ ਲਿਆ... ਮੁਹੱਲੇ ਵਿੱਚ ਸ਼ੁਰੂ ਤੋਂ ਹੀ ਇਸ ਦੀ ਕੋਈ ਸ਼ਿਕਾਇਤ ਨਹੀਂ ਰਹੀ ... ਪਰ ਮੈਂ ਇਸ ਨੂੰ ਕਦੇ ਨਹੀਂ ਸੀ ਬੁਲਾਇਆ। ਮੈਂ ਵੀ ਕਿਉਂ ਬੁਲਾਉਂਦਾ? ਵੱਡਾ ਉਹ ਸੀ ਜਾਂ ਮੈਂ? ਮੈਂ ਵੀ ਤਾਂ ਉਸ ਦੇ ਬਾਪੂ ਨੂੰ 'ਚਾਚਾ ਜੀ' ਕਹਿ ਕੇ ਹਾਲ-ਚਾਲ ਪੁੱਛ ਹੀ ਲਿਆ ਕਰਦਾ ਸੀ ਕਰਨ ਵਾਲੀ ਘਟਨਾ ਤਾਂ ਬਹੁਤ ਦੇਰ ਬਾਅਦ ਹੀ ਵਾਪਰੀ।

ਕਰਨ ਮੇਰਾ ਸਾਲ਼ਾ ਲਗਦਾ ਹੈ। ਮੇਰੀ ਘਰਵਾਲੀ ਦੇ ਮਾਸੜ ਦਾ ਮੁੰਡਾ। ਸਾਡੇ ਘਰ ਤੋਂ ਪੰਜ ਸੱਤ ਘਰ ਛੱਡ ਕੇ ਉਹਨਾਂ ਦਾ ਘਰ ਹੈ।ਸਾਡੇ ਵਿਆਹ ਤੋਂ ਪੰਦਰਾਂ ਵੀਹ ਸਾਲ ਪਹਿਲਾਂ ਦੇ ਉਹ ਇਸ ਮਕਾਨ ਵਿੱਚ ਰਹਿੰਦੇ ਹਨ। ਮੇਰਾ ਰਿਸ਼ਤਾ ਵੀ ਮੇਰੀ ਘਰਵਾਲੀ ਦੀ ਮਾਸੀ ਨੇ ਹੀ ਕਰਵਾਇਆ ਹੈ। ਘਰਵਾਲੀ ਦੇ ਮਾਸੜ ਨੂੰ ਮੈਂ ਮਜ਼ਾਕ ਨਾਲ 'ਫ਼ੋਰਮੈਨ' ਕਹਿੰਦਾ ਹਾਂ ਅਤੇ ਉਸ ਦੀ ਪਤਨੀ ਨੂੰ 'ਮਾਸੀ'। ਮੇਰੀ ਪਤਨੀ ਉਸ ਨੂੰ 'ਮਾਸੀ' ਕਹਿੰਦੀ ਹੈ ਤਾਂ ਮੈਂ ਵੀ 'ਮਾਸੀ' ਹੀ ਕਹਿੰਦਾ ਹਾਂ।

ਉਸ ਸ਼ਾਮ ਮੁਹੱਲੇ ਵਿੱਚ ਹੰਗਾਮਾ ਜਿਹਾ ਮਚ ਗਿਆ ਸੀ। ਪਹਿਲਾਂ ਤਾਂ ਮੈਨੂੰ ਅਜਿਹੀ ਕੋਈ ਉੱਘ-ਸੁੱਘ ਹੀ ਨਹੀਂ ਸੀ। ਮੁਹੱਲੇ ਵਿੱਚੋਂ ਲੜਾਈਆਂ ਦਾ ਮਹੌਲ ਤਾਂ ਲਗਭਗ ਖ਼ਤਮ ਹੀ ਹੋ



ਚੁੱਕਿਆ ਸੀ। ਉਂਜ ਕੋਈ ਬਹੁਤੀ ਪਿਆਰ-ਭਾਵਨਾ ਵਾਲੀ ਗੱਲ ਵੀ ਨਹੀਂ ਸੀ। ਬਸ ਸਭ ਆਪੋ-ਆਪ ਵਿਚ ਮਸਤ ਰਹਿੰਦੇ ਸਨ। ਪਤਾ ਨਹੀਂ ਬਾਹਰ ਕਿੱਥੇ ਕਰਨ ਅਤੇ ਮੰਗੂ ਦੀ ਲੜਾਈ ਹੋ ਗਈ ਸੀ। ਪਰ ਉਸ ਸ਼ਾਮ ਤਾਂ ਗੱਲ ਬਹੁਤ ਹੀ ਵੱਧ ਗਈ ਸੀ। ਸਾਡੇ ਘਰ ਦੇ ਬਿਲਕੁਲ ਸਾਹਮਣੇ ਬੋਲ-ਬੁਲਾਰਾ ਹੋ ਰਿਹਾ ਸੀ। ਕਰਨ, ਫੋਰਮੈਨ, ਮਾਸੀ ਅਤੇ ਛੋਟਾ ਪਵਨ ਮੰਗੂ ਹੋਰਾਂ ਉੱਪਰ ਨੂੰ ਲਾਠੀਆਂ ਲੈ ਕੇ ਆ ਗਏ ਸਨ-ਜਿਵੇਂ ਬਹੁਤ ਬੜੇ ਗੁੰਡੇ ਹੋਣ। ਇੱਧਰ ਮੰਗੂ ਹੋਰੀਂ ਵੀ ਘੱਟ ਨਹੀਂ ਸਨ। ਸਿਆਣਾ-ਬਿਆਣਾ ਚਾਚਾ ਰੂਪ ਸਿੰਘ ਵੀ ਵਿੱਚੇ ਉਲਝ ਗਿਆ ਸੀ। ਛੁਡਵਾਉਣ ਵਾਲੇ ਲੋਕ ਵਿਚੇ ਸ਼ਾਮਲ ਸਨ। ਪਤਾ ਨਹੀਂ ਕਿਸ ਤਰਾਂ ਫੋਰਮੈਨ ਹੇਠਾਂ ਡਿੱਗ ਪਿਆ। ਚਾਚੇ ਰੂਪ ਸਿੰਘ ਦੀਆਂ ਦੇਹਲੀਆਂ ਦੇ ਐਨ ਵਿਚਕਾਰ, ਉਸ ਦੀ ਪੱਗ ਖਿੱਲਰੀ ਪਈ ਸੀ। ਲੋਕਾਂ ਦੇ ਬਚਾਓ ਨਾਲ ਮੰਗੂ ਦੀ ਲਾਠੀ ਫੋਰਮੈਨ ਦੇ ਸਿਰ ਵਿਚ ਵੱਜਣ ਤੋਂ ਬਚ ਗਈ ਸੀ। ਆਪਣੀ ਆਦਤ ਮੁਤਾਬਿਕ ਮੈਂ ਕਿਸੇ ਦਾ ਸਾਥ ਨਹੀਂ ਦਿੱਤਾ। ਮੇਰੇ ਲਈ ਦੋਵੇਂ ਬਜ਼ੁਰਗ ਸਨ। ਦੋਵੇਂ ਆਪਣੇ ਸਨ ਜੋ ਮਾੜੀ ਔਲਾਦ ਕਾਰਣ ਅੱਜ ਭਰੇ ਮੁਹੱਲੇ ਵਿੱਚ ਆਪਣੀਆਂ ਪੱਗਾਂ ਰੋਲ ਰਹੇ ਸਨ। ਥੋੜ੍ਹੇ ਜਿਹੇ ਬੋਲ-ਬੁਲਾਰੇ ਅਤੇ ਧੱਕਾ-ਮੁੱਕੀ ਤੋਂ ਬਾਅਦ ਲੜਾਈ ਰੁਕ ਗਈ।

... ਸ਼ੁਕਰ ਹੈ ਕਿਸੇ ਦੇ ਕੋਈ ਸੱਟ - ਫ਼ੇਟ ਨੀਂ ਵੱਜੀ-ਮਾਰ ਲਏ ਗੰਦੀ ਔਲਾਦ ਨੇ ... ਗੁਰਮੀਤ ਸਿੰਹੁ ਤਾਂ ਵਿਚਾਰਾ ਮਾੜੀ ਔਲਾਦ ਨੇ ਹੀ ਲੈ ਲਿਆ... ਪਹਿਲਾਂ ਕੁੜੀ ਕਰਕੇ ਤੰਗ ਰਿਹਾ ਹੁਣ ਆਹ ਉੱਠਿਐ ਚੋਬਰ ਕਰਨ।

ਮੇਰੀ ਮਾਂ ਨੇ ਆਪਣੇ ਘਰ ਦੇ ਗੇਟ ਅੰਦਰ ਵੜਦਿਆਂ ਕਿਹਾ ਸੀ।

ਮੈਂ ਭਾਵੇਂ ਇਸ ਸਾਰੇ ਮਾਮਲੇ ਵਿੱਚ ਚੁੱਪ ਹੀ ਰਿਹਾ ਪਰ ਰਿਸ਼ਤੇਦਾਰੀ ਹੋਣ ਕਾਰਣ ਮੈਨੂੰ ਮਜ਼ਬੂਰਨ ਮਾਸੀ ਦੇ ਘਰ ਜਾਣਾ ਪਿਆ। ਉਹਨਾਂ ਪੁਲਿਸ ਥਾਣੇ ਵਿੱਚ ਅਰਜ਼ੀ ਦੇ ਦਿੱਤੀ ਸੀ। ਗੱਲ ਵੱਧਣ ਦੇ ਡਰ ਤੋਂ ਮੈਂ ਇੱਕ ਜਾਣਕਾਰ ਪੁਲਿਸ ਵਾਲੇ ਕੋਲ ਸਾਰੀ ਗੱਲ ਕੀਤੀ ਜੋ ਮੇਰਾ ਦੋਸਤ ਸੀ। ਦੂਸਰੇ ਦਿਨ ਥਾਣੇਦਾਰ ਨੇ ਮੰਗੂ ਅਤੇ ਉਸ ਦੇ ਦੋਸਤਾਂ ਦੀ ਖ਼ੂਬ ਖੁੰਬ ਠੱਪੀ। ਚਾਚੇ ਰੂਪ ਸਿੰਘ ਨੂੰ ਵੀ ਉਸ ਨੇ ਝਾੜਾਂ ਪਾਈਆਂ। ਮੈਂ ਚੁੱਪਚਾਪ ਇਸ ਵਰਤਾਰੇ ਨੂੰ ਦੇਖਦਾ ਰਿਹਾ। ਮੈਂ ਮੰਗੂ ਜਾਂ ਉਸ ਦੇ ਪਰਿਵਾਰ ਵਿੱਰੁਧ ਇੱਕ ਵੀ ਸ਼ਬਦ ਨਹੀਂ ਬੋਲਿਆ। ਕਰਨ ਦਾ ਵਕੀਲ ਜੀਜਾ ਥਾਣੇ 'ਚ ਆ ਕੇ ਫ਼ੋਕੀਆਂ ਜਿਹੀਆਂ ਫ਼ੜ੍ਹਾਂ ਮਾਰਦਾ ਰਿਹਾ ਅਤੇ ਮੁੰਡਿਆਂ ਨੂੰ ਡਰਾਬੇ ਦਿੰਦਾ ਰਿਹਾ।

ਉਸ ਦਿਨ ਤੋਂ ਬਾਅਦ ਚਾਚੇ ਰੂਪ ਸਿੰਘ ਦੇ ਪਰਿਵਾਰ ਦੀਆਂ ਸਾਡੇ ਨਾਲ ਨਜ਼ਰਾਂ ਹੀ ਬਦਲ ਗਈਆਂ। ਮੈਂ ਜੋ ਕਦੇ-ਕਦੇ ਰੂਪ ਸਿੰਘ ਨੂੰ ਚਾਚਾ ਜੀ ਕਹਿ ਕੇ ਹਾਲ-ਚਾਲ ਪੁੱਛ ਲਿਆ ਕਰਦਾ ਸੀ, ਹੁਣ ਉਸ ਕੋਲੋਂ ਚੁੱਪ ਕਰਕੇ ਲੰਘ ਜਾਂਦਾ... ਇਹ ਮੇਰੇ ਲਈ ਅਤਿ ਦੁਖਦਾਈ ਸੀ। ਅਸੀਂ ਬਚਪਨ ਵਿੱਚ ਜਿਹਨਾਂ ਦੀ ਗੋਦੀ ਵਿੱਚ ਖੇਡਦੇ ਰਹੇ ਅੱਜ ਉਹਨਾਂ ਵੱਲੋਂ ਹੀ ਮੂੰਹ ਵੱਟੀਂ ਫਿਰਦੇ ਸਾਂ।

ਫ਼ੋਰਮੈਨ ਗੁਰਮੀਤ ਸਿੰਘ ਨਹਿਰੀ ਮਹਿਕਮੇ ਵਿੱਚੋਂ ਸੀਨੀਅਰ ਡਰਾਫ਼ਟਸਮੈਨ ਰਿਟਾਇਰ ਹੋਇਆ ਸੀ । ਉਸ ਦੇ ਸੁੱਕੇ ਜਿਹੇ ਸਰੀਰ ਵਿਚ ਬੜੀ ਸ਼ਕਤੀ ਸੀ। ਉਸ ਨੇ ਆਪਣਾ ਸਾਰਾ ਘਰ ਆਪਣੇ ਹੱਥੀਂ ਹੌਲੀ-ਹੌਲੀ ਢਾਹ ਕੇ ਦੁਬਾਰਾ ਉਸਾਰ ਲਿਆ ਸੀ। ਮਿਸਤਰੀਆਂ ਅਤੇ ਮਜ਼ਦੂਰਾਂ ਦੀ ਬਹੁਤ ਹੀ ਘੱਟ ਸਹਾਇਤਾ ਲਈ ਸੀ। ਮਾਸੀ ਵੀ ਕਾਫ਼ੀ ਹਿੰਮਤਣ ਸੀ।

ਉਂਜ ਤਾਂ ਫ਼ੋਰਮੈਨ ਬਿਮਾਰ ਹੀ ਰਹਿੰਦਾ ਸੀ ਪਰ ਲੜਾਈ-ਝਗੜੇ ਦੀ ਇਸ ਘਟਨਾ ਤੋਂ ਬਾਅਦ ਤਾਂ ਉਹ ਬਿਲਕੁਲ ਹੀ ਹਾਰ ਗਿਆ। ਉਸ ਦੀ ਸਾਹ ਦੀ ਬਿਮਾਰੀ ਹੋਰ ਵਧ ਗਈ। ਉਹ ਦੇਸੀ, ਅੰਗਰੇਜ਼ੀ ਅਤੇ ਹੋਮਿਓਪੈਥੀ ਆਦਿ ਕਈ ਪ੍ਰਕਾਰ ਦੀਆਂ ਦਵਾਈਆਂ ਲੈਂਦਾ ਰਹਿੰਦਾ ਅਤੇ ਜੋਤਿਸ਼ ਦੇ ਹਿਸਾਬ-ਕਿਤਾਬ ਵਿੱਚ ਵੀ ਪਿਆ ਰਹਿੰਦਾ। ਆਪ ਉਹ ਗੁਰਸਿੱਖ ਸੀ ਪਰ ਉਸ ਦਾ ਛੋਟਾ ਮੁੰਡਾ ਪਵਨ ਨਾਈ ਦੀ ਦੁਕਾਨ ਉੱਤੇ ਗਿਆ ਅਤੇ ਵਾਲਾਂ ਸਮੇਤ ਜੂੜਾ ਉੱਥੇ ਈ ਛੱਡ ਆਇਆ। ਰੋਂਦੀ ਹੋਈ ਮਾਸੀ ਉਸ ਦੇ ਚਾਵਾਂ ਨਾਲ ਪਾਲੇ ਹੋਏ ਕੇਸ ਬਾਅਦ ਵਿਚ ਨਾਈ ਦੀ ਦੁਕਾਨ ਤੋਂ ਚੁੱਕ ਕੇ ਲਿਆਈ। ਬੀ.ਏ. ਅਧੂਰੀ ਛੱਡ ਕੇ ਉਹ ਵਿਹਲਾ ਫਿਰਦਾ ਸੀ। ਆਪਣੀ ਆਤਮਾ 'ਤੇ ਪੱਥਰ ਰੱਖ ਕੇ ਫੋਰਮੈਨ ਨੇ ਉਸ ਨੂੰ ਦਿੱਲੀ ਵਿੱਚ ਹੇਅਰ ਕਟਿੰਗ ਦਾ ਕੋਰਸ ਕਰਨ ਲਈ ਭੇਜਿਆ ਤਾਂ ਜੋ ਉਹ ਅਮਰੀਕਾ ਜਾ ਸਕੇ। ਅਮਰੀਕਾ ਤਾਂ ਉਹ ਜਾ ਨਾ ਸਕਿਆ ਪਰ ਉਹ ਲੁਧਿਆਣੇ ਕਿਸੇ ਸੈਲੂਨ ਵਿੱਚ ਲੱਗ ਗਿਆ। ਰਾਤ ਨੂੰ ਦਸ ਗਿਆਰਾਂ ਵਜੇ ਉਹ ਘਰ ਪਰਤਦਾ। ਜਦੋਂ ਕਦੇ ਕੰਮ ਦਾ ਬੋਝ ਹੁੰਦਾ ਤਾਂ ਉਹ ਲੁਧਿਆਣੇ ਹੀ ਰਹਿ ਪੈਂਦਾ।

ਕਰਨ ਨੂੰ ਸ਼ਿਮਲੇ ਕਿਸੇ ਪ੍ਰਾਈਵੇਟ ਠੇਕੇਦਾਰ ਕੋਲ ਨੌਕਰੀ ਮਿਲ ਗਈ ਸੀ। ਇਹ ਨੌਕਰੀ ਵੀ ਉਸ ਨੂੰ ਕਈ ਪਾਸੇ ਧੱਕੇ ਖਾ-ਖਾ ਕੇ ਮਿਲੀ ਸੀ। ਘਰ ਮਾਂ ਬਾਪ ਦੀ ਸੰਭਾਲ ਕਰਨ ਵਾਲਾ

ਕੋਈ ਨਹੀਂ ਸੀ ਰਿਹਾ। ਜਦੋਂ ਕਦੇ ਫ਼ੋਰਮੈਨ ਦੀ ਤਕਲੀਫ ਵਧ ਜਾਂਦੀ ਤਾਂ ਮਾਸੀ ਸਾਡੇ ਕੋਲ ਆ ਜਾਂਦੀ। ਮੈਂ ਝੱਟ ਸਕੂਟਰ ਕੱਢਦਾ ਅਤੇ ਫ਼ੋਰਮੈਨ ਨੂੰ ਪਿੱਛੇ ਬਿਠਾ ਕੇ ਡਾਕਟਰ ਕੋਲ ਲੈ ਜਾਂਦਾ।

... ਪੁੱਤਰਾ ... ਤੈਨੂੰ ਵੀ ਤਕਲੀਫ਼ ਦਿੱਤੀ।

... ਨਹੀਂ ਜੀ, ਕੋਈ ਗੱਲ ਨੀਂ, ਇਹ ਤਾਂ ਮੇਰਾ ਫ਼ਰਜ਼ ਹੈ।

... ਬੇਟਾ, ਜੇ ਰਾਤ ਨੂੰ ਦੁਬਾਰਾ ਲੋੜ ਪੈ ਗਈ, ਫੇਰ ਫ਼ੋਨ ਕਰਾਂਗੇ, ਰਾਤ ਨੂੰ ਬੰਦ ਤਾਂ ਨੀਂ ਹੁੰਦਾ, ਬੇਟਾ ਫ਼ੋਨ?

... ਤੁਸੀਂ ਘਬਰਾਓ ਨਾ, ਮੇਰਾ ਫ਼ੋਨ ਚੌਵੀ ਘੰਟੇ ਖੁੱਲ੍ਹਾ, ਰਹਿੰਦੈ... ਰਾਤ ਨੂੰ ਮੇਰੇ ਸਿਰਹਾਣੇ ਈ ਪਿਆ ਹੁੰਦੈ... ਬਸ ਤੁਸੀਂ ਫ਼ੋਨ ਕਰ ਦਿਓ੩੩. ਚਾਹੇ ਰਾਤ ਦੇ ਬਾਰਾਂ ਵੱਜੇ ਹੋਣ।

ਇਸ ਤਰ੍ਹਾਂ ਪਤਾ ਨਹੀਂ ਕਿੰਨੀ ਕੁ ਵਾਰੀ ਮੈਂ ਫ਼ੋਰਮੈਨ ਨੂੰ ਦਿਨੇ ਅਤੇ ਰਾਤਾਂ ਨੂੰ ਡਾਕਟਰ ਦੇ ਕੋਲ ਲੈ ਕੇ ਗਿਆ ਸਾਂ। ਪਰ ਉਸ ਦੀ ਬਿਮਾਰੀ ਠੀਕ ਨਹੀਂ ਹੋਈ ਸਗੋਂ ਵਧਦੀ ਹੀ ਗਈ।

ਫ਼ੋਰਮੈਨ ਮਕਾਨਾਂ ਦੇ ਨਕਸ਼ੇ ਬਨਾਉਣ, ਬਣਦੇ ਮਕਾਨਾਂ ਦੀ ਸੁਪਰਵੀਜ਼ਨ ਕਰਨ ਅਤੇ ਵਾਸਤੂ-ਸ਼ਾਸ਼ਤਰ ਦੀ ਜਾਣਕਾਰੀ ਰੱਖਦਾ ਸੀ। ਆਪਣੇ ਜੀਵਨ ਵਿੱਚ ਵੀ ਉਹ ਜੋਤਿਸ਼ ਅਤੇ ਵਾਸਤੂ-ਸ਼ਾਸ਼ਤਰ ਅਨੁਸਾਰ ਚੱਲਦਾ ਅਤੇ ਇਸ ਨਾਲ ਸੰਬੰਧਿਤ ਗੱਲ੍ਹਾਂ ਕਰਦਾ ਰਹਿੰਦਾ ਜਿਨ੍ਹਾਂ ਨੂੰ ਸੁਣ ਸੁਣ ਕੇ ਮੈਨੂੰ ਖਿਝ ਚੜ੍ਹਦੀ।

ਇੱਕ ਦਿਨ ਸਾਨੂੰ ਕਰਨ ਨੇ ਹੀ ਦੱਸਿਆ ਸੀ:

... ਇਹਨਾਂ ਨੂੰ ਕਿਸੇ ਪੰਡਤ ਨੇ ਵਹਿਮ ਪਾ ਦਿੱਤੇ ਬੀ ਇਹਨਾਂ ਲਈ ਆਹ ਦਸੰਬਰ ਦਾ ਮਹੀਨਾ ਬਹੁਤ ਭਾਰੀ ਆ, ਪਰ ਜੇ ਇਹ ਦਸੰਬਰ ਸੁਖ ਸ਼ਾਂਤੀ ਨਾਲ ਕੱਢ ਗਏ ਫੇਰ ਉਮਰ ਬਹੁਤ ਲੰਬੀ ਹੋਊ ... ਨਹੀਂ ਤਾਂ...।

ਮੈਂ ਤਾਂ ਇਹ ਸੁਣ ਕੇ ਪੰਡਤ ਨੂੰ ਹੀ ਗਾਲ੍ਹ ਕੱਢੀ ਪਰ ਕਰਨ ਫੇਰ ਬੋਲਿਆ ਸੀ:

... ਬਸ ਏਹੀ ਟੈਂਸ਼ਨ ਇਹਨਾਂ ਨੂੰ ਅੰਦਰੋਂ ਵੱਢ-ਵੱਢ ਕੇ ਖਾਈ ਜਾਂਦੀ ਆ ... ਦਿਨੋਂ ਦਿਨ ਸੁੱਕਦੇ ਜਾ ਰਹੇ ਨੇ. ਬਿਮਾਰੀ ਤਾਂ ਹੀ ਲੋਟ ਨੀਂ ਆਉਂਦੀ।

ਮੈਂ ਫਿਰ ਹੱਸਿਆ ਸੀ। ਪਰ ਫ਼ੋਰਮੈਨ ਦੀ ਅਸਲੀ ਟੈਂਸ਼ਨ ਦਾ ਤਾਂ ਸਾਨੂੰ ਬਹੁਤ ਦੇਰ ਬਾਅਦ ਪਤਾ ਲੱਗਿਆ ਸੀ ਕਿ ਉਸ ਦਾ ਸਪੁੱਤਰ ਕਰਨ ਸ਼ਿਮਲੇ ਵਿਚ ਕਿਸੇ ਕੁੜੀ ਨਾਲ ਫਸਿਆ ਹੋਇਆ ਹੈ ਅਤੇ ਉਸ ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ।

ਇਸੇ ਕੁੜੀ ਕਰ ਕੇ ਉਹ ਇਕ ਵਾਰ ਦੁਬਈ ਵਿੱਚ ਚੰਗੀ ਭਲੀ ਮਿਲੀ ਹੋਈ ਨੌਕਰੀ ਛੱਡ ਕੇ ਮੁੜ ਆਇਆ ਸੀ। ਸਾਰਿਆਂ ਨੂੰ ਹੈਰਾਨੀ ਹੋਈ ਉਸ ਦੇ ਅਜਿਹਾ ਕਰਨ 'ਤੇ ਪਰ ਇਹ ਸੱਚ ਸਿਰਫ਼ ਉਸ ਦੇ ਘਰਦਿਆਂ ਜਾਂ ਕਰਨ ਨੂੰ ਹੀ ਪਤਾ ਸੀ। ਹੋਰ ਕਿਸੇ ਨੂੰ ਨਹੀ। ਇਹਨਾਂ ਟੈਂਸ਼ਨਾਂ ਨੂੰ ਝੱਲ੍ਹਦਿਆਂ ਫ਼ੋਰਮੈਨ ਇੱਕ ਦਿਨ ਚਲ ਵਸਿਆ। ਅੰਤਿਮ ਦਿਨਾਂ ਵਿਚ ਉਸ ਨੂੰ ਇਲਾਜ ਲਈ ਪਟਿਆਲੇ ਲਿਜਾਇਆ ਗਿਆ। ਉੱਥੇ ਉਸ ਦੀ ਭੈਣ ਦਾ ਵੀ ਘਰ ਸੀ। ਡਾਕਟਰ ਕੋਲ ਚੈੱਕ-ਅੱਪ ਕਰਵਾਉਣ ਤੋਂ ਬਾਅਦ ਉਹ ਉੱਥੇ ਹੀ ਰਹਿੰਦੇ ਸਨ। ਉੱਥੇ ਕਰਨ ਵਾਲਾ ਮਸਲਾ ਵੀ ਬੜੀ ਗੰਭੀਰਤਾ ਨਾਲ ਵਿਚਾਰਿਆ ਜਾਂਦਾ ਅਤੇ ਪੰਡਤ ਦੀ ਕਹੀ ਹੋਈ ਗੱਲ ਦਾ ਵੀ। ਪਰ ਮਾਸੀ ਅਤੇ ਕਰਨ ਦੀ ਭੈਣ ਗੋਲਾ ਉਹਨਾਂ ਨੂੰ ਹੀ ਮਾੜਾ ਕਹਿੰਦੀਆਂ ਰਹੀਆਂ ਜੋ ਆਪਣੇ ਘਰ ਰੱਖ ਕੇ ਫ਼ੋਰਮੈਨ ਦਾ ਇਲਾਜ ਕਰਵਾ ਰਹੇ ਸਨ। ਅਖੇ : ਉਹ ਇਲਾਜ ਠੀਕ ਨਹੀਂ ਕਰਵਾ ਰਹੇ। ਉਹ ਉਹਨਾਂ ਨੂੰ ਕਿਸੇ ਹੋਰ ਹਸਪਤਾਲ ਨਹੀਂ ਲਿਜਾਣ ਦਿੰਦੇ... ਇਹਨਾਂ ਨੇ ਤਾਂ ਮਾਰ ਹੀ ਦੇਣਾ ... ਆਦਿ ... ਆਦਿ...।

ਮੌਤ ਸਮੇਂ ਫ਼ੋਰਮੈਨ ਦੇ ਦੋਵੇਂ ਮੁੰਡੇ ਆਪੋ-ਆਪਣੇ ਕੰਮਾਂ 'ਤੇ ਸਨ। ਪਟਿਆਲੇ ਤੋਂ ਇੱਥੇ ਲਾਸ਼ ਲਿਆਉਣ ਤੋਂ ਪਹਿਲਾਂ ਮੈਂ ਸਸਕਾਰ ਦੇ ਸਾਰੇ ਪ੍ਰਬੰਧ ਮੁਹੱਲੇ ਦੇ ਇੱਕ ਦੋ ਬੰਦਿਆਂ ਨੂੰ ਨਾਲ ਲੈ ਕੇ ਕਰ ਦਿੱਤੇ ਸਨ। ਭੋਗ ਪੈਣ ਤੱਕ ਵੀ ਮੈਂ ਆਪਣੀ ਜ਼ਿੰਮੇਵਾਰੀ ਪੂਰੀ ਤਰਾਂ ਚੁੱਪਚਾਪ ਨਿਭਾ ਦਿੱਤੀ।

ਕਰਨ ਤਾਂ ਪੰਦਰਾਂ ਵੀਹ ਦਿਨਾਂ ਬਾਅਦ ਹੀ ਘਰ ਆਇਆ ਕਰਦਾ ਸੀ। ਫ਼ੋਰਮੈਨ ਦੀ ਮੌਤ ਤੋਂ ਬਾਅਦ ਵੀ ਉਸ ਦਾ ਏਹੀ ਰੁਟੀਨ ਰਿਹਾ। ਜਦੋਂ ਕਦੇ ਪਵਨ ਨੇ ਵੀ ਘਰ ਨਾ ਆਉਣਾ ਹੁੰਦਾ ਤਾਂ ਮਾਸੀ ਸਾਡੇ ਘਰ ਆਉਂਦੀ ਅਤੇ ਮੇਰੀਆਂ ਦੋਵੇਂ ਬੇਟੀਆਂ ਨੂੰ ਆਪਣੇ ਘਰ ਲੈ ਜਾਂਦੀ। ਉਹ ਰਾਤ ਨੂੰ ਉਸ ਦੇ ਘਰ ਹੀ ਸੌਂਦੀਆਂ ਅਤੇ ਸਵੇਰੇ ਉੱਠ ਕੇ ਘਰ ਆ ਜਾਂਦੀਆਂ। ਮਾਸੀ ਫਿਰ ਇਕੱਲੀ ਰਹਿ ਜਾਂਦੀ।

ਜਦੋਂ ਵੀ ਕਰਨ ਛੁੱਟੀ ਆਉਂਦਾ ਤਾਂ ਸਾਡੇ ਘਰ ਕਦੇ ਨਾ ਆਉਂਦਾ। ਮੈਂ ਇੱਕ ਦੋ ਵਾਰ ਉਸ ਨੂੰ ਕਿਹਾ ਵੀ ਕਿ ਘਰ ਆ ਜਾਇਆ ਕਰੇ ਪਰ ਉਹ ਹੂੰ-ਹਾਂ ਹੀ ਕਰਦਾ ਅਤੇ ਗਲੀ ਵਿੱਚ ਲੰਡਰ ਮੁੰਡਿਆਂ ਕੋਲ ਬੈਠਾ ਰਹਿੰਦਾ। ਮੈਂ ਇਸ ਬਾਰੇ ਘਰਵਾਲੀ ਨਾਲ ਗੱਲ ਕੀਤੀ ਤਾਂ ਉਸ ਕਿਹਾ:

... ਛੱਡੋ ਪਰ੍ਹੇ ਤੁਸੀਂ ਕੀ ਲੈਣੇ ਉਸ ਕੋਲੋਂ।

ਇੱਕ ਦਿਨ ਫ਼ੇਰ ਉਸ ਨੂੰ ਮੈਂ ਗਲੀ ਵਿਚ ਖੜ੍ਹੇ ਨੂੰ ਸਮਝਾਉਂਦਿਆਂ ਕਿਹਾ ਸੀ:



... ਦੇਖ ਬਈ ਕਰਨ, ਪਹਿਲਾਂ ਤਾਂ ਤੂੰ ਮੈਨੂੰ ਵੀਰ ਜੀ ਕਹਿੰਦਾ ਸੀ, ਹੁਣ ਮੈਂ ਤੇਰਾ ਵੀਰ ਜੀ ਵੀ ਹਾਂ ਤੇ ਦੋਸਤ ਵੀ, ਕੋਈ ਵੀ ਗੱਲ ਹੋਵੇ, ਕਿਸੇ ਵੀ ਕਿਸਮ ਦੀ... ਚੰਗੀ, ਮੰਦੀ, ਗੰਦੀ .... ਤੂੰ ਮੇਰੇ ਨਾਲ ਸਾਂਝੀ ਕਰਨੀ ਆ... ਕੋਈ ਵੀ ਪ੍ਰੌਬਲਮ ਹੋਵੇ, ਤੂੰ ਮੈਨੂੰ ਦੱਸਣੀ ਆਂ...।

ਉਹ ਹੂੰ ... ਹਾਂਅ ...ਕਰਦਾ, ਸਿਰ ਹਿਲਾਉਂਦਾ ਰਿਹਾ। ਸਾਹਮਣੀ ਦੁਕਾਨ ਵਾਲਾ ਟੇਲਰ ਵੀ ਕੋਲ ਹੀ ਖੜ੍ਹਾ ਸੀ... ਉਸ ਨੇ ਵੀ ਹਾਂ ਵਿੱਚ ਹਾਂ ਮਿਲਾਈ ਸੀ।

ਮੇਰੀ ਪਤਨੀ ਨੂੰ ਕਿਤੋਂ ਬਾਹਰੋਂ ਪਤਾ ਲੱਗਿਆ ਕਿ ਕਰਨ ਨੇ ਸ਼ਿਮਲੇ ਵਾਲੀ ਚੌਧਰੀਆਂ ਦੀ ਕੁੜੀ ਨਾਲ ਇੰਟਰਕਾਸਟ ਵਿਆਹ ਕਰਵਾ ਲਿਆ ਹੈ। ਉਸ ਨੇ ਦੱਸਿਆ:

... ਇਸ ਗੱਲ ਦਾ ਤਾਂ ਸਾਰੇ ਰਿਸ਼ਤੇਦਾਰਾਂ ਨੂੰ ਪਤੈ, ਬਸ ਆਪਾਂ ਨੂੰ ਈ ਨੀਂ ਪਤਾ, ਪਟਿਆਲੇ ਵੀ ਪਤੈ ਸਭ ਨੂੰ, ਮਾਸੜ ਨੂੰ ਵੀ ਜੀਊਂਦਿਆਂ ਹੁੰਦਿਆਂ ਪਤਾ ਸੀ, ਉਹ ਤਾਂ ਹੀ ਟੈਂਸ਼ਨ 'ਚ ਰਹਿੰਦਾ ਸੀ, ਇਸੇ ਟੈਂਸ਼ਨ 'ਚ ਉਹ ਤੁਰ ਗਿਆ, ਨਹੀਂ ਮਾਸੜ ਨੂੰ ਛੱਡ ਕੇ ਬਾਕੀ ਟੱਬਰ ਦੀ ਤਾਂ ਪੂਰੀ ਤਿਆਰੀ ਸੀ, ਕੁੜੀ ਨੂੰ ਘਰ ਲੈ ਆਉਣ ਦੀ, ਇਹਨਾਂ ਨੇ ਤਾਂ ਸੂਟ ਵਗੈਰਾ ਵੀ ਖ਼ਰੀਦ ਲਏ ਸਨ ਸਾਰੇ।

... ਕਮਾਲ ਐ, ਤੈਨੂੰ ਤਾਂ ਪਤਾ ਨੀਂ ਲੱਗਿਆ, ਤੂੰ ਤਾਂ ਉਹਨਾਂ ਦੇ ਮੁੱਹਲੇ 'ਚ ਰਹਿੰਦੀ ਏ, ਨਾਲੇ ਉਹਨਾਂ ਦੀ ਕੁੜੀ ਬਣੀ ਫਿਰਦੀ ਐਂ।

... ਚਲੋ ਛੱਡੋ ਪਰ੍ਹੇ ਤੁਸੀਂ ਕੀ ਲੈਣੇਂ?

... ਲੈਣਾ ਕਿਉਂ ਨਹੀਂ, ਇਹ ਸਾਲ਼ਾ ਉੱਥੇ ਆਪਣੀ ਘਰਵਾਲੀ ਕੋਲ ਪਿਆ ਹੋਵੇ ਤੇ ਇੱਥੇ ਮੇਰੀਆਂ ਕੁੜੀਆਂ ਇਹਦੀ ਮਾਂ ਕੋਲ ਜਾ ਕੇ ਸੌਣ, ਇਹ ਕਿੱਧਰਲੀ ਚੰਗੀ ਗੱਲ ਆ, ਅੱਜ ਤੋਂ ਬਾਅਦ ਮੈਂ ਨੀਂ ਭੇਜਣੀਆਂ ਆਪਣੀਆਂ ਕੁੜੀਆਂ।

... ਚੰਗਾ ਬਾਬਾ ਨਾ ਭੇਜਿਓ... ਛੱਡੋ ਪਰ੍ਹੇ।

... ਇਹ ਫ਼ੇਰ ਊਂਈ ਕਹਿੰਦੇ ਰਹੇ ਬੀ ਫ਼ੋਰਮੈਨ ਨੂੰ ਪਟਿਆਲੇ ਆਲਿਆਂ ਨੇ ਮਾਰਿਐ, ਮਰਿਆ ਤਾਂ ਸਾਲਿਓ ਉਹ ਤੁਹਾਡੀਆਂ ਟੈਂਸ਼ਨਾਂ ਨਾਲ ਐ। ਚਲੋ ਗੱਲ ਆਈ ਗਈ ਹੋ ਗਈ।

ਜੂਨ ਦੀਆਂ ਛੁੱਟੀਆਂ 'ਚ ਅਸੀਂ ਆਪਣੇ ਰਿਸ਼ਤੇਦਾਰਾਂ ਕੋਲ ਦਿੱਲੀ ਜਾਣਾ ਸੀ। ਅਸੀਂ ਇਹ ਸੋਚਿਆ ਕਿ ਖੰਨੇ ਚਲਦੇ ਹਾਂ ਅਤੇ ਦੂਸਰੇ ਦਿਨ ਉੱਥੇ ਹੀ ਬੱਸ ਲੈ ਲਵਾਂਗੇ। ਖੰਨੇ ਮੇਰੇ ਸਹੁਰੇ ਹਨ। ਸ਼ਾਮ ਨੂੰ ਮੇਰਾ ਸਾਲਾ ਰਜਿੰਦਰ ਛੋਟੇ-ਛੋਟੇ ਪੈੱਗ ਬਨਾਉਣ ਬੈਠ ਗਿਆ। ਇੱਕ-ਅੱਧਾ ਪੈੱਗ ਲਾਉਂਦਿਆਂ ਹੀ ਕਰਨ ਦੀ ਗੱਲ ਚੱਲ ਪਈ। ਮੇਰੇ ਕੋਲ ਤਾਂ ਕਰਨ ਦਾ ਫ਼ੋਨ ਨੰਬਰ ਵੀ ਨਹੀਂ ਸੀ। ਮੈਂ ਰਜਿੰਦਰ ਤੋਂ ਕਰਨ ਦਾ ਨੰਬਰ ਲਿਆ ਅਤੇ ਪਿਆਰ ਨਾਲ ਕਰਨ ਨੂੰ ਫ਼ੋਨ ਮਿਲਾ ਲਿਆ:

... ਹਾਂ ਬਈ ਕਰਨ, ਕੀ ਹਾਲ ਐ?

... ਠੀਕ ਐ ਜੀ, ਤੁਸੀਂ ਸੁਣਾਓ।

... ਤੂੰ ਕਦੇ ਮਿਲਦਾ ਈ ਨੀਂ, ਕਿਧਰੇ ਦਿਖਦਾ ਈ ਨੀਂ, ਕੀ ਗੱਲ ਕਿੱਧਰ ਰਹਿੰਦੈਂ?

... ਬਸ ਜੀ, ਛੁੱਟੀ ਓ ਨੀਂ ਮਿਲਦੀ... ਆਹ ਹੁਣ ਵੀ ਦੇਖ ਲੋ ਰਾਤ ਨੂੰ ਕੱਪੜੇ ਧੋ ਰਿਹਾਂ।

... ਕੱਪੜੇ ਧੋ ਰਿਹੈਂ?

... ਹਾਂ ਜੀ, ਟੈਮ ਏ ਨੀ ਮਿਲਦਾ, ਹੋਰ ਤੁਸੀਂ ਸੁਣਾਓ ਕਰ ਰਹੇ ਓ ਛੁੱਟੀਆਂ ਇੰਨਜੁਆਏ?

... ਓ ਸਾਡਾ ਵਿਆਹੇ-ਵਰ੍ਹਿਆਂ ਦਾ ਕਾਹਦਾ ਇੰਨਜੁਆਏ? ਸਾਡੀ ਤਾਂ ਉਮਰ ਲੰਘ ਗਈ ਹੁਣ ਇੰਨਜੁਆਏ ਕਰਨ ਦੀ ... ਇੰਨਜੁਆਏ ਤਾਂ ਤੇਰੇ ਵਰਗੇ ਜੁਆਨ ਕਰਦੇ ਆਂ।

... ਓ ਨਹੀਂ ਜੀ, ਮੇਰੀ ਵੀ ਹਾਲਤ ਤੁਹਾਡੇ ਵਰਗੀ ਓ ਆ, ਮੈਂ ਵੀ ਤਾਂ ਵਿਆਹ ਕਰਵਾਇਆ ਹੋਇਐ?

... ਵਿਆਹ ਕਰਵਾਇਆ ਹੋਇਐ? ਕਿੱਥੇ?

... ਐਥੇ ਈ ਜੀ, ਸ਼ਿਮਲੇ ਈ।

... ਅੱਛਿਆ, ਕੀਹਨਾਂ ਦੀ ਕੁੜੀ ਆ?

... ਚੌਧਰੀਆਂ ਦੀ ਕੁੜੀ ਆ ਜੀ।

... ਤੂੰ ਕਦੇ ਦੱਸਿਆ ਈ ਨੀਂ... ਨਾ ਮਾਸੀ ਹੁਰਾਂ ਨੇ ਦੱਸਿਐ।

... ਹਾਂ ਜੀ, ਮੈਂ ਸੋਚਿਆ ਵੀ ਤੁਹਾਨੂੰ ਪਤਾ ਹੋਣੈ।

... ਸਾਨੂੰ ਕੋਈ ਦੱਸੂ ਤਾਂ ਹੀ ਪਤਾ ਲੱਗੂ? ਚੱਲ ਛੱਡ ਹੁਣ ਦੱਸ ਪਾਰਟੀ ਕਦ ਕਰਨੀ ਆ?

... ਪਾਰਟੀ ਬਸ ਮੈਂ ਅਗਲੇ ਤੋਂ ਅਗਲੇ ਐਤਵਾਰ ਆਉਣੈ... ਫੇਰ ਕਰ ਦੂੰਗਾ।

... ਚੱਲ ਤੂੰ ਛੱਡ, ਮੈਂ ਤੇਰਾ ਬੜਾ ਵੀਰ, ਮੈਂ ਕਰੂੰ ਪਾਰਟੀ, ਤੂੰ ਦੱਸ ਕਿਹੜੀ ਬੋਤਲ ਲਿਆ ਕੇ ਰੱਖਾਂ ਤੇਰੇ ਲਈ।

... ਤੁਸੀਂ ਹੁਣ ਵੀ ਪੀਤੀ ਐ... ਮਾੜੀ ਮੋਟੀ ਕਿ ਨਹੀਂ... ਕਿੱਥੇ ਬੈਠੇ ਓ?

ਉਦੋਂ ਹੀ ਰਜਿੰਦਰ ਨੇ ਪਤਾ ਨਹੀਂ ਕਿਉਂ ਮੈਨੂੰ ਇਸ਼ਾਰਾ ਕੀਤਾ ਕਿ ਮੈਂ ਉਸ ਦੇ ਬਾਰੇ ਕੋਈ ਗੱਲ ਨਾ ਕਰਾਂ।

... ਮੈਂ ਤਾਂ ਯਾਰ ਐਥੇ ਇੱਕ ਢਾਬੇ 'ਤੇ ਬੈਠਾ ਹਾਂ... ਬੱਚੇ ਆਪਣੇ ਨਾਨਕੇ ਗਏ ਹੋਏ ਨੇ...।

... ਤੁਸੀਂ ਇਕੱਲੇ? ਕਿੰਨੀ ਕੁ ਪੀ ਗਏ?

... (ਹੱਸਦਿਆਂ) ਪੀ ਗਿਆ ਹੋਣੈ ਕੋਈ ਅੱਧੀ ਪੌਣੀ ਬੋਤਲ।

... ਚਲੋ ਜੀ ਹੁਣ ਫੇਰ ਕਰਾਂਗੇ ਗੱਲ, ਹੁਣ ਤੁਸੀਂ ਜ਼ਿਆਦਾ ਨਾ ਪੀਓ।

... ਓ. ਕੇ.

ਬਸ ਆਹ ਗੱਲ ਹੋਈ ਤੇ ਅਸੀਂ ਫੇਰ ਦੂਸਰਾ ਪੈੱਗ ਬਨਾਉਣ ਬੈਠ ਗਏ। ਪਰ ਫ਼ੋਨ ਕਟਦੀ ਸਾਰ ਹੀ ਕਰਨ ਨੇ ਪੰਗਾ ਪਾ ਦਿੱਤਾ। ਉਸ ਨੇ ਘਰ ਆਪਣੀ ਮਾਂ ਨੂੰ ਫ਼ੋਨ ਕੀਤਾ। ਘਰ ਉਸ ਦੀ ਭੈਣ ਗੋਲਾ ਨੇ ਗੁੱਸੇ ਵਿੱਚ ਆ ਕੇ ਇਨਕੁਆਇਰੀ ਕਰਨ ਲਈ ਫ਼ੋਨ ਮੇਰੇ ਸਹੁਰੇ ਘਰ ਮੇਰੀ ਪਤਨੀ ਨੂੰ ਕਰ ਦਿੱਤਾ ਕਿਉਂਕਿ ਉਨ੍ਹਾਂ ਨੂੰ ਤਾਂ ਪਤਾ ਸੀ ਕਿ ਅਸੀਂ ਖੰਨੇ ਗਏ ਹੋਏ ਹਾਂ।

ਉਸ ਨੇ ਮੇਰੀ ਪਤਨੀ ਕੋਲ ਸ਼ਿਕਾਇਤ ਲਗਾਈ ਕਿ ਅਸੀਂ ਸ਼ਿਮਲੇ ਬੈਠੇ ਉਸ ਦੇ ਭਰਾ ਕਰਨ ਨੂੰ ਵਿਆਹ ਬਾਰੇ ਮਜ਼ਾਕ ਕਰ ਕਰ ਕੇ ਛੇੜਿਆ ਹੈ। ਮੈਂ ਅਤੇ ਰਜਿੰਦਰ ਨੇ ਕਿਹਾ ਕਿ ਅਜਿਹੀ ਤਾਂ ਕੋਈ ਗੱਲ ਨਹੀਂ ਤਾਂ ਉਹ ਰਜਿੰਦਰ ਨੂੰ ਉਸ ਦੇ ਬੱਚਿਆਂ ਅਤੇ ਮਰੇ ਹੋਏ ਬਾਪ ਦੀਆਂ ਕਸਮਾਂ ਦਿਵਾਉਣ ਲੱਗ ਪਈ। ਅਸੀਂ ਦੋਵੇਂ ਭੜਕ ਉੱਠੇ ਕਿਉਂਕਿ ਅਸੀਂ ਤਾਂ ਕੋਈ ਅਜਿਹੀ ਗੱਲ ਕੀਤੀ ਹੀ ਨਹੀਂ ਸੀ, ਅਸੀਂ ਬਲਕਿ ਮੈਂ ਤਾਂ ਸਹਿਜ-ਸੁਭਾਅ ਫ਼ੋਨ ਕੀਤਾ ਸੀ, ਪਿਆਰ ਨਾਲ, ਜਿਸ ਤਰ੍ਹਾਂ ਇੱਕ ਵੱਡਾ ਵੀਰ ਇੱਕ ਛੋਟੇ ਵੀਰ ਨਾਲ ਗੱਲ ਕਰਦਾ ਹੈ।

ਫ਼ੋਨ ਬੰਦ ਹੋਣ ਤੋਂ ਬਾਅਦ ਮੇਰੇ ਘਰਵਾਲੀ ਮੇਰੇ ਉੱਪਰ ਨੂੰ ਅੱਖਾਂ ਕੱਢੇ। ਮੈਂ ਕਹਾਂ ਕਿ ਮੈਂ ਤਾਂ ਉਸ ਨੂੰ ਕੁਝ ਕਿਹਾ ਹੀ ਨਹੀਂ, ਉਸ ਨੇ ਆਪਣੇ ਆਪ ਹੀ ਆਪਣੇ ਵਿਆਹ ਬਾਰੇ ਦੱਸਿਆ ਹੈ।

... ਤੁਸੀਂ ਫ਼ੋਨ ਕਿਉਂ ਕਰਨਾ ਸੀ, ਉਸ ਨੂੰ?

... ਗੁਨਾਹ ਕਰਤਾ ਕੋਈ? ਅੱਜ ਤੱਕ ਤਾਂ ਸਾਨੂੰ ਕਿਸੇ ਨੇ ਉਲਾਂਭਾ ਦਿੱਤਾ ਨੀਂ ਕਿ ਫ਼ੋਨ ਕਿਉਂ ਕੀਤਾ, ਇਹ ਆ ਗਿਆ, ਵੱਡਾ ਲਾਟ ਸਾਹਿਬ।

ਉਸ ਦਿਨ ਤਾਂ ਮੈਂ ਕਾਬੂ ਤੋਂ ਬਾਹਰ ਹੋ ਗਿਆ। ਮੈਂ ਜੋ ਆਪਣੇ ਸਹੁਰੇ ਜਾ ਕੇ ਕਦੇ ਉੱਚੀ ਆਵਾਜ਼ ਵਿੱਚ ਗੱਲ ਵੀ ਨਹੀਂ ਸਾਂ ਕਰਦਾ, ਉਸ ਦਿਨ ਮੈਂ ਮਾਵਾਂ-ਭੈਣਾਂ ਦੀਆਂ ਗਾਲ੍ਹਾਂ ਵੀ ਕੱਢ ਗਿਆ। ਦਿਲ-ਦਿਮਾਗ ਬਹੁਤ ਗੁੱਸੇ ਨਾਲ ਭਰ ਗਿਆ। ਤਿੰਨ ਪੈੱਗਾਂ ਦਾ ਨਸ਼ਾ ਤਾਂ ਕੀ ਨਸ਼ਾ ਹੁੰਦਾ ਹੈ।ਟੈਂਸ਼ਨ ਨਾਲ ਉਹ ਵੀ ਉੱਡ ਗਿਆ। ਅਣਕੀਤੇ ਜੁਰਮ ਦੀ ਸਜ਼ਾ ਨਾਲ ਆਤਮਾ ਤੜਫ਼ ਉੱਠੀ ਸੀ। ਹਰ ਕੋਈ ਇਹ ਸੋਚ ਰਿਹਾ ਸੀ ਕਿ ਇਹਨਾਂ ਦਾਰੂ ਪੀ ਕੇ ਉਸ ਨੂੰ ਛੇੜਿਆ ਹੋਵੇਗਾ। ਜਿਸ ਪਰਿਵਾਰ ਦਾ ਮੈਂ ਐਨਾ ਕੀਤਾ ਉਸ ਨੇ ਮੇਰੇ ਜ਼ਰਾ ਜਿੰਨੇ ਫ਼ੋਨ ਕਰਨ ਨਾਲ ਹੀ ਇੱਕ ਧਮਾਕਾ ਜਿਹਾ ਕਰ ਕੇ ਮੇਰੀ ਆਤਮਾ ਦੇ ਪਰਖਚੇ ਉਡਾ ਦਿੱਤੇ ਸਨ। ਜਦ ਕਿ ਮੈਂ ਫ਼ੋਨ ਉੱਤੇ ਕੋਈ ਗਲਤ ਗੱਲ ਵੀ ਨਹੀਂ ਸੀ ਕੀਤੀ।

ਦੂਜੇ ਦਿਨ ਅਸੀਂ ਦਿੱਲੀ ਚਲੇ ਗਏ। ਸਭ ਦਾ ਮਨ ਬੁਝਿਆ ਬੁਝਿਆ ਸੀ। ਅੰਦਰੋਂ-ਅੰਦਰੀਂ ਮੇਰਾ ਮਨ ਪੱਕਾ ਹੋ ਰਿਹਾ ਸੀ ਕਿ ਫ਼ੋਨ ਉੱਤੇ ਮੈਂ ਕੁਝ ਕਿਹਾ ਤਾਂ ਨਹੀਂ ਪਰ ਹੁਣ ਕਹਾਂਗਾ ਜ਼ਰੂਰ।

ਦਿੱਲੀ ਤੋਂ ਵਾਪਿਸ ਆ ਕੇ ਇਕ ਦਿਨ ਮੈਂ ਘਰ ਇਕੱਲਾ ਸਾਂ। ਸ਼ਾਮ ਨੂੰ ਮੈਂ ਦੋ ਤਿੰਨ ਪੈੱਗ ਲਗਾ ਕੇ ਕਰਨ ਨੂੰ ਫ਼ੋਨ ਘੁੰਮਾ ਲਿਆ ਅਤੇ ਪੁੱਛਿਆ ਕਿ ਦੱਸ ਮੈਂ ਤੈਨੂੰ ਕੀ ਗ਼ਲਤ ਕਿਹਾ ਹੈ?

... ਤੁਸੀਂ ਮੈਨੂੰ ਫ਼ੋਨ ਉੱਤੇ ਛੇੜਿਆ ਹੈ।

... ਮੈਂ ਕਦ ਛੇੜਿਐ? ਤੂੰ ਮੈਨੂੰ ਆਪਣੇ ਆਪ ਨੀਂ ਦੱਸਿਆ ਕਿ ਤੂੰ ਵਿਆਹ ਕਰਵਾ ਲਿਆ?

... ਨਹੀਂ, ਤੁਸੀਂ ਮੈਨੂੰ ਟਾਂਚ ਮਾਰੀ ਹੈ।

...ਮੈਨੂੰ ਟਾਂਚ ਮਾਰਨ ਦੀ ਕੀ ਲੋੜ-ਮੇਰੀ ਗੱਲ ਸੁਣ ਸਾਲਿਆ ਤੂੰ ਭਾਵੇਂ ਦਸ ਕੁੱਤੀਆਂ ਨਾਲ ਵਿਆਹ ਕਰਵਾ ਲੈ, ਮੈਨੂੰ ਕੀ ਫ਼ਰਕ ਪੈਣੈਂ?

... ਤੁਸੀਂ ਗਾਲ੍ਹਾਂ ਨਾ ਕੱਢੋ... ਮੈਂ ਦੀਦੀ ਕਰ ਕੇ ਤੁਹਾਡੀ ਇੱਜ਼ਤ ਕਰਦੈਂ।

... ਕੱਢਾਂ ਨਾ ਤੈਨੂੰ ਗਾਲ੍ਹਾਂ... ਨਾਲੇ ਸੁਆਹ ਕਰਦੈਂ ਤੂੰ ਮੇਰੀ ਇੱਜ਼ਤ।



ਫੇਰ ਉਸ ਨੇ ਫ਼ੋਨ ਕੱਟ ਦਿੱਤਾ ਅਤੇ ਮੈਂ ਸਦਾ ਦੇ ਲਈ ਉਸ ਪਰਿਵਾਰ ਨਾਲੋਂ ਨਾਤਾ ਤੋੜ ਲਿਆ।

ਇਕ ਦਿਨ ਮੈਂ ਉਹਨਾਂ ਦੇ ਘਰ ਅੱਗਿਓਂ ਲੰਘਿਆ ਤਾਂ ਛੋਟਾ ਮੁੰਡਾ ਪਵਨ ਆਪਣੀ ਮਾਂ ਦੇ ਕਹਿਣ 'ਤੇ ਮੈਨੂੰ ਪਿੱਛਿਓਂ ਆਵਾਜ਼ਾਂ ਮਾਰੇ:

...ਵੀਰ ਜੀ ... ਵੀਰ ਜੀ...

ਮੈਂ ਅਣਸੁਣੀ ਕਰ ਕੇ ਅੱਗੇ ਲੰਘ ਗਿਆ। ਕਈ ਦਿਨ ਗੱਲ ਅੰਦਰੇ-ਅੰਦਰ ਸੁਲਘਦੀ ਰਹੀ। ਮੈਂ ਉਹਨਾਂ ਨਾਲ ਸਬੰਧ ਤੋੜ ਦਿੱਤੇ ਪਰ ਮੇਰੀ ਪਤਨੀ ਨੂੰ ਪਿਛਲੀ ਰਿਸ਼ਤੇਦਾਰੀ ਹੋਣ ਕਾਰਨ ਉਨ੍ਹਾਂ ਦਾ ਹੇਜ ਆਉਂਦਾ ਸੀ। ਉਹ ਚਾਰ-ਪੰਜ ਦਿਨ ਬਾਅਦ ਮਾਸੀ ਕੋਲ ਗਈ। ਮਗਰਮੱਛ ਦੇ ਅੱਥਰੂ ਵਹਿਣ ਲੱਗੇ। ਮਾਸੀ ਨੇ ਕਿਹਾ ਕਿ ਅਸੀਂ ਹੁਣ ਇਸ ਗੱਲ ਨੂੰ ਜੇ ਨਾ ਛੇੜੀਏ ਤਾਂ ਹੀ ਚੰਗਾ ਰਹੇਗਾ।

ਇਕ ਦਿਨ ਮਾਸੀ ਘਰ ਆਈ। ਕਮਰੇ ਅੰਦਰ ਵੜ੍ਹਦਿਆਂ ਹੀ ਉਸ ਚਲਾਕ ਔਰਤ ਨੇ ਅੱਖਾਂ ਉੱਪਰ ਨੂੰ ਹੀ ਰੱਖੀਆਂ। ਸੋਚਦੀ ਸੀ ਕਿ ਸ਼ਾਇਦ ਮੈਂ ਉਸ ਨੂੰ ਨਾ ਹੀ ਬੁਲਾਵਾਂ। ਪਰ ਮੈਂ ਸਤਿ ਸ੍ਰੀ ਅਕਾਲ ਬੁਲਾ ਦਿੱਤੀ ਅਤੇ ਮੁੜ ਕੇ ਆਪਣੇ ਲਿਖਣ-ਕਾਰਜ ਵਿੱਚ ਰੁੱਝ ਗਿਆ। ਮੈਂ ਉਸ ਦੇ ਸਾਹਮਣੇ ਬੈਠਾ ਲਿਖਦਾ ਰਿਹਾ... ਲਿਖਦਾ ਰਿਹਾ।

ਉਹ ਘਰਵਾਲੀ ਨਾਲ ਹੌਲੀ-ਹੌਲੀ ਹੋਰ ਈ ਗੱਲਾਂ ਕਰਦੀ ਰਹੀ।

ਮੈਂ ਸੋਚਦਾ ਸੀ ਕਿ ਉਹ ਉਸ ਘਟਨਾ ਦੀ ਗੱਲ ਛੇੜੇਗੀ।

ਪਰ ਉਸ ਨੇ ਕੋਈ ਗੱਲ ਨਹੀਂ ਛੇੜੀ।

ਮੈਂ ਸੋਚਦਾ ਸੀ ਕਿ ਉਹ ਕੋਈ ਅਫ਼ਸੋਸ ਪ੍ਰਗਟ ਕਰੇਗੀ।

ਪਰ ਉਸ ਨੇ ਅਜਿਹਾ ਕੁਝ ਨਹੀਂ ਕੀਤਾ। ਉਹ ਕੁਝ ਸਮਾਨ ਜਾਂ ਪੈਸੇ ਦੇਣ ਦਾ ਬਹਾਨਾ ਕਰਕੇ ਆਈ ਸੀ ਅਤੇ ਦੇ ਕੇ ਚਲੇ ਗਈ। ਦੋ ਤਿੰਨ ਦਿਨ ਬਾਅਦ ਉਸ ਦਾ ਛੋਟਾ ਮੁੰਡਾ ਪਵਨ ਆਇਆ।

ਮੈਂ ਉਸ ਦਾ ਕੋਈ ਨੋਟਿਸ ਹੀ ਨਹੀਂ ਲਿਆ।

ਤਿੰਨ ਚਾਰ ਦਿਨ ਬਾਅਦ ਉਸ ਦਾ ਵੱਡਾ ਮੁੰਡਾ ਕਰਨ ਆਇਆ।

ਮੈਂ ਉਸ ਨੂੰ ਵੀ ਨਹੀਂ ਬੁਲਾਇਆ। ਕੋਈ ਵੀ ਮੁਆਫ਼ੀ ਮੰਗਣ ਜਾਂ ਘਟਨਾਂ ਸਬੰਧੀ ਅਫ਼ਸੋਸ ਪ੍ਰਗਟ ਕਰਨ ਦੇ ਰਉਂ ਵਿਚ ਨਹੀਂ ਸੀ।

ਕਈ ਮਹੀਨੇ ਲੰਘ ਗਏ। ਸ਼ਿਮਲੇ ਵਿਖੇ ਕਰਨ ਦੀ ਪਤਨੀ ਦੇ ਮੁੰਡਾ ਹੋਇਆ। ਬਹੂ ਆਪਣੇ ਸਹੁਰੇ ਘਰ ਪਹਿਲੀ ਵਾਰ ਮੁੰਡਾ ਲੈ ਕੇ ਹੀ ਵੜੀ। ਸਾਰੇ ਸ਼ਹਿਰ ਵਿਚ ਤਮਾਸ਼ਾ ਬਣ ਗਿਆ।

ਮੈਂ ਬਹੂ ਦੇਖਣ ਨਹੀਂ ਗਿਆ।

ਮੈਂ ਮੁੰਡਾ ਦੇਖਣ ਨਹੀਂ ਗਿਆ।

ਉਹਨਾਂ ਫੋਰਮੈਨ ਦੀ ਬਰਸੀ ਦਾ ਭੋਗ ਪਾਇਆ।

ਮੈਂ ਭੋਗ 'ਤੇ ਨਹੀਂ ਗਿਆ।

ਉਹਨਾਂ ਮੁੰਡੇ ਦਾ ਜਨਮ ਦਿਨ ਮਨਾਇਆ।

ਮੈਂ ਜਨਮ ਦਿਨ 'ਤੇ ਨਹੀਂ ਗਿਆ।

ਹਰ ਫੰਕਸ਼ਨ ਸਮੇਂ ਮਾਸੀ ਬੁਲਾਉਣ ਆਉਂਦੀ ਹੈ। ਫੌਰਮੈਲਟੀ ਕਰਦੀ ਹੈ ਸੱਦਾ ਦੇਣ ਦੀ। ਮੇਰੀ ਪਤਨੀ ਜਾਂਦੀ ਹੈ, ਮੇਰੇ ਬੱਚੇ ਜਾਂਦੇ ਹਨ, ਮੇਰੀ ਮਾਂ ਜਾਂਦੀ ਹੈ, ਮੇਰੇ ਸਹੁਰੇ ਜਾਂਦੇ ਹਨ, ਮੈਂ ਨਹੀਂ ਜਾਂਦਾ।

ਮੈਂ ਇਕੱਲਾ ਰਹਿ ਗਿਆ ਹਾਂ... ਮੈਂ ਕਦੇ ਵੀ ਉਸ ਘਰ ਦੀ ਦੇਹਲੀ ਨਹੀਂ ਟੱਪਾਂਗਾ।

ਕਿਸੇ ਵੱਡੇ ਨੇ ਮੇਰੇ ਨਾਲ ਹਮਦਰਦੀ ਨਹੀਂ ਜਤਾਈ। ਕਿਸੇ ਛੋਟੇ ਨੇ ਮੈਥੋਂ ਮੁਆਫ਼ੀ ਨਹੀਂ ਮੰਗੀ।

ਪਰ ਮੈਂ ਮੁਆਫ਼ੀ ਮੰਗਣੀ ਚਾਹੁੰਦਾ ਹਾਂ ਆਪਣੇ ਚਾਚੇ ਰੂਪ ਸਿੰਘ ਪਾਸੋਂ।

ਮੇਰਾ ਦਿਲ ਕਰਦਾ ਹੈ ਕਿ ਮੈਂ ਜਾ ਕੇ ਚਾਚੇ ਰੂਪ ਸਿੰਘ ਦੀਆਂ ਲੱਤਾਂ ਨੂੰ ਚਿੰਬੜ ਜਾਵਾਂ। ਪਰ ਮੈਨੂੰ ਉਸ ਦੀਆਂ ਅੱਖਾਂ ਤੋਂ ਭੈਅ ਆਉਂਦਾ ਹੈ ਕਿ ਕਿਧਰੇ ਉਹ ਵੀ ਮੈਨੂੰ ਆਪਣੀਆਂ ਲੱਤਾਂ ਨਾਲੋਂ ਝਟਕ ਕੇ ਪਰ੍ਹੇ ਨਾ ਸੁੱਟ ਦੇਵੇ।

ਟੈਲੀਵੀਜ਼ਨ ਉੱਤੇ ਭਗਵੇਂ ਕੱਪੜੇ ਪਾਈਂ ਸੰਤ ਇਕੱਲੇਪਣ ਬਾਰੇ ਉਵੇਂ ਹੀ ਪ੍ਰਵਚਨ ਕਰ ਰਿਹਾ ਹੈ ਅਤੇ ਮੇਰਾ ਨਸ਼ਾ ਹੌਲੀ-ਹੌਲੀ ਉਤਰ ਰਿਹਾ ਹੈ।

**ਪਤਾ: ਮਕਾਨ ਨੰ. 312, ਵਾਰਡ ਨੰ. 11, ਮੋਰਿੰਡਾ (ਰੋਪੜ) , ਮੁਬਾਇਲ 98556-16312**

*****

## ਕਹਾਣੀ / ਮੈਂ ਤੈਨੂੰ ਮੁਖਾਤਿਬ ਹਾਂ/ ਪ੍ਰੀਤ ਨੀਤਪੁਰ

ਅੱਜ ਮੈਂ ਚਿਰੋਕੇ ਚਿਰ ਪਿੱਛੋਂ ਪੇਕਿਆਂ ਦੇ ਪਿੰਡ ਆਈ ਹਾਂ।

ਮੈਨੂੰ ਚੰਗੀ ਤਰ੍ਹਾਂ ਯਾਦ ਆ। ਮਾਂ ਕਹਿੰਦੀ ਹੁੰਦੀ ਸੀ। ਅਖੇ ਜਿਨਾਂ ਚਿਰ ਮਾਂ-ਪਿਓ ਜਿਉਂਦੇ ਆ। ਉਨਾਂ ਚਿਰ ਈ ਪੇਕਿਆਂ ਦੇ ਘਰ ਧੀਆਂ ਦੀ ਸਰਦਾਰੀ ਹੁੰਦੀ ਆ। ਪਿੱਛੋਂ ਤਾਂ ਭਰਾ ਭਰਜਾਈਆਂ ਸਿੱਧੇ ਮੂੰਹ ਗੱਲ ਵੀ ਨਹੀਂ ਕਰਦੇ।

ਮਾਂ ਦੇ ਬੋਲ ਕਿਸੇ ਹੱਦ ਤੱਕ ਸੱਚੇ ਵੀ ਹਨ। ਇਸ ਦੇ ਬਾਵਜੂਦ, ਧੀਆਂ ਪੇਕਿਆਂ ਦਾ ਮੋਹ ਪਿਆਰ ਕਿਸੇ ਵੀ ਕੀਮਤ 'ਤੇ ਤਿਆਗ ਨਹੀਂ ਸਕਦੀਆਂ। ਬਾਬਲ ਦਾ ਵਿਹੜਾ ਜਿੱਥੇ ਉਹ ਜੰਮੀਆਂ-ਪਲੀਆਂ, ਖੇਡੀਆਂ ਤੇ ਜਵਾਨ ਹੋਈਆਂ, ਧੀਆਂ ਦੇ ਚੇਤਿਆਂ 'ਚ ਸਦਾ ਉੱਕਰਿਆ ਰਹਿੰਦੈ। ਇਹ ਜ਼ਿੰਦਗੀ ਦਾ ਯਥਾਰਥ ਹੈ, ਨੇਕ!

ਨੇਕ! ਜਦੋਂ ਮੈਨੂੰ ਪਤਾ ਲੱਗਾ ਕਿ ਤੂੰ ਬੇਰੁਜ਼ਗਾਰੀ ਦਾ ਭੰਨਿਆ ਹੋਇਆ, ਕਿਸੇ ਅਰਬ ਕੰਟਰੀ ਨੂੰ ਤੁਰ ਗਿਆਂ। ਬਸ ਉਦੋਂ ਤੋਂ ਹੀ ਪੇਕਿਆਂ ਦਾ ਪਿੰਡ ਮੇਰੇ ਪੈਰਾਂ ਤੋਂ ਦੂਰ ਹੋ ਗਿਆ। ਵੱਢੀ ਰੂਹ ਨਹੀਂ ਮੰਨਦੀ ਪੇਕੇ ਪਿੰਡ ਆਉਣ ਨੂੰ, ਜਿੱਥੇ ਤੂੰ ਨਹੀਂ, ਉੱਥੇ ਮੇਰਾ ਕੁੱਝ ਵੀ ਨਹੀਂ।

ਤੇਰੇ ਪਿੰਡ ਦਾ ਤੇ ਮੇਰੇ ਪਿੰਡ ਦਾ ਬੰਨਾ-ਬਸੀਆਂ ਸਾਂਝੈ। ਦੋਹਾਂ ਪਿੰਡਾਂ ਦੀ ਆਪਸੀ ਭਾਈਚਾਰਕ ਸਾਂਝ ਹੈ। ਇਕ ਪਿੰਡੋਂ ਮਾਰੀ ਅਵਾਜ਼ ਦੂਜੇ ਪਿੰਡ ਸੁਣਦੀ ਆ।

ਮੈਨੂੰ ਚੰਗੀ ਤਰ੍ਹਾਂ ਯਾਦ ਆ। ਮੈਂ ਆਪਣੇ ਚੁਬਾਰੇ 'ਤੇ ਚੜ੍ਹਕੇ, ਕਿੰਨਾਂ ਕਿੰਨਾਂ ਚਿਰ ਤੇਰੇ ਪਿੰਡ ਨੂੰ ਨਿਹਾਰਦੀ ਰਹਿੰਦੀ ਸਾਂ। ਤੇਰੇ ਪਿੰਡ ਦੀਆਂ ਉੱਚੀਆਂ ਇਮਾਰਤਾਂ ਪਿੱਛੇ, ਆਥਣ ਦਾ ਡੁੱਬਦਾ ਸੂਰਜ ਮੈਨੂੰ ਹਮੇਸ਼ਾ ਪਿਆਰਾ ਲੱਗਦਾ ਸੀ। ਡੁੱਬਦੇ ਸੂਰਜ ਦੀਆਂ, ਸੁਨਹਿਰੀ ਭਾ ਮਾਰਦੀਆਂ ਕਿਰਨਾਂ ਨੂੰ, ਕਦੇ ਮੈਂ ਢੂਹਣਾ ਤੱਕਿਆ ਸੀ ਪਰ...?

ਆਪਾਂ ਦਸਵੀਂ ਤੱਕ ਇੱਕੋ ਸਕੂਲ 'ਚ ਇਕੱਠੇ ਪੜ੍ਹਦੇ ਰਹੇ ਹਾਂ। ਆਪਾਂ ਦੋਹਾਂ ਨੂੰ ਸਾਹਿਤਕ ਕਿਤਾਬਾਂ ਪੜ੍ਹਨ ਦਾ ਸ਼ੌਕ ਸੀ। ਕਿਤਾਬਾਂ ਦੀ ਬਦੌਲਤ ਆਪਾਂ ਇਕ-ਦੂਜੇ ਦੇ ਨੇੜੇ ਹੋ ਗਏ। ਫਿਰ ਕਿਤਾਬਾਂ 'ਚ ਰੱਖ ਕੇ, ਇਕ ਦੂਜੇ ਨੂੰ ਖ਼ਤ ਦੇਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਤੂੰ ਹਰ ਖ਼ਤ 'ਚ ਤਾਗੀਦ ਕਰਦਾ ਹੁੰਦਾ ਸੀ।

'ਖ਼ਤ ਪੜ੍ਹਕੇ, ਪਾੜ ਦਈ ਜਾਂ ਸਾੜ ਦਈ।'

ਤੂੰ ਬਹੁਤ ਡਰਪੋਕ ਸੀ। ਵੈਸੇ ਮੈਨੂੰ ਵੀ ਬਹੁਤ ਡਰ ਲੱਗਦਾ ਹੁੰਦਾ ਸੀ। ਕਿ ਤੇਰਾ ਖ਼ਤ ਕਿਸੇ ਦੇ ਹੱਥ ਨਾ ਲੱਗ ਜਾਏ। ਖ਼ੈਰ, ਜਿਹੜਾ ਆਪਾਂ ਇਕੱਠੇ ਜ਼ਿੰਦਗੀ ਜਿਉਣ ਦਾ ਸੁਫਨਾ ਸਿਰਜਿਆ ਸੀ। ਉਹ ਜਮਾਂ ਚਕਨਾਚੂਰ ਹੋ ਗਿਆ। ਜਾਤ, ਮਜ਼ਬ੍ਹ ਤੇ ਸਮਾਜ ਦੇ ਠੇਕੇਦਾਰ ਸਾਡੇ ਰਾਹਾਂ 'ਚ ਪੱਥਰ ਦੀ ਕੰਧ ਬਣ ਖਲੋਤੇ। ਇਹ ਪਥਰੀਲੀ ਕੰਧ ਤੋੜਨ ਦੀ ਸਾਡੇ ਦੋਹਾਂ 'ਚ ਸਮਰੱਥਾ ਨਹੀਂ ਸੀ।

ਮੈਂ ਮਰਿਯਾਦਾ ਦੀ ਲਛਮਣ ਰੇਖਾ ਨਾ ਟੱਪ ਸਕੀ। ਤੇ ਤੂੰ ਮਰਦਾਂ ਵਾਲੀ ਜੁਰੱਅਤ ਨਾ ਕਰ ਸਕਿਆ। ਅੱਜ ਇਹ ਸਭ ਕੁਝ ਯਾਦ ਕਰਕੇ ਮਨ ਅੱਖਾਂ ਥੀ ਭਰ ਭਰ ਡੁਲ੍ਹਦੈ। ਤੇ ਆਪਣੇ-ਆਪ 'ਤੇ ਗੁੱਸਾ ਵੀ ਆਉਂਦੈ। ਖ਼ੈਰ, ਛੱਡ ਅੜਿਆ! ਹੁਣ ਝੋਰਾ ਕੀਤਿਆਂ ਕੀ ਬਣਨੈ? ਤੇਰਾ ਮੇਰਾ ਤਾਂ ਸੰਜੋਗ ਹੀ ਨਹੀਂ ਸੀ।

ਨੇਕ ਜਿਹਦੇ ਨਾਲ ਮੇਰੇ ਸੰਜੋਗ ਜੁੜੇ ਆ। ਉਹਦੇ ਬਾਰੇ ਤੈਨੂੰ ਸੰਖੇਪ 'ਚ ਦੱਸਦੀ ਆਂ।

ਬਾਪੂ ਨੇ ਮੁੰਡੇ ਦੀ ਇਖਲਾਕੀ ਤੇ ਬੌਧਿਕ ਪਰਖ ਕਰਨ ਦੀ ਲੋੜ ਨਹੀਂ ਸਮਝੀ। ਸਗੋਂ ਵੱਧ 'ਸਿਆੜ' ਵੇਖ ਕੇ ਮੇਰਾ ਵਿਆਹ ਕਰਤਾ। ਸ਼ਕਲ-ਸੂਰਤ ਵੱਲੋਂ ਤਾਂ 'ਉਹ' ਵਾਹਵਾ ਸੁਨੱਖਾ ਤੇ ਜਵਾਨ ਹੈ। ਪਰ ਕਰਤੂਤ...? ਬਾਹਲੇ ਕਿੱਲਿਆਂ ਦਾ ਮਾਲਕ, ਮੇਰੇ ਤੇ ਵੀ ਆਪਣੀ ਮਾਲਕੀ ਦੀ ਧੌਂਸ ਜਮਾਉਂਦੈ।

ਕਿਸੇ ਦੀਆਂ ਭਾਵਨਾਵਾਂ ਦੀ ਤੇ ਜਜਬਿਆਂ ਦੀ ਤਰਜਮਾਨੀ ਕਿਵੇਂ ਕਰੀਦੀ ਆ? 'ਉਹ' ਇਸ ਗੱਲੋਂ ਜਮ੍ਹਾਂ ਕੋਰਾ ਆਂ। ਸੰਵੇਦਨਸ਼ੀਲਤਾ ਅਤੇ ਭਾਵਿਕਤਾ ਦਾ ਉਹਦੇ ਹਿਰਦੇ ਅੰਦਰ ਕਣ ਤੱਕ ਨਹੀਂ। ਔਰਤ, ਮਰਦ ਦੀ ਆਪਸੀ ਭਾਵਨਾਤਮਕ ਸਾਂਝ ਦੇ ਉਹ ਮਾਇਨੇ ਤੱਕ ਨਹੀਂ ਜਾਣਦਾ। ਵਿਸ਼ਵਾਸ ਦੀ ਤੰਦ ਨਾਲ



ਬੱਧੇ ਪਤੀ-ਪਤਨੀ ਦੇ ਪਵਿੱਤਰ ਰਿਸ਼ਤੇ ਦੀ ਅਹਿਮੀਅਤ ਬਾਰੇ ਉਹਨੂੰ ਕੋਈ ਗਿਆਨ ਨਹੀਂ। ਜਮਾਂ ਥਿੰਧਾ ਘੜਾ! ਸਿਰੇ ਦਾ ਸ਼ਰਾਬੀ ਤੇ ਸ਼ੱਕੀ ਹੈ ਉਹ।

ਬਾਹਲੀ ਵਾਰੀ ਮੇਰੇ 'ਤੇ ਹੱਥ ਵੀ ਚੁੱਕ ਲੈਂਦਾ। 'ਉਹ ਕਹਿੰਦੈ,

"ਐਬ ਕਰਨੇ ਤੇ ਰੰਨ ਨੂੰ ਜੁੱਤੀ ਹੇਠ ਰੱਖਣਾ, ਸਰਦਾਰਾਂ ਦੀ ਫਿਤਰਤ ਆ।' ਇਹ ਉਹਦਾ ਆਪੇ ਘੜਿਆ ਸਿਧਾਂਤ ਹੈ! ਫਲਸਫਾ ਹੈ।

ਨੇਕ! ਉਹ ਮੇਰੇ ਜਿਸਮ ਨੂੰ ਨੋਚਦਾ ਹੋਇਆ, ਰੂਹ ਤੱਕ ਵੀ ਜ਼ਖ਼ਮੀ ਕਰ ਦਿੰਦੈ। ਬੜਾ ਅਨਾੜੀ ਕਿਸਮ ਦਾ ਬੰਦਾ...।

ਨੇਕ! ਮੈਂ ਉਹਦੀਆਂ ਵਧੀਕੀਆਂ ਦਾ ਕਦੇ ਵਿਰੋਧ ਨਹੀਂ ਕੀਤਾ। ਕਦੇ ਕੁਸਕੀ ਤੱਕ ਨਹੀਂ। ਗੂੰਗੀ ਬੋਲੀ ਬਣਕੇ ਸਭ ਨੰਗੇ ਪਿੰਡੇ ਜਰਦੀ ਹਾਂ। ਮੈਂ ਕਦੇ ਸਹਿਣਸ਼ੀਲਤਾ ਦਾ ਲੜ ਨਹੀਂ ਛੱਡਿਆ। ਭਾਰਤੀ ਨਾਰੀ ਜੁ ਹੋਈ। ਭਾਰਤੀ ਨਾਰੀ ਦਾ ਫਰਜ਼ ਹੈ ਕਿ ਉਹ ਬਿਨਾਂ ਕਿਸੇ ਹੀਲ ਹੁੱਜਤ ਦੇ ਆਪਣੇ ਪਤੀਵਰਤਾ ਧਰਮ ਨੂੰ ਬਾਖੂਬੀ ਨਿਭਾਏ। ਇਸੇ ਵਿਚ ਹੀ ਉਸਦੀ ਭਲਾਈ ਹੈ, ਉਸਦਾ ਕਲਿਆਣ ਹੈ। ਇਹ ਠੀਕ ਹੀ ਤਾਂ ਹੈ। ਇਸ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਨੂੰ ਮਰਦ ਦੇ 'ਰਹਿਮੋ ਕਰਮ' ਤੇ ਜਿਉਣਾ ਪਵੇਗਾ। ਨਹੀਂ ਤਾਂ ਉਹ ਆਪਣਾ ਇਸਤਰੀਤਵ ਤੇ ਅਸਤਿੱਤਵ ਦੋਵੇਂ ਖੋਹ ਬੈਠੇਗੀ।

ਵਾਹ! ਔਰਤ ਪ੍ਰਤੀ ਕਿੰਨਾ ਸਾਰਥਿਕ ਤੇ ਪ੍ਰਭਾਵਸ਼ਾਲੀ ਹੈ, ਥੋਡਾ ਮਰਦਾਂ ਦਾ ਘੜਿਆ ਸਿਧਾਂਤ, ਕਾਨੂੰਨ...।

ਲੈ, ਦੱਸ ਅੜਿਆ! ਮੈਂ ਵੀ ਕਿਹੜੇ ਵਹਿਣਾ 'ਚ ਵਹਿ ਤੁਰੀਆਂ।

ਨੇਕ! ਦਿਲ ਬਹੁਤ ਉਦਾਸ ਹੈ।

ਘੁੱਗ ਵੱਸਦਾ ਪੇਕਿਆਂ ਦਾ ਪਿੰਡ ਸੁੰਨਾ ਸੁੰਨਾ ਲੱਗਦੈ। ਮੇਰੇ ਪੂਰ ਦੀਆਂ ਸਭ ਕੁੜੀਆਂ ਵਿਆਹੀਆਂ ਗਈਆਂ। ਕੋਈ ਮੈਥੋਂ ਪਹਿਲਾਂ, ਕੋਈ ਮਗਰੋਂ। ਅੱਜ ਰਹਿ ਰਹਿ ਯਾਦ ਆਉਂਦੀਆਂ, ਬਚਪਨ ਦੀਆਂ ਸਹੇਲੀਆਂ। ਨਿੰਦਰ, ਮਿੰਦੂ, ਸ਼ੀਰੋ, ਛਿੰਦੀ। ਅਸੀਂ ਸਭ ਇਕ ਦੂਜੇ ਦੀਆਂ 'ਭੇਤੀ' ਸਾਂ। ਹਮਰਾਜ਼। ਜਦੋਂ ਕਦੇ ਆਪਾਂ ਮਿਲਦੇ ਸਾਂ। ਇਨ੍ਹਾਂ 'ਚੋਂ ਇਕ ਜਣੀ ਅਵੱਸ਼ ਮੇਰੇ ਨਾਲ ਹੁੰਦੀ ਸੀ। ਪਹਿਰੇਦਾਰ ਵਜੋਂ।

ਸ਼ੀਰੋ ਬੜੀ ਯਾਦ ਆਉਂਦੀ ਆ, ਚੰਦਰੀ।

ਸ਼ੀਰੋ ਬੜੀ ਚੰਚਲ। ਹਸਮੁੱਖ ਤੇ ਮਖੌਲਣ ਸੀ।

ਉਹ ਹਮੇਸ਼ਾ ਮੈਨੂੰ ਤੇਰੇ ਬਾਰੇ ਮਖੌਲ ਨਾਲ ਕਹਿੰਦੀ ਹੁੰਦੀ ਸੀ।

ਇਹ ਕੁੜੀਆਂ ਵਰਗਾ ਮੁੰਡਾ, ਕਦੇ ਮਿਰਜ਼ਾ ਨਹੀਂ ਬਣ ਸਕਦਾ। 'ਮਿਰਜ਼ਾ' ਉਹਦੇ ਲਈ ਉਸ ਗੱਭਰੂ ਦਾ ਪ੍ਰਤੀਕ ਸੀ। ਜਿਹੜਾ ਆਪਣੀ ਪ੍ਰੇਮਕਾ ਨੂੰ ਕੱਢ ਕੇ ਲੈ ਜਾਂਦਾ ਹੈ।

ਮੈਂ ਅੱਗੋਂ ਉਹਦੇ ਚੂੰਢੀ ਵੱਢ ਕੇ ਕਹਿਣਾ,

'ਤੇਰੇ ਆਲਾ ਕਦੋਂ ਕੁ ਮਿਰਜ਼ਾ ਬਣਦੈ?"

'ਮੇਰੇ ਆਲਾ ਹੈ ਤਾਂ ਮਿਰਜ਼ਾ।' ਉਹਨੇ ਢਿੱਲਾ ਜਿਹਾ ਮੂੰਹ ਬਣਾ ਕੇ ਕਹਿਣਾ, 'ਪਰ ਵਿਚਾਰੇ ਕੋਲ 'ਬੱਕੀ' ਹੈ ਨਹੀਂ।' ਉਹ ਇਕ ਲੰਮੇ ਹਾਉਂਕੇ ਨਾਲ ਧੁਰ ਅੰਦਰ ਤੱਕ ਸੂਤੀ ਜਾਂਦੀ।

ਸ਼ੀਰੋ ਦਾ ਪ੍ਰੇਮੀ ਜਗਦੀਪ ਇਕ ਗਰੀਬ ਤਰਖਾਣ ਦਾ ਪੁੱਤ ਸੀ। ਜਗਦੀਪ ਜਿੱਥੇ ਪੜ੍ਹਨ ਨੂੰ ਬੇਹੱਦ ਹੁਸ਼ਿਆਰ ਤੇ ਲਾਇਕ ਸੀ। ਉੱਥੇ ਉਹ ਸੰਜੀਦਾ, ਸੁਹਿਰਦ ਤੇ ਸਮਝਦਾਰ ਵੀ ਸੀ। ਉਹਦਾ ਬਾਪ ਪਿੰਡਾਂ 'ਚ ਘੁੰਮ-ਫਿਰਕੇ, ਟੁੱਟੇ ਮੰਜੇ, ਪੀੜ੍ਹੀਆਂ ਦੀ ਮੁਰੰਮਤ ਕਰਿਆ ਕਰਦਾ ਸੀ। ਆਥਣੇ, ਘਰੇ ਆ ਕੇ ਦਾਤੀਆਂ ਦੇ ਦੰਦੇ ਕੱਢਦਾ ਤੇ ਕਹੀਆਂ ਰੰਬੇ ਚੰਡਦਾ ਹੁੰਦਾ ਸੀ। ਜਗਦੀਪ ਪੜ੍ਹਾਈ ਦੇ ਨਾਲ ਨਾਲ ਕੰਮ 'ਚ ਆਪਣੇ ਬਾਪ ਦਾ ਹੱਥ ਵੀ ਵਟਾਉਂਦਾ ਸੀ। ਉਹ ਸਾਰਾ ਟੱਬਰ ਮਿਹਨਤੀ ਸੀ।

ਅਖੇ, ਰੱਬ ਜਦੋਂ ਬਹੁੜਦੈ, ਛੱਤ ਪਾੜਕੇ ਬਹੁੜਦੈ। ਸ਼ੀਰੋ ਦੇ ਵਿਆਹ ਤੋਂ ਬਾਅਦ, ਜਗਦੀਪ ਕਿਸੇ ਸੰਸਥਾ ਦੇ ਰਾਹੀਂ ਆਸਟਰੇਲੀਆਂ ਪੜ੍ਹਾਈ ਕਰਨ ਚਲਾ ਗਿਆ ਸੀ।

'ਆਹ! ਸ਼ੀਰੋ ਦੀ 'ਹੋਣੀ' ਬਾਰੇ ਤਾਂ ਤੈਨੂੰ ਪਤਾ ਈ ਆ ਨੇਕ! ਉਹ ਚੰਦਰੀ ਦਾਜ ਦੀ ਬਲੀ ਚੜ੍ਹ ਗਈ ਸੀ। ਦਾਜ ਦੇ ਲੋਭੀਆਂ ਨੇ ਉਹਨੂੰ ਜਿਉਂਦੀ ਨੂੰ ਮਿੱਟੀ ਦਾ ਤੇਲ ਪਾ ਕੇ ਫੂਕ ਦਿੱਤਾ ਸੀ। ਪਰ ਪੁਲੀਸ ਨੇ 'ਹੱਦ

ਖਾ ਕੇ' ਝੂਠੇ ਸਬੂਤਾਂ ਗੁਵਾਹਾਂ ਦੀ ਬਦੌਲਤ ਹੱਤਿਆ ਨੂੰ ਆਤਮਹੱਤਿਆ ਦੇ ਕੇਸ ਵਿਚ ਤਬਦੀਲ ਕਰ ਦਿੱਤਾ ਸੀ।

ਫਿਰ ਪਿੰਡਾਂ ਦੇ ਪਿੰਡ ਜੁੜੇ। ਆਵਾਜਾਈ ਰੋਕੀ। ਹੜਤਾਲਾਂ, ਮੁਜ਼ਾਰੇ ਕੀਤੇ। ਜਲੂਸ ਕੱਢੇ। ਤੂੰ ਇਸ ਪਵਿੱਤਰ ਕਾਰਜ਼ ਵਿਚ ਵੱਧ ਚੜ੍ਹਕੇ ਹਿੱਸਾ ਲੈਂਦਾ ਹੁੰਦਾ ਸੀ। ਤੇਰਾ ਜੋਸ਼ੀਲਾ ਭਾਸ਼ਣ ਸੁਣਕੇ ਜਵਾਨਾਂ ਦੇ ਡੋਲੇ ਫਰਕਣ ਲੱਗ ਜਾਂਦੇ ਸਨ। ਔਰਤਾਂ ਦੀਆਂ ਅੱਖਾਂ 'ਚੋਂ ਧਾਰੋ ਧਾਰ ਹੰਝੂ ਵਹਿ ਤੁਰਦੇ ਸਨ। ਉਦੋਂ ਤੇਰੇ 'ਤੇ 'ਕਾਮਰੇਡੀ' ਦਾ ਨਵਾਂ ਨਵਾਂ ਭੂਤ ਸਵਾਰ ਹੋਇਆ ਸੀ।

ਲੋਕਾਂ ਦੇ ਤਕੜੇ ਸੰਘਰਸ਼ ਦੇ ਬਾਵਜੂਦ, ਬਣਿਆ ਸਰਿਆ ਕੁੱਝ ਵੀ ਨਹੀਂ ਸੀ। ਅਗਲੇ ਚੌਥੇ ਦਿਨ 'ਜ਼ਮਾਨਤ' ਤੇ ਘਰ ਆ ਗਏ ਸਨ। ਦਰਅਸਲ, ਕਾਤਲਾਂ ਨੂੰ ਇਲਾਕੇ ਦੇ ਐਮ. ਐਲ. ਏ. ਦੀ ਸਰਪ੍ਰਸਤੀ ਹਾਸਿਲ ਸੀ।

ਕੇਸ ਤਾਂ ਸ਼ਾਇਦ ਅਜੇ ਵੀ ਚੱਲਦਾ। ਪਰ 'ਪੈਰਵਾਹੀ' ਕਰਨ ਵਾਲਾ ਕੋਈ ਨਹੀਂ। ਸ਼ੀਰੋ ਦਾ ਬਾਪ, ਸ਼ੀਰੋ ਦੇ ਵਿਜੋਗ ਵਿਚ ਮਰ ਗਿਆ ਸੀ। ਭਰਾ ਆਪੋ-ਆਪਣੀ 'ਕਬੀਲਦਾਰੀ' ਵਿਚ ਉਲਝ ਗਏ। ਤੇ ਚੱਲ ਮੇਰੇ ਭਾਈ ਕਹਾਣੀ ਖਤਮ। ਮੇਰੀ ਸਹੇਲੀ ਸ਼ੀਰੋ ਵਿਚਾਰੀ ਬੀਤੇ ਦੀ ਬਾਤ ਬਣਕੇ ਰਹਿ ਗਈ।

ਇਹ ਸਭ ਯਾਦ ਕਰਕੇ, ਮੈਂ ਭਾਵੁਕ ਜਿਹੀ ਹੋ ਜਾਂਦੀ ਹਾਂ। ਸੋਚਦੀ ਹਾਂ। ਕੀ ਇਹੋ ਹੈ ਕੁੜੀਆਂ ਦੀ ਹੋਣੀ।

ਨੇਕ ਆੜਿਆ! ਤੈਨੂੰ ਨਿੰਦਰ ਦੀ ਹੋਣੀ ਬਾਰੇ ਨਹੀਂ ਪਤਾ ਹੋਣਾ? ਲੈ, ਇਹ ਵੀ ਸੁਣ ਲੈ, ਲੱਗਦੇ ਹੱਥ। ਨਿੰਦਰ ਦੇ ਕੁੱਛੜ ਉਦੋਂ ਸੱਤਾ ਕੁ ਮਹੀਨਿਆਂ ਦਾ ਮੁੰਡਾ ਸੀ। ਜਦੋਂ ਉਹਦਾ ਪਤੀ ਪੰਜਾਹ ਫੁੱਟ ਡੂੰਘੀ ਖੂਹੀ ਵਿਚੋਂ, ਬਿਜਲੀ ਵਾਲੀ ਮੋਟਰ ਨੂੰ ਬਾਹਰ ਕੱਢਣ ਲਈ, ਰੱਸਾ ਪਾਉਣ ਉਤਰਿਆ। ਤਾਂ ਗੈਸ ਚੜ੍ਹਕੇ ਮਰ ਗਿਆ ਸੀ। ਬੜਾ ਦਰਸ਼ਨੀ ਜਵਾਨ ਦੀ ਚੰਦਰਾ। ਹੱਡਾ-ਪੈਰਾ ਮੋਕਲਾ। ਖੇਤੀ ਪੱਤੀ ਦਾ ਕੰਮ 'ਕੱਲਾ ਈ ਧੂਹੀ ਫਿਰਦਾ ਸੀ। ਬੇਸ਼ਕ ਜ਼ਮੀਨ ਥੋੜੀ ਸੀ। ਪਰ ਕਿਸੇ ਤਰ੍ਹਾਂ ਦਾ 'ਐਬੀ' ਨਾ ਹੋਣ ਕਰਕੇ, ਉਹਦਾ ਗੁਜ਼ਾਰਾ ਚੰਗਾ ਸੀ। ਮਰਨ ਤੋਂ ਪਹਿਲਾਂ ਨਿੰਦਰ ਦੱਸਦੀ ਸੀ, ਕਿਸ਼ਤਾਂ 'ਤੇ ਟਰੈਕਟਰ ਲੈਣ ਨੂੰ ਫਿਰਦਾ ਸੀ। ਪਰ ਚੰਦਰੇ ਰੱਬ ਨੇ ਸਭ ਕੁੱਝ ਤਹਿਸ਼ ਨਹਿਸ਼ ਕਰ ਤਾ।

ਨੇਕ! ਮਨੁੱਖ ਕੁਦਰਤ ਦੀ ਕਰੋਪੀ ਦਾ ਕਿੱਥੇ ਕਿੱਥੇ ਰੋਣਾਂ ਰੋਵੇ।

ਨਿੰਦਰ ਨਾਲ ਇਕ ਧੱਕਾ ਹੋਰ ਹੋਇਆ। ਉਹਦੀ 'ਰਾਇ' ਪੁੱਛੇ ਬਿਨਾਂ ਪੇਕਿਆਂ ਸੋਹਰਿਆਂ ਤੇ ਹੋਰ ਰਿਸ਼ਤੇਦਾਰਾਂ ਨੇ ਰਲਕੇ, ਨਿੰਦਰ ਨੂੰ ਬੁਝੜ ਜਿਹੇ ਛੜੇ ਜੇਠ ਨਾਲ 'ਨਰੜ' ਦਿੱਤਾ ਸੀ। ਵਿਚਾਰੀ ਨਿੰਦਰ ਖੂਨ ਦੀਆਂ ਘੁੱਟਾਂ ਭਰ ਕੇ ਰਹਿ ਗਈ। ਅਖੇ, ਵਿਧਵਾ ਔਰਤ, ਸੋਨੇ ਤੋਂ ਜੰਗ ਲੱਗਾ ਲੋਹਾ ਬਣਕੇ ਰਹਿ ਜਾਂਦੀ ਹੈ। ਨਿੰਦਰ ਨੇ ਸਿਰ ਨਿਵਾਂ ਕੇ ਸਵੀਕਾਰ ਕਰ ਲਿਆ। ਹੋਰ ਵਿਚਾਰੀ ਕਰਦੀ ਵੀ ਕੀ? ਉਹਦਾ ਸੋਨਾ, ਲੋਹਾ ਜੁ ਹੋ ਗਿਆ ਸੀ।

ਉੱਧਰ ਬਿੱਲੀ ਦੇ ਭਾਗੀ ਛਿੱਕਾ ਟੁੱਟਾ। ਜਿਹੜੇ ਛੜੇ ਜੇਠ ਨੇ ਕਦੀ ਸੁਫਨੇ 'ਚ ਵੀ ਵਿਆਹ ਹੋਣ ਬਾਰੇ ਨਹੀਂ ਸੀ ਸੋਚਿਆ। ਉਹਨੂੰ ਸੁਨੱਖੀ, ਸਲੋਨੀ ਤੇ ਸੋਹਲ ਜਿਹੀ ਰੰਨ ਮਿਲ ਗਈ ਸੀ।

ਨੇਕ! ਕੀ ਇਹੋ ਹੈ ਔਰਤ ਦੀ ਹੋਣੀ?

ਆਪਣੇ ਰੂਹ ਦੇ ਹਾਣੀ ਬਿਨਾਂ ਜਿਉਣਾ ਵੀ ਕੋਈ ਜਿਊਣਾ ਹੁੰਦੈ। ਨਿੰਦਰ ਜਦੋਂ ਮਿਲਦੀ ਆ। ਇਹੋ ਰੋਣੇ ਰੋਂਦੀ ਆ। 'ਮੈਂ ਤਾਂ ਉਹਦੀ ਨਿਸ਼ਾਨੀ ਆਪਣੇ ਪੁੱਤ ਦਾ ਮੂੰਹ ਵੇਖ ਵੇਖ ਜਿਉਨੀ ਆ। ਉਹ ਤਾਂ ਮੈਨੂੰ ਵੱਢੀ ਰੂਹ ਨਹੀਂ ਸੁਖਾਂਦਾ। ਜੋ ਅੱਖਾਂ ਨੂੰ ਨਾ ਜਚੇ, ਉਹ ਮੂੰਹ 'ਚ ਨਹੀਂ ਪਾਇਆ ਜਾਂਦਾ। ਪਰ ਮਜ਼ਬੂਰੀ ਵਸ ਸਭ ਕੁਝ ਕਰਨਾ ਪੈਂਦਾ। ਜਰਨਾ ਪੈਂਦਾ। ਸੱਚੀ ਜਦੋਂ ਉਹ ਮੇਰੇ ਨਾਲ ਸੌਂਦਾ, ਮੈਨੂੰ ਇਉਂ ਮਹਿਸੂਸ ਹੁੰਦੈ, ਜਿਵੇਂ ਮੇਰੇ ਨੰਗੇ ਪਿੰਡੇ 'ਤੇ ਹਜ਼ਾਰਾਂ ਗਡੋਏ ਰੀਂਗਦੇ ਫਿਰਦੇ ਹੋਣ।'

ਹਾਏ ਰੱਬਾ! ਔਰਤ ਕਿਨਾਂ ਕੁਝ ਅਣਚਾਹਿਆ ਸਹਿੰਦੀ ਆ। ਪਰ ਮਰਦ ਫਿਰ ਵੀ ਉਹਦਾ ਕਦੇ ਕਦਰਦਾਨ ਨਹੀਂ ਹੋ ਸਕਿਆ। ਔਰਤ ਨੂੰ ਪਤਾ ਹੈ ਕਿ ਬੇਕਦਰਾਂ ਨਾਲ ਸਮਝੋਤਿਆਂ ਬਿਨਾਂ ਜ਼ਿੰਦਗੀ ਨਹੀਂ ਗੁਜ਼ਾਰੀ ਜਾ ਸਕਦੀ। ਮਰਦ ਦੀਆਂ ਵਧੀਕੀਆਂ ਦੇ ਬਾਵਜੂਦ ਔਰਤ ਹਰ ਵੇਲੇ ਉਹਦੀ ਸੁੱਖ ਲੋੜਦੀ ਹੈ। ਇਹ ਔਰਤ ਦੀ ਮਹਾਨਤਾ ਹੈ, ਨੇਕ!



ਕਦੇ ਕਦੇ ਮੈਂ ਸੋਚਦੀ ਆ।

ਨੇਕ ਅੜਿਆ। ਜੇ ਤੂੰ ਜੇਰਾ ਕਰਦਾ, ਤਾਂ ਅੱਜ ਮੈਂ ਉਜੱਡ ਅਨਾੜੀ ਤੇ ਸ਼ਰਾਬੀ ਬੰਦੇ ਦੀਆਂ ਵਧੀਕੀਆਂ ਦੀ ਸ਼ਿਕਾਰ ਨਾ ਹੁੰਦੀ। ਮੰਨਿਆ, ਮੈਂ ਤੈਨੂੰ 'ਸਾਹਿਬਾਂ' ਦੇ ਰੂਪ ਵਿਚ ਸਵੀਕਾਰ ਨਹੀਂ ਸੀ। ਪਰ ਤੂੰ ਸੱਸੀ ਦੇ ਪੈਰਾਂ 'ਚ ਪਏ ਛਾਲਿਆਂ ਕੰਨੀਂ ਵੀ ਨਜ਼ਰ ਭਰਕੇ ਨਹੀਂ ਵੇਖਿਆ। ਮਰਦ ਨੂੰ ਔਰਤ ਦੀ ਪੀੜ ਦਾ ਅਹਿਸਾਸ ਹੋ ਈ ਨਹੀਂ ਸਕਦਾ। ਮੁਆਫੀ ਚਾਹੁੰਨੀ ਆ, ਤੈਨੂੰ ਚਿਤਾਰਨ ਦਾ ਕੋਈ ਇਰਾਦਾ ਨਹੀਂ। ਬਸ ਐਵੇਂ ਕਦੇ-ਕਦੇ ਅੰਦਰਲਾ ਜ਼ਖ਼ਮ ਉੱਚੜ ਜਾਂਦੈ, ਅੜਿਆ।

ਸੱਜਣਾ! ਅੱਖਾਂ ਦੀਆਂ ਪਲਕਾਂ ਤੋਂ ਹੰਝੂਆਂ ਦੇ ਫੁੱਲ ਝੜ-ਝੜ ਪੈਂਦੇ ਨੇ। ਸਾਡੇ ਹੰਝੂਆਂ ਨੂੰ ਤੇਰੇ ਪੋਟੇ ਨਸੀਬ ਨਾ ਹੋਏ। ਸਾਡੀ ਬਦਕਿਸਮਤੀ। ਚਲ ਛੱਡ ਅੜਿਆ। ਐਂ ਰੋਇਆਂ ਵਾਟ ਥੋੜੋਂ ਮੁਕਦੀ ਆ।

ਨੇਕ! ਅਤੀਤ ਸਾਡੇ ਵੱਸ ਵਿਚ ਨਹੀਂ ਹੁੰਦਾ। ਪਰ ਭਵਿੱਖ ਸਾਡੇ ਸਾਹਮਣੇ ਹੁੰਦਾ ਹੈ। ਪਰ ਔਰਤ ਭਵਿੱਖਮੁੱਖੀ ਨਹੀਂ ਹੁੰਦੀ। ਉਹਦੀ ਸਾਰੀ 'ਟੇਕ' ਆਪਣੇ 'ਹਾਣੀ ਮਰਦ' ਉੱਤੇ ਹੀ ਹੁੰਦੀ ਹੈ। ਇਹੋ ਔਰਤ ਦਾ ਕਮਜ਼ੋਰ ਪੱਖ ਹੈ।

ਇਨ੍ਹਾਂ ਸੋਚਾਂ 'ਚ ਉਲਝੀ ਵੀ ਆਥਣੇ ਜਿਹੇ ਮੈਂ ਆਪਣੀ ਭਤੀਜੀ ਗੁੱਡੀ, ਜਿਹੜੀ ਆਂਗਣਬਾੜੀ ਪੜ੍ਹਨ ਜਾਂਦੀ ਆ ਦੀ ਉਂਗਲ ਫੜਕੇ ਖੇਤਾਂ ਵੱਲ ਘੁੰਮਣ ਤੁਰ ਪਈ ਆ। ਮੇਰੇ ਪੈਰਾਂ ਹੇਠਲੀ ਸੜਕ ਤੇਰੇ ਪਿੰਡ ਨੂੰ ਜਾਂਦੀ ਹੈ।

ਮੈਂ ਵੇਖਿਆ ਜਿਹੜੇ ਬੋਰਡ 'ਤੇ ਤੇਰੇ ਪਿੰਡ ਨਾ ਨਾਂਅ ਲਿਖਿਆ ਹੋਇਆ ਸੀ। ਉਹ ਬੋਰਡ ਕਿਸੇ ਟਰੈਕਟਰ ਜਾਂ ਟੈਂਪੂ ਦੀ ਟੱਕਰ ਖਾ ਕੇ, ਇੱਕ ਪਾਸੇ ਨੂੰ ਟੇਢਾ ਜਿਹਾ ਹੋ ਗਿਆ ਸੀ। ਤੇ ਤੇਰੇ ਪਿੰਡ ਦਾ ਨਾਂਅ ਜਮਾਂ ਮਿਟ ਗਿਆ ਸੀ। ਜੰਗਾਲ ਖਾਧਾ ਬੋਰਡ ਬੀਤੇ ਸਮੇਂ ਦੇ ਖਾਧੇ ਥਪੇੜਿਆਂ ਦੀ ਗਵਾਹੀ ਭਰਦਾ ਸੀ।

ਇਸ ਬੋਰਡ 'ਤੇ ਕਦੇ ਆਪਾਂ ਖਾਸ ਚਿੰਨ ਲਾ ਕੇ ਮਿਲਣ ਦਾ ਸਮਾਂ ਤੇ ਸਥਾਨ ਨਿਸਚਿਤ ਕਰਿਆ ਕਰਦੇ ਸਾਂ। ਇਹ ਬੋਰਡ ਕਦੇ ਸਾਡਾ 'ਕਾਸਦ' ਹੁੰਦਾ ਸੀ। ਗੂੰਗਾ ਕਾਸਦ।

ਅੱਜ ਬੋਰਡ ਦੀ ਦੁਰਦਸ਼ਾ ਵੇਖਕੇ ਮੇਰਾ ਮਨ ਪਸੀਜਿਆ ਗਿਆ। ਮੈਂ ਹਾਉਕਾ ਭਰਕੇ ਰਹਿ ਗਈ। ਸਮੇਂ ਦੇ ਨਾਲ ਕਿੰਨਾਂ ਕੁੱਝ ਬਦਲ ਜਾਂਦਾ ਹੈ, ਨੇਕ!

ਸੜਕ ਕਿਨਾਰਿਓ ਨਿਉਂ ਕੇ ਮੈਂ ਇਕ ਨੋਕੀਲਾ ਪੱਥਰ ਚੁੱਕਿਆ। ਤੇ ਆਸੇ ਪਾਸੇ ਵੇਖ ਕੇ ਪੱਥਰ ਨਾਲ ਘਰੋੜ ਕੇ, ਜੰਗਾਲੇ ਬੋਰਡ ਉੱਤੇ, ਤੇਰੇ ਪਿੰਡ ਦਾ ਨਾਂਅ ਲਿਖ 'ਤਾ।

ਗੁੱਡੀ ਨੇ ਪੁੱਛਿਆ, 'ਭੂਆ ਇਹ ਕੀ ਲਿਖਦੀ ਆ?"

ਮੈਂ ਬੇਹੱਦ ਭਾਵੁਕ ਤੇ ਜਜ਼ਬਾਤੀ ਹੋ ਕੇ ਕਿਹਾ

'ਪਿਆਰ...।' ਦੋ ਹੰਝੂ ਮੇਰੀਆਂ ਗੱਲ੍ਹਾਂ ਤੇ ਡਲ੍ਹਕ ਪਏ ਸਨ।

ਮੈਂ ਇਸ ਅਹਿਸਾਸ ਨਾਲ ਨੱਕੋ ਨੱਕ ਭਰੀ ਹੋਈ ਸਾਂ। ਕਿ ਜਦੋਂ ਕਦੇ ਤੂੰ ਆਏਗਾ, ਗੂੰਗੇ ਕਾਸਦ ਦੀ ਜ਼ਬਾਨੀ ਮੇਰੀ ਕਹਾਣੀ ਸੁਣੇਗਾ।

ਤੇਰੇ ਪਿੰਡ ਦੀਆਂ ਉੱਚੀਆਂ ਇਮਾਰਤਾਂ ਪਿੱਛੇ ਸੂਰਜ ਛੁਪ ਰਿਹਾ ਹੈ। ਤੇ ਮੈਂ ਗੁੱਡੀ ਦੀ ਉਂਗਲ ਫੜਕੇ, ਬੋਝਲ ਕਦਮਾਂ ਨਾਲ ਰਵਾਂ-ਰਵੀਂ ਘਰ ਨੂੰ ਪਰਤ ਰਹੀ ਹਾਂ।

ਮਨ ਦੀਆਂ ਗਹਿਰਾਈਆਂ 'ਚ ਇਕ ਧੁੰਨ ਅਵਾਜ਼ ਗੂੰਜ ਰਹੀ ਹੈ।

'ਵੱਸਦਾ ਰਹਿ ਮਿੱਤਰਾ ਰੱਬ ਵਰਗਾ ਆਸਾਰ ਤੇਰਾ।'

**ਪਤਾ : ਨੀਤਪੁਰ, ਹੁਸ਼ਿਆਰਪੁਰ, ਫੋਨ 249578**

ਸ਼ਬਦ ਚਿੱਤਰ

# ਕਲਮ ਦਾ ਸਿਪਾਹੀ : ਸੰਤੋਖ ਸਿੰਘ ਧੀਰ / ਪ੍ਰੇਮ ਪ੍ਰਕਾਸ਼

1956 ਜਾਂ 57 ਦੇ ਗੇੜ 'ਚ ਜਲੰਧਰ 'ਚ ਮੈਂ ਸੰਤੋਖ ਸਿੰਘ ਧੀਰ ਨੂੰ ਪੁੱਛਿਆ,"ਬੜੇ ਭਾਈ, ਜੇ ਕਹੈਂ ਤਾਂ ਮੈਂ ਤੇਰਾ 'ਰੇਖਾ ਚਿਤਰ' ਭਾਪਾ ਪ੍ਰੀਤਮ ਸਿੰਘ ਦੇ ਪਰਚੇ 'ਆਰਸੀ' ਵਾਸਤੇ ਲਿਖ ਦਮਾਂ?"

"ਲਿਖ ਲੈ ਜੇ ਤੇਰਾ ਦਿਲ ਕਰਦੈ।"

"ਪਰ ਮੈਂ ਤੇਰੀਆਂ ਸਿਗਟਾਂ ਪੀਣ ਦਾ ਜ਼ਿਕਰ ਜ਼ਰੂਰ ਕਰਾਂਗਾ।"

"ਤਾਂ ਭਾਈ ਤੂੰ ਨਾ ਏ ਲਿਖ। .. ਇਹਦੇ ਬਿਨਾ ਮੇਰੇ ਕਿਰਦਾਰ 'ਚ ਹੋਰ ਕੁਛ ਨੀਂ?"

ਮੈਂ ਨਾ ਲਿਖਿਆ। ਉਦੋਂ ਮੈਨੂੰ ਬਹੁਤ ਹੀ ਯਥਾਰਥਵਾਦੀ ਹੋ ਕੇ ਲਿਖਣ ਦਾ ਜਨੂਨ ਸੀ। ਫੇਰ ਆਪਣੀ ਆਤਮ ਕਥਾ 'ਆਤਮ ਮਾਯਾ' ਲਿਖਣ ਵੇਲੇ ਪਤਾ ਲੱਗਿਆ ਕਿ ਬੰਦੇ ਨੂੰ ਬਹੁਤ ਸਾਰੇ ਕੋਝੇ ਸੱਚ ਲੁਕਾਣੇ ਵੀ ਪੈਂਦੇ ਨੇ ਤੇ ਕੁਝ ਮਾੜੇ ਸੱਚ ਦੱਸ ਕੇ ਵੀ ਉਹ ਸੁੱਚਾ ਈ ਰਹਿ ਸਕਦਾ ਏ।

ਆਰਸੀ 'ਚ ਉਹਨਾਂ ਦਿਨਾਂ 'ਚ 'ਸਮਕਾਲੀ' ਕਾਲਮ ਦੇ ਨਾਂ ਹੇਠ ਸਾਹਿਤਕਾਰਾਂ ਦੇ ਵਿਅਕਤੀ ਚਿਤਰ ਛਪਦੇ ਹੁੰਦੇ ਸੀ। ਮੈਂ ਜਲੰਧਰ ਦੇ ਮੁਹੱਲਾ ਗੋਬਿੰਦ ਗੜ੍ਹ ਦੇ ਇਕ ਕੱਲੇ ਕਮਰੇ 'ਚ ਕਿਰਾਏ 'ਤੇ ਰਹਿੰਦਾ ਹੁੰਦਾ ਸੀ। ਧੀਰ ਪ੍ਰੋ. ਮੋਹਨ ਸਿੰਘ ਦੇ 'ਪੰਜ ਦਰਿਆ' ਦਾ ਕੰਮ ਕਰਨ 'ਤੇ ਨੌਕਰੀ ਕਰਨ ਜਲੰਧਰ ਆਇਆ ਹੋਇਆ ਸੀ। ਉਹ ਵੀ ਮੇਰੇ ਕਮਰੇ 'ਚ ਈ ਰਹਿਣ ਲੱਗ ਪਿਆ ਸੀ। ਮੈਂ ਕਮਰੇ ਨੂੰ ਜਿੰਦਾ ਨਹੀਂ ਸੀ ਲਾਉਂਦਾ ਹੁੰਦਾ। ਮੇਰੇ ਪਿੱਛੋਂ ਜਸਵੰਤ ਸਿੰਘ ਵਿਰਦੀ ਤੇ ਗੁਰਦਰਸ਼ਨ ਸਿੰਘ ਉਰਫ ਮਹਿਰਮ ਯਾਰ ਨੂੰ ਜਦ ਵੀ ਲੋੜ ਹੁੰਦੀ, ਉਹ ਮੇਰੇ ਕਮਰੇ 'ਚ ਆ ਬਹਿੰਦੇ ਸੀ। ਮੈਂ ਸਟੋਵ ਰੱਖਿਆ ਹੋਇਆ ਹੁੰਦਾ ਸੀ। ਜੀਹਦਾ ਦਿਲ ਕਰਦਾ ਸੀ, ਆ ਕੇ ਚਾਹ ਬਣਾ ਕੇ ਪੀਂਦਾ ਤੇ ਗੱਲਾਂ ਮਾਰ ਜਾਂਦਾ। ਓਸ ਸਮੇਂ ਕਮਿਊਨਿਸਟ ਕਾਮਰੇਡਾਂ ਤੇ ਹਮਦਰਦਾਂ ਨੂੰ ਧਰਮ ਦਾ ਵਿਰੋਧ ਕਰਨ ਦਾ ਸ਼ੁਦਾਅ ਹੋਇਆ ਹੁੰਦਾ ਸੀ। ਉਹ ਕੇਸ ਕਟਾਈ ਜਾ ਰਹੇ ਸੀ ਤੇ ਨਾਲ ਬਿਨਾ ਤਲਬ ਅਤੇ ਸੁਆਦ ਦੇ ਸਿਗਰਟਾਂ ਪੀਂਦੇ ਹੁੰਦੇ। ਪੀਂਦੇ ਕੀ, ਫੂਕਦੇ ਹੁੰਦੇ ਸੀ। ਮੇਰਾ ਕਮਰਾ ਅਜਿਹੇ ਕੰਮਾਂ ਲਈ ਠੀਕ ਸੀ। ਕਿਉਂਕਿ ਉਹ ਗਲੀ ਦੇ ਸਿਰੇ 'ਤੇ ਸੀ। ਕੱਲਾ ਸੀ। ਕਿਸੇ ਬੰਦੇ ਦਾ ਉਧਰ ਲੰਘਣ ਵੜਨ ਨਹੀਂ ਸੀ ਹੁੰਦਾ। ਪਿੱਛੇ ਬਹੁਤ ਖੁਲ੍ਹਾ ਵਿਹੜਾ ਤੇ ਇਕ ਖੂੰਜੇ 'ਚ ਰਸੋਈ ਸੀ। ਕਮਰੇ 'ਚ ਮੇਰਾ ਬਾਣ ਦਾ ਮੰਜਾ, ਉੱਤੇ ਵਿਛਿਆ ਬਿਸਤਰਾ। ਕੁਝ ਕੱਪੜਿਆਂ ਵਾਲੀ ਟਰੰਕੀ ਇਕ ਖੂੰਜੇ 'ਚ ਪਈ ਹੁੰਦੀ ਤੇ ਇਕ ਛੋਟਾ ਮੇਜ਼ ਗੁਰਦਰਸ਼ਨ ਦਾ ਲਿਆ ਕੇ ਰੱਖਿਆ ਹੋਇਆ ਸੀ। ਉਹ ਤੇ ਵਿਰਦੀ ਨੇੜੇ ਹੀ ਰਹਿੰਦੇ ਸੀ। ਵਿਰਦੀ ਟੱਬਰਦਾਰ ਸੀ ਤੇ ਗੁਰਦਰਸ਼ਨ ਛੜਾ। ਓਸ ਕਮਰੇ ਨੇ ਸਾਡੀਆਂ ਬੜੀਆਂ ਕਰਤੂਤਾਂ ਦੇਖੀਆਂ ਸਨ।

ਜਦ ਮੈਂ ਧੀਰ ਨੂੰ ਪੁੱਛਿਆ ਸੀ ਤਾਂ ਓਸ ਵੇਲੇ ਮੇਰੇ ਕਮਰੇ 'ਚੋਂ ਸਿਗਟਾਂ ਸ਼ਰਾਬਾਂ ਪੀਣ ਤੇ ਹੋਰ ਤੀਮੀਆਂ ਦੀਆਂ ਲੁਕੀਆਂ ਢਕੀਆਂ ਗੱਲਾਂ ਵੀ ਹੁੰਦੀਆਂ। ਅਸੀਂ ਦੋ-ਦੋ ਰੁਪਈਏ ਪਾ ਕੇ ਸਸਤੀ ਸ਼ਰਾਬ ਦੀ ਬੋਤਲ ਲਿਆ ਕੇ ਪੀ ਲਿਆ ਕਰਦੇ ਸੀ। ਇਹ ਉਹ ਜ਼ਮਾਨਾਂ ਸੀ ਜਦ ਮੈਂ, ਮਹਿਰਮਯਾਰ ਤੇ ਵਿਰਦੀ ਸਕੂਲ ਟੀਚਰ ਹੁੰਦੇ ਸੀ। ਜਦ ਮੈਂ ਸਕੂਲੋਂ ਆਉਂਦਾ ਤਾਂ ਉਹ ਤੇ ਜਸਵੰਤ ਸਿੰਘ ਵਿਰਦੀ ਕਿਸੇ ਦੋਸਤ ਨੂੰ ਲਈਂ ਮੇਰੇ ਕਮਰੇ 'ਚ ਬੈਠੇ ਸਾਹਿਤ 'ਤੇ ਬਹਿਸ ਕਰ ਰਹੇ ਜਾਂ ਦੂਜਿਆਂ ਦੀ ਨਿੰਦਿਆ ਕਰ ਰਹੇ ਹੁੰਦੇ। ਕਦੇ ਨਵਾਂ ਜ਼ਮਾਨਾਂ ਦੇ ਨਿਊਜ਼ ਡੈਸਕ ਤੋਂ ਉਠ ਕੇ ਸੁਰਜਨ ਜ਼ੀਰਵੀ ਵੀ ਸ਼ਾਮਲ ਹੋ ਜਾਂਦਾ ਸੀ। ਅਸੀਂ ਸਟੋਵ 'ਤੇ ਚਾਹ ਬਣਾਉਂਦੇ, ਪੀਂਦੇ ਤੇ ਸਿਗਰਾਂ ਫੂਕਦੇ ਕਹਾਣੀਆਂ ਬਾਰੇ ਬਹਿਸਾਂ ਕਰਦੇ ਰਹਿੰਦੇ। ਅਕਸਰ ਖਹਿਬੜ ਵੀ ਪੈਂਦੇ ਸੀ। ਮੈਂ ਫੌਜੀਆਂ ਵਾਲੀ ਬੜੀ ਸਖਤ ਸਿਗਰਟ 'ਚਾਰ ਮੀਨਾਰ' ਪੀਂਦਾ ਹੁੰਦਾ ਸੀ। ਜਦੋਂ ਸੰਤੋਖ ਸਿੰਘ ਧੀਰ ਪ੍ਰੋਫੈਸਰ ਮੋਹਨ ਸਿੰਘ ਦੇ ਘਰੋਂ ਸ਼ਾਮ ਨੂੰ ਆਉਂਦਾ ਤਾਂ ਲੱਗਦਾ ਕਿ ਬਹੁਤ ਥੱਕਿਆ ਅੱਕਿਆ ਹੋਇਆ ਤੇ ਦੁਖੀ ਏ। ਉਹ ਆਉਂਦੇ ਸਾਰ ਆਪਣੇ ਸਿਰ ਤੋਂ ਪੱਗ ਲਾਹ ਕੇ ਇਕ ਪਾਸੇ ਰੱਖਦਾ ਤੇ ਖਾਸ ਆਪਣੇ ਪਿੰਡ ਡਡਹੇੜੀ ਦੇ ਲਹਿਜੇ 'ਚ 'ਹਾਹੇ' 'ਤੇ ਜ਼ੋਰ ਪਾ ਕੇ ਕਹਿੰਦਾ,"ਆਹ ਲਹਿ ਗਿਆ ਮੋਹਨ ਸਿਹੁੰ ਤੇ ਉਹਦਾ ਦਫਤਰ, ਮੇਰੇ ਸਿਰ ਤੋਂ। ਆਹ, ਮਾਰ ਲਿਆ 'ਧੀਰ ਜੀ, ਤੁਸੀਂ ਐਂ ਕਰ ਲਓ। ਨਹੀਂ ਐਂ ਨਹੀਂ, ਏਦਾਂ ਕਰੋ।



ਇਹੀ .. ਗੁਲਾਮੀ।" ਆਖ ਕੇ ਉਹ ਮੇਰੀ ਪੀਲੀ ਡੱਬੀ 'ਚੋਂ ਕੱਢ ਕੇ ਨਵੀਂ ਸਿਗਰਟ ਲਾ ਲੈਂਦਾ ਤੇ ਧੂੰਆਂ ਏਸ ਤਰ੍ਹਾਂ ਪਰੇ ਮਾਰਦਾ ਜਿਵੇਂ ਮੋਹਨ ਸਿੰਘ ਨੂੰ ਪਰੇ ਧੱਕ ਰਿਹਾ ਹੋਵੇ।

ਧੀਰ ਉਂਜ ਮੋਹਨ ਸਿੰਘ ਦੀ ਇੱਜ਼ਤ ਸ਼ਾਇਰ ਵਜੋਂ, ਖਾਸ ਤੌਰ 'ਤੇ ਪ੍ਰੋਗ੍ਰੈਸਿਵ ਸ਼ਾਇਰ ਵਜੋਂ ਬਹੁਤ ਕਰਦਾ ਸੀ। ਉਹਦੀ ਖਿਝ ਤਾਂ ਉਹਦੇ ਦਫਤਰ 'ਚ ਬੱਝ ਕੇ ਬੈਠਣ ਤੇ ਪ੍ਰੋ. ਸਾਹਿਬ ਦੀ ਹਰ ਗੱਲ 'ਚ 'ਹਾਂ ਜੀ, ਹਾਂ ਜੀ' ਕਰਨ ਕਰ ਕੇ ਸੀ। .. ਇਹਦੇ ਬਾਅਦ ਉਹ ਤੇ ਅਸੀਂ ਉਹ ਸਾਰੇ ਲੱਛਣ ਕਰਦੇ, ਜਿਹੜੇ ਛੜੇ ਬੰਦੇ ਗੱਲੀਂ ਬਾਤੀਂ ਕਰਦੇ ਨੇ। ਸਾਡੇ 'ਤੇ ਕਿਸੇ ਬਜ਼ੁਰਗ ਦੀ ਪਹਿਰੇਦਾਰੀ ਨਹੀਂ ਸੀ। ਧੀਰ ਉਮਰ 'ਚ ਮੇਰੇ ਨਾਲੋਂ ਬਾਰਾਂ ਕੁ ਸਾਲ ਵੱਡਾ ਸੀ। ਉਹ ਸਾਡੀਆਂ ਗੱਲਾਂ ਸੁਣਦਾ ਤੇ ਆਪਣੇ ਵੇਲ਼ੇ ਦੀਆਂ ਗੱਲਾਂ ਕਰਦਾ ਬਾਗੋ ਬਹਾਰ ਹੋ ਜਾਂਦਾ। ਓਸ ਕਮਰੇ 'ਚ ਹੋਰ ਲੇਖਕ ਵੀ ਆ ਜਾਇਆ ਕਰਦੇ ਸੀ। ਜੀਹਨੂੰ ਸਾਡੇ ਵਿਚੋਂ ਕਿਸੇ ਨੂੰ ਵੀ ਲੱਭਣਾ ਹੁੰਦਾ ਸੀ, ਉਹ ਨਵੇਂ ਜ਼ਮਾਨੇ 'ਚ ਸੁਰਜਨ ਜ਼ੀਰਵੀ ਨੂੰ ਮਿਲਦਾ ਤੇ ਫੇਰ ਸਾਡਾ ਕਮਰਾ ਲੱਭ ਲੈਂਦਾ। ਕਦੇ ਕਦੇ ਅਸੀਂ ਪੈਸੇ ਪਾ ਕੇ ਠੇਕੇ ਦੀ ਚੰਗੀ ਦਾਰੂ ਵੀ ਪੀ ਲਿਆ ਕਰਦੇ ਸੀ। ਉਹਨਾਂ ਦਿਨਾਂ 'ਚ ਪਾਰਟੀ ਵਰਕਰਾਂ ਨੂੰ ਦਾਰੂ ਪੀਣ ਤੇ ਫਿਲਮਾਂ ਦੇਖਣ ਦੀ ਮਨਾਹੀ ਸੀ। ਪਰ ਮੇਰੇ 'ਤੇ ਤਾਂ ਕੋਈ ਪਾਬੰਦੀ ਨਹੀਂ ਸੀ। ਮੈਂ ਸਾਰੇ ਵਰਜੇ ਕੰਮ ਕਰ ਲੈਂਦਾ ਸੀ। ਮੇਰੇ ਨਾਲ ਮਹਿਰਮਯਾਰ, ਵਿਰਦੀ, ਜ਼ੀਰਵੀ ਤੇ ਕਾਮਰੇਡ ਹਰਦਿਆਲ ਸਿੰਘ ਉਰਫ 'ਨੇਤਾ ਜੀ' ਵੀ ਰਲ਼ ਜਾਂਦੇ ਸੀ। ਅਸੀਂ ਦਾਰੂ ਪੀਂਦੇ ਤੇ ਫਿਲਮਾਂ ਦੇਖਣ ਚਲੇ ਜਾਂਦੇ।

ਇਕ ਦਿਨ ਧੀਰ ਥੱਕਿਆ ਹੋਇਆ ਆਇਆ। ਓਸ ਵੇਲੇ ਮੈਂ ਗੁਰਦਰਸ਼ਨ ਨੂੰ ਮੋਹਨ ਸਿੰਘ ਦੇ ਦਫਤਰ 'ਚ ਕੰਮ ਕਰਦੇ ਇਕ ਹੋਰ ਵਰਕਰ ਵੱਲੋਂ ਕੋਈ ਮੁੰਡਾ ਲਿਆ ਕੇ ਕੁਕਰਮ ਕਰਨ ਦੀ ਗੱਲ ਦੱਸ ਰਿਹਾ ਸੀ। ਜਦੋ ਧੀਰ ਆ ਗਿਆ। ਪੁੱਛਣ ਲੱਗਿਆ,"ਕੀ ਗੱਲਾਂ ਕਰਦੇ ਸੀ? ਮੇਰੇ ਆਇਆਂ ਚੁੱਪ ਕਿਉਂ ਹੋ ਗਏ?"

ਅਸਲ 'ਚ ਜਦ ਮੈਂ ਕਮਰੇ 'ਚ ਆਇਆ ਤਾਂ ਉਹ ਵਰਕਰ ਕਮਰੇ ਵਿਚ ਈ ਸੀ। ਉਹ ਮੈਨੂੰ ਆਪਣੀ ਬਹਾਦਰੀ ਵਾਲੇ ਕੰਮ ਦੀ ਗੱਲ ਦੱਸਦਾ ਹੋਇਆ ਸਬੂਤ ਵੀ ਪੇਸ਼ ਕਰ ਰਿਹਾ ਸੀ। ਮੈਨੂੰ ਉਹਦੇ 'ਤੇ ਗੁੱਸਾ ਆ ਗਿਆ। ਮੈਂ ਉਹਨੂੰ ਝਿੜਕ ਕੇ ਭਜਾ ਦਿੱਤਾ। ਜਦੋ ਗੁਰਦਰਸ਼ਨ ਆ ਗਿਆ। ਮੈਂ ਉਹਨੂੰ ਗੱਲ ਦੱਸ ਰਿਹਾ ਸੀ। ਧੀਰ ਮੇਰੀ ਦੁਹਰਾਈ ਗੱਲ ਧਿਆਨ ਨਾਲ ਸੁਣਦਾ ਰਿਹਾ। ਫੇਰ ਉਹਨੇ ਵੀ ਓਸ ਕੁਕਰਮ ਦੀ ਖਾਹਿਸ਼ ਦਾ ਇਜ਼ਹਾਰ ਕਰ ਦਿੱਤਾ। ਸਾਨੂੰ ਬਹੁਤ ਸ਼ਰਮ ਆਈ। ਖਾਹਿਸ਼ ਤਾਂ ਸਾਡੀ ਵੀ ਸੀ। ਪਰ ਅਸੀਂ ਸੰਗ ਜਾਂਦੇ, ਕਿਉਂਕਿ ਧੀਰ ਤੋਂ ਉਮਰ 'ਚ ਛੋਟੇ ਸੀ।

ਮੈਂ ਧੀਰ ਦਾ ਸਕੈਚ ਨਾ ਲਿਖਿਆ। ਅੱਧੀ ਸਦੀ ਤੋਂ ਵੱਧ ਸਮਾਂ ਲੰਘ ਗਿਆ ਏ। ਹੁਣ ਮੇਰਾ ਬਜ਼ੁਰਗ ਦੋਸਤ ਤੇ ਮੈਥੋਂ ਉਮਰ ਦਾ ਵੱਡਾ ਹਿੱਸਾ ਨਰਾਜ਼ ਰਹਿਣ ਵਾਲਾ ਗੁਜ਼ਰ ਗਿਆ ਏ। ਹੁਣ ਉਹਨੂੰ ਪੁੱਛਣ ਦੀ ਲੋੜ ਨਹੀਂ। ਮੈਂ ਲਿਖ ਰਿਹਾ ਹਾਂ। ਮੈਨੂੰ ਅਹਿਸਾਸ ਏ ਕਿ ਮੇਰੇ ਸਣੇ ਹਰੇਕ ਬੰਦੇ ਦੀ ਜ਼ਿੰਦਗੀ ਦਾ ਕੋਈ ਨਾ ਕੋਈ ਹਿੱਸਾ ਗੁੱਝਾ ਤੇ ਲੁਕਵਾਂ ਵੀ ਹੁੰਦਾ ਏ। ਜੀਹਦੇ ਉੱਧੜਨ ਤੋਂ ਹਰੇਕ ਡਰਦਾ ਏ। ਪਰ ਜੀਹਨੂੰ ਆਮ ਲੋਕਾਂ ਦਾ ਵੱਡਾ ਹਿੱਸਾ ਆਪਣਾ ਸਮਝਣ ਲੱਗ ਪੈਂਦਾ ਏ, ਉਹਦਾ ਸਭ ਕੁਝ ਆਪਣਾ ਨਹੀਂ ਰਹਿੰਦਾ, ਲੋਕਾਂ ਦਾ ਹੋ ਜਾਂਦਾ ਏ। ਉਹਦਾ ਕੁਝ ਵੀ ਆਖਿਆ ਤੇ ਕੀਤਾ ਮਾਫ ਵੀ ਕੀਤਾ ਜਾ ਸਕਦਾ ਏ ਤੇ ਲਿਖਿਆ ਵੀ ਜਾ ਸਕਦਾ ਏ। ਜਿਵੇਂ ਮਹਾਤਮਾ ਗਾਂਧੀ ਤੇ ਪੰਡਿਤ ਜਵਾਹਰ ਲਾਲ ਨਹਿਰੂ ਬਾਰੇ ਕੋਈ ਕਿਸੇ ਵੀ ਕਿਸਮ ਦੀਆਂ ਯਾਦਾਂ ਲਿਖ ਰਿਹਾ ਏ।

ਧੀਰ ਜਿਉਂਦਾ ਹੁੰਦਾ ਤਾਂ ਉਹਦੇ ਬਾਰੇ ਲਿਖਣਾ ਫੇਰ ਵੀ ਸੰਕੋਚ ਦਾ ਕੰਮ ਹੁੰਦਾ। ਕਿਉਂਕਿ ਉਸ ਜਿਉਂਦੇ ਬਜ਼ੁਰਗ ਬੰਦੇ ਨੂੰ ਆਪਣੀਆਂ ਚੰਗੀਆਂ ਮਾੜੀਆਂ ਗੱਲਾਂ ਦਾ ਜਵਾਬ ਸਾਰੇ ਸਮਾਜ ਤੇ ਖਾਸ ਕਰ ਕੇ ਆਪਣੇ ਘਰਦਿਆਂ, ਸਾਕਾਂ ਰਿਸ਼ਤੇਦਾਰਾਂ ਨੂੰ ਦੇਣਾ ਹੁੰਦਾ ਏ। ਮੈਨੂੰ ਉਹਦੀ ਏਸ ਭਾਵਨਾ ਦਾ ਅਦਬ ਰਿਹਾ ਏ।

ਧੀਰ ਨੇ ਮੋਹਨ ਸਿੰਘ ਦੇ ਬਹੁਤਾ ਚਿਰ ਕੰਮ ਨਾ ਕੀਤਾ। ਛੇਤੀ ਛੱਡ ਕੇ ਪਿੰਡ ਚਲਿਆ ਗਿਆ। ਜਿਥੋਂ ਮੈਨੂੰ ਖਬਰ ਲੱਗਦੀ ਰਹੀ ਕਿ ਉਹਦੀ ਮਾਨਸਿਕ ਹਾਲਤ ਠੀਕ ਨਹੀਂ। ਮੈਂ ਇਕ ਵਾਰ ਆਪਣੇ ਪਿੰਡ ਬਡਗੁੱਜਰਾਂ ਤੋਂ ਸਾਈਕਲ 'ਤੇ ਉਹਦੇ ਪਿੰਡ ਡਡਹੇੜੀ ਗਿਆ, ਉਹਦੀ ਖਬਰ ਲੈਣ। ਉਹ ਠੀਕ ਸੀ। ਪਰ ਉਹਦੀ ਮਾਲੀ ਹਾਲਤ ਠੀਕ ਨਹੀਂ ਸੀ। ਕਈ ਨਿਆਣੇ ਹੋ ਗਏ ਸੀ। ਉਹਦੇ ਕੋਲ ਸਾਈਕਲ ਵੀ ਨਹੀਂ

ਸੀ।ਮੇਰੇ ਸਾਈਕਲ ਨੂੰ ਦੇਖ ਕੇ ਕਹਿੰਦਾ,“ ਆਪਾਂ ਅਜਨੇਰ ਦੇ ਕੋਟਲੇ ਚੱਲੀਏ?” ਉਥੇ ਉਹਦੀ ਮਾਸੀ ਜਾਂ ਭੂਆ ਢਿੱਲੀ ਸੀ।ਅਸੀਂ ਸਾਇਕਲ ’ਤੇ ਚਲੇ ਗਏ। ..ਮੁੜ ਕੇ ਆਏ ਤਾਂ ਮੀਂਹ ਪੈ ਗਿਆ।ਮੈਂ ਨ੍ਹੇਰਾ ਹੋਣ ਵੇਲੇ ਮੀਂਹ ਪੈਂਦੇ ’ਚ ਆਪਣੇ ਪਿੰਡ ਪਹੁੰਚਿਆ।

ਅਸਲ ’ਚ ਸੰਤੋਖ ਸਿੰਘ ਧੀਰ ਮੈਨੂੰ ਉਦੋਂ ਵੱਧ ਚੰਗਾ ਲੱਗਦਾ ਹੁੰਦਾ ਸੀ, ਜਦ ਮੈਂ ਅੱਠਵੀਂ ਜਾਂ ਨੋਵੀਂ ’ਚ ਪੜ੍ਹਦਾ ਸੀ। ਖੰਨੇ ’ਚ ਅੰਗ੍ਰੇਜ਼ ਸਰਕਾਰ ਦੇ ਖਿਲਾਫ ਕਾਂਗ੍ਰਸ ਜਾਂ ਕਮਿਊਨਿਸਟ ਪਾਰਟੀ ਦੇ ਜਲਸੇ ਹੋਇਆ ਕਰਦੇ ਸੀ।ਜੀਹਦੇ ’ਚ ਵੱਡੇ ਲੀਡਰ ਦੇ ਆਓਣ ਤੋਂ ਪਹਿਲਾਂ ਬੰਦਿਆਂ ਨੂੰ ਕੱਠਿਆਂ ਕਰਨ ਲਈ ਧੀਰ ਸਟੇਜ ’ਤੇ ਬਿਨਾ ਮਾਈਕ ਦੇ ਉੱਚੀ ਤੇ ਮਿੱਠੀ ਅਵਾਜ਼ ’ਚ ਗਾਉਂਦਾ ਹੁੰਦਾ ਸੀ .. ..‘ਕਾਲਿਆ ਹਰਨਾ, ਬਾਗੀਂ ਚਰਨਾ ’ ਜਾਂ ‘ਨਿੱਕੀ ਨਿੱਕੀ ਕਣੀ ਦਾ ਮੀਂਹ ਬਰਸੇਂਦਾ, ਭਿੱਜ ਗਿਆ ਲਾਲ ਪੰਘੂੜਾ।’ .. .. ਜੇ ਧੀਰ ਨਾ ਹੁੰਦਾ ਤਾਂ ਓਸ ਤੋਂ ਵੀ ਵੱਧ ਸੁਰੀਲੀ ਅਵਾਜ਼ ’ਚ ਗਾਓਣ ਵਾਲਾ ਸ਼ਾਇਰ ਦੇਵਕੀ ਨੰਦਨ ਖ਼ਾਰ ਹੁੰਦਾ।ਉਹ ਨਹਿਰੂ ਜਾਕਟ ਤੇ ਗਾਂਧੀ ਟੋਪੀ ਪਾ ਕੇ ਆਜ਼ਾਦੀ ਦੇ ਗੀਤ ਗਾਉਂਦਾ।ਉਹਦੀ ਟੋਪੀ ਦੇ ਹੇਠਾਂ ਤੋਂ ਲੰਮੇ ਵਾਲ ਦਿਸਦੇ ਹੁੰਦੇ।

ਫੇਰ ਮੈਂ ਸਕੂਲੇ ਪੜ੍ਹਦੇ ਨੇ ਉਰਦੂ ਸਾਹਿਤ ਦੀਆਂ ਬਹੁਤ ਸਾਰੀਆਂ ਕਿਤਾਬਾਂ ਪੜ੍ਹ ਲਈਆਂ ਸਨ।ਮੈਨੂੰ ਗੀਤ, ਗ਼ਜ਼ਲ, ਆਜ਼ਾਦ ਨਜ਼ਮ ਦੇ ਫਰਕ ਦਾ ਪਤਾ ਲੱਗ ਗਿਆ ਸੀ। ਚੰਗੇ ਅਫਸਾਨੇ ਦੇ ਗੁਣਾਂ ਨੂੰ ਤਨਕੀਦੀ ਨਜ਼ਰ ਨਾਲ ਦੇਖਣ ਦੀ ਮਾੜੀ ਮੋਟੀ ਜਾਚ ਆ ਗਈ ਸੀ। ਫੇਰ ਮੈਂ ਤਿੰਨ ਚਾਰ ਸਾਲ ਖੰਨੇ, ਬਡਗੁੱਜਰਾਂ ਤੇ ਖਰੜ ਰੁਲਦਾ ਖੁਲਦਾ ਜਲੰਧਰ ਆ ਗਿਆ।ਜਿਥੇ ਚੰਗੀ ਸੰਗਤ ਕਰ ਕੇ ਸੰਤੋਖ ਸਿੰਘ ਧੀਰ ਦੀ ਸ਼ਾਇਰੀ ਤੇ ਕਹਾਣੀਆਂ ਪੜ੍ਹੀਆਂ।ਉਹਨਾਂ ’ਚ ਮੈਨੂੰ ਆਪਣੇ ਇਲਾਕੇ ਦੇ ਪਿੰਡਾਂ ਦੇ ਲੋਕਾਂ ਦਾ ਅਕਸ ਦਿਸਦਾ।ਪਰ ਜਦ ਮੈਨੂੰ ਕਹਾਣੀ ਦੀ ਵੱਧ ਸਮਝ ਆਈ ਤਾਂ ਕਹਿੰਦਾ,“ ਧੀਰ ਦੀ ਕਹਾਣੀ ਠੀਕ ਏ, ਪਰ ਇਹ ਸਭ ਕੁਝ ਨਹੀਂ।ਕਹਾਣੀ ਤਾਂ ਵਿਰਕ ਲਿਖਦਾ ਏ।”

ਉਹਨਾਂ ਦਿਨਾਂ ’ਚ ਧੀਰ ਦੀ ਕਵਿਤਾ ‘ਨਿੱਕੀ ਸਲੇਟੀ ਸੜਕ ਦਾ ਟੋਟਾ’ ਤੇ ਕਹਾਣੀ ‘ਕੋਈ ਇਕ ਸਵਾਰ’ ਬਹੁਤ ਮਸ਼ਹੂਰ ਹੋ ਗਈਆਂ ਸਨ। ਉਹਨਾਂ ਨੂੰ ਪੜ੍ਹਦਿਆਂ ਮੈਨੂੰ ਖੰਨੇ ਤੇ ਮੰਡੀ ਗੋਬਿੰਦ ਗੜ੍ਹ ਦੇ ਵਿਚਾਲੇ ਵਾਲੀ ਸੜਕ ਦਾ ਟੋਟਾ ਬਹੁਤ ਯਾਦ ਆਉਂਦਾ, ਜਿਸ ’ਤੇ ਮੈਂ ਲੱਖਾਂ ਵਾਰ ਸਾਈਕਲ ’ਤੇ ਘੁੰਮਦਾ ਰਿਹਾ ਸੀ।

ਜਦ ਧੀਰ ਜਲੰਧਰ ਮੇਰੇ ਕਮਰੇ ’ਚ ਆਇਆ ਤਾਂ ਉਹਦੀ ਕਿਤਾਬ ‘ਸਾਂਝੀ ਕੰਧ’ ਛਪੀ ਸੀ।ਉਹਨੇ ਮੈਨੂੰ ਫਰਮੇ ਕੱਠੇ ਕਰ ਕੇ ਦੇਖਣ ਵਾਲੀ ਕਾਪੀ ਦਿੱਤੀ ਤੇ ਕਹਿੰਦਾ,“ਲੈ, ਇਹਦੀ ਜਿਲਦ ਬਨ੍ਹਵਾ ਲਈਂ।”.. ਮੈਂ ਰਸਮੀ ਤੌਰ ’ਤੇ ਉਹ ਲੈ ਲਈ, ਪਰ ਉਹਦੇ ਜਾਣ ਬਾਅਦ ਕਿਸੇ ਹੋਰ ਨੂੰ ਦੇ ਦਿੱਤੀ।ਧੀਰ ਰੋਟੀ ਢਾਬੇ ’ਤੇ ਖਾਂਦਾ ਸੀ ਤੇ ਮੈਂ ਵੀ ਜ਼ਰਾ ਸਾਫ ਸੁਥਰੇ ਢਾਬੇ ’ਤੇ ਰੋਟੀ ਖਾਂਦਾ ਸੀ।ਧੀਰ ਕਦੇ ਦੱਸਦਾ ਕਿ ਫਲਾਣੇ ਢਾਬੇ ਤੋਂ ਦੋ ਆਨੇ ’ਚ ਰੱਜਵੀਂ ਰੋਟੀ ਮਿਲਦੀ ਐ।ਦਾਲ ਚਾਹੇ ਦੂਜੀ ਵਾਰ ਮੰਗ ਲਓ।ਮੈਂ ਵੀ ਉਥੇ ਜਾ ਕੇ ਖਾ ਕੇ ਦੇਖਦਾ।ਓਸ ਭਾਈ ਨੇ ਨਵਾਂ ਢਾਬਾ ਖੋਲ੍ਹਿਆ ਸੀ ਤੇ ਆਪ ਈ ਮਾਲਕ ਤੇ ਆਪ ਈ ਵਰਕਰ ਸੀ।ਪਰ ਪ੍ਰੋ. ਮੋਹਨ ਸਿੰਘ ਤੋਂ ਧੀਰ ਇਕ ਮਹੀਨੇ ’ਚ ਹੀ ਅੱਕ ਕੇ ਨੌਕਰੀ ਛੱਡ ਗਿਆ।ਫੇਰ ਪਿੰਡ ਤੋਂ ਆ ਕੇ ਕੁਝ ਦਿਨ ਉਹ ਪਾਰਟੀ ਦੇ ਅਖਬਾਰ ‘ਨਵਾਂ ਜ਼ਮਾਨਾਂ’ ’ਚ ਵੀ ਕੰਮ ਕਰਨ ਜਾਂਦਾ ਰਿਹਾ।ਕਿਉਂਕਿ ਉਹ ਪਾਰਟੀ ਦਾ ਕੁਲਵਕਤੀ ਕਾਰਕੁਨ (ਹੋਲ ਟਾਈਮਰ) ਸੀ।ਜਦ ਮੈਂ ਜਲੰਧਰ ਆਇਆ ਤਾਂ ਹੋਲ ਟਾਈਮਰ ਵਰਕਰ ਨੂੰ 30 ਰੁਪਏ ਮਹੀਨੇ ਦੇ ਮਿਲਦੇ ਸੀ।ਪਰ ਧੀਰ ਦਾ ਅਖਬਾਰ ’ਚ ਵੀ ਦਿਲ ਨਹੀਂ ਲੱਗਿਆ।ਉਹ ਚਲਿਆ ਗਿਆ।ਜਿੱਥੇ ਉਹ ਨਿਰਾਸ਼ਾ ਦੇ ਚੱਕਰ ’ਚ ਫਸ ਗਿਆ।

ਫੇਰ ਧੀਰ ਡਿਪ੍ਰੈਸ਼ਨ ਦਾ ਇਲਾਜ ਕਰਾਓਣ ਲਈ ਡਾ. ਨੇਕੀ ਕੋਲ ਵੀ ਜਾ ਆਇਆ ਸੀ।ਪਰ ਉਹ ਪੂਰੀ ਤਰ੍ਹਾਂ ਠੀਕ ਨਹੀਂ ਸੀ ਹੋਇਆ।ਇਕ ਵਾਰ ਫੇਰ ਉਹ ਜਲੰਧਰ ਆ ਗਿਆ।ਮੈਨੂੰ ਬਹੁਤ ਈ ਪਿਆਰ ਨਾਲ ਮਿਲਿਆ।ਉਹਨੂੰ ਆਪਣੇ ਇਲਾਕੇ ਦੇ ਪਿੰਡਾਂ ਥਾਵਾਂ ਤੇ ਬੰਦਿਆਂ ਨਾਲ ਮੋਹ ਵੱਧ ਸੀ। ਉਹਨੇ ‘ਨਵਾਂ ਜ਼ਮਾਨਾਂ’ ’ਚ ਸਬ-ਐਡੀਟਰ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ।ਮੈਂ ਸ਼ਾਮ ਨੂੰ ਨਿੱਤ ਨੇਮ ਵਾਂਗ ਨਵਾਂ ਜ਼ਮਾਨੇ ਦੇ ਦਫਤਰ ਜਾਂਦਾ ਸੀ।ਜਿੱਥੇ ਜ਼ੀਰਵੀ ਤੇ ਹੋਰ ਕਾਮਰੇਡ ਦੋਸਤਾਂ ਨਾਲ ਬਹਿ ਕੇ ਚਾਹ ਪੀਂਦਾ ਹੁੰਦਾ ਸੀ।ਉਥੇ ਗੁਰਦਰਸ਼ਨ ਵੀ ਆ ਜਾਂਦਾ ਸੀ।ਓਸ ਦਫਤਰ ਦੀ ਚਾਹ ਤੇ ਜ਼ੀਰਵੀ ਦੀ ਲਤੀਫੇਬਾਜ਼ੀ ਦਾ



ਆਪਣਾ ਹੀ ਸੁਆਦ ਸੀ।ਅਖਬਾਰ ’ਚ ਕੰਮ ਦੀ ਮਾਰੋ ਮਾਰ ਨਹੀਂ ਸੀ।ਸਭ ਆਰਾਮ ਨਾਲ ਕੰਮ ਕਰਦੇ ਸੀ। ਕਿਉਂਕਿ ਕਿਸੇ ਹੋਰ ਅਖਬਾਰ ਨਾਲ ਉਹਦਾ ਕੋਈ ਮੁਕਾਬਲਾ ਹੀ ਨਹੀਂ ਸੀ।

ਧੀਰ ਦਾ ਕੰਮ ਸਿਰਫ ਏਨਾ ਸੀ ਕਿ ਉਹ ਉਰਦੂ ’ਚ ਡਾਕ ’ਚ ਆਈਆਂ ਖਬਰਾਂ ਦਾ ਪੰਜਾਬੀ ਅਨੁਵਾਦ ਕਰ ਦੇਂਦਾ ਸੀ।ਖਬਰ ਛਾਂਟਣ ਦਾ ਕੰਮ ਕੋਈ ਹੋਰ ਕਰ ਦੇਂਦਾ ਸੀ। ਇਕ ਦਿਨ ਮੈਂ ਛੁੱਟੀ ਵਾਲੇ ਦਿਨ ਤੀਜੇ ਕੁ ਪਹਿਰ ਨਵੇਂ ਜ਼ਮਾਨੇ ਦੇ ਦਫਤਰ ’ਚ ਚਲਿਆ ਗਿਆ।ਦੇਖਿਆ ਤਾਂ ਧੀਰ ਉਰਦੂ ਖਬਰ ਦਾ ਅਨੁਵਾਦ ਕਰ ਰਿਹਾ ਸੀ।ਮੈਂ ਉਹਦੇ ਕੋਲ ਜਾ ਕੇ ਹਾਲ ਚਾਲ ਪੁੱਛਣ ਲੱਗ ਪਿਆ।ਮੇਰੇ ਪਿਆਰ ਦੇ ਬੋਲ ਸੁਣ ਕੇ ਧੀਰ ਨੇ ਐਨਕ ਲਾਹ ਲਈ।ਫੇਰ ਉਹਦੀਆਂ ਅੱਖਾਂ ’ਚ ਇੰਝੂ ਆ ਗਏ।ਉਹਨੇ ਦੋਹਾਂ ਹੱਥਾਂ ਨਾਲ ਆਪਣਾ ਮੂੰਹ ਢਕ ਲਿਆ।ਹਟਕੋਰਾ ਲੈ ਕੇ ਰੋਂਦਾ ਹੋਇਆ ਕਹਿੰਦਾ,“ਮੇਰਾ ਇਹ ਕੰਮ ਐ ਕੋਈ ਕਰਨ ਵਾਲਾ।.. ..ਮੈਂ ਇਹ ਕੀ ਕਰ ਰਿਹੈਂ?”

ਉਹਦੀ ਗੱਲ ਸੁਣ ਕੇ ਮੈਂ ਸੁੰਨ ਹੋ ਗਿਆ।ਮੈਂ ਉਹਨੂੰ ਸਮਝਾਇਆ ਕਿ ਦੇਖ ਭਾਈ ਹੋਰ ਬੰਦੇ ਵੀ ਤਾਂ ਕਰਦੇ ਈ ਨੇ।ਮੈਂ ਛੇ ਘੰਟੇ ਲਗਾਤਾਰ ਖਬਰਾਂ ਬਣਾਉਂਦਾ ਹਾਂ।ਜਿਥੇ ਸਿਰ ਚੱਕਣ ਦੀ ਵਿਹਲ ਨਹੀਂ।ਆਪਾਂ ਵੀ ਹੋਰ ਲੋਕਾਂ ਵਰਗੇ ਮਜ਼ਦੂਰ ਹਾਂ।ਪਰ ਮਾਨਸਿਕ ਤੌਰ ’ਤੇ ਬੀਮਾਰ ਧੀਰ ਮੇਰੀ ਗੱਲ ਸਮਝ ਨਹੀਂ ਸੀ ਸਕਿਆ।ਉਹ ਛੇਤੀ ਤੋਂ ਛੇਤੀ ਇਹ ਕੰਮ ਛੱਡ ਕੇ ਡਡਹੇੜੀ ਜਾ ਕੇ ਕਵੀ ਤੇ ਕਹਾਣੀਕਾਰ ਬਣ ਕੇ ਵਿਹਲਾ ਬਹਿਣਾ ਚਾਹੁੰਦਾ ਸੀ।ਉਹਨੂੰ ਜਲੰਧਰ ਦੇ ਅਖਬਾਰ ਦੀ ਹਵਾ ਰਾਸ ਨਹੀਂ ਸੀ ਆ ਰਹੀ। ..ਖੈਰ, ਮੈਂ ਉਹਨੂੰ ਦਿਲਾਸਾ ਦੇ ਕੇ ਆਪਣੇ ਘਰ ਚਲਿਆ ਗਿਆ।ਮੇਰੇ ਸਿਰ ’ਚ ਦਰਦ ਹੋਣ ਲੱਗ ਪਿਆ ਸੀ।ਇਹ ਦਰਦ ਸੂਰਜ ਢਲਣ ਨਾਲ ਉੱਠਦਾ ਹੁੰਦਾ ਸੀ।ਮੈਂ ਆਮਲੇਟ ਦੇ ਨਾਲ ਤੇਜ਼ ਪੱਤੀ ਵਾਲੀ ਚਾਹ ਪੀਤੀ ਤੇ ਲੇਟ ਗਿਆ।ਫੇਰ ਵੀ ਮੈਂ ਧੀਰ ਬਾਰੇ ਸੋਚਦਾ ਰਿਹਾ।ਮੈਨੂੰ ਉਹਦੇ ’ਤੇ ਖਿਝ ਆ ਗਈ।ਉਹਦੇ ਨ੍ਹਾਉਂਦੇ ਦਾ ਨੰਗਾ ਪਿੰਡਾ ਯਾਦ ਆ ਗਿਆ।ਫੇਰ ਆਪਣੇ ਬਾਪ ਦੀਆਂ ਕਮਿਊਨਿਸਟਾਂ ਨੂੰ ਕੱਢੀਆਂ ਗਾਲ੍ਹਾਂ ਯਾਦ ਆ ਗਈਆਂ।ਉਹ ਕਹਿੰਦੇ ਹੁੰਦੇ ਸੀ ਕਿ ਇਹ ਕਮਿਊਨਿਸਟ ਤਾਂ ਚਾਹੁੰਦੇ ਨੇ ਕਿ ਕੰਮ ਕੋਈ ਨਾ ਕਰਨਾ ਪਵੇ ਤੇ ਇਹ ਲੋਕਾਂ ਦੀਆਂ ਜਾਇਦਾਦਾਂ ’ਤੇ ਕਬਜ਼ਾ ਕਰ ਲੈਣ। .. . ਮੈਨੂੰ ਧੀਰ ਦੀ ਵੀ ਇਹੀ ਜ਼ਹਿਨੀਅਤ ਦਿਸੀ।

ਇਕ ਵਾਰ ਅਸੀਂ ਨਵੇਂ ਜ਼ਮਾਨੇ ਦੇ ਦਫਤਰ ’ਚ ਚਾਹ ਪੀਂਦੇ ਇਨਕਲਾਬ ਦੇ ਸੁਫਨੇ ਲੈ ਰਹੇ ਸੀ ਤਾਂ ਧੀਰ ਨੇ ਉੱਠ ਕੇ ਦੋ ਅਲਮਾਰੀਆਂ ਦੇ ਮੂਹਰੇ ਖੜ੍ਹ ਕੇ ਬਾਹਾਂ ਫੈਲਾ ਕੇ ਕਿਹਾ ਸੀ,“ਮੈਂ ਤਾਂ ਕਿਸੇ ਲਾਇਬ੍ਰੇਰੀ ਦੀਆਂ ਅਲਮਾਰੀਆਂ ’ਤੇ ਕਬਜ਼ਾ ਕਰ ਕੇ ਘਰ ਲੈ ਜਾਣੀਆਂ ਨੇ।”

ਇਹ ਗੱਲ ਇਕ ਗੱਲੋਂ ਤਾਂ ਚੰਗੀ ਸੀ ਕਿ ਉਹਦੀ ਕਿਤਾਬਾਂ ਦੀ ਭੁੱਖ ਜ਼ਾਹਰ ਹੁੰਦੀ ਸੀ।ਪਰ ਭਾਰਤੀ ਬੰਦੇ ਦੀ ਮਾਨਸਿਕਤਾ ’ਚ ‘ਧਰਮੀ ਡਾਕੂ’ ਵਾਂਗ ਲੁੱਟਣ ਮਾਰਨ ਤੇ ਕਬਜ਼ਾ ਕਰਨ ਦਾ ਰੋਮਾਂਸ ਵੀ ਸੀ।ਉਹ ਕੰਮ ਕਰਨ ਦੀ ਥਾਂ ਮੁਫਤ ਪ੍ਰਾਪਤ ਕਰਨਾ ਭਾਲਦਾ ਸੀ।ਮੈਨੂੰ ਉਹਦਾ ਸਰੀਰ ਦੇਖ ਕੇ ਵੀ ਗੁੱਸਾ ਆਉਂਦਾ ਹੁੰਦਾ ਸੀ ਕਿ ਦੇਖ, ਦੁੱਧਾਧਾਰੀ ਸਾਧ ਵਰਗਾ ਪਿੰਡਾ।ਇਹਨੇ ਜ਼ਿੰਦਗੀ ਭਰ ਉਹ ਕੰਮ ਨਹੀਂ ਕੀਤਾ ਹੋਣਾ, ਜੀਹਦੇ ਕਰਨ ਨਾਲ ਪਿੰਡੇ ’ਚੋਂ ਮੁੜ੍ਹਕਾ ਵਗਿਆ ਹੋਵੇ।ਉਹਨੇ ਕਿਤੇ ਚੜ੍ਹਦੀ ਜਵਾਨੀ ਵੇਲੇ ਸਿਲਾਈ ਦੀ ਮਸ਼ੀਨ ਚਲਾਈ ਸੀ।ਹੁਣ ਉਹ ਕੋਈ ਕੰਮ ਕਰਨਾ ਹੀ ਨਹੀਂ ਸੀ ਚਾਹੁੰਦਾ।ਕਾਲਾ ਹਿਰਨ ਜੁ ਹੋਇਆ।ਮੈਨੂੰ ਕਦੀ ਖਿਝ ਆਉਂਦੀ ਕਿ ਇਹ ਕੁਲਵਕਤੀ ਕਾਮਰੇਡ ਮਜ਼ਦੂਰਾਂ ਤੇ ਮਿਹਨਤਕਸ਼ਾਂ ਦੀਆਂ ਗੱਲਾਂ ਕਰਦਾ ਏ, ਪਰ ਆਪ ਕੋਈ ਕੰਮ ਕਰਨ ਜੋਗਾ ਨਹੀਂ।ਕਮਿਊਨਿਸਟ-ਵਿਰੋਧੀ ਏਸੇ ਲਈ ਇਹਨਾਂ ਦੀ ਨਿੰਦਿਆ ਕਰਦੇ ਨੇ।ਮੇਰਾ ਬਾਪ ਮੈਨੂੰ ਵੀ ਇਹੋ ਮਿਹਣਾ ਮਾਰਦਾ ਸੀ ਤਾਂ ਉਹ ਠੀਕ ਹੀ ਸੀ।ਮੈਂ ਖੇਤੀ ਤਾਂ ਕਰਦਾ ਰਿਹਾ ਸੀ, ਪਰ ਬਹੁਤਾ ਸਖਤ ਕੰਮ ਨਹੀਂ ਸੀ ਕਰ ਸਕਦਾ।ਮੇਰੇ ਭਾਈ ਮੈਨੂੰ ਡੇਰੇ ਦਾ ਫੀਮ-ਖਾਣਾ ਸਾਧ ਕਹਿੰਦੇ ਹੁੰਦੇ ਸੀ।

ਮੈਨੂੰ ਧੀਰ ਦਾ ਇਹ ਸਵਾਲ..“ਇਹ ਕੰਮ ਮੇਰਾ ਐ ਭਲਾਂ?”..ਪੁੱਛਣ ਤੇ ਦਿੱਲੀ ਦੇ ਮੇਰੇ ਸ਼ਰਾਬੀ ਯਾਰ ਵੇਦ ਪ੍ਰਕਾਸ਼ ਸ਼ਰਮਾ, ਜਿਹੜਾ ਖੰਨੇ ਦੇ ਨੇੜਲੇ ਪਿੰਡ ਦਾ ਰਹਿਣ ਵਾਲਾ ਸੀ, ਦੀ ਇਹ ਗੱਲ ਯਾਦ ਆ ਜਾਂਦੀ, ਜਿਹੜੀ ਉਹਨੇ ਸ਼ਰਾਬ ਪੀਂਦਿਆਂ ਕਹੀ ਸੀ।ਉਹ ਜਲੰਧਰ ਦੇ ਬਲਿਸ ਹੋਟਲ ’ਚ ਠਹਿਰਿਆ ਹੋਇਆ ਸੀ।ਕਈ ਦੋਸਤ ਸ਼ਰਾਬ ਪੀ ਰਹੇ ਸੀ ਕਿ ਸ਼ਰਾਬ ਦੀ ਬੋਤਲ ਹੋਰ ਮੰਗਾਓਣ ਦੀ ਲੋੜ ਪਈ।ਕਿਸੇ ਨੇ ਕਿਹਾ ਕਿ ਪ੍ਰੇਮ ਲੈ ਆਵੇਗਾ।ਤਦ ਵੇਦ ਪ੍ਰਕਾਸ਼ ਨੇ ਕਿਹਾ,“ਨਹੀਂ, ਤੂੰ ਲੈ ਕੇ ਆ।ਸਾਲਿਆ ਹਿਰਨਾਂ

'ਤੇ ਘਾਅ ਦੀ ਪੰਡ ਲੱਦਦੈਂ!"ਮੈਨੂੰ ਲੱਗਿਆ ਕਿ ਧੀਰ ਤਾਂ ਕਾਲਾ ਹਿਰਨ ਏ। ਉਹ ਸਬ-ਐਡੀਟਰੀ ਦੇ ਕੰਮ ਦੀ ਪੰਡ ਕਿਵੇਂ ਚੱਕ ਸਕਦਾ ਏ?

ਕਈ ਸਾਲਾਂ ਬਾਅਦ ਇਕ ਵਾਰੀ ਸਮਰਾਲੇ ਇਕ ਸਾਹਿਤਕ ਮੀਟਿੰਗ 'ਚ ਅਸੀਂ ਕੱਠੇ ਹੋਏ। ਬਹਿਸ ਦੇ ਦੌਰਾਨ ਸਾਡੇ ਵਿਚਾਰ ਭਿੜ ਗਏ। ਧੀਰ ਉਂਗਲੀ ਚੱਕ-ਚੱਕ ਵਾਰ-ਵਾਰ ਆਪਣੀ ਗੱਲ ਆਖੀ ਗਿਆ। ਮੈਨੂੰ ਉਹ ਉਮਰ ਦਾ ਬੋਝ ਪਾ ਕੇ ਦਬਾਉਂਦਾ। ਮੇਰੀ ਕਹਾਣੀ ਦਾ ਵੀ ਸਿੱਕਾ ਚੱਲ ਪਿਆ ਸੀ। ਤਾਂ ਵੀ ਮੈਨੂੰ ਬਜ਼ੁਰਗ ਨਾਲ ਭਿੜਨਾ ਚੰਗਾ ਨਾ ਲੱਗਿਆ। ਇਹ ਉਹਨਾਂ ਦਿਨਾਂ ਦੀ ਗੱਲ ਏ ਜਦ ਕਮਿਊਨਿਸਟ ਪਾਰਟੀ ਦੋਫਾੜ ਹੋ ਚੁੱਕੀ ਸੀ ਤੇ ਰੂਸੀ ਕ੍ਰਾਂਤੀ ਬਾਰੇ ਨਵੇਂ ਸਵਾਲ ਪੈਦਾ ਹੋ ਰਹੇ ਸਨ। ਜਲੰਧਰ, ਜਿਹੜਾ ਕਮਿਊਨਿਸਟਾਂ ਦਾ ਗੜ੍ਹ ਸੀ, ਵਿਚ ਵਿਚਾਰਾਂ ਦਾ ਭੇੜ ਤਿੱਖਾ ਸੀ। ਮੈਂ ਤਾਂ ਪਾਰਟੀ ਦੇ ਦੋਫਾੜ ਹੋਣ ਤੋਂ ਵੀ ਪਹਿਲਾਂ ਸਾਹਿਤ 'ਚ ਖੱਬੇ-ਪੱਖੀਆਂ ਦੇ ਦਖ਼ਲ ਦਾ ਵਿਰੋਧ ਕਰਦਾ ਹੁੰਦਾ ਸੀ। ਉਹ ਮੇਰੀਆਂ ਕਹਾਣੀਆਂ 'ਤੇ ਲਾਮਬੱਧ ਹੋ ਕੇ ਹਮਲੇ ਵੀ ਕਰਦੇ ਸੀ। ਮੈਂ ਖਿਝ ਕੇ ਲੜਦਾ ਰਹਿੰਦਾ ਸੀ।

ਜਦ ਮੀਟਿੰਗ ਮੁੱਕੀ ਤਾਂ ਚਾਹ ਪਾਣੀ ਪੀ ਕੇ ਮੈਂ ਤੇ ਧੀਰ ਕੱਠੇ ਖੰਨੇ ਦੀ ਬਸ 'ਚ ਬਹਿ ਗਏ। ਉੱਥੇ ਗੱਲਾਂ ਕਰਦਿਆਂ ਫੇਰ ਸਾਡੇ ਸਿੰਗ ਭਿੜ ਗਏ। ਅੱਧੇ ਘੰਟੇ ਦੇ ਸਫ਼ਰ 'ਚ ਅਸੀਂ ਬਹੁਤ ਗਰਮੀ ਖਾ ਗਏ। ਬੋਲਾਂ ਦੇ ਗਰਮ ਤੇ ਤਲਖ਼ ਹੋਣ ਨਾਲ ਅੱਖਾਂ ਵੀ ਕੱਢਣ ਲੱਗ ਪਏ। ਖੰਨੇ ਦੇ ਪਹਿਲੇ ਅੱਡੇ 'ਤੇ ਬਸ ਰੁਕਣ ਨੂੰ ਹੋਈ ਤਾਂ ਧੀਰ ਬੜੇ ਗੁੱਸੇ ਨਾਲ ਕਹਿੰਦਾ,"ਹੁਣ ਤੂੰ ਮੈਨੂੰ ਮਾਰੇਂਗਾ?"

ਮੇਰੇ ਮੂੰਹ 'ਚੋਂ ਨਿੱਕਲ ਗਿਆ,"ਆਹੋ, ਤੂੰ ਬਸ ਤੋਂ ਬਾਹਰ ਤਾਂ ਨਿੱਕਲ ਕੇ ਦੇਖ।"

ਮੈਂ ਉੱਤਰਿਆ ਤੇ ਬਸ ਤੁਰ ਗਈ। ਮੈਂ ਠੰਢਾ ਹੋਇਆ ਤੇ ਸੋਚਦਾ ਰਿਹਾ ਕਿ ਇਹ ਸਾਨੂੰ ਕੀ ਹੋ ਗਿਆ ਸੀ। ਮੈਨੂੰ ਲੱਗਿਆ ਕਿ ਕਈ ਵਾਰ ਵਿਚਾਰਧਾਰਾ ਵੀ ਧਰਮ ਜਿਹੀ ਕੱਟੜ ਤੇ ਅੰਧਵਿਸ਼ਵਾਸ ਵਾਲੀ ਹੋ ਜਾਂਦੀ ਐ। ਉਦੋਂ ਪੱਛਮੀ ਬੰਗਾਲ 'ਚ ਨਕਸਲੀ ਸੀ. ਪੀ. ਆਈ ਤੇ ਐਮ ਦੇ ਵਰਕਰ ਇਕ ਦੂਜੇ 'ਤੇ ਵੀ ਹਮਲੇ ਕਰਨ ਤੋਂ ਗੁਰੇਜ਼ ਨਹੀਂ ਸੀ ਕਰਦੇ। ਇਹ ਸਾਡੇ ਦੇਸ਼ ਲਈ ਨਵੀਂ ਗੱਲ ਹੋਈ ਸੀ।

ਕੁਝ ਸਾਲਾਂ ਬਾਅਦ ਪਤਾ ਲੱਗਾ ਕਿ ਧੀਰ ਡਿਪ੍ਰੈਸ਼ਨ 'ਚ ਏ। ਫੇਰ ਕਹਿੰਦੇ, ਨਹੀਂ ਹੁਣ ਠੀਕ ਹੋ ਗਿਆ ਏ। ਉਧਰ ਮੈਂ ਵੀ ਸਰਕਾਰੀ ਨੌਕਰੀ ਛੱਡ ਕੇ ਪਿੰਡ ਜਾ ਕੇ ਮੁੜ ਖੇਤੀ ਕਰਨ ਦੀਆਂ ਗੱਲਾਂ ਕਰਦਾ ਹੁੰਦਾ ਸੀ। ਮੇਰੇ 'ਤੇ ਵੀ ਜਨੂਨ ਦਾ ਅਸਰ ਦਿਸਣ ਲੱਗ ਪਿਆ ਸੀ। ਫੇਰ ਜਲੰਧਰੀਆਂ ਨੇ ਇਹ ਲਤੀਫਾ ਧੁਮਾ ਦਿੱਤਾ ਕਿ ਧੀਰ ਤੇ ਪ੍ਰੇਮ ਨੇ ਖੰਨੇ 'ਚ ਸਾਇਕਲ ਮਰੰਮਤ ਕਰਨ ਦੀ ਦੁਕਾਨ ਖੋਲ੍ਹ ਲਈ ਏ। ਪ੍ਰੇਮ ਆਏ ਸਾਇਕਲਾਂ ਦੇ ਪੈਂਚਰ ਕਰੀ ਜਾਂਦਾ ਏ ਤੇ ਧੀਰ ਲਾਈ ਜਾਂਦਾ ਏ। ਉਹ ਇੱਕੋ ਪਹੀਏ 'ਚ ਤਿੰਨ ਪੈਂਚਰ ਲਾ ਕੇ ਹਟਦੇ ਨੇ।

ਡਪ੍ਰੈਸ਼ਨ 'ਚ ਆਏ ਧੀਰ ਨੂੰ ਵੀ ਉਦੋਂ ਮੈਂ ਠੀਕ ਹੀ ਮੰਨ ਲਿਆ ਸੀ, ਜਦ ਮੈਨੂੰ ਵੀ ਕਸਰ ਵਧ ਗਈ ਸੀ। ਮੈਂ ਵਿਰਕ ਨਾਲ ਆਪਣੀ ਵਿਗੜੀ ਮਾਨਸਿਕ ਹਾਲਤ ਦੀ ਗੱਲ ਕੀਤੀ ਤਾਂ ਉਹ ਕਹਿੰਦਾ,"ਚਲ, ਆਪਾਂ ਵੀ ਡਾ. ਨੇਕੀ ਨੂੰ ਮਿਲ ਆਉਂਦੇ ਹਾਂ।".. .. ਅਸੀਂ ਅੰਬਰਸਰ ਦੇ ਹਸਪਤਾਲ 'ਚ ਡਾ. ਨੇਕੀ ਦੇ ਚਪੜਾਸੀ ਦੇ ਹੱਥ ਚਿਟ ਭੇਜੀ ਤਾਂ ਉਹਨੇ ਜਦੇ ਬੁਲਾ ਲਏ। ਮਰੀਜ਼ਾਂ ਦੀ ਬਾਹਰ ਬੈਠੀ ਕਤਾਰ ਨੂੰ ਰੋਕ ਦਿੱਤਾ। ਜਿਹੜੇ ਐਬਨਾਰਮਲ ਹਰਕਤਾਂ ਕਰਦੇ ਤਾਂ ਮੈਨੂੰ ਬੜਾ ਤਰਸ ਆਉਂਦਾ। ਵਿਰਕ ਨੂੰ ਖਿਝ ਆਉਂਦੀ। ਇਕ ਜਵਾਨ ਮੁੰਡਾ ਵਾਰ- ਵਾਰ ਫਰਸ਼ 'ਤੇ ਪਟੱਕ ਕਰ ਕੇ ਆਪਣਾ ਪੈਰ ਮਾਰਦਾ ਸੀ। ਉਹਦੀ ਮਾਂ ਮਸਾਂ ਰੋਕ ਰਹੀ ਸੀ। ਅੰਦਰ ਨੇਕੀ ਨੇ ਆਪਣੇ ਚਪੜਾਸੀ ਨੂੰ ਕੌਫੀ ਬਣਾਉਣ ਦਾ ਹੁਕਮ ਦੇ ਦਿੱਤਾ ਸੀ। ਉਹ ਆਪ ਸਾਡੇ ਨਾਲ ਗੱਲਾਂ ਕਰਨ ਲੱਗ ਪਿਆ। ਏਸ ਤੋਂ ਪਹਿਲਾਂ ਕਿ ਵਿਰਕ ਮੇਰੀ ਮਾਨਸਿਕਤਾ ਦੇ ਵਿਗਾੜ ਦੀ ਗੱਲ ਕਰਦਾ ਮੈਂ ਨੇਕੀ ਨੂੰ ਦੱਸਣ ਲੱਗ ਪਿਆ ਕਿ ਮੈਂ ਵਿਰਕ ਨੂੰ ਲੈ ਕੇ ਆਇਆ ਹਾਂ। ਇਹਨਾਂ ਨੂੰ ਇਕ ਕਸਰ ਵਧਦੀ ਹੀ ਜਾਂਦੀ ਏ। ਇਹ ਜਦੋਂ ਬਸ 'ਚ ਸਫਰ ਕਰਦੇ ਨੇ ਤਾਂ ਆਪਣੇ ਕੋਲ ਖੜ੍ਹੀ ਜਨਾਨੀ ਦੇ ਕਿਤੇ ਨਾ ਕਿਤੇ ਉਂਗਲੀ ਲਾਓਣ ਨੂੰ ਕਾਹਲੇ ਪੈ ਜਾਂਦੇ ਨੇ। ਕਈ ਵਾਰ ਉਂਗਲ ਲੱਗ ਵੀ ਜਾਂਦੀ ਏ।

ਵਿਰਕ ਬਹੁਤ ਹੱਸਿਆ। ਕਹਿੰਦਾ,"ਅਸਲ 'ਚ ਮੈਂ ਪ੍ਰੇਮ ਨੂੰ ਲਿਆਇਆ ਹਾਂ। ਇਹ ਮਾਲਕਾਂ ਨਾਲ ਲੜੀ ਜਾਂਦਾ ਏ। ਗਾਹਲਾਂ ਕੱਢੀ ਜਾਂਦਾ ਏ। ਇਹਦਾ ਆਪਣੇ ਕੰਮ 'ਚ ਦਿਲ ਨਹੀਂ ਟਿਕਦਾ। ਨੌਕਰੀ ਛੱਡਣ ਨੂੰ ਫਿਰਦਾ ਏ।"

ਫੇਰ ਮੈਂ ਹੱਸਦਾ ਰਿਹਾ। ਨੇਕੀ ਪਤਾ ਨਹੀਂ ਕੀਹਨੂੰ ਮਰੀਜ਼ ਸਮਝਿਆ। ਉਹ ਵੀ ਹੱਸਦਾ ਰਿਹਾ। ਕੌਫੀ ਪੀ ਕੇ ਵਿਰਕ ਕਹਿੰਦਾ," ਚੰਗਾ ਅਸੀਂ ਚੱਲਦੇ ਹਾਂ।" .. ਜਦ ਅਸੀਂ ਨੇਕੀ ਦੇ ਕਮਰੇ 'ਚੋਂ ਬਾਹਰ ਨਿੱਕਲੇ



ਤਾਂ ਵਿਰਕ ਉਹਨੂੰ ਗਾਹਲਾਂ ਕੱਢਣ ਲੱਗ ਪਿਆ। ਕਹਿੰਦਾ," ਲੈ, ਇਹ .. .. ਡਾਕਟਰ ਬਣੀ ਫਿਰਦਾ ਏ ਮਨ ਦਾ। ਸਾਲਾ ਸਾਡੀ ਮਹਿਮਾਨ ਨਵਾਜ਼ੀ ਕਰਦਾ ਰਿਹਾ। ਬਾਹਰ ਇਹਦੇ ਪਿਓ ਕਤਾਰ 'ਚ ਬੈਠੇ ਇਹਨੂੰ ਰੋਂਦੇ ਪਏ ਨੇ।"

ਮੈਨੂੰ ਲੱਗਿਆ ਕਿ ਨੇਕੀ ਠੀਕ ਹੀ ਹੋਵੇਗਾ। ਉਹਦਾ ਰੋਜ਼ ਦਾ ਮਾਨਸਿਕ ਰੋਗੀਆਂ ਨਾਲ ਵਾਹ ਪੈਂਦਾ ਸੀ। ਅਸੀਂ ਪਹਿਲੀ ਵਾਰ ਦੇਖੇ ਹੋਣ ਕਰ ਕੇ ਘਬਰਾ ਗਏ ਸੀ। ਸਾਨੂੰ ਮਹਿਸੂਸ ਹੋਇਆ ਸੀ ਕਿ ਇਹ ਰੋਗੀ ਬਹੁਤ ਤਕਲੀਫ 'ਚ ਨੇ। ਪਰ ਉਹ ਹੁੰਦੇ ਨਹੀਂ। ਉਹਨਾਂ ਨੂੰ ਦੁੱਖ ਤਕਲੀਫ ਦਾ ਕੋਈ ਅਹਿਸਾਸ ਨਹੀਂ ਹੁੰਦਾ। ਮੈਨੂੰ ਏਸ ਗੱਲ ਦਾ ਖਾਸਾ ਪਤਾ ਸੀ। ਕਿਉਂਕਿ ਮੈਂ ਆਪਣੇ ਖੰਨੇ ਦੇ ਇਕ ਦੋਸਤ ਪ੍ਰੇਮ ਸਾਗਰ ਦਾ ਇਲਾਜ ਮੈਂਟਲ ਹਸਪਤਾਲ ਤੋਂ ਕਰਾਓਣ ਲਿਆਂਉਂਦਾ ਹੁੰਦਾ ਸੀ। ਉਹਨੂੰ ਬਿਜਲੀ ਲੱਗਦੀ ਤਾਂ ਬਹੁਤ ਤੜਫਦਾ ਸੀ। ਪਰ ਸੁਰਤ ਆਓਣ 'ਤੇ ਉਹ ਮੈਨੂੰ ਦੱਸਦਾ ਹੁੰਦਾ ਸੀ ਕਿ ਉਹਨੂੰ ਨਹੀਂ ਪਤਾ ਕਿ ਕੀ ਹੋਇਆ ਸੀ ਉਹਦੇ ਨਾਲ।

ਧੀਰ ਮਾਨਸਿਕ ਤੌਰ 'ਤੇ ਰੋਗੀ ਹੋਣ ਕਰ ਕੇ ਨੇਕੀ ਦੀਆਂ ਦਿੱਤੀਆਂ ਦਵਾਈਆਂ ਖਾਂਦਾ ਰਿਹਾ ਸੀ। ਫੇਰ ਠੀਕ ਵੀ ਹੋ ਗਿਆ ਸੀ। ਪਰ ਉਹ ਮੁੜ ਜਲੰਧਰ ਨਾ ਆਇਆ। ਕਦੇ ਆਉਂਦਾ ਗੁਰਦਵਾਰਾ ਕਲਗ਼ੀਧਰ ਦੇ ਕਵੀ ਦਰਬਾਰ ਦੇ ਸੱਦੇ 'ਤੇ। ਨਾਲ ਉਹਦੇ ਗੁਰਚਰਨ ਰਾਮਪੁਰੀ ਤੇ ਸੁਰਜੀਤ ਰਾਮਪੁਰੀ ਹੁੰਦੇ। ਉਹ ਗੁਰਦਵਾਰੇ ਕਵਿਤਾਵਾਂ ਪੜ੍ਹਦੇ। ਪੈਸੇ ਲੈਂਦੇ ਤੇ ਗੁਰਦਵਾਰੇ ਦਾ ਲੰਗਰ ਛੱਕਦੇ। ਤੇ ਰਾਤ ਨੂੰ ਵਿਸਰਾਮ ਕਰਨ ਲਈ ਕਿਸੇ ਅਜਿਹੇ ਬੰਦੇ ਦੀ ਭਾਲ਼ ਕਰਦੇ, ਜਿਹੜਾ ਉਹਨਾਂ ਨੂੰ ਰਾਤ ਲਈ ਰੱਖ ਲਵੇ। ਉਹ ਠਾਹਰ ਲੱਭ ਕੇ ਬੜੀ ਖੁਸ਼ੀ ਨਾਲ ਆਖਦੇ,"ਇਕ ਦੂਜੇ ਨੂੰ ਅੱਖਾਂ ਮਾਰਦੇ ਕਹਿੰਦੇ," ਆਪਣਾ ਤਾਂ ਟੂੱਲ ਲੱਗ ਗਿਆ.. ਨਵਾਂ ਭੇਡੂ ਫਸ ਗਿਆ।.. .."ਫੇਰ ਉਹ ਲਿਫਾਫੇ ਖੋਹਲ ਕੇ ਰੁਪਏ ਗਿਣਦੇ ਕਿ ਪਿੰਡ ਜਾ ਕੇ ਕਿੰਨੇ ਕੁ ਪੈਸੇ ਬਚ ਜਾਣਗੇ। ਏਸ ਵਿਹਾਰ ਨੇ ਇਹਨਾਂ ਪ੍ਰਗਤੀਵਾਦੀਆਂ ਨੂੰ ਮੰਗਤੇ ਬਣਾ ਦਿੱਤਾ ਸੀ।

ਧੀਰ ਕਬੀਲਦਾਰ ਸੀ। ਬੱਚੇ ਛੋਟੇ ਸਨ, ਹੋਰ ਕੋਈ ਆਮਦਨੀ ਨਹੀਂ ਸੀ। ਉਹਦੇ ਅੰਦਰ ਬਹੁਤੀ ਭੁੱਖ ਬੋਲਦੀ ਸੀ। ਤਦੇ ਉਹਨੂੰ ਪਾਸ਼ ਨੇ ਆਪਣੀ ਡਾਇਰੀ 'ਚ 'ਮੰਗਤਾ' ਲਿਖਿਆ ਏ। ਇਕ ਵਾਰੀ ਮੇਰੇ ਦੋਸਤ ਪ੍ਰੇਮ ਸਿੰਘ ਚੱਠੇ ਨੇ ਕਹਾਣੀ ਗੋਸ਼ਟੀ ਕਰਾਈ। ਮੈਂ ਕਈਆਂ ਨੂੰ ਪੈਸੇ ਦੇਣ ਦਾ ਵਾਅਦਾ ਵੀ ਕੀਤਾ ਸੀ। ਗੋਸ਼ਟੀ ਦੋ ਦਿਨ ਤੇ ਇਕ ਰਾਤ ਚੱਲੀ। ਜਦ ਦੂਜੇ ਦਿਨ ਲੇਖਕ ਜਾਣ ਲੱਗੇ ਤਾਂ ਮੈਂ ਕਈਆਂ ਨੂੰ ਲਿਫਾਫੇ ਫੜਾਏ। ਜਿਨ੍ਹਾਂ 'ਚ ਦੋ-ਦੋ ਸੌ ਰੁਪਏ ਸੀ। ਧੀਰ ਨੂੰ ਲਿਫਾਫਾ ਦਿੱਤਾ ਤਾਂ ਉਹਨੇ ਕਿਹਾ,"ਦੇਖ, ਮੇਰਾ ਹੋਰ ਕੋਈ ਸਾਧਨ ਨਹੀਂ। ਮੈਨੂੰ ਇਕ ਹੋਰ ਦੇ ਦੇਹ।" ਮੈਂ ਇਕ ਲਿਫਾਫਾ ਹੋਰ ਦੇ ਦਿੱਤਾ। ਮੈਨੂੰ ਦੇਣਾ ਚੰਗਾ ਲੱਗਿਆ, ਪਰ ਉਹਦਾ ਮੰਗਣਾ ਮਾੜਾ।

ਫੇਰ ਸਾਡੀ ਮੁਲਾਕਾਤਾ ਕਿਸੇ ਪੰਜਾਬੀ ਕਾਨਫਰੰਸ 'ਤੇ ਲੁਧਿਆਣੇ ਹੋਈ। ਅਸੀਂ ਫੇਰ ਖਹਿਬੜ ਪਏ। ਉਹ ਰੁੱਸ ਕੇ ਪਰੇ ਚਲਿਆ ਗਿਆ। ਮੁੜ ਕਦੇ ਮੇਰੇ ਨਾਲ ਗੱਲ ਨਾ ਕੀਤੀ। ਫੇਰ ਉਹਦੇ ਮੰਗਤੇ ਸੁਭਾਅ ਕਰ ਕੇ ਤਿੰਨ ਸੰਸਥਾਵਾਂ ਤੋਂ ਉਹਨੂੰ ਵਜ਼ੀਫੇ ਮਿਲਣ ਲੱਗ ਪਏ। ਇਹ ਕੋਈ ਮਾੜੀ ਗੱਲ ਨਹੀਂ ਸੀ। ਉਹਨੇ 70 ਸਾਲ ਪੰਜਾਬੀ ਸਾਹਿਤ ਲਈ ਕੰਮ ਕੀਤਾ ਸੀ। ਉਹ ਹੱਕਦਾਰ ਸੀ ਮਾਨਾਂ ਸਨਮਾਨਾਂ ਦਾ। ਉਹ ਖਾਂਦਾ ਪੀਂਦਾ ਹੋ ਕੇ ਵੀ ਉਸੇ ਜੋਸ਼ ਤੇ ਹੋਸ਼ ਨਾਲ ਕਵਿਤਾਵਾਂ ਕਹਾਣੀਆਂ ਰਚਦਾ ਰਿਹਾ।

ਇਕ ਵਾਰ ਖਾਲਸਾ ਕਾਲਜ, ਜਲੰਧਰ 'ਚ ਕਹਾਣੀ ਗੋਸ਼ਟੀ ਹੋਈ। ਧੀਰ ਛੜੀ ਤੇ ਨਿੰਦਰ ਘੁਗਿਆਣਵੀ ਦੇ ਮੋਢੇ ਦੇ ਸਹਾਰੇ ਆਇਆ। ਮੈਂ ਉਹਨੂੰ ਕਹਿਣਾ ਚਾਹੁੰਦਾ ਸੀ ਕਿ ਬੜੇ ਭਾਈ, ਹੁਣ ਤਾਂ ਗੁੱਸਾ ਛੱਡ ਦੇ। ਹੁਣ ਆਪਾਂ ਦੋਵੇਂ ਬੁੜ੍ਹੇ ਹੋ ਗਏ ਹਾਂ। ਪਰ ਜਦ ਮੇਰੇ ਵੱਲ ਨੂੰ ਆਓਣ ਲੱਗੇ ਤਾਂ ਨਿੰਦਰ ਨੇ ਕਿਹਾ ਕਿ ਔਹ ਮੂਹਰੇ ਪ੍ਰੇਮ ਪ੍ਰਕਾਸ਼ ਖੜ੍ਹੈ ਤਾਂ ਧੀਰ ਕਹਿੰਦਾ,"ਇਕ ਪਾਸੇ ਨੂੰ ਹੋ ਕੇ ਲੰਘ ਚੱਲ।"

ਧੀਰ ਸਿਦਕੀ ਬੰਦਾ ਸੀ। ਉਹਦਾ ਇਮਾਨ ਕਦੇ ਨਾ ਡੋਲਿਆ। ਅੱਤਵਾਦ ਦੇ ਵੇਲੇ ਵੀ ਨਹੀਂ। ਜਦ ਸੇਖੋਂ, ਕੰਵਲ ਤੇ ਦਲੀਪ ਕੌਰ ਟਿਵਾਣਾ ਵਰਗੇ ਡੋਲ ਗਏ ਸੀ। ਜਵਾਨੀ ਵੇਲੇ ਉਹਦਾ ਉਂਗਲੀ ਖੜ੍ਹੀ ਕਰ ਕੇ ਗੱਲ ਕਰਨ ਦਾ ਜਿਹੜਾ ਅੰਦਾਜ਼ ਸੀ, ਉਹ ਮਰਦੇ ਦਮ ਤਕ ਕਾਇਮ ਰਿਹਾ। ਉਹ ਸੱਚਾ 'ਨਰ' ਲੇਖਕ ਸੀ। ਕਲਮ ਦਾ ਸਿਪਾਹੀ।

**ਪਤਾ : 593, ਮੋਤਾ ਸਿੰਘ ਨਗਰ, ਜਲੰਧਰ, ਮੁਬਾਇਲ-94632-20319**

# ਪੰਜਾਬੀ ਕਹਾਣੀ 'ਚ ਪਸੰਦ ਨਾ-ਪਸੰਦ / ਪ੍ਰੇਮ ਪ੍ਰਕਾਸ਼

(ਇਹ ਪਰਚਾ ਆਨੰਦਪੁਰ ਸਾਹਿਬ 'ਚ ਹੋਈ ਕਹਾਣੀ ਗੋਸ਼ਟੀ 'ਚ ਪੜ੍ਹਿਆ ਗਿਆ)

ਪਿਛਲੇ ਦਿਨੀਂ ਜਲੰਧਰ 'ਚ ਜਿਹੜੀ ਕਹਾਣੀ ਗੋਸ਼ਟੀ ਹੋਈ, ਉਹਦੇ 'ਚ ਪ੍ਰਬੰਧਕਾਂ ਨੇ ਜੋ ਚਾਹਿਆ, ਉਹ ਚੰਗੀ ਤਰ੍ਹਾਂ ਹੋ ਗਿਆ। ਪਰ ਮੈਨੂੰ ਏਸ ਗੱਲ ਦੀ ਕਮੀ ਰੜਕਦੀ ਰਹੀ ਕਿ ਬਦਲਦੀ ਕਹਾਣੀ ਦੇ ਵਿਸ਼ਿਆਂ ਤੇ ਜੁਗਤਾਂ ਬਾਰੇ ਕੋਈ ਬਹਿਸ ਨਹੀਂ ਹੋਈ। ਜੀਹਦੇ ਕਰ ਕੇ ਗੋਸ਼ਟੀ 'ਚ ਆਏ ਨਵੇਂ ਕਹਾਣੀਕਾਰਾਂ ਤੇ ਆਲੋਚਕਾਂ ਨੂੰ ਆਪਣੇ ਮਨ ਦੀਆਂ ਗੱਲਾਂ ਦੱਸਣ ਦਾ ਮੌਕਾ ਨਾ ਮਿਲ ਸਕਿਆ। ਜਦ ਮੈਨੂੰ ਆਨੰਦਪੁਰ ਸਾਹਿਬ ਦੀ ਗੋਸ਼ਟੀ 'ਚ ਆਉਣ ਦਾ ਸੱਦਾ ਮਿਲਿਆ ਤਾਂ ਮੈਂ ਸੁਝਾਓ ਦਿੱਤਾ ਕਿ ਪੇਪਰ ਪੜ੍ਹਨ ਦੀ ਥਾਂ ਕਹਾਣੀ ਦੇ ਬਦਲਦੇ ਰੁਖ਼ਾਂ ਤੇ ਰੂਪਾਂ ਬਾਰੇ ਸਭ ਨੂੰ ਗੱਲਾਂ ਕਰਨ ਦਾ ਮੌਕਾ ਦਿੱਤਾ ਜਾਵੇ। ਮੇਰਾ ਖਿਆਲ ਏ ਕਿ ਅਸੀਂ ਏਸ ਗੋਸ਼ਟੀ 'ਚ ਬਹਿਸ ਚੰਗੀ ਤਰ੍ਹਾਂ ਕਰ ਸਕਾਂਗੇ।

ਮੈਂ ਬਹਿਸ ਤੋਰਨ ਲਈ ਕੁਝ ਨੁਕਤੇ ਪੇਸ਼ ਕਰਦਾ ਹਾਂ।

○ ਮੁਢੱਲੀ ਗੱਲ ਤਾਂ ਇਹੋ ਏ ਕਿ ਅਸੀਂ ਕਹਾਣੀ ਕਿਉਂ ਲਿਖਦੇ ਹਾਂ?.. ਮੇਰਾ ਖਿਆਲ ਏ ਕਿ ਹਰੇਕ ਲੇਖਕ ਆਪਣੀਆਂ ਵੱਖੋ ਵੱਖਰੀਆਂ ਲੋੜਾਂ ਲਈ ਕਹਾਣੀ ਲਿਖਦਾ ਏ। ਕੋਈ ਇਹ ਸਮਝ ਕੇ ਲਿਖਦਾ ਏ ਕਿ ਉਹਦੇ ਮਨ 'ਚ ਕੋਈ ਬੀਤੀ ਘਟਨਾ ਰੜਕੀ ਜਾਂਦੀ ਏ। ਉਹ ਓਸ ਘਟਨਾ ਨੂੰ ਕਿਸੇ ਹੋਰ ਨੂੰ ਕਿਸੇ ਵੀ ਤਰੀਕੇ ਨਾਲ ਦੱਸ ਕੇ ਹੌਲਾ ਹੋਣਾ ਚਾਹੁੰਦਾ ਏ। ਇਹ ਘਟਨਾ ਉਹ ਆਪਣੀ ਜਾਂ ਦੂਜੇ ਦੀ ਕਹਿ ਕੇ ਜਿੰਨੀ ਵਾਰ ਵੀ ਸੁਣਾਏਗਾ ਜਾਂ ਲਿਖੇਗਾ, ਉਹਦੇ ਪਾਤਰਾਂ, ਵਾਰਤਾਲਾਪਾਂ ਤੇ ਕਥਾਨਕਾਂ 'ਚ ਤਬਦੀਲੀ ਆਉਂਦੀ ਜਾਵੇਗੀ। ਜਦ ਉਹ ਲਿਖਤੀ ਰੂਪ 'ਚ ਪੜ੍ਹੀ ਜਾਵੇਗੀ ਤਾਂ ਉਹਦਾ ਪ੍ਰਭਾਵ ਹਰੇਕ ਪਾਠਕ 'ਤੇ ਵੱਖਰਾ-ਵੱਖਰਾ ਪੈਂਦਾ ਰਵ੍ਹੇਗਾ। ਇਹ ਵੱਖੋ ਵੱਖਰੇ ਪ੍ਰਭਾਵ ਹਰੇਕ ਪਾਠਕ ਦੇ ਮਨ 'ਚ ਪੈਦਾ ਹੁੰਦੇ ਰਸਾਂ ਤੇ ਸੋਚਾਂ ਕਰ ਕੇ ਪੈਂਦੇ ਨੇ। ਇਹ ਰਸ ਸਮੇਂ, ਸਥਾਨ ਤੇ ਮੌਕੇ ਦੇ ਹਿਸਾਬ ਨਾਲ ਬਦਲਦੇ ਵੀ ਰਹਿੰਦੇ ਨੇ। .. ਇਹੋ ਰਸ ਪੜ੍ਹਨ ਜਾਂ ਸੁਨਣ ਵਾਲੇ ਦੇ ਅੰਦਰ ਕੰਮ ਕਰਦੇ ਨੇ। ਜਿਸ ਨਾਲ ਓਸ ਕਹਾਣੀ ਦੇ ਪ੍ਰਵਾਨ ਜਾਂ ਨਾ-ਪ੍ਰਵਾਨ ਹੋਣ ਦਾ ਫ਼ੈਸਲਾ ਦੋਹਾਂ ਦੇ ਰਸਾਂ ਦੇ ਸਮਰਸ ਹੋਣ ਜਾਂ ਸਮਰਸ ਨਾ ਹੋਣ ਹੋਣ 'ਤੇ ਨਿਰਭਰ ਕਰਦਾ ਰਵ੍ਹੇਗਾ। ਇਹ ਸਮਾਂ ਬਦਲਣ ਨਾਲ ਬਦਲਦਾ ਵੀ ਰਹਿੰਦਾ ਏ, ਕਿਉਂਕਿ ਪਾਠਕਾਂ ਦੇ ਰਸ ਤੇ ਸੋਚਾਂ ਵੀ ਬਦਲਦੀਆਂ ਰਹਿੰਦੀਆਂ ਨੇ।

○ ਕਈ ਲੇਖਕ ਏਸ ਲਈ ਕਹਾਣੀ ਲਿਖਦੇ ਏ ਕਿ ਉਨ੍ਹਾਂ ਨੂੰ ਸਮਾਜ ਬਾਰੇ ਵੱਧ ਚਿੰਤਾ ਹੁੰਦੀ ਏ। ਉਹ ਸਮਾਜਕ ਵਿਵਸਥਾ ਨੂੰ ਵਧ ਚੰਗੀ ਤਰ੍ਹਾਂ ਸਮਝਦੇ ਹੋਣ ਦੀ ਸੋਚ ਰੱਖਦੇ ਨੇ। ਸਾਹਿਤ ਨੂੰ ਉਹ ਸਮਾਜ ਨੂੰ ਬਦਲਣ ਲਈ ਵਰਤਦੇ ਨੇ। ਉਹ ਇਹ ਕੰਮ ਕਹਾਣੀਆਂ ਲਿਖ ਕੇ ਪਾਠਕਾਂ ਨੂੰ ਪ੍ਰਭਾਵਤ ਕਰ ਕੇ ਕਰਦੇ ਨੇ। ਸਮਾਜੀ ਬੁਰਾਈਆਂ ਦੇ ਵਿਰੋਧੀ ਪਾਠਕ ਉਹਨਾਂ ਦੀਆਂ ਕਹਾਣੀਆਂ ਤੋਂ ਪ੍ਰਭਾਵਤ ਵੀ ਹੁੰਦੇ ਨੇ। ਉਹ ਉਸੇ ਨੂੰ ਅਸਲੀ ਤੇ ਚੰਗਾ ਸਾਹਿਤ ਮੰਨਦੇ ਨੇ। ਅਜਿਹੀਆਂ ਕਈ ਕਹਾਣੀਆਂ ਹੋਰਾਂ ਵਿਚਾਰਾਂ ਦੇ ਪਾਠਕਾਂ ਨੂੰ ਵੀ ਪ੍ਰਭਾਵਤ ਕਰ ਸਕਦੀਆਂ ਨੇ।

○ ਕੋਈ ਲੇਖਕ ਏਸ ਲਈ ਕਹਾਣੀ ਲਿਖਦੇ ਨੇ ਕਿ ਉਹਨਾਂ ਨੂੰ ਲੱਗਦਾ ਏ ਕਿ ਉਹ ਜਿਹੜੀਆਂ ਕਹਾਣੀਆਂ ਲਿਖ ਕੇ ਅਖ਼ਬਾਰਾਂ 'ਚ ਛਪਵਾਉਂਦਾ ਰਿਹਾ ਏ, ਉਹਨੂੰ ਪੜ੍ਹਨ ਵਾਲੇ ਤੇ ਪਸੰਦ ਕਰਨ ਵਾਲੇ ਬਹੁਤ ਮਿਲੇ ਨੇ। ਉਹ ਉਹਨਾਂ ਨੂੰ ਹੀ ਸਾਹਿਤ ਦੇ ਰਸੀਏ ਤੇ ਅਸਲੀ ਸਾਹਿਤ ਪਾਰਖੂ ਸਮਝਦਾ ਏ। ਫੇਰ ਉਹਨੂੰ ਓਸ ਲਿਖਤ ਨਾਲ ਚਾਰ ਪੈਸੇ ਵੀ ਮਿਲਣ ਲੱਗ ਪੈਂਦੇ ਨੇ। ਫੇਰ ਉਹ ਅਜਿਹੀਆਂ ਕਹਾਣੀਆਂ ਹੀ



ਲਿਖੀ ਜਾਂਦਾ ਏ। ਫੇਰ ਉਹਨੂੰ ਪ੍ਰਕਾਸ਼ਕ ਵੀ ਛਾਪਣ ਲੱਗ ਪੈਂਦੇ ਨੇ ਤੇ ਚੰਗੇ ਪੈਸੇ ਵੀ ਦੇਂਦੇ ਨੇ। ਕੁਝ ਆਲੋਚਕ ਉਹਨੂੰ ਵਪਾਰਕ ਲੇਖਕ ਆਖਣ ਲੱਗ ਪੈਂਦੇ ਨੇ। 1970 ਤੋਂ ਪਹਿਲਾਂ ਜਦ ਰਾਮ ਸਰੂਪ ਅਣਖੀ ਇਕ ਰਾਤ ਆਦਰਸ਼ ਨਗਰ, ਜਲੰਧਰ 'ਚ ਮੇਰੇ ਘਰ ਰਾਤ ਰਿਹਾ ਸੀ ਤਾਂ ਉਹਨੇ ਕਹਾਣੀ ਲਿਖਣ ਦਾ ਆਪਣਾ ਇਹੋ ਮਕਸਦ ਦੱਸਿਆ ਸੀ। ... ਖ਼ੈਰ, ਏਸ ਦੇ ਬਾਅਦ ਤਾਂ ਉਹਨੂੰ ਸਾਹਿਤ ਦੇ ਸੁਹਜ ਸੁਆਦ ਤੇ ਹੋਰ ਬਹੁਤ ਸਾਰੇ ਗੁਣਾਂ ਦਾ ਪਤਾ ਲੱਗਦਾ ਰਿਹਾ। ਹੁਣ ਉਹਦੇ ਵਿਚਾਰ ਚੋਖੇ ਬਦਲ ਗਏ ਹੋਣਗੇ।

○ ਕੋਈ ਏਸ ਲਈ ਲਿਖਦਾ ਏ ਕਿ ਉਹਦੇ ਕੋਲੋਂ ਆਪਣੇ ਸੁਭਾਅ ਕਰ ਕੇ ਰਹਿ ਹੀ ਨਹੀਂ ਹੁੰਦਾ। ਜਾਂ ਉਹਦੇ ਕੋਲੋਂ ਵਿਹਲਾ ਸਮਾਂ ਲੰਘਾ ਨਹੀਂ ਹੁੰਦਾ। ਉਹਦੇ ਨਾਲ ਬੀਤੀਆਂ ਕੁਝ ਘਟਨਾਵਾਂ ਅਜਿਹੀਆਂ ਦਿਲਚਸਪ ਤੇ ਭੇਤ ਭਰੀਆਂ ਹੁੰਦੀਆਂ ਨੇ ਕਿ ਉਹਦੇ ਕੋਲੋਂ ਲਿਖੇ ਬਿਨਾ ਰਿਹਾ ਈ ਨਹੀਂ ਜਾਂਦਾ। ਉਹ ਅਜਿਹੀਆਂ ਕਹਾਣੀਆਂ ਲਿਖ ਕੇ ਆਪਣੇ ਆਪ ਤੇ ਪਾਠਕ ਨੂੰ ਵੀ ਸਮਝਣ ਦੇ ਜਤਨ ਕਰਦਾ ਏ।.. ਆਮ ਜਿਹੀ ਗੱਲ ਤਾਂ ਇਹ ਹੁੰਦੀ ਏ ਕਿ ਬੰਦੇ ਦਾ ਕਿਸੇ ਕੁੜੀ ਨਾਲ ਸੰਬੰਧ ਜੁੜ ਜਾਂਦਾ ਏ। ਕੁਝ ਲੁਕਵੀਆਂ ਘਟਨਾਵਾਂ ਵੀ ਹੋ ਜਾਂਦੀਆਂ ਨੇ। ਉਹ ਘਟਨਾਵਾਂ ਭੇਤ ਭਰੀਆਂ ਭੂਤ ਪ੍ਰੇਤਾਂ ਦੀਆਂ ਵੀ ਹੋ ਸਕਦੀਆਂ ਨੇ। ਉਹ ਆਪਣੇ ਓਸ ਅਨੁਭਵ ਦੇ ਸੁਖ ਦੁੱਖ ਦੱਸਦਾ ਏ। ਫੇਰ ਉਹਨੇ ਜ਼ਿੰਦਗੀ 'ਚ ਅਜਿਹੀਆਂ ਬਹੁਤ ਸਾਰੀਆਂ ਫਿਲਮਾਂ ਦੇਖੀਆਂ ਹੁੰਦੀਆਂ ਨੇ ਜਾਂ ਕਿਤਾਬਾਂ 'ਚ ਕਹਾਣੀਆਂ ਪੜ੍ਹੀਆਂ ਹੁੰਦੀਆਂ ਨੇ। ਉਹ ਆਪਣੇ ਅਨੁਭਵਾਂ ਨੂੰ ਦੇਖੇ ਸੁਣੇ ਤੇ ਪੜ੍ਹੇ ਅਨੁਭਵਾਂ ਨਾਲ ਮੇਲ਼ਦਾ ਏ। ਫੇਰ ਜਦ ਆਪਣੀ ਕਹਾਣੀ ਸੁਣਾਉਂਦਾ ਤੇ ਲਿਖਦਾ ਏ ਤਾਂ ਉਹਦੇ ਵਿਚ ਕਹਾਣੀਕਾਰ ਪੈਦਾ ਹੋ ਜਾਂਦਾ ਏ। ਉਹਦੀ ਕਹਾਣੀ ਦੀ ਸਿਫਤ ਹੋਵੇ ਜਾਂ ਨਿੰਦਿਆ ਉਹਨੂੰ ਤਾਂ ਚਸਕਾ ਪਿਆ ਹੁੰਦਾ ਏ। ਉਹ ਆਪ ਵੀ ਹੋਰਾਂ ਦੀਆਂ ਕਹਾਣੀਆਂ ਦਾ ਆਲੋਚਕ ਬਣ ਜਾਂਦਾ ਏ। ਉਂਜ ਨਿੱਕਾ ਜਿਹਾ ਆਲੋਚਕ ਤਾਂ ਹਰੇਕ ਪਾਠਕ ਤੇ ਦਰਸ਼ਕ ਦੇ ਅੰਦਰ ਕਹਾਣੀਆਂ ਪੜ੍ਹਨ ਵੇਲੇ ਹੁੰਦਾ ਈ ਏ। ਨਵਾਂ ਲੇਖਕ ਪੁਰਾਣੇ ਉਸਤਾਦਾਂ ਤੋਂ ਕੁਝ ਸਿੱਖਦਾ ਵੀ ਏ ਤੇ ਕਦੇ ਉਹਨਾਂ ਦੇ ਵਿਰੁੱਧ ਬਗਾਵਤ ਵੀ ਕਰਦਾ ਏ।

○ ਕੁਝ ਕਿਤਾਬਾਂ ਦੇ ਲੇਖਕ ਕਹਾਣੀਕਾਰ ਏਨੇ ਜੋਗੇ ਹੋ ਵੀ ਜਾਂਦੇ ਨੇ ਕਿ ਉਹ ਪਾਠਕਾਂ ਤੇ ਆਲੋਚਕਾਂ ਦੀਆਂ ਰਾਵਾਂ ਦੀ ਪਰਵਾਹ ਨਹੀਂ ਕਰਦੇ। ਕਈ ਤਾਂ ਆਲੋਚਕਾਂ ਨੂੰ ਬੜੇ ਮਾੜੇ ਸ਼ਰਧਾ ਨਾਲ ਯਾਦ ਕਰਦੇ ਨੇ। ਮੈਂ ਆਪ ਹੁਣ ਵੀ ਕਹਿੰਦਾ ਹਾਂ ਕਿ ਇਹ ਕਾਲਜਾਂ ਤੇ ਯੂਨੀਵਰਸਿਟੀਆਂ 'ਚ ਪੜ੍ਹਾਉਣ ਵਾਲੇ, ਜਿਹੜੇ ਆਪ ਕੋਈ ਸਿਰਜਣਾ ਨਹੀਂ ਕਰ ਸਕੇ ਹੁੰਦੇ, ਉਹ ਲੇਖਕ ਦੇ ਮੋਢੇ 'ਤੇ ਸਵਾਰ ਹੋ ਕੇ ਆਪਣੇ ਦੁੱਖ ਦਾ ਬਦਲਾ ਲੈਂਦੇ ਨੇ। ਤਕੜਾ ਸਾਹਿਤਕਾਰ ਉਹੀ ਹੁੰਦਾ ਏ, ਜਿਹੜਾ ਅਜਿਹੇ ਆਲੋਚਕਾਂ ਨੂੰ ਲਾਹ ਕੇ ਵਗਾਹ ਮਾਰਦਾ ਹਾਂ। ਜੇ ਕੋਈ ਆਲੋਚਕ ਬਰਾਬਰ ਖੜ੍ਹ ਕੇ ਲੇਖਕ ਨਾਲ ਗੱਲ ਕਰਦਾ ਏ ਤਾਂ ਉਹਨਾਂ ਦਾ ਸੰਵਾਦ ਮੁੱਲਵਾਨ ਹੋ ਸਕਦਾ ਏ। ਡਾ. ਹਰਿਭਜਨ ਸਿੰਘ ਨੇ ਜਦ ਮੈਨੂੰ ਲਿਖੇ ਤੇ ਆਰਸੀ 'ਚ ਛਪੇ ਖਤ 'ਚ ਮੇਰੀਆਂ ਕਹਾਣੀਆਂ ਦੀ ਗੱਲ ਕੀਤੀ ਸੀ ਤਾਂ ਉਹ ਮੈਥੋਂ ਬਹੁਤ ਨੀਵਾਂ ਹੋ ਕੇ ਬੋਲਿਆ ਸੀ। ਉਦੋਂ ਉਹਨੇ ਮੈਨੂੰ ਦੇਖਿਆ ਵੀ ਨਹੀਂ ਸੀ। ਇਹ ਉਹਦੀ ਵਡਿਆਈ ਸੀ, ਮੇਰੀ ਨਹੀਂ।

○ ਅਕਸਰ ਲੇਖਕਾਂ ਤੇ ਆਲੋਚਕਾਂ ਵਿਚਕਾਰ ਯੁੱਧ ਮਚਿਆ ਹੀ ਰਹਿੰਦਾ ਏ। ਅਸਲ 'ਚ ਇਹ ਮਾਮਲਾ ਸੋਚ, ਵਿਵੇਕ ਤੇ ਰਸਾਂ ਦਾ ਹੁੰਦਾ ਏ। ਜਦ ਆਲੋਚਕ ਲੇਖਕ ਦੀ ਸੋਚ, ਵਿਵੇਕ ਤੇ ਰਸਾਂ 'ਚ ਸਿਰਜਣਾ ਤੋਂ ਪਿੱਛੇ ਰਹਿ ਜਾਂਦਾ ਏ ਤਾਂ ਉਹ ਪੜ੍ਹੀ ਗਈ ਰਚਨਾ ਨੂੰ ਰੱਦ ਕਰ ਦੇਂਦਾ ਏ। ਕਦੇ ਆਲੋਚਕ ਲੇਖਕ ਦੀ ਸੋਚ, ਵਿਵੇਕ ਤੇ ਰਸਾਂ ਤਕ ਪਹੁੰਚ ਜਾਂਦਾ ਏ ਤਾਂ ਦੋਹਾਂ ਦੇ ਰਸਾਂ ਦਾ ਸਮਰਸ ਹੋ ਜਾਂਦਾ ਏ। ਫੇਰ ਉਹ ਠੀਕ ਤਬਸਰਾ ਕਰ ਸਕਦਾ ਏ। ਕੁਝ ਸੂਰਤਾਂ 'ਚ ਲੇਖਕ ਆਲੋਚਕ ਨੂੰ ਵੀ ਰੱਦ ਕਰ ਦੇਂਦਾ ਏ। ਲੇਖਕ ਤੇ ਆਲੋਚਕ ਵਿਚਕਾਰ ਯੁੱਧ ਦਾ ਇਹ ਰਿਸ਼ਤਾ ਮੁੱਢੋਂ ਈ ਜਾਰੀ ਏ। ਪਰ ਇਹ ਟੱਕਰ ਉਦੋਂ ਭੀਸ਼ਣ ਰੂਪ ਅਖਤਿਆਰ ਕਰ ਲੈਂਦੀ ਏ, ਜਦੋਂ ਦੋਹਾਂ ਵਿਚਕਾਰ ਨਿਜੀ ਦੁਸ਼ਮਣੀ ਦਾ ਮਾਮਲਾ ਹੋਵੇ ਜਾਂ ਧੜਿਆਂ ਦੀ ਦੁਸ਼ਮਣੀ ਚੱਲਦੀ ਹੋਵੇ। ਮੈਂ ਏਸ ਅਵਸਥਾ ਨੂੰ ਜੰਗਲੀ ਸਮਝਦਾ ਹਾਂ। ਸਾਨੂੰ ਟੱਕਰ ਛੱਡ ਕੇ ਸੰਵਾਦ ਵਾਲਾ

ਰਵਈਆ ਅਪਨਾਓਣਾ ਚਾਹੀਦਾ ਏ। ਸਾਡੇ ਵਿਚਕਾਰ ਭਾਵੇਂ ਨਿਜੀ ਸੰਬੰਧ ਚੰਗੇ ਨਾ ਹੋਣ, ਪਰ ਬਹਿਸ ਵੇਲੇ ਸੰਵਾਦ ਕਰਨ ਜੋਗਾ ਸੰਜਮ ਹੋਣਾ ਚਾਹੀਦਾ ਏ।

o ਇਕ ਮਸਲਾ ਕਹਾਣੀ ਨੂੰ ਪਾਠਕ ਵੱਲੋਂ ਪਸੰਦ ਨਾ-ਪਸੰਦ ਕਰਨ ਦਾ ਵੀ ਆ ਜਾਂਦਾ ਏ। ਕਹਾਣੀ ਲੇਖਕ ਵੀ ਆਪਣੇ ਤੌਰ 'ਤੇ ਪਾਠਕ ਵੀ ਹੁੰਦਾ ਏ। ਉਹ ਵੱਡੇ ਉਸਤਾਦਾਂ ਦੀਆਂ ਕਹਾਣੀਆਂ ਪੜ੍ਹਦਾ ਤੇ ਹੁਨਰ ਸਿੱਖਦਾ ਏ। ਮੈਂ ਇਹਨੂੰ ਰਸਾਂ ਰਾਹੀਂ ਸਮਝਣ ਦੀ ਕੋਸ਼ਿਸ਼ ਕਰਦਾ ਹਾਂ। ਅਸੀਂ ਸਾਰੇ ਕਿਸੇ ਕਹਾਣੀ ਨੂੰ ਇੱਕੋ ਤਰ੍ਹਾਂ ਪਸੰਦ ਨਹੀਂ ਕਰ ਸਕਦੇ। ਕਿਉਂਕਿ ਅਸੀਂ ਉਹ ਰਚਨਾ ਜਾਂ ਕਲਾ ਕਿਰਤ ਪਸੰਦ ਕਰਦੇ ਹਾਂ, ਜੀਹਦੇ ਨਾਲ ਸਾਡੀ ਕੋਈ ਭਾਵਾਂ ਦੀ ਜਾਂ ਅਨੁਭਵ ਦੀ ਸਾਂਝ ਹੋਵੇ। ਜਿਵੇਂ ਜਿਹੜੇ ਅਨੁਭਵ ਸਾਡੇ ਭੋਗੇ ਹੋਏ ਹੁੰਦੇ ਨੇ, ਉਹ ਸਾਨੂੰ ਵੱਧ ਪਿਆਰੇ ਲੱਗਦੇ ਨੇ। ਜਿਵੇਂ ਜਿਹੋ ਜਿਹੀ ਕੁੜੀ ਜਾਂ ਔਰਤ ਨਾਲ ਅਸੀਂ ਪਿਆਰ ਕੀਤਾ ਹੁੰਦਾ ਏ, ਫਿਲਮਾਂ ਤੇ ਕਹਾਣੀਆਂ 'ਚ ਆ ਰਹੀਆਂ ਔਰਤਾਂ ਵਿਚ ਅਸੀਂ ਉਹੀ ਨਕਸ਼ ਭਾਲਦੇ ਹਾਂ । ਜਾਂ ਸਾਨੂੰ ਉਹੋ ਜਿਹੇ ਹੀ ਨਕਸ਼ ਦਿਸਣ ਲੱਗ ਪੈਂਦੇ ਨੇ। ਇਵੇਂ ਜਿਹੜੇ ਜ਼ੁਲਮ ਅਸੀਂ ਆਪ ਬਰਦਾਸ਼ਤ ਕੀਤੇ ਹੁੰਦੇ ਨੇ, ਜੇ ਉਹੋ ਜਿਹੇ ਜ਼ੁਲਮ ਕਰਨ ਵਾਲੇ ਨੂੰ ਫਿਲਮ ਜਾਂ ਕਹਾਣੀ ਵਿਚ ਕੁੱਟ ਪੈਂਦੀ ਏ ਤਾਂ ਸਾਨੂੰ ਸੁਆਦ ਆਉਂਦਾ ਏ। ਸਾਨੂੰ ਸੁਖ ਮਿਲਦਾ ਏ। ਏਸ ਤਰ੍ਹਾਂ ਕਹਾਣੀ ਦੇ ਰਸਾਂ ਨਾਲ ਸਾਡੇ ਰਸ ਰਲ਼ ਜਾਂਦੇ ਨੇ। ਇਹਦੇ ਵਿਚ ਇਹ ਗੱਲ ਵੀ ਅਹਿਮ ਏ ਕਿ ਕਹਾਣੀ ਕਿਹੜੀ ਮਾਨਸਿਕ ਅਵਸਥਾ 'ਚ ਰਚੀ ਗਈ ਏ। ਤੇ ਹੁਣ ਪੜ੍ਹਨ ਵੇਲੇ ਉਹਦੇ ਪਾਠਕ ਦੀ ਮਾਨਸਿਕ ਅਵਸਥਾ ਕੀ ਏ?

o ਮੇਰਾ ਆਖਰੀ ਨੁਕਤਾ ਇਹ ਜਾਨਣਾ ਏ ਕਿ ਕੀ ਇਹ ਲਿਖਤ ਸਾਹਿਤ ਹੈ ਕਿ ਨਹੀਂ? ਕੀ ਇਹਦੇ ਵਿਚ ਸਾਹਿਤ ਵਾਲੇ ਗੁਣ ਹੈਨ ਜਾਂ ਨਹੀਂ। ਇਹ ਗੁਣ ਲੇਖਕ, ਪਾਠਕ ਤੇ ਆਲੋਚਕ ਦੇ ਰਲ਼ ਜਾਣ ਤਾਂ ਹਰੀ ਵਾਹ ਵਾਹ, ਨਹੀਂ ਤਾਂ ਸਾਨੂੰ ਓਸ ਕਹਾਣੀ ਦੇ ਸੁਹਜ ਸੁਆਦਾਂ, ਉਹਦੀ ਭਾਸ਼ਾ, ਉਹਦੇ ਵਿਚਾਰਾਂ, ਉਹਦੀ ਸੰਪੂਰਨ ਸੋਚ ਤੇ ਉਹਦੇ ਅਰਥਾਂ ਦੀ ਗਹਿਰਾਈ ਬਾਰੇ ਬਹਿਸ ਕਰਨੀ ਪਵੇਗੀ।.. ਭਰਤ ਮੁਨੀ ਨੇ ਹਜ਼ਾਰਾਂ ਸਾਲ ਪਹਿਲਾਂ ਰਚੇ ਆਪਣੇ 'ਨਾਟਯ ਸ਼ਾਸ਼ਤਰ' 'ਚ ਕੁਝ ਅਸੂਲ ਦਰਜ ਕੀਤੇ ਨੇ ਕਿ ਜਿਹੜੀਆਂ ਗੱਲਾਂ ਵਰਜਿਤ ਨੇ। ਜਿਵੇਂ ਮੰਚ 'ਤੇ ਮੁਰਦਾ ਨਾ ਵਿਖਾਇਆ ਜਾਵੇ। ਕਤਲ ਹੁੰਦਾ ਨਾ ਵਿਖਾਇਆ ਜਾਵੇ। ਸੋਗ ਏਨਾ ਬਹੁਤਾ ਨਾ ਹੋਵੇ ਕਿ ਦਰਸ਼ਕਾਂ ਨੂੰ ਸੋਗਵਾਰ ਕਰ ਦੇਵੇ। ਇਸਤਰੀ ਦਾ ਨੰਗੇਜ ਕਿੰਨਾ ਕੁ ਵਿਖਾਇਆ ਜਾਵੇ। ਵਗੈਰਾ ਵਗੈਰਾ।... ਪਰ ਹੁਣ ਜ਼ਮਾਨਾ ਕਿੰਨਾ ਬਦਲ ਗਿਆ ਏ। ਸਾਡੀਆਂ ਨੈਤਿਕ ਕਦਰਾਂ ਬਦਲ ਰਹੀਆਂ ਨੇ। ਅਜਿਹੇ ਸੁਹਜ ਸੁਆਦਾਂ ਦਾ ਫੈਸਲਾ ਹਰੇਕ ਜ਼ਮਾਨਾ ਆਪ ਕਰਦਾ ਏ। ਫੇਰ ਵੀ ਬਹੁਤ ਸਾਰੇ ਲੋਕ ਪੁਰਾਣੀਆਂ ਕਦਰਾਂ ਕੀਮਤਾਂ ਨੂੰ ਆਪਣਾ ਆਦਰਸ਼ ਮੰਨਦੇ ਨੇ। ਪਰ ਅਸੀਂ ਉਹਨਾਂ ਨੂੰ ਆਪਣੇ ਨਾਲ ਤੋਰਨ ਲਈ ਆਪ ਖਲੋਣਾ ਨਹੀਂ। ਸਮੇਂ ਨੇ ਤਾਂ ਇਕ ਪਲ ਵੀ ਨਹੀਂ ਖਲੋਣਾ।o

**ਪਤਾ : 593, ਮੋਤਾ ਸਿੰਘ ਨਗਰ, ਜਲੰਧਰ, ਮੁਬਾਇਲ-94632-20319**

*ਚਿੰਤਕ*
*ਰਜਨੀਸ਼ ਬਹਾਦਰ ਸਿੰਘ ਦੀ*
*ਆਲੋਚਨਾ ਦੀ ਨਵੀਂ ਪੁਸਤਕ*

ਪੰਜਾਬੀ ਸਾਹਿਤ ਚਿੰਤਨ
ਅਧਾਰ ਤੇ ਉਸਾਰ

ਮੁੱਲ 275 ਰੁਪਏ
ਪ੍ਰਕਾਸ਼ਕ ਚੇਤਨਾ ਪ੍ਰਕਾਸ਼ਨ, ਲੁਧਿਆਣਾ



## ਪੰਜਾਬੀ ਕਹਾਣੀ : ਨਵੇਂ ਰੁਝਾਣ/ ਡਾ. ਬਲਦੇਵ ਸਿੰਘ ਧਾਲੀਵਾਲ

ਇੱਕਵੀਂ ਸਦੀ ਦੇ ਪਹਿਲੇ ਦਹਾਕੇ ਦੇ ਆਖਰੀ ਸਾਲਾਂ ਦੌਰਾਨ ਚੌਥੇ ਪੜਾਅ ਦੀ ਪੰਜਾਬੀ ਕਹਾਣੀ ਆਪਣੇ ਸਿਖਰ ਨੂੰ ਛੂਹ ਰਹੀ ਪ੍ਰਤੀਤ ਹੁੰਦੀ ਹੈ। ਨਿਸਚੇ ਹੀ ਇਸ ਕਹਾਣੀ ਦੇ ਮੁੱਢਲੇ ਨਕਸ਼ ਪੰਜਾਬ ਵਿਚ ਵਿਸ਼ਵੀਕਰਨ ਦੀ ਪ੍ਰਕਿਰਿਆ ਤੇਜ ਹੋਣ ਤੋਂ ਬਾਅਦ ਵੀਹਵੀਂ ਸਦੀ ਦੇ ਅੰਤਲੇ ਦਹਾਕੇ ਦੇ ਆਰੰਭਲੇ ਸਾਲਾਂ ਵਿਚ ਨਮੂਦਾਰ ਹੋਣ ਲੱਗੇ ਸਨ। ਨਿਰਮਾਣਕਾਰੀ ਦੇ ਪੱਖੋਂ ਇਸ ਕਹਾਣੀ ਨੇ ਆਪਣੇ ਤੋਂ ਪੂਰਵਲੀ ਪੰਜਾਬੀ ਕਹਾਣੀ ਤੋਂ ਗੁਣਨਾਤਮਕ ਵਿਲੱਖਣਤਾ ਦਾ ਭਰਵਾਂ ਸਬੂਤ ਦਿੱਤਾ ਹੈ। ਇਸ ਕਹਾਣੀ ਦੇ ਉਭਰਵੇਂ ਨਕਸ਼ਾਂ ਦੇ ਅਧਿਐਨ ਰਾਹੀਂ ਅਸੀਂ ਅਜੋਕੀ ਪੰਜਾਬੀ ਕਹਾਣੀ ਦੇ ਨਵੇਂ ਰੁਝਾਣਾਂ ਦੀ ਟੋਹ ਲਾ ਸਕਦੇ ਹਾਂ। ਵੱਡੀ ਗਿਣਤੀ ਵਿਚ ਲਿਖੀ ਜਾ ਰਹੀ ਸਮੁੱਚੀ ਪੰਜਾਬੀ ਕਹਾਣੀ ਦਾ ਸਰਵੇਖਣ ਕਰ ਸਕਣਾ ਤਾਂ ਇਸ ਪਰਚੇ ਵਿਚ ਸੰਭਵ ਨਹੀਂ, ਇਸ ਲਈ ਕੁਝ ਕੁ ਪ੍ਰਤੀਨਿਧ ਅਤੇ ਕਲਾਤਮਕ ਕਹਾਣੀਆਂ ਦਾ ਨਮੂਨੇ-ਮਾਤਰ ਅਧਿਐਨ ਆਪਣੀਆਂ ਮੂਲ ਧਾਰਨਾਵਾਂ ਨੂੰ ਸਚਿਆਉਣ ਲਈ ਕੀਤਾ ਜਾਵੇਗਾ।

ਅਜੋਕੀ ਪੰਜਾਬੀ ਕਹਾਣੀ ਦੇ ਸਮੁੱਚੇ ਮਹਾਂ-ਦ੍ਰਿਸ਼ ਉਤੇ ਝਾਤ ਪਾਈਏ ਤਾਂ ਅੰਤਰ-ਰਾਸ਼ਟਰੀ ਪਰਿਪੇਖ ਵਿਚ ਵਿਚਰ ਰਹੀ ਇਸ ਕਹਾਣੀ ਦੇ ਤਿੰਨ ਪ੍ਰਮੁੱਖ ਅੰਗ ਨਜ਼ਰ ਆਉਂਦੇ ਹਨ, ਜਿਵੇਂ ਭਾਰਤੀ, ਪਾਕਿਸਤਾਨੀ ਅਤੇ ਪਰਵਾਸੀ ਪੰਜਾਬੀ ਕਹਾਣੀ। ਨਿਰਸੰਦੇਹ ਇਨ੍ਹਾਂ ਦੇ ਅੱਗੋਂ ਕੁਝ ਗੌਲਣਯੋਗ ਉਪ-ਅੰਗ ਵੀ ਧਿਆਨ ਖਿੱਚਦੇ ਹਨ, ਜਿਵੇਂ ਭਾਰਤ ਵਿਚ ਜੰਮੂ-ਕਸ਼ਮੀਰ ਦੀ ਪੰਜਾਬੀ ਕਹਾਣੀ, ਪਾਕਿਸਤਾਨ ਵਿਚ ਸਰਾਇਕੀ ਅਤੇ ਪਰਵਾਸੀਆਂ ਦੀ ਅਫਰੀਕੀ ਅਤੇ ਆਸਟ੍ਰੇਲੀਆਈ ਪੰਜਾਬੀ ਕਹਾਣੀ। ਇਕ ਪਾਸੇ ਨਿਵੇਕਲੇ ਭੂਗੋਲਿਕ, ਇਤਿਹਾਸਕ ਅਤੇ ਵਿਚਾਰਧਾਰਾਈ ਪ੍ਰੇਰਕ ਵੱਖ ਵੱਖ ਉਪ-ਅੰਗਾਂ ਦੀ ਪੰਜਾਬੀ ਕਹਾਣੀ ਨੂੰ ਵਿਲੱਖਣ ਆਂਚਲਿਕ ਪਛਾਣ ਦਿੰਦੇ ਹਨ ਅਤੇ ਦੂਜੇ ਪਾਸੇ ਪੰਜਾਬੀਅਤ ਦੀ ਵਿਆਪਕ ਚੇਤਨਾ ਇਨ੍ਹਾਂ ਸਮੂਹ ਆਂਚਲਿਕ ਪਛਾਣਾਂ ਵਿਚੋਂ ਸਾਂਝੀ ਤੰਦ ਵਾਂਗ ਲੰਘਦੀ ਹੈ। ਨਿਸਚੇ ਹੀ ਇਸ ਪੰਜਾਬੀਅਤ ਦਾ ਇਕ ਸਿਰਾ ਅਛੋਹ ਆਂਚਲਿਕ ਭੂ-ਖੇਤਰਾਂ ਨਾਲ ਜੁੜਿਆ ਹੋਇਆ ਹੈ ਅਤੇ ਦੂਜਾ ਸਿਰਾ ਨਵ-ਪੂੰਜੀਵਾਦ ਦੀ ਸਿਖਰ ਹੰਢਾਉਂਦੇ ਦੇਸ਼ਾਂ ਵਿਚ ਸਥਿਤ ਪੰਜਾਬੀਆਂ ਦੇ ਵਸੇਬੇ ਤੱਕ ਫੈਲਦਾ ਵੇਖਿਆ ਜਾ ਸਕਦਾ ਹੈ। ਅਜੋਕੀ ਪੰਜਾਬੀ ਕਹਾਣੀ ਅਜਿਹੇ ਅੰਤਰ-ਰਾਸ਼ਟਰੀ ਅਤੇ ਖੇਤਰੀ ਵਿਚਾਰਧਾਰਕ ਪ੍ਰੇਰਕਾਂ ਦੀ ਰਲਗਡਤਾ ਦੁਆਰਾ ਨਿਰਮਤ ਹੋ ਰਹੇ ਪੰਜਾਬੀ ਅਵਚੇਤਨ ਦੀ ਥਾਹ ਪਾਉਣ ਦੇ ਸਿਰਤੋੜ ਯਤਨ ਕਰ ਰਹੀ ਹੈ।

ਪੰਜਾਬੀ ਵੱਸੋਂ ਦਾ ਸਭ ਤੋਂ ਵੱਡਾ ਨੌਂ ਕਰੋੜੀ ਭਾਗ ਪਾਕਿਸਤਾਨੀ ਪੰਜਾਬ ਵਿਚ ਵਸਦਾ ਹੈ ਪਰ ਪੰਜਾਬੀ ਕਹਾਣੀ ਦਾ ਸਭ ਤੋਂ ਵੱਧ ਪਛੜੇਵੇਂ ਮਾਰਿਆ ਅੰਗ ਪਾਕਿਸਤਾਨੀ ਪੰਜਾਬੀ ਕਹਾਣੀ ਦਾ ਹੈ। ਇਸ ਵਿਰੋਧਾਭਾਸੀ ਸਥਿਤੀ ਦੇ ਬਹੁਤ ਸਾਰੇ ਕਾਰਨ ਹਨ ਪਰ ਮੂਲੋਂ ਹੀ ਜ਼ਾਹਰਾ ਕਾਰਨ ਪਾਕਿਸਤਾਨੀ ਪੰਜਾਬੀ ਕਹਾਣੀਕਾਰ ਦੀ ਰੁਮਾਂਚਕਾਰੀ ਰਚਨਾ-ਦ੍ਰਿਸ਼ਟੀ ਹੈ। ਉਹ ਅਜੇ ਅਜੋਕੇ ਜਟਿਲ ਜੀਵਨ-ਯਥਾਰਥ ਦੀਆਂ ਡੂੰਘੀਆਂ ਤੈਹਾਂ ਤੱਕ ਝਾਕ ਕੇ ਬਹੁ-ਪਰਤੀ ਗਲਪ-ਬਿੰਬ ਸਿਰਜ ਸਕਣ ਦੇ ਸਮਰੱਥ ਨਹੀਂ ਹੋ ਸਕਿਆ। ਇਸ ਲਈ ਬਹੁਤੀ ਪਾਕਿਸਤਾਨੀ ਪੰਜਾਬੀ ਕਹਾਣੀ ਫਿਊਡਲ ਰਹਿਤਲ ਵਿਚੋਂ ਉਭਰੇ ਪੇਂਡੂ ਪਾਤਰਾਂ ਦੇ ਮਾਨਵੀ ਰੋਲ ਵਾਲੇ ਅਸਧਾਰਨ ਕਾਰਜਾਂ ਨੂੰ ਰੁਮਾਂਚਿਕ ਨਜ਼ਰੀਏ ਰਾਹੀਂ ਵਡਿਆ ਕੇ ਪੇਸ਼ ਕਰਨ ਵੱਲ ਰੁਚਿਤ ਹੈ। ਨਮੂਨੇ ਵਜੋਂ ਮਕਸੂਦ ਸਾਕਿਬ ਦੀ ਕਹਾਣੀ 'ਬਾਬਾ ਗੁਜਿਆਨਿਆ' ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਬਾਬਾ ਉਬੜਾ ਵੱਡਾ ਚੋਰ ਏ ਤੇ ਸੰਨ੍ਹਾਂ ਮਾਰਦਾ ਏ ਪਰ ਆਪਣੇ ਪੱਗ-ਵੱਟ ਭਰਾ ਅਤੇ ਉਸਦੇ ਪਰਿਵਾਰ ਨਾਲ ਆਪਣੀ ਸਾਂਝ ਪੂਰੇ ਭਰੱਪਣ ਅਤੇ ਗੌਰਵਮਈ ਮਾਨਵੀ ਮਾਪਦੰਡਾਂ ਅਨੁਸਾਰ ਪੂਰਾ ਉਤਰ ਕੇ ਨਿਭਾਉਂਦਾ ਹੈ। ਇਸ ਲਈ ਉਨ੍ਹਾਂ ਦੇ ਜ਼ਮੀਨ ਦੇ ਸੌਦੇ ਦੌਰਾਨ ਡੁੱਬੀ ਵੱਡੀ ਰਕਮ ਮੁੜਵਾਉਣ ਅਤੇ ਬਿਰਤਾਂਤਕਾਰ ਦੇ ਬਾਪ ਨੂੰ ਥਾਣੇ ਵਿਚੋਂ ਛੁਡਵਾਉਣ ਸਮੇਂ ਬਾਬਾ ਗੁਜਿਆਨਿਆ ਮਾਨਵੀ ਰਿਸ਼ਤਿਆਂ ਦੀ ਲੱਜ ਪਾਲਣ ਦਾ ਸਬੂਤ ਦਿੰਦਾ ਹੈ। ਫਿਊਡਲ ਸਮਾਜ ਦੇ ਪ੍ਰਸੰਗ ਵਿਚ ਉਸ ਸਮੇਂ ਬਾਬੇ ਨੂੰ ਵੱਡਾ ਝਟਕਾ

ਲਗਦਾ ਹੈ ਜਦੋਂ ਉਸ ਦੀ ਧੀ ਸਾਹਿਬੋ, ਬਾਬੇ ਦੇ ਹੀ ਸ਼ਗਿਰਦ ਚੋਰ ਸ਼ਾਹੀ ਨਾਲ ਉੱਧਲ ਜਾਂਦੀ ਹੈ। ਬਾਬਾ ਆਪਣੀ ਹੀ ਧੀ ਦੇ ਸਿਰ ਦੇ ਸਾਂਈ ਦਾ ਕਤਲ ਕਰ ਕੇ ਆਪਣੀ ਇੱਜ਼ਤ ਨੂੰ ਲੱਗੇ ਦਾਗ ਦਾ ਬਦਲਾ ਲੈਂਦਾ ਹੈ ਭਾਵੇਂ ਇਸ ਨਾਲ ਉਸਨੂੰ ਮੌਤ ਦੀ ਸਜ਼ਾ ਭੁਗਤਣੀ ਪੈਂਦੀ ਹੈ। ਅਜਿਹੇ ਮੌਕੇ ਵੀ ਬਾਬਾ ਆਪਣੇ ਇਨਸਾਨੀ ਵਡੱਪਣ ਦਾ ਵਿਖਾਲਾ ਕਰਦਿਆਂ ਆਪਣੇ ਪੱਗ-ਵੱਟ ਯਾਰ ਨੂੰ ਕੋਲ ਬੁਲਾ ਕੇ ਸਾਹਿਬੋ ਦੀ ਹਿਫਾਜ਼ਤ ਦੀ ਜ਼ਿੰਮੇਵਾਰੀ ਸੌਂਪਦਾ ਹੈ। ਉਸ ਨੂੰ ਪਤਾ ਹੈ ਕਿ ਉਸਦੇ ਪੁੱਤ ਸਾਹਿਬੋ ਨੂੰ ਮਾਰ ਦੇਣਗੇ। ਇਥੋਂ ਤੱਕ ਕਿ ਆਪਣੀ ਡਟਵੀਂ ਗਵਾਹੀ ਨਾਲ ਪਿਓ ਨੂੰ ਸਜ਼ਾ ਦਿਵਾਉਣ ਵਾਲੀ ਸਾਹਿਬੋ ਤੋਂ ਮੁਆਫ਼ੀ ਮੰਗਣ ਲਈ ਆਖਦਾ ਹੈ : ਉਮੇਰੀ ਗੱਲ ਦਾ ਮੁੱਲ ਹੁਣ ਤੂੰ ਈ ਪਾਣਾ ਏ। ਸਾਹਬੋ ਨੂੰ ਆਖੀਂ, ਜੇ ਹੋ ਸਕੇ ਤਾਂ ਪਿਓ ਨੂੰ ਮਾਫ਼ ਕਰ ਛੱਡੇ।

ਬਾਬੇ ਦੇ ਸਿਰੇ ਦਾ ਚੋਰ ਹੋਣ ਵਾਲੇ ਪੱਖ ਸਮੇਤ ਉਸਦੇ ਸਾਰੇ ਲੱਛਣ - ਸਾਹਸ, ਨਿਡਰਤਾ, ਭਰੱਪਣ, ਕੁਰਬਾਨੀ, ਇੱਜ਼ਤਦਾਰੀ ਆਦਿ - ਬਿਰਤਾਂਤਕਾਰ ਨੂੰ ਰੁਮਾਂਚਿਤ ਕਰਦੇ ਹਨ। ਅਜਿਹੀ ਜੀਵਨ-ਦ੍ਰਿਸ਼ਟੀ ਕਾਰਨ ਬਾਬੇ ਦਾ ਪਿੱਛਲਖੁਰੀ ਰਵੱਈਆ ਵੀ ਬਿਰਤਾਂਤਕਾਰ ਲਈ ਕੋਈ ਮੁਸ਼ਕਲ ਦਾ ਸਬੱਬ ਨਹੀਂ ਬਣਦਾ। ਇਥੋਂ ਤੱਕ ਕਿ ਬਾਬੇ ਦੇ ਸਾਮੰਤੀ ਅਭਿਮਾਨ ਸਾਹਵੇਂ ਡਟ ਕੇ ਆਪਣੇ ਮਨ-ਪਸੰਦ ਵਰ ਦੀ ਚੋਣ ਕਰਨ ਵਾਲੀ ਸਾਹਿਬੋ ਵੀ ਬਿਰਤਾਂਤਕਾਰ ਦੇ ਵਿਚਾਰਧਾਰਕ ਦਖ਼ਲ ਕਾਰਨ ਆਪਣੀ ਵਿਅਕਤੀਵਾਦੀ ਸੋਚ ਨਾਲ ਲਏ ਫੈਸਲੇ ਨੂੰ ਹੋਣੀ ਦੀ ਕਰੋਪੀ ਅਤੇ ਚਾਲ ਕਹਿਣ ਤੱਕ ਚਲੀ ਜਾਂਦੀ ਹੈ, ਉਮੇਰੇ ਬਾਬਲ ਦਿਆ ਵੀਰਾ, ਵੇਖੇ ਨੀ ਹੋਣੀ ਦੇ ਕਾਰਨੇ। ਕਿਵੇਂ ਵਰ੍ਹੀ ਊ ਅਸਾਂ ਨਿਮਾਣਿਆਂ ਤੇ।

ਹਾਲਾਂ ਕਿ ਮਕਸੂਦ ਸਾਕਿਬ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਪ੍ਰਣਾਇਆ ਕਹਾਣੀਕਾਰ ਮੰਨਿਆ ਜਾਂਦਾ ਹੈ ਪਰ ਇਹ ਗੱਲ ਵੀ ਉਸ ਨੂੰ ਰੁਮਾਂਚਕਾਰੀ ਦ੍ਰਿਸ਼ਟੀ ਦਾ ਤਿਆਗ ਕਰ ਕੇ ਸਾਮੰਤੀ ਅਭਿਮਾਨ ਉਤੇ ਵਿਅੰਗ ਕਰਨ ਲਈ ਪ੍ਰੇਰਿਤ ਨਹੀਂ ਕਰਦੀ। ਦੂਜੇ ਪਾਸੇ ਉਸ ਦੀਆਂ ਅਨੇਕਾਂ ਕਹਾਣੀਆਂ ਵਿਚ ਪੂੰਜੀਵਾਦੀ ਅਰਥਚਾਰੇ ਨਾਲ ਪਤਨਸ਼ੀਲ ਹੋ ਰਹੇ ਰਵਾਇਤੀ ਧੰਦਿਆਂ ਉਤੇ ਉਦਾਸੀ ਅਤੇ ਸਰਮਾਏਦਾਰੀ ਜੀਵਨ-ਜਾਚ ਉਤੇ ਵਿਅੰਗ ਦੇ ਬਹੁਤ ਸਾਰੇ ਨਮੂਨੇ ਮਿਲ ਜਾਂਦੇ ਹਨ। ਕਹਾਣੀ 'ਇਕ ਸੀ ਘੱਗਰੀ' ਵਿਚ ਤੰਦੂਰ ਵਾਲੇ ਘੱਗਰੀ ਦੀ ਰਹੱਸਮਈ ਢੰਗ ਨਾਲ ਹੋਈ ਮੌਤ ਨੂੰ ਉਹ ਬਾਜ਼ਾਰਵਾਦੀ ਤਾਕਤਾਂ ਦੀ ਸਾਜਿਸ਼ ਸਮਝਦਿਆਂ ਰੁਦਨ ਅਤੇ ਵਿਅੰਗ ਨਾਲ ਲਿਖਦਾ ਹੈ :

ਕਿੰਨੇ ਈ ਵਰ੍ਹੇ ਇਹ ਥਾਂ ਮਿੱਟੀ ਘੱਟੇ ਦਾ ਢੇਰ ਬਣੀ ਰਹੀ। ਕਿਸੇ ਨੂੰ ਪਤਾ ਵੀ ਨਾ ਰਿਹਾ ਪਈ ਇਥੇ ਕਦੇ ਕੋਈ ਤੰਦੂਰ ਵੀ ਹੁੰਦਾ ਸੀ ਤੇ ਤੰਦੂਰ ਵਾਲੇ ਦਾ ਨਾਂ ਘੱਗਰੀ ਸੀ। ਸੜਕ ਦੇ ਦੋਹੀਂ ਪਾਸੀਂ ਨਵੀਂ ਤਰਜ਼ ਦੀਆਂ ਹੱਟੀਆਂ ਤੇ ਪਲਾਜ਼ੇ ਉਸਰਨੇ ਸ਼ੁਰੂ ਹੋਏ ਤਾਂ ਏਥੇ ਵੀ ਇਕ ਦੋ ਮੰਜ਼ਲਾ ਸਟੋਰ ਉਸਰ ਗਿਆ। ਛੇਤੀ ਈ ਕਿਸੇ ਨੇ ਇਹ ਸਟੋਰ ਕਿਰਾਏ ਉਤੇ ਲੈ ਲਿਆ ਤੇ ਇਹਦੇ ਵਿਚ ਜ਼ਨਾਨਾ ਬੱਚਿਆਂ ਦੇ ਰੈਡੀਮੇਡ ਕੱਪੜਿਆਂ ਦੀ ਦੁਕਾਨ ਪਾ ਲਈ।

ਰੁਮਾਂਚਕ ਜੀਵਨ-ਦ੍ਰਿਸ਼ਟੀ ਅਚੇਤ ਜਾਂ ਸੁਚੇਤ ਅਤੀਤ ਦੀਆਂ ਕਦਰਾਂ-ਕੀਮਤਾਂ ਨੂੰ ਅਦਰਸ਼ਿਆ ਕੇ ਰੁਮਾਂਚਿਤ ਹੋਣ ਵਿਚ ਸਕੂਨ ਮਹਿਸੂਸ ਕਰਦੀ ਹੈ ਅਤੇ ਵਰਤਮਾਨ ਜਾਂ ਭਵਿੱਖ ਨੂੰ ਕੁਝ ਮਾਨਵ-ਵਿਰੋਧੀ ਅਰਥਾਂ ਵਿਚ ਲੈ ਕੇ ਭੈਅ ਅਤੇ ਨਿਰਾਸ਼ਾ ਦਾ ਭਾਵ ਸੰਚਾਰਦੀ ਹੈ। ਭਾਰਤੀ ਪੰਜਾਬ ਵਿਚ ਕੁਝ ਇਸ ਤਰਜ਼ ਦੀਆਂ 'ਕਿਹਰੂ ਦਸ ਨੰਬਰੀਆ' (ਗੁਰਬਖਸ਼ ਸਿੰਘ ਪ੍ਰੀਤਲੜੀ) ਵਰਗੀਆਂ ਕਹਾਣੀਆਂ ਚੌਥੇ - ਪੰਜਵੇਂ ਦਹਾਕੇ ਵਿਚ ਲਿਖੀਆਂ ਅਤੇ ਪੜ੍ਹੀਆਂ ਜਾਂਦੀਆਂ ਸਨ।

ਇਸ ਵੰਨਗੀ ਦੀ ਪਾਕਿਸਤਾਨੀ ਪੰਜਾਬੀ ਕਹਾਣੀ ਦੀ ਜੋ ਸਭ ਤੋਂ ਖਿੱਚ ਪਾਉਣ ਵਾਲੀ ਕਹਾਣੀ-ਜੁਗਤ ਹੈ ਉਹ ਹੈ ਪੂਰਵ-ਪੂੰਜੀਵਾਦੀ ਦੌਰ ਦੇ ਦਸਤਕਾਰੀ ਧੰਦਿਆਂ ਵਾਲੇ ਪੰਜਾਬੀ ਸਮਾਜ ਦੇ ਜੀਵੰਤ-ਵੇਰਵਿਆਂ ਨੂੰ ਭਰਪੂਰ ਰੂਪ ਵਿਚ ਗਲਪੀ-ਭਾਸ਼ਾ ਦਾ ਅੰਗ ਬਨਾਉਣਾ। ਭਾਰਤੀ ਪੰਜਾਬ ਦੀ ਕਹਾਣੀ ਵਿਚ ਅਜਿਹੀ ਗਲਪੀ-ਭਾਸ਼ਾ ਲੱਗਭਗ ਅਲੋਪ ਹੋ ਚੁੱਕੀ ਹੈ। ਪਰ ਪਾਕਿਸਤਾਨੀ ਪੰਜਾਬੀ ਕਹਾਣੀ ਵਿਚ ਇਹ ਵੇਰਵੇ ਆਮ ਕਰਕੇ ਮਾਹੌਲ ਦੀ ਤਸਵੀਰਕਸ਼ੀ ਦਾ ਕਾਰਜ ਹੀ ਕਰਦੇ ਹਨ, ਪਾਤਰਾਂ ਦੇ ਅੰਦਰਲੇ ਸੰਸਾਰ ਨੂੰ ਪ੍ਰਤੀਕਾਤਮਕ ਅਰਥ ਦੇਣ ਵਿਚ ਇਨ੍ਹਾਂ ਵੇਰਵਿਆਂ ਦੀ ਪ੍ਰਕਾਰਜੀ ਮਹੱਤਤਾ ਨੂੰ ਅਜੇ ਪੂਰੀ ਤਰ੍ਹਾਂ ਪਛਾਣਿਆਂ ਨਹੀਂ ਗਿਆ।



ਉਰਦੂ ਕਹਾਣੀ ਵਾਂਗ ਆਧੁਨਿਕਤਾ ਵੱਲ ਨੂੰ ਹੁਲਾਸ ਨਾਲ ਤੱਕਣ ਵਾਲੀ ਅਤੇ ਜਟਿਲ ਯਥਾਰਥ ਦੀਆਂ ਹੇਠਲੀਆਂ ਤੈਹਾਂ ਤੱਕ ਰਸਾਈ ਕਰਨ ਵਾਲੀ ਪਾਕਿਸਤਾਨੀ ਪੰਜਾਬੀ ਕਹਾਣੀ ਬਹੁਤ ਵਿਰਲੀ ਹੈ, ਪਰ ਹੁਣ ਅਜਿਹੀ ਕਹਾਣੀ ਵੱਲ ਝੁਕਾਅ ਜ਼ਰੂਰ ਵੇਖਣ ਨੂੰ ਮਿਲਦਾ ਹੈ। ਨੇੜ ਅਤੀਤ ਵਿਚ ਸਾਹਮਣੇ ਆਏ ਕੁਝ ਕਹਾਣੀ-ਸੰਗ੍ਰਹਿ ਕਬੂਤਰ, ਬਨੇਰੇ ਤੇ ਗਲੀਆਂ (ਜ਼ੁਬੈਰ ਅਹਿਮਦ), ਧੋਤੇ ਪੰਨਿਆਂ ਦੀ ਇਬਾਰਤ (ਮਕਸੂਦ ਸਾਕਿਬ), ਕਹਾਣੀ ਪਰਾਗਾ (ਨਾਦਿਰ ਅਲੀ), ਥੱਕਿਆਂ ਪੈਰਾਂ ਦਾ ਪੰਧ (ਆਗਾ ਅਲੀ ਮੁਦੱਸਰ), ਵਟਾਂਦਰਾ (ਖਾਲਿਦ ਫਰਹਾਦ ਧਾਲੀਵਾਲ), ਵਗਦਾ ਪਾਣੀ, ਅੰਨ੍ਹਾ ਖੂਹ (ਮੁਹੰਮਦ ਮਨਸ਼ਾ ਯਾਦ), ਸਾਂਝੀ ਪੀੜ, ਕੱਚੇ ਕੋਠਿਆਂ ਦਾ ਗੀਤ (ਸੰਪਾ. ਤਲਵਿੰਦਰ ਸਿੰਘ) ਕੁਝ ਅਜਿਹੀਆਂ ਕਹਾਣੀਆਂ ਦੀ ਦੱਸ ਪਾਉਂਦੇ ਹਨ ਜਿਨ੍ਹਾਂ ਵਿਚ ਰੁਮਾਂਚਕ ਦ੍ਰਿਸ਼ਟੀ ਦਾ ਰੂਪਾਂਤਰਣ ਇਤਿਹਾਸਵਾਦੀ ਰਚਨਾ-ਦ੍ਰਿਸ਼ਟੀ ਵਿਚ ਹੁੰਦਾ ਨਜ਼ਰੀਂ ਆਉਂਦਾ ਹੈ। ਖਾਸ ਕਰਕੇ ਉਰਦੂ ਕਹਾਣੀ ਦੇ ਨਾਲ਼ ਨਾਲ਼ ਪੰਜਾਬੀ ਵਿਚ ਲਿਖਣ ਵਾਲੇ ਮੁਹੰਮਦ ਮਨਸ਼ਾ ਯਾਦ ਦੀਆਂ ਕਹਾਣੀਆਂ ਅਜੋਕੇ ਪਾਕਿਸਤਾਨੀ ਪੰਜਾਬੀ ਬੰਦੇ ਦੀ ਬਹੁ-ਪੱਖੀ ਸ਼ਨਾਖਤ ਦੇ ਮਸਲੇ ਨੂੰ ਇਤਿਹਾਸ ਦੇ ਦਬਾਵਾਂ ਅਤੇ ਤਣਾਵਾਂ ਦੇ ਹਵਾਲੇ ਨਾਲ ਸਮਝਣ ਦਾ ਯਤਨ ਕਰਦੀਆਂ ਹਨ। ਉਸਦੀ ਕਹਾਣੀ ਵਿਚ ਲੋਕ-ਧਾਰਾ ਦੇ ਮੋਟਿਫ਼ ਆਧੁਨਿਕ ਜੀਵਨ-ਜਾਚ ਦੀਆਂ ਗੁੱਥੀਆਂ ਨੂੰ ਸਮਝਣ ਵਿਚ ਵਿਸ਼ੇਸ਼ ਕਿਸਮ ਦੀ ਪ੍ਰਕਾਰਜੀ ਭੂਮਿਕਾ ਨਿਭਾਉਂਦੇ ਹਨ। ਇਸ ਪ੍ਰਸੰਗ ਵਿਚ ਉਸਦੀ ਕਹਾਣੀ 'ਬੁਲਾਰਾ' ਨੂੰ ਅਧਿਐਨ ਦਾ ਕੇਂਦਰ ਬਣਾਉਂਦੇ ਹਾਂ।

ਇਸ ਕਹਾਣੀ ਵਿਚ ਉਤਮ-ਪੁਰਖੀ ਬਿਰਤਾਂਤਕਾਰ ਦਾ ਚਾਚਾ ਭਾਵੇਂ ਸਾਮੰਤੀ ਰਹਿਤਲ ਵਿਚ ਖੜ੍ਹਾ ਨਜ਼ਰ ਆਉਂਦਾ ਹੈ ਪਰ ਉਸਦੀ ਤਾਂਘ ਸ਼ਹਿਰ, ਲੋਕ-ਰਾਜੀ ਕਦਰਾਂ-ਕੀਮਤਾਂ ਅਤੇ ਆਧੁਨਿਕਮੁਖੀ ਵਿਹਾਰ ਦਾ ਕਲਾਵਾ ਭਰ ਲੈਣ ਦੀ ਹੈ। ਬਿਰਤਾਂਤਕਾਰ 'ਮੈਂ' ਨੌਕਰੀ ਦੇ ਸਿਲਸਿਲੇ ਵਿਚ ਆਪਣੇ ਜੱਦੀ ਪਿੰਡ ਤੋਂ ਕਰੀਬ ਦੋ ਸੌ"ਕਿਲੋਮੀਟਰ ਦੂਰ ਇਸਲਾਮਾਬਾਦ ਵਿਚ ਰਹਿੰਦਾ ਹੈ। ਉਸਦੀ ਪਤਨੀ ਡਾਕਟਰ ਹੈ। ਪਿੰਡ ਵਿਚ ਇਕ ਪੀ.ਸੀ.ਓ ਖੁੱਲ੍ਹਦਾ ਹੈ ਤਾਂ ਚਾਚੇ ਲਈ ਆਪਣੇ ਸ਼ਹਿਰੀ ਭਤੀਜੇ ਨਾਲ ਲਗਾਤਾਰ ਸੰਪਰਕ ਬਣਾਈ ਰੱਖਣ ਦਾ ਰਸਤਾ ਖੁੱਲ੍ਹ ਜਾਂਦਾ ਹੈ। ਇਹ ਸੰਪਰਕ ਚਾਚੇ ਨੂੰ ਸ਼ਹਿਰੀ ਜੀਵਨ ਦੀਆਂ ਬਰਕਤਾਂ ਪ੍ਰਤੀ ਵੀ ਰੁਚਿਤ ਕਰਦਾ ਹੈ ਅਤੇ ਪਿੰਡ ਵਿਚ ਸੁਚੇਤ ਬੰਦੇ ਵਾਲੀ ਨਵੀਂ ਪਛਾਣ ਵੀ ਦਿੰਦਾ ਹੈ। ਜਦ ਚਾਚੇ ਨੂੰ ਆਪਣੇ ਭਤੀਜੇ ਨਾਲ ਟੈਲੀਫੋਨ ਤੇ ਗੱਲਬਾਤ ਕਰਦਿਆਂ ਪਤਾ ਲਗਦਾ ਹੈ ਕਿ ਸ਼ਹਿਰ ਵਿਚ ਅੱਠੇ ਪਹਿਰ ਟੈਲੀਵਿਯਨ ਲੱਗਿਆ ਰਹਿੰਦਾ ਏ ਅਤੇ ਸ਼ਹਿਰੀ ਲੋਕ ਉਦਿਨ ਵਿਚ ਕਈ ਵਾਰੀ ਅਮਰੀਕਾ ਦੇ ਸਦਰ ਤੇ ਸਿਆਣਿਆਂ ਨੂੰ ਘਰ ਬੈਠੇ ਵੇਖ ਕੇ ਉਨ੍ਹਾਂ ਦੀਆਂ ਗੱਲਾਂ ਸੁਣ ਸਕਦੇ ਹਨ ਤਾਂ ਚਾਚਾ ਪੇਂਡੂ ਵਸੇਬੇ ਦੀ ਕੋਈ ਵੱਡੀ ਘਾਟ ਮਹਿਸੂਸ ਕਰਦਿਆਂ ਪੁੱਛਦਾ ਹੈ :

ਏਥੇ ਕਿਉਂ ਨਹੀਂ ਦਿਸਦੀਆਂ ? ਉਨ੍ਹਾਂ ਪੁੱਛਿਆ। ਉਨ੍ਹਾਂ ਦੇ ਲਹਿਜੇ ਵਿਚ ਉਦਾਸੀ ਸੀ। ਸ਼ਾਇਦ ਉਨ੍ਹਾਂ ਨੂੰ ਆਪਣਾ ਪਿੰਡ ਫੇਰ ਪਛੜਿਆ ਹੋਇਆ ਜਾਪਣ ਲੱਗ ਪਿਆ ਸੀ।

ਪਰ ਚਾਚੇ ਦੀ ਉਦਾਸੀ ਦਾ ਅਜਿਹਾ ਵਕਤੀ ਆਲਮ ਉਸਨੂੰ ਪਿੱਛਲਖੁਰੀ ਨਹੀਂ ਬਣਾਉਂਦਾ ਸਗੋਂ ਨਵੇਂ ਭਵਿੱਖ ਪ੍ਰਤੀ ਹੋਰ ਤਾਂਘਵਾਨ ਅਤੇ ਯਤਨਸ਼ੀਲ ਬਣਾ ਦਿੰਦਾ ਹੈ। ਉਹ ਆਪਣੇ ਭਤੀਜੇ ਦੇ ਅਸਰ-ਰਸੂਖ ਦੇ ਮਾਧਿਅਮ ਰਾਹੀਂ ਹਰ ਵਕਤ ਅਗਾਂਹ ਵਧਣ ਦੀਆਂ ਤਰਕੀਬਾਂ ਸੋਚਦਾ ਹੈ। ਔਖਾ-ਸੌਖਾ ਮਹੀਨੇ ਵਿਚ ਦੋ ਤਿੰਨ ਵਾਰੀ ਲੰਮੀਆਂ ਕਾਲਾਂ ਕਰ ਕੇ ਸ਼ਹਿਰੀ ਤਰਜ਼ੇ-ਜ਼ਿੰਦਗੀ ਦੀ ਜਾਣਕਾਰੀ ਹਾਸਿਲ ਕਰਨ ਦਾ ਯਤਨ ਕਰਦਾ ਹੈ। ਪਿੰਡ ਵਿਚ ਆਪਣੀ ਚੜ੍ਹਤ ਨੂੰ ਵਧਾਉਣ ਖਾਤਿਰ ਆਪਣੇ ਭਤੀਜੇ ਨੂੰ ਆਪਣੀ ਗੱਡੀ ਉਤੇ ਪਿੰਡ ਗੇੜਾ ਮਾਰਨ ਦੀ ਫਰਮਾਇਸ਼ ਵੀ ਕਰਦਾ ਹੈ। ਆਪਣੀ ਅਜਿਹੀ ਲੋਚਾ ਨੂੰ ਬਿਨਾਂ ਛੁਪਾਏ ਉਹ ਆਖਦਾ ਹੈ, ਪਿੰਡ ਨੂੰ ਹੀ ਨਹੀਂ, ਸਾਰੇ ਇਲਾਕੇ ਨੂੰ ਪਤਾ ਲੱਗੇ, ਚੌਧਰੀ ਕਰੀਮ ਲੰਬੜਦਾਰ ਦਾ ਭਤੀਜਾ ਆਇਆ ਏ।

ਆਪਣੀ ਇਸ ਨਿੱਤ ਦਿਨ ਵਧ ਰਹੀ ਸ਼ਾਨ ਨੂੰ ਰਾਜਸੀ ਤਾਕਤ ਵਿਚ ਬਦਲਣ ਲਈ ਚਾਚਾ ਪੜ੍ਹੇ-ਲਿਖੇ ਹੋਣ ਦੀ ਜੁਗਤ ਵੀ ਇਸਤੇਮਾਲ ਕਰਦਾ ਹੈ। ਇਲਾਕੇ ਦੇ ਵਜ਼ੀਰ ਵੱਲੋਂ ਲੰਬੜਦਾਰਾਂ ਦੀ ਬੁਲਾਈ ਮੀਟਿੰਗ ਵਿਚ ਜਾਣ ਲਈ ਚਾਚਾ ਜਿੱਥੇ ਕੱਪੜੇ-ਲੀੜੇ ਦੀ ਹੋਰ ਤਿਆਰੀ ਕਰਦਾ ਹੈ ਉਥੇ

ਆਪਣੇ ਭਤੀਜੇ ਨੂੰ ਉਚੇਚਾ ਬੁਲਾ ਕੇ ਦਸਤਖ਼ਤ ਕਰਨ ਦਾ ਇਲਮ ਵੀ ਹਾਸਿਲ ਕਰਦਾ ਹੈ ਅਤੇ ਆਪਣੇ ਬੋਲ-ਚਾਲ ਦੇ ਸਲੀਕੇ ਵਿਚ ਵੀ ਆਧੁਨਿਕ ਰੰਗ ਭਰਨਾ ਲੋਚਦਾ ਹੈ। ਉਹ ਆਪਣੀ ਅੰਗੂਠਾ-ਛਾਪ ਹੋਣ ਵਾਲੀ ਪਛਾਣ ਤੋਂ ਰਤਾ ਉਤਾਂਹ ਹੋ ਕੇ ਵਿਚਰਨਾ ਚਾਹੁੰਦਾ ਹੈ। ਚਾਚੇ ਦੀਆਂ ਅਜਿਹੀਆਂ ਆਧੁਨਿਕਮੁਖੀ ਦਿਲਚਸਪੀਆਂ ਦਾ ਅਸਰ ਅੱਗੋਂ ਉਸਦੀ ਬੀਵੀ ਅਤੇ ਖਾਸ ਕਰਕੇ ਮੁਟਿਆਰ ਧੀ ਫਰੀਦਾ ਦੇ ਰੰਗ-ਢੰਗ ਉਤੇ ਵੀ ਪ੍ਰਤੱਖ ਨਜ਼ਰ ਆਉਣ ਲਗਦਾ ਹੈ।

ਚੋਣਾਂ ਦੇ ਦਿਨਾਂ ਵਿਚ ਪਿੰਡ ਦੇ ਮਰਦ-ਔਰਤਾਂ ਦੀਆਂ ਵੋਟਾਂ ਪ੍ਰਾਪਤ ਕਰਨ ਲਈ ਚਾਚਾ ਆਪਣੇ ਭਤੀਜੇ ਅਤੇ ਡਾਕਟਰਨੀ ਨੂੰਹ ਦੇ ਅਸਰ-ਰਸੂਖ ਨੂੰ ਵਰਤਣ ਲਈ ਆਪਣੇ ਭਤੀਜੇ ਨੂੰ ਆਖਦਾ ਹੈ, ਮੇਰਾ ਤੇ ਜੀਅ ਕਰਦਾ ਏ, ਉਨ੍ਹਾਂ ਆਖਿਆ, ਮੇਰੀ ਡਾਕਟਰਨੀ ਨੂੰਹ ਵੀ ਨਾਲ ਆ ਜਾਏ, ਪਿੰਡ ਦੀਆਂ ਜ਼ਨਾਨੀਆਂ ਉਹਦੀ ਬੜੀ ਇੱਜ਼ਤ ਕਰਦੀਆਂ ਨੇ।

ਕਹਾਣੀ ਦੇ ਰੂਪਕ ਨੂੰ ਸਮਝੀਏ ਤਾਂ ਚਾਚੇ ਲਈ ਉਸਦਾ ਭਤੀਜਾ 'ਬੁਲਾਰਾ' ਬਟੇਰੇ ਦੀ ਤਰ੍ਹਾਂ ਹੈ ਜਿਸਦੀ ਮੱਦਦ ਨਾਲ ਸ਼ਿਕਾਰੀਆਂ ਵੱਲੋਂ ਬਦਲੀ ਰੁੱਤ ਵਿਚ ਆਜ਼ਾਦ ਬਟੇਰੇ ਕਾਬੂ ਕਰਨ ਦੀ ਜੁਗਤ ਵਰਤੀ ਜਾਂਦੀ ਹੈ। ਇਹ ਜੁਗਤ ਹੁਣ ਚਾਚੇ ਵਾਂਗ ਹੀ ਭਤੀਜੇ ਨੂੰ ਵੀ ਰਾਸ ਆਉਂਦੀ ਜਾਪਦੀ ਹੈ। ਇਸੇ ਲਈ ਉਹ ਪਿੰਡ ਆਉਣ ਤੋਂ ਪਹਿਲਾਂ ਚਾਚੇ ਨੂੰ ਆਖਦਾ ਹੈ :

ਚਾਚਾ ਜੀ ! ਖ਼ੈਰੂ ਮਾਛੀ ਨੂੰ ਆਖਿਆ ਜੇ ਬੁਲਾਰਾ ਤਿਆਰ ਰੱਖੇ। ਮੈਂ ਉਹਦੇ ਨਾਲ ਰੁੱਤ ਬਦਲਣ ਵਾਲਾ ਸ਼ਿਕਾਰ ਖੇਡਣ ਛੇਤੀ ਆਵਾਂਗਾ।

ਪਾਕਿਸਤਾਨੀ ਉਰਦੂ ਕਹਾਣੀ ਦੀ ਤਰਜ਼ ਤੇ ਲੋਕਧਾਰਾਈ ਮੋਟਿਫ਼ਾਂ ਦੇ ਪ੍ਰਤੀਕਮਈ ਅਰਥਾਂ ਨਾਲ ਆਪਣੇ ਵਰਤਮਾਨ ਦੀਆਂ ਜਟਿਲ ਮਾਨਸਿਕ ਸੰਰਚਨਾਵਾਂ ਨੂੰ ਸਮਝਣ ਅਤੇ ਗਲਪ-ਬਿੰਬ ਵਿਚ ਢਾਲ ਕੇ ਪੇਸ਼ ਕਰ ਸਕਣ ਦਾ ਅਜਿਹਾ ਹੁਨਰ ਪਾਕਿਸਤਾਨੀ ਪੰਜਾਬੀ ਕਹਾਣੀ ਦੇ ਭਵਿੱਖਮੁਖੀ ਆਧੁਨਿਕਵਾਦੀ ਦ੍ਰਿਸ਼ਟੀ ਵੱਲ ਵਧਣ ਦੀ ਕਨਸੋਅ ਦਿੰਦਾ ਹੈ।

ਪੰਜਾਬੀ ਕਹਾਣੀ ਦੇ ਦੂਜੇ ਮਹੱਤਵਪੂਰਨ ਅੰਗ ਪਰਵਾਸੀ ਪੰਜਾਬੀ ਕਹਾਣੀ ਦੀ ਉਮਰ ਵੀ ਪਾਕਿਸਤਾਨੀ ਪੰਜਾਬੀ ਕਹਾਣੀ ਵਾਂਗ ਹੀ ਕਰੀਬ ਅੱਧੀ ਸਦੀ ਹੈ ਪਰ ਇਸ ਦੀ ਵਿਕਾਸ-ਸਮਰੱਥਾ ਮੁਕਾਬਲਤਨ ਬਹੁਤ ਤੇਜ ਗਤੀ ਵਾਲੀ ਰਹੀ ਹੈ। ਪੰਜਾਬੀ ਡਾਇਸਪੋਰਾ ਦੀਆਂ ਅਤੀ ਗੁੰਝਲਦਾਰ ਦੁਬਿਧਾਵਾਂ ਅਤੇ ਫੈਂਟਸੀਆਂ ਨੂੰ ਬਹੁਕੋਣਾਂ ਤੋਂ ਖੜ੍ਹ ਕੇ ਵੇਖਣ-ਜਾਚਣ ਅਤੇ ਫਿਰ ਅਛੋਹ ਆਂਚਲਿਕ ਭੂ-ਦ੍ਰਿਸ਼ਾਂ ਅਤੇ ਸਮਾਜਿਕ ਕਾਰ-ਵਿਹਾਰ ਦੇ ਸੱਜਰੇ ਚਿਹਨਾਂ ਰਾਹੀਂ ਨਵੀਂ ਗਲਪੀ-ਭਾਸ਼ਾ ਦਾ ਸਿਰਜਣ ਕਰਨ ਦੀ ਆਪਣੀ ਯੋਗਤਾ ਸਦਕੇ ਪਰਵਾਸੀ ਕਹਾਣੀਕਾਰ ਨੇ ਵਿਸ਼ੇਸ਼ ਧਿਆਨ ਖਿੱਚਿਆ ਹੈ। ਝੂਹੇਰਵੇ ਅਤੇ ਅਜਨਬੀਅਤ ਵਰਗੇ ਅਨੁਭਵਾਂ ਤੋਂ ਕਿਤੇ ਅਗੇਰੇ ਹੁਣ ਇਹ ਪੱਛਮੀ ਨਵ-ਬਸਤੀਵਾਦ ਦੀਆਂ ਨੀਤੀਆਂ ਨਾਲ ਉਭਰੇ ਰਾਜਸੀ ਸੰਕਟ, ਬਹੁ-ਸਭਿਆਚਾਰਵਾਦ ਅਤੇ ਬਹੁਮੁਖੀ ਪਛਾਣ ਦੇ ਸੰਕਲਪਾਂ ਨਾਲ ਸੰਵਾਦ ਰਚਾਉਣ ਦੇ ਉਪਰਾਲੇ ਕਰਨ ਲੱਗੀ ਹੈ।

ਪਿਛਲੇ ਕੁਝ ਵਰ੍ਹਿਆਂ ਦੌਰਾਨ ਪੈਦਾ ਹੋਈਆਂ ਨਵੀਆਂ ਰਾਜਸੀ ਅਤੇ ਸਭਿਆਚਾਰਕ ਸਥਿਤੀਆਂ ਦੇ ਸੰਦਰਭ ਵਿਚ ਰਚੀ ਗਈ ਪਰਵਾਸੀ ਪੰਜਾਬੀ ਕਹਾਣੀ ਨੇ ਹਰੇਕ ਉਭਰਵੀਂ ਚੁਣੌਤੀ ਦੇ ਸਥੂਲ ਅਤੇ ਸੂਖ਼ਮ ਪਹਿਲੂਆਂ ਨੂੰ ਆਪਣੇ ਕਲਾਵੇ ਵਿਚ ਲੈਣ ਦਾ ਸਫਲ ਯਤਨ ਕੀਤਾ ਹੈ। ਅਮਰੀਕਾ ਵਿਚ ਵਾਪਰੀ ਨੌਂ-ਗਿਆਰਾਂ ਦੀ ਦੁਰਘਟਨਾ ਅਤੇ ਉਸਦੇ ਮਾਰੂ ਪ੍ਰਭਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨ ਵਾਲੀਆਂ ਕਹਾਣੀਆਂ ਵਿਚ ਝੰਡੇ ਨੂੰ ਲੱਗੀ ਮੈਲ (ਜਗਜੀਤ ਬਰਾੜ), ਟਾਵਰਜ਼ (ਜਰਨੈਲ ਸਿੰਘ), ਗਰਾਊਂਡ ਜ਼ੀਰੋ, ਰੇਸ, ਕਲਾਸ ਤੇ ਜੰਗ (ਪ੍ਰੋ. ਹਰਭਜਨ ਸਿੰਘ), ਫੈਂਸ (ਕਰਮ ਸਿੰਘ ਮਾਨ), ਕਰਫ਼ਿਊ ਜਾਰੀ ਹੈ (ਰਾਣੀ ਨਗੇਂਦਰ) ਆਦਿ ਅਹਿਮ ਹਨ। ਪੱਛਮੀ ਅਤੇ ਪੂਰਬੀ ਸਭਿਆਚਾਰਾਂ ਪ੍ਰਤੀ ਇਕੋ ਸਮੇਂ ਖਿੱਚ ਅਤੇ ਵਿੱਥ ਦੇ ਦੁਵੱਲੇ ਤਣਾਵਾਂ ਨਾਲ ਪੈਂਡੂਲਮ ਵਾਂਗ ਡੋਲਦੇ ਪਰਵਾਸੀ ਪੰਜਾਬੀਆਂ ਦੀ ਹੋਂਦ ਅਤੇ ਹੋਣੀ ਨੂੰ ਪੇਸ਼ ਕਰਨ ਵਾਲੀਆਂ ਕਹਾਣੀਆਂ ਵਿਚ ਚਿੱਟੀ ਕਬੂਤਰੀ ਦੀ ਤਸਵੀਰ (ਜਗਜੀਤ ਬਰਾੜ), ਜੜ੍ਹਾਂ (ਜਰਨੈਲ ਸਿੰਘ), ਜ਼ਖ਼ਮੀ ਹੱਥ, ਖੱਟੀ ਕਮਾਈ (ਬਲਦੇਵ ਸਿੰਘ ਗਰੇਵਾਲ), ਸ਼ਰਧਾਂਜਲੀ (ਕਰਮ ਸਿੰਘ ਮਾਨ), ਸਭਿਆਚਾਰ ਦੇ ਰਖਵਾਲੇ (ਹਰਪ੍ਰੀਤ ਸਿੰਘ ਸੇਖਾ) ਆਦਿ ਮਹੱਤਵਪੂਰਨ ਹਨ। ਇਕਹਿਰੇ ਪਰਵਾਸੀ



ਪੰਜਾਬੀ ਪਰਿਵਾਰਾਂ ਵਿਚ ਹੋਣ ਵਾਲੇ ਵਿਸਫੋਟ ਨੂੰ ਆਪਣਾ ਕੇਂਦਰ-ਬਿੰਦੂ ਬਨਾਉਣ ਵਾਲੀਆਂ ਕਹਾਣੀਆਂ ਵਿਚ ਅੱਧੀ ਬੋਤਲ (ਵੀਨਾ ਵਰਮਾ), ਸਿਰਫ ਇਕ ਵਾਰ (ਪ੍ਰਵੇਜ਼ ਸੰਧੂ), ਗੁਆਚੇ ਲੋਕ (ਜਰਨੈਲ ਸਿੰਘ), ਪਰੀਆਂ ਦਾ ਦੇਸ (ਮੇਜਰ ਮਾਂਗਟ), ਲੋਕਾਚਾਰੀ (ਹਰਪ੍ਰੀਤ ਸਿੰਘ ਸੇਖਾ) ਆਦਿ ਉਲੇਖਯੋਗ ਹਨ।

ਇਹ ਸਾਰੀਆਂ ਕਹਾਣੀਆਂ ਪਰਵਾਸੀ ਚੇਤਨਾ ਦੇ ਕਿਸੇ ਨਾ ਕਿਸੇ ਪੱਖ ਨੂੰ ਬਾਖੂਬੀ ਪੇਸ਼ ਕਰਦੀਆਂ ਹਨ ਪਰ ਕੇਂਦਰੀ ਸਪੇਸ ਉਨ੍ਹਾਂ ਕਹਾਣੀਆਂ ਦੇ ਹਿੱਸੇ ਆ ਰਹੀ ਹੈ ਜਿਹੜੀਆਂ ਪਰਵਾਸੀ ਜੀਵਨ ਦੇ ਕਿਸੇ ਵਿਆਪਕ ਮਹੱਤਤਾ ਵਾਲੇ ਸੰਕਲਪ ਨੂੰ ਆਧਾਰ ਬਣਾ ਕੇ ਵਿਸ਼ਵੀ ਕੈਨਵਸ ਉਤੇ ਫੈਲਣ ਦੀ ਜੁਸਤਜੂ ਨਾਲ ਲਬਰੇਜ਼ ਹਨ ਅਤੇ ਕਹਾਣੀ ਦੀ ਨਿਰਮਾਣਕਾਰੀ ਦੌਰਾਨ ਕਹਾਣੀਕਾਰ ਤੋਂ ਵਿਸ਼ਵ-ਚਿੰਤਨ ਦੇ ਹਾਣ ਦਾ ਹੋਣ ਦਾ ਸਬੂਤ ਮੰਗਦੀਆਂ ਹਨ। ਨਿਰਸੰਦੇਹ ਪਿਛਲੇ ਕੁਝ ਸਾਲਾਂ ਦੌਰਾਨ ਜਰਨੈਲ ਸਿੰਘ ਨੇ ਦੋ ਟਾਪੂ, ਪਛਾਣ, ਜੜ੍ਹਾਂ, ਟਾਵਰਜ਼, ਪੱਤਿਆਂ ਨਾਲ ਢਕੇ ਜਿਸਮ ਆਦਿ ਵੱਡੇ ਕੈਨਵਸ ਦੀਆਂ ਜਟਿਲ ਕਹਾਣੀਆਂ ਲਿਖ ਕੇ ਪਰਵਾਸੀ ਪੰਜਾਬੀ ਕਹਾਣੀ ਦੇ ਉਪਰੋਕਤ ਨਵੇਂ ਰੁਝਾਨ ਨੂੰ ਠੋਸ ਧਰਾਤਲ ਦਿੱਤਾ ਹੈ। ਮਿਸਾਲ ਵਜੋਂ ਉਸਦੀ ਸੱਜਰੀ ਕਹਾਣੀ 'ਪੱਤਿਆਂ ਨਾਲ ਢਕੇ ਜਿਸਮ' ਦੇ ਅਧਿਐਨ ਰਾਹੀਂ ਆਪਣੀ ਇਸ ਧਾਰਨਾ ਨੂੰ ਸਪੱਸ਼ਟ ਕਰਨ ਦਾ ਯਤਨ ਕਰਦੇ ਹਾਂ।

ਨਵ-ਬਸਤੀਵਾਦੀ ਵਿਚਾਰਧਾਰਾ ਨੇ ਅਜੋਕੇ ਮਨੁੱਖ ਸਾਹਵੇਂ ਵਿਕਾਸ ਲਈ ਆਰਥਕ ਬਹੁਲਤਾ ਅਤੇ ਉਪਭੋਗੀ ਮਾਨਸਿਕਤਾ ਵਾਲੇ ਵਿਅਕਤੀਵਾਦੀ ਮਨੁੱਖ ਦਾ ਸੰਕਲਪ ਪਰੋਸਿਆ ਹੈ। ਕੀ ਇਹ ਮਾਡਲ ਸੱਚਮੁੱਚ ਸਾਨੂੰ ਕਿਸੇ ਉਚੇਰੀ ਜੀਵਨ-ਜਾਚ ਵੱਲ ਲੈ ਜਾਵੇਗਾ ਜਾਂ ਮੁੜ ਮਨੁੱਖੀ ਸਭਿਅਤਾ ਦੇ ਸ਼ੁਰੂਆਤੀ ਦੌਰ ਦੀਆਂ ਆਦਿਮ ਪ੍ਰਵਿਰਤੀਆਂ ਦੀ ਦਲਦਲ ਵਿਚ ਲਿਜਾ ਸੁੱਟੇਗਾ ? ਇਹ ਵੱਡਾ ਪ੍ਰਸ਼ਨ ਇਸ ਵਕਤ ਵਿਸ਼ਵੀਕਰਨ ਦੇ ਦਰਸ਼ਨ ਸਾਹਵੇਂ ਸਿਰ ਚੁੱਕ ਕੇ ਖੜ੍ਹਾ ਹੈ। ਜਰਨੈਲ ਸਿੰਘ ਦੀ ਕਹਾਣੀ 'ਪੱਤਿਆਂ ਨਾਲ ਢਕੇ ਜਿਸਮ' ਫੈਸ਼ਨ ਦੀ ਦੁਨੀਆਂ ਦੇ ਸੰਦਰਭ ਵਿਚ ਇਸ ਵੱਡੇ ਪ੍ਰਸ਼ਨ ਨੂੰ ਮੁਖ਼ਾਤਬ ਹੈ, ਭਾਵੇਂ ਕਿ ਸਭਿਆਚਾਰਕ ਤਣਾਅ, ਪੀੜ੍ਹੀ-ਪਾੜ੍ਹਾ, ਪਛਾਣ ਦਾ ਸੰਕਟ ਆਦਿ ਮਸਲੇ ਵੀ ਗੌਣ ਰੂਪ ਵਿਚ ਇਸ ਕਹਾਣੀ ਦੀ ਟੈਕਸਟ ਦਾ ਅੰਗ ਬਣੇ ਦਿਸਦੇ ਹਨ। ਕਹਾਣੀ ਇਸਦੀ ਮੁੱਖ ਪਾਤਰ ਮਨੀਸ਼ਾ ਦੀਆਂ ਹਕੀਕੀ ਦੁਬਿਧਾਵਾਂ ਅਤੇ ਸੁਪਨਿਆਂ ਦੇ ਭੇੜ ਤੱਕ ਹੀ ਸੀਮਿਤ ਨਹੀਂ ਰਹਿੰਦੀ ਬਲਕਿ ਉਸਦੇ ਅਵਚੇਤਨ ਦੀ ਨਿਰਮਾਣਕਾਰੀ ਵਿਚ ਪ੍ਰਭਾਵਕਾਰੀ ਬਣੀ ਨਵ-ਪੂੰਜੀਵਾਦੀ ਵਿਚਾਰਧਾਰਾ ਅਤੇ ਉਦਾਤ ਮਾਨਵੀ ਕਦਰਾਂ-ਕੀਮਤਾਂ ਦੇ ਘੋਲ ਨੂੰ ਵੀ ਦਰਸਾਉਂਦੀ ਹੈ।

ਕਹਾਣੀ ਦੇ ਆਰੰਭ ਵਿਚ ਮਨੀਸ਼ਾ ਲਾਸ ਐਂਜਲਸ ਦੇ ਇਕ ਬਹੁਤ ਵੱਡੇ ਫੈਸ਼ਨ-ਸ਼ੋਅ ਵਿਚ ਭਾਗ ਲੈਣ ਜਾਂਦੀ ਹੈ ਜਿਥੇ ਉਸਨੂੰ ਟਾਪ-ਮਾਡਲ ਚੁਣੇ ਜਾਣ ਦੀ ਪੂਰੀ ਉਮੀਦ ਹੈ। ਇਸ ਮੁਕਾਬਲੇ ਵਿਚ ਜਿੱਤ ਪ੍ਰਾਪਤ ਕਰਨ ਲਈ ਜਦੋਂ ਉਹ ਆਪਣੇ ਡਿਜ਼ਾਇਨਰ ਦੇ ਮੂੰਹੋਂ ਵਸਤਰਾਂ ਦੀ ਥਾਂ ਮਸਤੀ ਪਹਿਨਣ ਦੀ ਸੰਕੇਤਕ ਮੰਗ ਸੁਣਦੀ ਹੈ ਤਾਂ ਉਹ ਤਿੱਖੇ ਤਣਾਅ ਦੀ ਸ਼ਿਕਾਰ ਹੋ ਜਾਂਦੀ ਹੈ। ਇਕ ਪਾਸੇ ਟਾਪ-ਮਾਡਲ ਵਾਲਾ ਤਾਜ ਹੈ ਜਿਸ ਲਈ ਪੋਲ-ਡੈਨਸ ਅਤੇ ਅੰਗਾਂ ਤੇ ਇਕ ਇਕ ਪੱਤਾ ਲਟਕਾ ਕੇ ਪੋਰਨੋਗਰਾਫੀ ਦੇ ਰਾਹ ਨੂੰ ਚੁਣਨ ਦੀ ਸ਼ਰਤ ਹੈ ਅਤੇ ਦੂਜੇ ਪਾਸੇ ਉਸਦਾ ਕਲਾ-ਗੌਰਵ ਹੈ ਜਿਸਨੂੰ ਉਸਨੇ ਪਰਿਵਾਰ ਕੁਰਬਾਨ ਕਰਕੇ ਵੀ ਸਾਂਭੀ ਰੱਖਿਆ ਹੈ। ਜੇ ਮਨੀਸ਼ਾ ਦੀ ਮੁਕਾਬਲੇਦਾਰ ਮਿਸ਼ੈਲ ਨੂੰ ਪੋਰਨੋਗਰਾਫੀ ਦੇ ਰਾਹ ਪੈਣ ਵਿਚ ਕੋਈ ਹਰਜ਼ ਨਜ਼ਰ ਨਹੀਂ ਆਉਂਦਾ ਤਾਂ ਫਿਰ ਮਨੀਸ਼ਾ ਕਿਉਂ ਹਿਚਕਚਾਉਂਦੀ ਹੈ ? ਇਹ ਪ੍ਰਸ਼ਨ ਵੀ ਕਹਾਣੀ ਬਿਰਤਾਂਤ ਦੇ ਆਰ-ਪਾਰ ਫੈਲਿਆ ਪਿਆ ਦਿਸਦਾ ਹੈ। ਇਸ ਦਾ ਉੱਤਰ ਮਨੀਸ਼ਾ ਦੇ ਵਿਸ਼ੇਸ਼ ਭਾਂਤ ਦੇ ਬੰਧੇਜੀ ਅਤੇ ਰਚਨਾਤਮਕ ਪ੍ਰੇਰਕਾਂ ਵਾਲੇ ਅਵਚੇਤਨ ਵਿਚ ਪਿਆ ਹੈ। ਉਹ ਇਕ ਭਾਰਤੀ, ਪੰਜਾਬੀ, ਖੱਤਰੀ, ਫ਼ੌਜੀ ਅਫ਼ਸਰ ਦੇ ਘਰ ਜੰਮੀ-ਪਲੀ ਇਕਲੌਤੀ ਅਤੇ ਲਾਡਲੀ ਧੀ ਹੈ। ਡਰਾਇੰਗ ਅਤੇ ਆਰਟ ਉਸਦੇ ਮਨਭਾਉਂਦੇ ਮਜ਼ਮੂਨ ਰਹੇ ਹਨ। ਉਹ ਅਜਿਹੀ ਪਰਿਵਾਰਕ ਪਹਿਲਤਾਵਾਂ ਵਾਲੀ ਮਾਂ ਸੁਨੀਤਾ ਦੀ ਧੀ ਹੈ ਜਿਹੜੀ ਸੰਕਟ ਸਮੇਂ ਆਪਣੇ ਪਤੀ ਨਾਲ ਗਿਲਾ ਕਰਦੀ ਆਖਦੀ ਹੈ, ਬੜੇ ਖ਼ੁਦਗਰਜ਼ ਹੋ ਜੀ... ਨਿੱਕੀ-ਮੋਟੀ ਹਰ ਟੈਨਸ਼ਨ 'ਕੱਲੇ ਹੀ ਸਾਂਭ ਲੈਂਦੇ ਜੇ। ਆਪਣੀ ਵਿਸ਼ੇਸ਼ ਜੀਵਨ-ਦ੍ਰਿਸ਼ਟੀ ਕਾਰਨ ਮਨੀਸ਼ਾ ਰੌਂਚੀਨੈੱਸ ਦੇ ਉਲਟ ਫੈਸ਼ਨ ਅਤੇ ਮਾਡਲਿੰਗ ਨੂੰ ਕਲਾ ਦੇ ਖੇਤਰ ਦੀ ਵਸਤ ਮੰਨਦੀ ਆਈ ਹੈ। ਇਸ ਖੇਤਰ ਵਿਚ ਪੈਰ ਧਰਨ ਅਤੇ ਅੱਗੇ ਵਧਣ ਲਈ ਉਸਨੂੰ ਆਪਣੇ ਬਾਪ ਅਤੇ ਵਸਦੇ-ਰਸਦੇ ਵਿਆਹੁਤਾ

ਜੀਵਨ ਦੀ ਬਲੀ ਦੇਣੀ ਪਈ ਹੈ। ਇਹ ਸਭ ਕੁਝ ਉਸਦੇ ਅਵਚੇਤਨ ਵਿਚ ਰੌਂਚੀਨੈੱਸ -ਵਿਰੋਧੀ ਭਾਵਨਾ ਅਤੇ ਕਲਾ ਦੇ ਜ਼ਰੀਏ ਸਥਾਪਿਤ ਹੋ ਕੇ ਵਿਖਾਉਣ ਦਾ ਹੱਠ ਬਣ ਕੇ ਟਿਕ ਜਾਂਦਾ ਹੈ।

ਇਸ ਦਾ ਅਰਥ ਇਹ ਨਹੀਂ ਕਿ ਉਸਦਾ ਅਜਿਹਾ ਅਵਚੇਤਨ ਕੋਈ ਪੱਥਰ ਦੀ ਸਿੱਲ੍ਹ ਜਾਂ ਅਬਦਲ ਵਰਤਾਰਾ ਹੈ, ਬਲਕਿ ਇਸ ਵਿਚ ਉਸ ਸਮੇਂ ਹੋਰ ਬਹੁਤ ਕੁਝ ਨਵਾਂ ਸ਼ਾਮਿਲ ਹੋਣ ਲਗਦਾ ਹੈ ਜਦੋਂ ਉਹ ਬਾਕੀਆਂ ਦੇ ਮੁਕਾਬਲੇ ਪਛੜੇਵੇਂ ਦਾ ਸ਼ਿਕਾਰ ਹੋਣ ਲਗਦੀ ਹੈ। ਉਸ ਵੱਲੋਂ ਡਿਜ਼ਾਈਨ ਕੀਤੀ ਕਲਾਮਈ ਜੈਕਟ ਕਮਰਸ਼ੀਅਲ ਪੱਖੋਂ ਰੱਦ ਕਰ ਦਿੱਤੀ ਜਾਂਦੀ ਹੈ। ਪ੍ਰਾਪਤ ਹੋਣ ਵਾਲੀ ਜੌਬ ਵਿਚ ਉਸਨੂੰ ਕੋਈ ਫਿਊਚਰ ਨਹੀਂ ਦਿਸਦਾ। ਸੈਂਡੀ ਨਾਂ ਦੀ ਮਾਡਲ 'ਪਲੇਅਬੁਆਏ' ਵਿਚ ਨਗਨ ਤਸਵੀਰਾਂ ਛਪਵਾ ਕੇ ਟਾਪ-ਮਾਡਲ ਦਾ ਟਾਈਟਲ ਝਪੁੱਟ ਕੇ ਲੈ ਜਾਂਦੀ ਹੈ। ਮਿਸ਼ੈਲ ਪੁਸ਼-ਅਪ ਬਰਾ ਪਾ ਕੇ ਮਸ਼ਹੂਰ ਹੋਣ ਲਗਦੀ ਹੈ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀ ਦੀਆਂ ਕੁੜੀਆਂ ਲਈ ਐਡਲਟ ਸ਼ੋਅ 'ਗਰਲਜ਼ ਗੌਨ ਵਾਇਲਡ' ਪ੍ਰਭਾਵਕਾਰੀ ਹੁੰਦਿਆਂ ਫੰਨ, ਪੈਸੇ ਅਤੇ ਸ਼ੁਹਰਤ ਦਾ ਜ਼ਰੀਆ ਬਣ ਜਾਂਦਾ ਹੈ। ਅਜਿਹਾ ਹੀ ਸਭ ਕੁਝ ਕਰਨ ਲਈ ਮਨੀਸ਼ਾ ਉਤੇ ਮੰਡੀ ਦਾ ਦਬਾਅ ਵਧਣ ਲਗਦਾ ਹੈ ਤਾਂ ਬੇਬੱਸ ਹੋਈ ਮਨੀਸ਼ਾ ਚੱਲ ਨੀ ਜਿੰਦੇ ਕਹਿ ਕੇ ਮੈਰੁਆਨਾ ਦੇ ਨਸ਼ੇ ਦਾ ਸਹਾਰਾ ਲੈਣ ਲਗਦੀ ਹੈ। ਨਸ਼ੇ ਨਾਲ ਵਕਤੀ ਤੌਰ ਤੇ ਉਸਦੀ ਸ਼ਰਮ ਨਜ਼ਾਕਤ ਵਿਚ ਬਦਲ ਜਾਂਦੀ ਹੈ। ਅੰਤ ਗੱਲ ਇਥੋਂ ਤੱਕ ਪਹੁੰਚ ਜਾਂਦੀ ਹੈ ਕਿ ਉਸੁਪਰ ਮਾਡਲ ਬਣਨ ਦਾ ਸੁਪਨਾ ਲੈਂਦਿਆਂ ਉਹ ਵੀ ਸਮਝੌਤਾਵਾਦੀ ਸੁਰ ਵਿਚ ਪੁੱਛਦੀ ਹੈ :

ਹੂੰਅ... ਜੇ ਮੈਂ ਆਪਣੀਆਂ ਬਾਕੀ ਆਈਟਮਾਂ ਨਾਲ ਪੱਤਿਆਂ ਵਾਲੀ ਵੀ ਕਰਦਿਆਂ ਤਾਂ ਕੀ ਮੇਰੀ ਟਾਪ-ਮਾਡਲ ਦੀ ਗੱਲ ਬਣ ਜਾਏਗੀ ? ਕੁਸੈਲੀ ਜਾਪਦੀ ਕੌਫੀ ਦਾ ਘੁੱਟ ਲੰਘਾ ਕੇ ਮਨੀਸ਼ਾ ਨੇ ਪੁੱਛਿਆ।

ਪਰ ਇਸ ਸਮਝੌਤੇ ਦੇ ਬਾਵਜੂਦ ਮਨੀਸ਼ਾ ਆਪਣੀ ਮੁਕਾਬਲੇਦਾਰ ਮਿਸ਼ੈਲ ਤੋਂ ਪਛੜ ਜਾਂਦੀ ਹੈ ਕਿਉਂਕਿ ਮਿਸ਼ੈਲ ਇਕ ਕਦਮ ਹੋਰ ਅੱਗੇ ਵਧਦਿਆਂ ਮੁਕਾਬਲੇ ਦੇ ਜੱਜ ਰੌਬਿਨ ਜਲਵੇਗਰ ਨਾਲ ਦੇਹੀ ਜਸ਼ਨ ਮਨਾਉਣ ਤੱਕ ਚਲੀ ਜਾਂਦੀ ਹੈ।

ਨਿਰੋਲ ਜਿਸਮ ਹੋਣ ਅਤੇ ਮਾਨਵ ਬਣੇ ਰਹਿਣ ਦੀ ਜੋ ਕਸ਼ਮਕਸ਼ ਸੂਖ਼ਮ ਰੂਪ ਵਿਚ ਮਨੀਸ਼ਾ ਅੰਦਰ ਚਲਦੀ ਹੈ ਉਸ ਦਾ ਸਥੂਲ ਰੂਪ ਉਰੌਂਚ ਕਲਚਰ ਅਤੇ ਸਟੌਪ ਰੌਂਚੀਨੈੱਸ ਸੰਸਥਾ ਦੇ ਪ੍ਰਸਪਰ ਵਿਰੋਧ ਦੇ ਰੂਪ ਵਿਚ ਮਿਲਦਾ ਹੈ। ਦੋਨਾਂ ਦਾ ਆਪਣਾ ਆਪਣਾ ਤਰਕ ਹੈ। ਰੌਂਚ ਕਲਚਰ ਦੇ ਹਮਾਇਤੀ ਇਸਨੂੰ ਐਡਾਂ ਰਾਹੀਂ ਬਿਜਨਸਾਂ ਦੀ ਹੋ ਰਹੀ ਤਰੱਕੀ ਨਾਲ ਜੋੜ ਕੇ ਵੇਖਦੇ ਹਨ। ਇਸ ਨਾਲ ਔਰਤ ਪਰੰਪਰਾਵਾਂ ਦੀਆਂ ਜ਼ੰਜੀਰਾਂ ਤੋੜ ਕੇ ਆਜ਼ਾਦ ਹੋ ਗਈ ਜਾਪਦੀ ਹੈ। ਪਰ ਦੂਜੇ ਪਾਸੇ ਦੀ ਦਲੀਲ ਹੈ ਕਿ ਸੁੰਦਰਤਾ ਤੇ ਆਜ਼ਾਦੀ ਦਾ ਹੋਕਾ ਦੇ ਕੇ ਰੌਂਚੀਨੈੱਸ ਫੈਲਾਈ ਜਾ ਰਹੀ ਏ। ਇਸ ਤਰ੍ਹਾਂ ਔਰਤ ਦੀ ਸਥਿਤੀ ਹੌਟ ਯਾਅਨੀ ਭੋਗਣ-ਵਿਕਣ ਲਈ ਤਿਆਰ ਰਹਿਣ ਦੇ ਤੁਲ ਬਣ ਗਈ ਹੈ। ਨਵ-ਬਸਤੀਵਾਦ ਦੇ ਦੋ ਵੱਡੇ ਹਥਿਆਰ ਵਪਾਰ ਅਤੇ ਮੀਡੀਆ ਕਿਉਂਕਿ ਰੌਂਚੀਨੈੱਸ ਦੀ ਪਿੱਠ ਉਤੇ ਹਨ, ਇਸ ਲਈ ਮੌਜੂਦਾ ਸੰਘਰਸ਼ ਵਿਚ ਸਟੌਪ ਰੌਂਚੀਨੈੱਸ ਸੰਸਥਾ ਦਾ ਹਾਸ਼ੀਆਗ੍ਰਸਤ ਰਹਿ ਜਾਣਾ ਸੁਭਾਵਕ ਹੈ। ਕਹਾਣੀ ਦੇ ਰਚਨਾ-ਵਿਵੇਕ ਅਨੁਸਾਰ ਰੌਂਚੀਨੈੱਸ ਦੀ ਚੜ੍ਹਤ ਵਾਲਾ ਅਜਿਹਾ ਵਰਤਾਰਾ ਮਨੁੱਖ ਦੇ ਜੰਗਲ ਵੱਲ ਨੂੰ ਮੁੜਨ ਵਾਲੀ ਗੱਲ ਹੈ। ਜਰਨੈਲ ਸਿੰਘ ਅਜਿਹੀ ਨਵ-ਪੂੰਜੀਵਾਦ ਦੀ ਇਸ ਅਤੀਤਵਾਦੀ ਰੁਮਾਂਚਕ ਸੋਚ ਨੂੰ ਕਟਾਕਸ਼ ਦਾ ਨਿਸ਼ਾਨਾ ਬਣਾਉਂਦਾ ਹੈ।

ਇਸ ਕਹਾਣੀ ਵਿਚ ਫੈਸ਼ਨ-ਜਗਤ ਦਾ ਜੋ ਵਾਤਾਵਰਨ ਹੈ ਉਸ ਦਾ ਵਰਨਣ ਕਿਸੇ ਬਾਜ਼ਾਰੂ ਲੇਖਕ ਦੇ ਹੱਥਾਂ ਵਿਚ ਖੁਦ-ਬ-ਖੁਦ ਰੌਂਚੀਨੈੱਸ (ਕਾਮ ਭੜਕਾਹਟ ਵਾਲੀਆਂ ਆਦਾਵਾਂ-ਕ੍ਰਿਆਵਾਂ) ਦਾ ਪ੍ਰਗਟਾਵਾ ਬਣ ਸਕਦਾ ਸੀ ਪਰ ਜਰਨੈਲ ਸਿੰਘ ਇਸ ਪੱਖੋਂ ਅਤੀ ਸੁਚੇਤ ਅਤੇ ਮਾਨਵ-ਪੱਖੀ ਸਰੋਕਾਰਾਂ ਵਾਲਾ ਕਹਾਣੀਕਾਰ ਹੋਣ ਕਰਕੇ ਗਲਪੀ-ਭਾਸ਼ਾ ਦੀ ਸਿਰਜਣਾ ਬਹੁਤ ਨਾਪ-ਤੋਲ ਕੇ ਕਰਦਾ ਹੈ। ਫੈਸ਼ਨ ਜਗਤ ਦੀ ਤਕਨੀਕੀ ਸ਼ਬਦਾਵਲੀ ਦੇ ਅਕਾਦਮਿਕ ਕਿਸਮ ਦੇ ਅਨੁਵਾਦ ਨਾਲ ਉਸਦੀ ਕਹਾਣੀ ਵਿਚ ਭਾਵੇਂ ਕਿਤੇ ਕਿਤੇ ਘਾੜਤ ਦਾ ਅੰਸ਼ ਕੁਝ ਵਧ ਵੀ ਜਾਂਦਾ ਹੈ ਅਤੇ ਕਹਾਣੀ ਕੁਝ ਕੁਝ ਮਕਾਨਕੀ ਸੰਰਚਨਾ ਦੇ ਦੋਸ਼ ਦੀ ਭਾਗੀ ਵੀ ਬਣ ਜਾਂਦੀ ਹੈ ਪਰ ਕਹਾਣੀ ਆਪਣੀ ਮਾਨਵੀ ਵਿਚਾਰਧਾਰਕ ਦ੍ਰਿਸ਼ਟੀ ਪੱਖੋਂ ਕਿਤੇ



ਨਹੀਂ ਥਿੜਕਦੀ। ਇਸੇ ਵਿਸ਼ੇ ਉਤੇ ਬਣੀ ਮਧੁਰ ਭੰਡਾਰਕਰ ਦੀ ਪ੍ਰਸਿੱਧ ਫ਼ਿਲਮ 'ਫੈਸ਼ਨ' ਵਾਂਗ ਹੀ ਫੈਸ਼ਨ ਜਗਤ ਨਾਲ ਸਬੰਧਿਤ ਵਿਸ਼ੇਸ਼ ਸਮੱਗਰੀ (ਪ੍ਰਾਪਰਟੀ) ਅਤੇ ਸ਼ਬਦਾਂ ਦੀ ਰੂਪਕੀ ਅਤੇ ਪ੍ਰਤੀਕਮਈ ਵਰਤੋਂ ਨਾਲ ਜਰਨੈਲ ਸਿੰਘ ਵਿਭਿੰਨ ਪਾਤਰਾਂ ਅਤੇ ਧਿਰਾਂ ਦੇ ਅਵਚੇਤਨ ਵਿਚ ਛੁਪੇ ਵਿਚਾਰਧਾਰਕ ਪੈਂਤੜੇ ਨੂੰ ਸਮੂਰਤ ਕਰਨ ਦਾ ਹੁਨਰ ਥਾਂ-ਪਰ-ਥਾਂ ਵਿਖਾਉਂਦਾ ਹੈ। ਮਿਸਾਲ ਵਜੋਂ ਫੈਸ਼ਨ ਦੇ ਆਪਣੇ ਪਹਿਲੇ ਵੱਡੇ ਸ਼ੋ ਦੌਰਾਨ ਮਨੀਸ਼ਾ ਜਦ ਰੈਂਪ ਉਤੇ ਮਟਕ ਨਾਲ ਗੇੜਾ ਦਿੰਦੀ ਹੈ ਤਾਂ ਦੁਆਲੇ ਬੈਠੇ ਪ੍ਰਸ਼ੰਸਕਾਂ ਵੱਲੋਂ ਉਸਨੂੰ ਅਕਾਸ਼ੋਂ ਉਤਰੀ ਪਰੀ ਦਾ ਵਿਸ਼ੇਸ਼ਣ ਪ੍ਰਾਪਤ ਹੁੰਦਾ ਹੈ। ਇਸ ਵਿਸ਼ੇਸ਼ਣੀ ਪ੍ਰਤੀਕ ਨੂੰ ਡੀਕੋਡ ਕਰੀਏ ਤਾਂ ਰੈਂਪ ਉਤੇ ਮਟਕ ਨਾਲ ਜਲਵੇ ਬਿਖੇਰ ਰਹੀ ਮਨੀਸ਼ਾ ਸੱਚਮੁਚ ਸਿਰਫ ਹੱਡ-ਮਾਸ ਦੀ ਮਨੀਸ਼ਾ ਨਹੀਂ ਬਲਕਿ ਵਪਾਰੀ ਵਰਗ ਵੱਲੋਂ ਸਿਰਜਤ ਕੋਈ ਪਰੀ-ਮਨੀਸ਼ਾ ਵੀ ਹੈ ਜਿਹੜੀ ਦਰਸ਼ਕਾਂ ਦੇ ਸੁਪਨਿਆਂ ਵਿਚ ਕੋਈ ਅਪਹੁੰਚ ਆਈਡਲ ਬਣ ਕੇ ਟਿਕ ਸਕੇਗੀ। ਇਉਂ ਹੀ ਸਥਾਪਤੀ ਆਪਣੀ ਵਿਚਾਰਧਾਰਕ ਸਰਵਉਚਤਾ (ਹੈਜੇਮਨੀ) ਲਈ ਇਕ ਸ਼ਕਤੀਸ਼ਾਲੀ ਚਿਹਨ-ਪ੍ਰਣਾਲੀ ਸਿਰਜਦੀ ਹੈ ਅਤੇ ਇਸ ਰਾਹੀਂ ਆਮ ਲੋਕਾਂ ਦੀ ਦ੍ਰਿਸ਼ਟੀ ਨੂੰ ਸੰਮੋਹਿਤ ਕਰਕੇ ਆਪਣੇ ਵੱਸ ਵਿਚ ਕਰਦੀ ਹੈ। ਹਾਸ਼ੀਆਗ੍ਰਸਤ ਵਰਗ ਵੀ ਅਚੇਤ/ ਸੁਚੇਤ ਇਸ ਸ਼ਕਤੀ ਦੀ ਵਰਤੋਂ ਆਪਣੇ ਢੰਗ ਨਾਲ ਕਰਦੇ ਰਹਿੰਦੇ ਹਨ। ਜਦੋਂ ਈਵਾ ਵੱਲੋਂ ਪੁੱਛੇ ਗਏ ਪ੍ਰਸ਼ਨ ਕਿ ਕੌਣ ਬਣੀਂ ਟਾਪ-ਮਾਡਲ ? ਦੇ ਜਵਾਬ ਵਿਚ ਮਨੀਸ਼ਾ ਆਖਦੀ ਹੈ, ਕੁੱਤੀ ਮਿਸ਼ੈਲ।, ਤਾਂ ਪਾਠਕ ਅੱਗੇ ਮੁਕਾਬਲੇ ਦੇ ਪਿਛੋਕੜ ਵਿਚ ਅਦਿੱਖ ਰੂਪ ਵਿਚ ਪਏ ਪੂਰੇ ਕੁੱਤਖਾਨੇ ਦਾ ਸੱਚ ਸਪੱਸ਼ਟ ਹੋ ਜਾਂਦਾ ਹੈ।

ਪਰਵਾਸੀ ਪੰਜਾਬੀ ਕਹਾਣੀ ਦੇ ਅਜਿਹੇ ਬਹੁ-ਸੁਰੀ ਬਿਰਤਾਂਤਕ ਹੁਨਰ ਅਤੇ ਦ੍ਰਿਸ਼ਟੀਗਤ ਪ੍ਰੋਢਤਾ ਨੇ ਹੀ ਉਸਨੂੰ ਮੁੱਖ ਧਾਰਾ ਦੀ ਪੰਜਾਬੀ ਕਹਾਣੀ ਨਾਲ ਵਰ ਮੇਚਣ ਦੀ ਸਮਰੱਥਾ ਦਿੱਤੀ ਹੈ।

ਪਾਕਿਸਤਾਨੀ ਅਤੇ ਪਰਵਾਸੀ ਪੰਜਾਬੀ ਕਹਾਣੀ ਦੇ ਸਮਵਿੱਥ ਭਾਰਤੀ ਪੰਜਾਬੀ ਕਹਾਣੀ ਨੂੰ ਮੁੱਖ ਧਾਰਾ ਦਾ ਵਿਸ਼ੇਸ਼ਣ ਦਿੱਤਾ ਜਾਂਦਾ ਹੈ। ਇਹ ਕੋਈ ਆਲੋਚਕਾਂ ਵੱਲੋਂ ਦਿੱਤੀ ਰਿਆਇਤ ਨਹੀਂ ਬਲਕਿ ਖਾਸ ਕਾਰਨਾਂ ਕਰਕੇ ਇਹ ਜ਼ਮੀਨੀ ਹਕੀਕਤ ਹੈ। ਭਾਰਤੀ ਪੰਜਾਬ ਦੇ ਲੇਖਕਾਂ ਨੇ ਪੰਜਾਬੀ ਜਗਤ ਦੇ ਬੁਨਿਆਦੀ ਫ਼ਿਕਰਾਂ ਨੂੰ ਵਧੇਰੇ ਸੰਜੀਦਗੀ ਨਾਲ ਲਿਆ ਹੈ। ਇਸੇ ਲਈ ਇਥੇ ਸਾਹਿਤ ਸਿਰਜਣਾ ਅਤੇ ਚਿੰਤਨ ਪ੍ਰਕਿਰਿਆ ਬਰੋ-ਬਰਾਬਰ ਚਲਦੇ ਰਹੇ ਹਨ ਜਦ ਕਿ ਪਾਕਿਸਤਾਨੀ ਪੰਜਾਬ ਅਤੇ ਵਿਦੇਸ਼ਾਂ ਵਿਚ ਅਜਿਹਾ ਸੰਭਵ ਨਹੀਂ ਹੋ ਸਕਿਆ। ਇਸ ਨਾਲ ਭਾਰਤੀ ਪੰਜਾਬ ਵਿਚ ਜੋ ਅਕਾਦਮਿਕ ਮਾਹੌਲ ਬਣਿਆ ਹੈ ਉਸਨੇ ਇਥੋਂ ਦੇ ਪੰਜਾਬੀ ਕਹਾਣੀਕਾਰ ਨੂੰ ਇਕ ਪਾਸੇ ਆਪਣੇ ਇਤਿਹਾਸ ਅਤੇ ਜੀਵੰਤ ਲੋਕਧਾਰਾ ਦੇ ਸੋਮਿਆਂ ਦੇ ਸਿਰਜਣਾਤਮਕ ਰੂਪਾਂਤਰਣ ਦੀ ਸੋਝੀ ਪ੍ਰਦਾਨ ਕੀਤੀ ਹੈ ਅਤੇ ਦੂਜੇ ਪਾਸੇ ਵਿਸ਼ਵ-ਚਿੰਤਨ ਨਾਲ ਸੰਵਾਦ ਪੈਦਾ ਕਰਨ ਦੀ ਸੂਝ, ਸਮਰੱਥਾ ਅਤੇ ਸਾਹਸ ਦਿੱਤਾ ਹੈ। ਅਜਿਹੇ ਸਿਰਜਣਾਤਮਕ ਅਮਲ ਵਿਚੋਂ ਜੋ ਕਹਾਣੀਆਂ ਨੇੜ ਅਤੀਤ ਵਿਚ ਸਾਹਮਣੇ ਆਈਆਂ ਹਨ ਉਹ ਇਸ ਧਾਰਨਾ ਦੀ ਪੁਸ਼ਟੀ ਕਰਦੀਆਂ ਹਨ ਕਿ ਭਾਰਤੀ ਪੰਜਾਬ ਦੀ ਕਹਾਣੀ ਦੇ ਗਲਪੀ ਸਰੋਕਾਰ ਕਿਸ ਕਦਰ ਵਿਆਪਕ ਮਹੱਤਤਾ ਵਾਲੇ ਹਨ ਅਤੇ ਉਨ੍ਹਾਂ ਨੂੰ ਗਲਪ-ਬਿੰਬ ਰਾਹੀਂ ਕਿੰਨੀ ਸਮਰੱਥਾ ਨਾਲ ਪੇਸ਼ ਕੀਤਾ ਜਾ ਸਕਿਆ ਹੈ।

ਪੰਜਾਬ ਸੰਕਟ ਦੇ ਪੰਜਾਬੀ ਅਵਚੇਤਨ ਉਤੇ ਪਏ ਬਹੁ-ਪੱਖੀ ਭਾਰ (ਭਾਰ, ਮਨਿੰਦਰ ਕਾਂਗ), ਵਿਸ਼ਵੀਕਰਨ ਨਾਲ ਕਿਸਾਨੀ ਵਰਗ ਦੀ ਹੋਂਦ ਅਤੇ ਹੋਣੀ ਬਾਰੇ ਪੈਦਾ ਹੋਏ ਮੂਲ ਪ੍ਰਸ਼ਨ (ਜੇ ਆਪਣੀ ਬਿਰਥਾ ਕਹੂੰ, ਬਲਜਿੰਦਰ ਨਸਰਾਲੀ), ਪੰਜਾਬ ਵਿਚ ਦਲਿਤ ਚੇਤਨਾ ਦੇ ਜੱਟ/ਸਿੱਖ ਜੀਵਨ-ਦ੍ਰਿਸ਼ਟੀ ਨਾਲ ਵਿਰੋਧਾਤਮਕ ਅੰਤਰ-ਸਬੰਧ (ਕੁੱਤੀ ਵਿਹੜਾ, ਮਨਿੰਦਰ ਕਾਂਗ ਅਤੇ ਇਕ ਘਰ ਆਜ਼ਾਦ ਹਿੰਦੀਆਂ ਦਾ, ਬਲਵਿੰਦਰ ਸਿੰਘ ਗਰੇਵਾਲ), ਸੰਤਾਲੀ ਦੀ ਵੰਡ ਵਿਚੋਂ ਪੈਦਾ ਹੋਏ ਅਣਨਸੂਰੇ ਜ਼ਖ਼ਮ (ਮਲ੍ਹਮ, ਸਾਂਵਲ ਧਾਮੀ), ਪੰਜਾਬੀ ਮਾਨਸਿਕਤਾ ਵਿਚ ਵਧ ਰਿਹਾ ਨਿਪੁੰਸਕਤਾ ਦਾ ਦਖ਼ਲ (ਤਾੜੀ, ਤਲਵਿੰਦਰ ਸਿੰਘ), ਪੰਜਾਬ ਦੇ ਰਾਜਨੀਤਕ ਅਵਚੇਤਨ ਦੀ ਹਿੰਸਾਵਾਦੀ ਸੰਰਚਨਾ (ਮੈਂ ਰੇਪ ਨੂੰ ਇੰਜੁਆਏ ਕਰਦੀ ਹਾਂ, ਸੁਖਜੀਤ), ਨਵ-ਬਸਤੀਵਾਦ ਦੇ ਹਵਾਲੇ ਨਾਲ ਬਦਲਦੀ ਭਾਰਤ ਅਤੇ ਪਾਕਿਸਤਾਨ ਦੇ ਰਿਸ਼ਤਿਆਂ ਦੀ ਵਿਆਕਰਨ (ਹਿਕ ਆਹੀ ਜਮਨਾ ਉਰਫ ਜ਼ੁੰਮਨ ਖਾਂ, ਕੇਸਰਾ ਰਾਮ), ਕਸ਼ਮੀਰ ਸਮੱਸਿਆ ਦੇ ਪ੍ਰਸੰਗ ਵਿਚ ਉਭਰਦਾ-ਮਿਟਦਾ ਨਾਇਕਤਵ (ਸਹਿਮੇ ਪਲਾਂ ਦਾ ਤਮਾਸ਼ਬੀਨ, ਹਰਭਜਨ ਸਿੰਘ ਸਾਗਰ), ਨਸ਼ਿਆਂ ਅਤੇ ਕਾਮ ਹਾਬੜੇ ਦੇ ਹੜ੍ਹ 'ਚ ਰੁੜ੍ਹਦੀ ਜਾਂਦੀ ਪੰਜਾਬੀ ਸੰਵੇਦਨਾ (ਚੂੜੇ ਵਾਲੀ ਬਾਂਹ, ਜਸਵੀਰ ਸਿੰਘ

ਰਾਣਾ, ਅੰਨ੍ਹੀ ਗਲੀ ਦਾ ਮੋੜ, ਗੁਰਦਿਆਲ ਦਲਾਲ), ਅਵਸਰਵਾਦ ਦੀ ਭੇਟ ਚੜ੍ਹ ਰਹੀਆਂ ਖੱਬੇ ਪੱਖੀ ਪ੍ਰਤੀਬੱਧਤਾਵਾਂ (ਸਿਗਰਟ ਜਿਹੀ ਜ਼ਿੰਦਗੀ, ਕੁਲਵੰਤ ਗਿੱਲ, ਕ੍ਰਾਂਤੀ ਕਿਉਂ ਨਹੀਂ ਆਉਂਦੀ, ਬਲਜਿੰਦਰ ਨਸਰਾਲੀ) ਆਦਿ ਵਰਗੇ ਅਨੇਕਾਂ ਫ਼ਿਕਰ ਅਜੋਕੀ ਪੰਜਾਬੀ ਕਹਾਣੀ ਦੀ ਸਿਰਜਣਾਤਮਕ ਸਮਰੱਥਾ ਸਾਹਵੇਂ ਕਸਵੱਟੀ ਬਣਕੇ ਨਮੂਦਾਰ ਹੋਏ ਹਨ। ਇਨ੍ਹਾਂ ਜਟਿਲ ਮਸਲਿਆਂ ਦਾ ਬਹੁ-ਪਰਤੀ ਗਲਪ-ਬਿੰਬ ਸਿਰਜਦੀ ਅਜੋਕੀ ਪੰਜਾਬੀ ਕਹਾਣੀ ਬਾਰੇ ਵਿਸਤ੍ਰਿਤ ਚਰਚਾ ਤਾਂ ਇਥੇ ਸੰਭਵ ਨਹੀਂ, ਇਸ ਲਈ ਸੁਖਜੀਤ ਦੀ ਵਿਵਾਦ-ਗ੍ਰਸਤ ਅਤੇ ਸ਼ਕਤੀਸ਼ਾਲੀ ਕਹਾਣੀ 'ਮੈਂ ਰੇਪ ਨੂੰ ਇੰਜੁਆਏ ਕਰਦੀ ਹਾਂ' ਦੇ ਹਵਾਲੇ ਨਾਲ ਭਾਰਤੀ ਪੰਜਾਬੀ ਕਹਾਣੀ ਦੇ ਬਦਲਦੇ ਤੇਵਰਾਂ ਦਾ ਨਮੂਨੇ-ਮਾਤਰ ਅਧਿਐਨ ਕਰਦੇ ਹਾਂ।

ਇਸ ਕਹਾਣੀ ਦੀ ਉਤਲੀ ਪਰਤ ਇਕ ਗੁਰੂ ਘਰ ਦੇ ਮੁਖੀ ਵੱਲੋਂ ਇਕ ਪੰਜਾਬੀ ਮੁਟਿਆਰ ਦਾ ਰੇਪ ਕੀਤੇ ਜਾਣ ਦਾ ਬਿਰਤਾਂਤ ਜਾਪਦੀ ਹੈ ਅਤੇ ਕਹਾਣੀ ਦਾ ਸਿਰਲੇਖ ਉਸ ਕੁਆਰੀ ਕੁੜੀ ਵੱਲੋਂ ਰੇਪ ਦਾ ਆਨੰਦ ਮਾਣੇ ਜਾਣ ਦੀ ਜੱਗੋਂ ਤੇਰ੍ਹਵੀਂ ਗੱਲ ਨੂੰ ਸਚਿਆਉਂਦਾ ਜਾਪਦਾ ਹੈ, ਪਰ ਅਸਲ ਵਿਚ ਇਹ ਦੋਵੇਂ ਗੱਲਾਂ ਹੀ ਅੰਤ ਤੱਕ ਕਹਾਣੀ ਦਾ ਰਚਨਾ-ਵਿਵੇਕ ਨਹੀਂ ਬਣਦੀਆਂ। ਹਾਂ, ਇਨ੍ਹਾਂ ਦੋਵਾਂ ਗੱਲਾਂ ਦੀ ਕਹਾਣੀ-ਜੁਗਤ ਵਜੋਂ ਮਹੱਤਤਾ ਬੇਸ਼ੁਮਾਰ ਹੈ ਕਿਉਂਕਿ ਕਹਾਣੀ ਦੇ ਆਰੰਭ ਵਿਚ ਹੀ ਇਹ ਜੁਗਤ ਉਪਭੋਗੀ ਜੀਵਨ-ਜਾਚ ਦੇ ਨਸ਼ੇ ਵਿਚ ਧੁੱਤ ਪਾਠਕ ਨੂੰ ਆਰ ਲਾ ਕੇ ਚੌਂਕਾਉਂਦੀ ਹੈ।

ਕਹਾਣੀ ਦੇ ਅੰਤ ਤੱਕ ਪਹੁੰਚਦਿਆਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਮੂਲ ਰੂਪ ਵਿਚ ਇਹ ਰਾਜਸੀ ਅਵਚੇਤਨ ਦੀ ਕਹਾਣੀ ਹੈ ਅਤੇ ਫੈਂਟਸੀ ਜੁਗਤ ਰਾਹੀਂ ਅਜਿਹੇ ਅਵਚੇਤਨ ਦੀ ਨਿਰਮਾਣਕਾਰੀ ਦੀ ਪ੍ਰਕਿਰਿਆ ਦਾ ਬੋਧ ਵੀ ਕਰਾਉਂਦੀ ਹੈ।

ਕਹਾਣੀ ਦੇ ਵਸਤੂਗਤ ਵੇਰਵਿਆਂ ਅਨੁਸਾਰ ਜਿਸ ਡੇਰੇ ਜਾਂ ਗੁਰੂ ਘਰ ਵਿਚ ਘਟਨਾਵਾਂ ਵਾਪਰਦੀਆਂ ਹਨ ਉਸ ਦੇ ਮੁਖੀ ਸੈਹਬ ਜੀ ਸੋਢੀ ਪਾਤਸ਼ਾਹ, ਗੁਰੂ ਸਾਹਿਬ ਦੀ ਕੁਲ 'ਚੋਂ ਨੇ। ਆਪਣੀ ਅਜਿਹੀ ਵਿਰਾਸਤ ਬਾਰੇ ਉਹ ਹਿੱਕ ਫੁਲਾਕੇ ਦਸਦੇ ਹਨ। ਉਨ੍ਹਾਂ ਦਾ ਤਕੀਆ ਕਲਾਮ ਇਕ ਗਾਲ੍ਹ ਭੈਣ ਚੋ ਹੈ। ਉਨ੍ਹਾਂ ਦੇ ਸੰਚਾਰ ਦਾ ਪ੍ਰਮੁੱਖ ਮਾਧਿਅਮ ਹੀ ਗਾਲ੍ਹਾਂ ਦੀ ਭਾਸ਼ਾ ਹੈ। ਹੈਰਾਨੀ ਦੀ ਗੱਲ ਇਹ ਕਿ ਲੋਕ ਗਾਲ੍ਹਾਂ ਦਾ ਗੁੱਸਾ ਕਰਨ ਦੀ ਥਾਂ ਉਨ੍ਹਾਂ ਨੂੰ ਪ੍ਰਸਾਦ ਸਮਝਦੇ ਹਨ। ਅਜਿਹਾ ਕਿਉਂ ? ਅਜਿਹਾ ਇਸ ਲਈ ਹੈ ਕਿਉਂਕਿ ਜੁਆਰੀ ਮਾਨਸਿਕਤਾ ਵਾਲੇ ਆਮ ਲੋਕ ਗਾਲ੍ਹਾਂ ਤੋਂ ਕੁਝ ਵਿਸ਼ੇਸ਼ ਅੰਕਾਂ ਦਾ ਲੱਖਣ ਲਾ ਕੇ ਉਨ੍ਹਾਂ ਤੇ ਸੱਟੇ ਦਾ ਦਾਅ ਲਾਉਂਦੇ ਹਨ। ਉਨ੍ਹਾਂ ਨੂੰ ਸੱਟੇ ਰਾਹੀਂ ਜ਼ਿੰਦਗੀ ਵਿਚ ਪੌਂ-ਬਾਰਾਂ ਹੋ ਜਾਣ ਦਾ ਭਰਮ ਹੈ। ਇਸਨੂੰ ਭਰਮ ਇਸ ਕਰਕੇ ਕਿਹਾ ਜਾ ਸਕਦਾ ਹੈ ਕਿਉਂਕਿ ਪੰਜਾਬ ਦੀ ਲੋਕ-ਸਿਆਣਪ ਅਨੁਸਾਰ ਤਾਂ ਜੂਆ ਕਦੇ ਕਿਸੇ ਨੇ ਨਹੀਂ ਜਿੱਤਿਆ। ਗੁਰਮਤਿ ਅਨੁਸਾਰ ਵੀ ਜੂਏ ਦਾ ਰੂਪਕ ਅਮੋਲਕ ਜੀਵਨ ਦੇ ਹਾਰਨ ਜਾਂ ਗੁਆਉਣ ਦੀ ਪ੍ਰਕਿਰਿਆ ਦਾ ਸੂਚਕ ਹੈ। ਫਿਰ ਲੋਕ ਸੱਟੇ ਰਾਹੀਂ ਪੌਂ ਬਾਰਾਂ ਹੋ ਜਾਣ ਦੇ ਭਰਮ ਵਿਚ ਕਿਉਂ ਹਨ ? ਗੁਰਮਤਿ ਅਨੁਸਾਰ ਅਜਿਹਾ ਉਰਯਤਿ ਦੇ ਅਗਿਆਨ ਕਾਰਨ ਹੁੰਦਾ ਹੈ ਜਿਸ ਕਰਕੇ ਉਹ ਮੁਰਦਾਰੁ ਦੇ ਤੁਲ ਹੋ ਜਾਦੀ ਹੈ। ਕਹਾਣੀ ਦੀ ਰਮਜ਼ ਅਨੁਸਾਰ ਗੁਰਮਤਿ ਦੇ ਇਸ ਤੱਤ ਨੂੰ ਲੋਕ ਵਿਸਾਰ ਚੁੱਕੇ ਹਨ। ਜੇ ਨਾ ਵੀ ਵਿਸਾਰਿਆ ਹੁੰਦਾ ਤਾਂ ਵੀ ਉਨ੍ਹਾਂ ਦੇ ਮੌਜੂਦਾ ਭਰਮ ਦੀ ਨਵਿਰਤੀ ਨਹੀਂ ਸੀ ਹੋ ਸਕਣੀ ਕਿਉਂਕਿ ਉਤਰ-ਆਧੁਨਿਕ ਯੁਗ ਵਿਚ ਗਿਆਨ ਦੇ ਮਾਅਨੇ ਬਦਲ ਚੁੱਕੇ ਹਨ। ਹੁਣ ਗਿਆਨ ਦਾ ਅਰਥ ਸੂਚਨਾ ਹੈ ਜਿਸ ਦੇ ਜ਼ਰੀਏ ਤਾਕਤ ਹਾਸਿਲ ਕੀਤੀ ਜਾ ਸਕਦੀ ਹੈ।

ਲੋਕਾਂ ਦੇ ਮੁਕਾਬਲਤਨ ਅਜਿਹਾ ਦੁਨਿਆਵੀ ਗਿਆਨ ਸੈਹਬ ਜੀ ਕੋਲ ਵਧੇਰੇ ਹੈ। ਇਸ ਲਈ ਉਹ ਸਿੱਖ ਵਿਰਾਸਤ ਦੇ ਵਾਰਸ ਹੋਣ ਦੀ ਸੂਚਨਾ ਹਿੱਕ ਫੁਲਾਕੇ ਪ੍ਰਚਾਰਦੇ ਹਨ। ਸਿੱਖੀ ਦੇ ਭੇਖ ਨੂੰ ਆਪਣੀ ਸੂਚਨਾ ਦੀ ਪ੍ਰਮਾਣਿਕਤਾ ਅਤੇ ਤਸਦੀਕ ਲਈ ਇਸਤੇਮਾਲ ਕਰਦੇ ਹਨ ਅਤੇ ਫਿਰ ਸੱਤਾ ਪ੍ਰਾਪਤ ਕਰਨ ਦੀ ਜੁਗਤ ਵਜੋਂ ਵਰਤਦੇ ਹਨ। ਉਹ ਇਹ ਵੀ ਜਾਣਦੇ ਹਨ ਕਿ ਗਾਲ੍ਹ ਸ਼ਕਤੀਵਰ ਦਾ ਹਥਿਆਰ ਹੁੰਦੀ ਹੈ ਜਿਹੜੀ ਸ਼ਕਤੀਹੀਨ ਨੂੰ 'ਮੁਰਦਾਰੁ' ਵਿਚ ਬਦਲ ਸਕਦੀ ਹੈ। ਮੁਰਦਾ ਕੋਈ ਵਿਰੋਧ ਦਰਜ ਨਹੀਂ ਕਰਵਾਉਂਦਾ। ਵੱਡਾ ਬਣਨ ਲਈ ਨੀਚਾਂ ਦੇ ਸੰਗ-ਸਾਥਿ ਦੀ ਥਾਂ ਵਿੱਥ ਜ਼ਰੂਰੀ ਹੈ। ਸੈਹਬ ਜੀ ਦੀ ਸੂਚਨਾ ਅਨੁਸਾਰ ਇਹ ਲੋਕ ਭੈਣ ਚੋ, ਸਾਲੇ ਕੁੱਤੇ, ਨੀਚ ਭੈਣ ਚੋ... ਹਨ। ਇਹ ਅਜਿਹੇ ਨਰਕੀ ਜੀਵਨ ਦੇ ਅਧਿਕਾਰੀ ਹੀ ਹਨ।



ਕਹਾਣੀ ਦੇ ਮੁੱਢਲੇ ਵੇਰਵੇ ਹੀ ਪਾਠਕ ਨੂੰ ਪੰਜਾਬ ਵਿਚ ਮੱਧਕਾਲੀ ਸਿੱਖ ਲਹਿਰ ਦੀ ਵਿਰਾਸਤ ਅਤੇ ਉਤਰ-ਆਧੁਨਿਕ ਯੁਗ ਦੇ ਉਸੈਹਬ ਜੀ ਦੀ ਸੋਚ ਅਤੇ ਕਾਰ-ਵਿਹਾਰ ਦੀ ਤੁਲਨਾ ਕਰਨ ਦੇ ਰਾਹ ਪਾ ਦਿੰਦੇ ਹਨ। ਗੁਰਮਤਿ ਦਾ ਤੱਤ ਮਨੁੱਖ ਅੰਦਰ ਰੂਹਾਨੀ ਸ਼ਕਤੀ ਦੇ ਵਿਕਾਸ ਦਾ ਸੂਚਕ ਹੈ। ਇਸ ਲਈ ਉਸਦਾ ਸੰਬੋਧਨੀ ਮੁਹਾਵਰਾ ਵੀ ਅਧਿਆਤਮਕ ਪੁੱਠ ਵਾਲਾ ਮਾਨਵੀ ਤਾਸੀਰ ਦਾ ਹੈ। ਜੇ ਅੰਧੀ ਰਯਤਿ ਨੂੰ ਫਿਟਕਾਰ ਵੀ ਪਾਉਣੀ ਹੈ ਤਾਂ ਵੀ ਉਨ੍ਹਾਂ ਸ਼ਬਦਾਂ ਵਿਚੋਂ ਸੰਬੋਧਨ ਕਰਤਾ ਦੇ ਅੰਦਰਲੀ ਪੀੜ ਝਲਕਦੀ ਹੈ ਕਿ ਲੋਕੋ ਤੁਸੀਂ ਮੁਰਦਾਰੁ ਦੀ ਜ਼ਿੰਦਗੀ ਕਿਉਂ ਕਬੂਲ ਕਰ ਲਈ ?

ਪਰ ਜਾਪਦਾ ਹੈ ਕਿ ਕਹਾਣੀਕਾਰ ਦਾ ਮੰਤਵ ਗੁਰਮਤਿ ਅਤੇ ਅਜੋਕੇ ਸੈਹਬ ਜੀ ਦੀ ਸੋਚ ਦਰਮਿਆਨ ਅਜਿਹਾ ਮੋਟਾ-ਠੁੱਲ੍ਹਾ ਫਰਕ ਦਰਸਾ ਕੇ ਵਿਅੰਗ ਪੈਦਾ ਕਰਨਾ ਨਹੀਂ ਬਲਕਿ ਇਸ ਫਿਟਕਾਰਮਈ ਸਥਿਤੀ ਦੇ ਦਾਰਸ਼ਨਿਕ ਸੰਦਰਭ ਤੱਕ ਪਹੁੰਚਣਾ ਹੈ। ਉਨ੍ਹਾਂ ਸਮੂਹ ਧਿਰਾਂ ਦੇ ਸਿੱਲ੍ਹ ਹੋ ਜਾਣ ਦੀ ਪੀੜ ਦਾ ਅਹਿਸਾਸ ਕਰਾਉਣਾ ਹੈ ਜਿਹੜੀਆਂ ਰੇਪ ਨੂੰ ਇੰਜੁਆਏ ਕਰਨ ਲੱਗੀਆਂ ਹੋਈਆਂ ਹਨ।

ਕਹਾਣੀਕਾਰ ਹੁਣ ਲੋਕ ਸੰਕਲਪ ਨੂੰ ਹੰਘਾਲਣਾ ਸ਼ੁਰੂ ਕਰਦਾ ਹੈ। ਕੀ ਇਹ ਲੋਕ ਸੱਚੀ-ਸੁੱਚੀ ਕਿਰਤ ਦੇ ਹਾਮੀ ਭਾਈ ਲਾਲੋ ਦੇ ਵਾਰਸ ਹਨ ? ਬਿਰਤਾਂਤਕਾਰਾ ਪਹਿਲਾਂ ਇਉਂ ਹੀ ਸੋਚਦੀ ਹੈ, ਉਸਦੇ ਕਹਿਣ ਅਨੁਸਾਰ ਭੋਲੇ ਲੋਕ, ਸਿੱਧੇ, ਸਾਊ ਵਿਚਾਰੇ। ਪਰ ਅਜਿਹਾ ਹੈ ਨਹੀਂ। ਕਾਮਰੇਡ ਤਾਂ ਇਨ੍ਹਾਂ ਨੂੰ ਲੋਕ ਹੀ ਨਹੀਂ ਮੰਨਦਾ ਕਿਉਂਕਿ ਇਹ ਸਮਾਜ ਦੇ ਵਿਕਾਸ ਦੀ ਵਗਦੀ ਧਾਰਾ...। , ਦੀ ਥਾਂ ਭੀੜ ਬਣ ਚੁੱਕੇ ਹਨ। ਅਸੀਂ ਸਭ ਜਾਣਦੇ ਹਾਂ ਕਿ ਭੀੜ ਹਮੇਸ਼ਾਂ ਸਮਾਜਿਕ ਨੇਮਾਵਲੀ ਤੋਂ ਅਭਿੱਜ ਲੁੰਪਨ ਅਤੇ ਚਿਹਰਾਹੀਣ ਹੁੰਦੀ ਹੈ। ਇਸ ਲਈ ਅੰਨ੍ਹੇਵਾਹ ਲੁੱਟ-ਖੋਹ, ਮੌਕਾਪ੍ਰਸਤੀ ਅਤੇ ਭੋਗ-ਵਿਲਾਸ ਹੀ ਇਸ ਦੀ ਦਿਸ਼ਾ ਮਿਥਦੇ ਹਨ।

ਭੀੜ ਨੂੰ ਵਿਕਾਸ ਦੀ ਵਗਦੀ ਧਾਰਾ ਵਿਚ ਰੂਪਾਂਤਰਿਤ ਕਰਨ ਦਾ ਦਾਅਵਾ ਕਰਨ ਵਾਲੀ ਖੱਬੇ-ਪੱਖੀ ਧਿਰ, ਜਿਸਦਾ ਪ੍ਰਤੀਨਿਧ ਪਾਤਰ ਕਾਮਰੇਡ ਹੈ, ਲਾਲਚਵੱਸ ਖੁਦ ਸੈਹਬ ਜੀ ਦੀ ਸ਼ਰਨ ਲਈ ਬੈਠੀ ਨਜ਼ਰ ਆਉਂਦੀ ਹੈ। ਹੁਣ ਉਸ ਕੋਲ ਸਮਾਜ ਦੀ ਇਨਕਲਾਬੀ ਤਬਦੀਲੀ ਦਾ ਕੋਈ ਏਜੰਡਾ ਨਹੀਂ ਸਗੋਂ ਖੱਬੇ-ਪੱਖੀ ਸਿਧਾਂਤ ਦੀ ਸਿਰਫ ਸੂਚਨਾਤਮਕ ਸ਼ਬਦਾਵਲੀ ਹੈ, ਜਿਵੇਂ ਲੋਕਾਂ ਪ੍ਰਤੀ ਪਿਆਰ, ਲੁੱਟ-ਖਸੁੱਟ, ਕਾਫ਼ਲਾ, ਮੂਹਰਲੀਆਂ ਸਫ਼ਾਂ, ਇਨਕਲਾਬ ਜਿੰਦਾਬਾਦ, ਲੋਕ-ਰੋਹ ਪ੍ਰਚੰਡ ਹੋਣਾ, ਸੱਚੇ ਸਮਾਜਵਾਦੀ ਆਦਿ। ਪਰ ਆਪਣਾ ਸਿਧਾਂਤ ਸਮਝਾਉਂਦਿਆਂ ਉਸਨੂੰ ਅਸਲੀ ਗੱਲ ਭੁੱਲ ਜਾਂਦੀ ਹੈ। ਅਸਲੀ ਗੱਲ ਯਾਦ ਰਹਿ ਵੀ ਜਾਵੇ ਤਾਂ ਉਸ ਦੀ ਮਾਰ ਇੰਨੀ ਕੁ ਹੈ ਕਿ ਸੈਹਬ ਜੀ ਦੇ ਅਦੇਸ਼ ਅਨੁਸਾਰ ਉਹ ਪਿੰਡ ਵਾਲਿਆਂ ਦਾ ਮੋਹਰੀ ਬਣ ਕੇ ਸਉਕਪਟੀ ਸਾਧੜੇ ਨੂੰ ਖਦੇੜ ਦਿੰਦਾ ਹੈ ਜਿਹੜਾ ਪਿੰਡ ਦੇ ਲੋਕਾਂ ਨੂੰ ਸੱਟੇ ਦੇ ਰਾਹ ਪਾ ਰਿਹਾ ਸੀ। ਇਸ ਦੇ ਇਵਜ਼ ਵਿਚ ਕਾਮਰੇਡ ਨੂੰ ਸੈਹਬ ਜੀ ਵੱਲੋਂ ਲਿਫਾਫ਼ਾ ਪ੍ਰਾਪਤ ਹੁੰਦਾ ਹੈ।

ਕਾਮਰੇਡ ਦੇ ਇਸ ਮਾਅਰਕੇ ਨਾਲ ਸੈਹਬ ਜੀ ਦੇ ਵਿਹਾਰਕ ਗਿਆਨ ਦਾ ਇਕ ਹੋਰ ਪੱਖ ਉਜਾਗਰ ਹੁੰਦਾ ਹੈ ਕਿ ਨਿਰੰਕੁਸ਼ ਸੱਤਾ, ਕੇਂਦਰਵਾਦ, ਜਾਂ ਮਹਾਂਬਿਰਤਾਂਤ ਦੀ ਸਲਾਮਤੀ ਆਪਣੇ ਸਮਾਨੰਤਰ ਉਭਰ ਰਹੇ ਮੱਠਾਂ ਜਾਂ ਲਘੂ-ਬਿਰਤਾਂਤਾਂ ਦੀ ਹਸਤੀ ਨੂੰ ਮਿਟਾ ਕੇ ਹੀ ਰਹਿ ਸਕਦੀ ਹੈ। ਇਸ ਲਈ ਡੰਡੇ ਦੀ ਵਰਤੋਂ ਅਤੇ ਲੋਕਾਂ ਦੀ ਸਹਿਮਤੀ ਜਿੱਤਣ ਦੀਆਂ ਦੋਵੇਂ ਜੁਗਤਾਂ ਨਾਲੋ ਨਾਲ ਵਰਤੀਆਂ ਜਾਂਦੀਆਂ ਹਨ। ਨਵ-ਮਾਰਕਸਵਾਦੀ ਚਿੰਤਨ ਗ੍ਰਾਮਸਕੀ ਦੇ ਕੇਂਦਰੀ ਸੰਕਲਪ ਚੌਧਰ ਦੇ ਪ੍ਰਸੰਗ ਵਿਚ ਇਹ ਧਾਰਨਾ ਪ੍ਰਚਲਿਤ ਹੈ, ਉਸ਼ਾਸ਼ਕ ਵਰਗ ਆਪਣੀ ਚੌਧਰ ਸਿਰਫ ਡੰਡੇ ਦੇ ਜ਼ੋਰ ਅਤੇ ਦਮਨ ਨਾਲ ਹੀ ਨਹੀਂ ਬਲਕਿ ਅਜਿਹੇ ਮਤਾਹਿਤ ਲੋਕਾਂ ਨੂੰ ਪੈਦਾ ਕਰਕੇ ਵੀ ਕਰਦਾ ਹੈ ਜਿਹੜੇ ਅਧੀਨ ਬਣਨ ਲਈ ਸਵੈ-ਇੱਛਾ ਨਾਲ ਸਮਰਪਣ ਕਰ ਦਿੰਦੇ ਹਨ।

ਪਿੰਡ ਵਿਚੋਂ ਸੱਟੇ ਦੀ ਬੈਅਬਤ ਲਾਉਣ ਵਾਲੇ ਬੂਬਨੇ ਨੂੰ ਕਢਵਾਉਣ ਦੀ ਪ੍ਰਕਿਰਿਆ ਅਤੇ ਕਾਮਰੇਡ ਦੇ ਨਾਲ਼ ਨਾਲ਼ ਪਿੰਡ ਵਾਸੀਆਂ ਦੀ ਸਹਿਮਤੀ ਜਿੱਤਣ ਦਾ ਹੁਨਰ ਸੈਹਬ ਜੀ ਦੇ ਗਿਆਨੀ ਸੱਤਾਵਾਨ ਹੋਣ ਦੀ ਗਵਾਹੀ ਭਰਦੇ ਹਨ। ਸੈਹਬ ਜੀ ਵੱਲੋਂ ਇਹੀ ਵਿਧੀ ਉਤਮ-ਪੁਰਖੀ ਬਿਰਤਾਂਤਕਾਰਾ ਦੇ ਜਿਸਮ ਨੂੰ ਹਾਸਲ ਕਰਨ ਲਈ ਵਰਤੀ ਜਾਂਦੀ ਹੈ। ਉਸ ਦੇ ਪੇਕੇ ਪਰਿਵਾਰ ਨੂੰ ਅਮਰੀਕਾ ਭੇਜਣ ਦਾ ਲੋਭ ਦਿੱਤਾ ਜਾਂਦਾ ਹੈ, ਬਿਰਤਾਂਤਕਾਰਾ ਨੂੰ ਭਵਿੱਖ ਵਿਚ ਰਾਜ-ਭਾਗ ਸੰਭਾਲਣ ਦਾ ਝਾਂਸਾ ਦਿੱਤਾ ਜਾਂਦਾ ਹੈ ਅਤੇ

ਨਾਲ ਹੀ ਚੁੜੇਲਾਂ ਵਰਗੀਆਂ ਆਪਣੀਆਂ ਸੁਰੱਖਿਆ ਸਹਾਇਕਾਂ ਕੰਮੋਂ ਤੇ ਬਿੰਬੋ ਦੇ ਬਾਹੂ-ਬਲ ਦੀ ਵਰਤੋਂ ਕੀਤੀ ਜਾਂਦੀ ਹੈ।

ਬਿਰਤਾਂਤਕਾਰਾ ਉਰਫ ਬੀਬੀ ਸੈਹਬਾ ਨੂੰ ਵੀ ਬਾਕੀ ਸੇਵਕਾਂ ਵਾਂਗ ਸੈਹਬ ਜੀ ਅੱਗੇ ਸਮਰਪਣ ਕਰਨਾ ਪੈਂਦਾ ਹੈ ਪਰ ਉਹ ਆਪਣੇ ਸਮਰਪਣ ਨੂੰ ਨਾ ਤਾਂ ਬਾਕੀ ਸੇਵਿਕਾਵਾਂ ਵਾਂਗ ਆਪਣੀ ਬੇਬਸੀ ਬਣਨ ਦਿੰਦੀ ਹੈ ਅਤੇ ਨਾ ਹੀ ਪਸ਼ੂਵਾੜੇ ਦੇ ਭਾਊਆਂ ਵਾਂਗੂੰ ਭੋਗ-ਵਿਲਾਸ ਤੱਕ ਮਹਿਦੂਦ ਰਹਿੰਦੀ ਹੈ। ਉਹ ਇਸ ਨੂੰ ਸੱਤਾ-ਪ੍ਰਾਪਤੀ ਦੀ ਇਕ ਜੁਗਤ ਵਜੋਂ ਇਸਤੇਮਾਲ ਕਰਨ ਦੇ ਹੁਨਰ ਵਜੋਂ ਵਿਕਸਤ ਕਰਦੀ ਹੈ। ਜੇ ਸੈਹਬ ਜੀ ਸਿੱਖ ਵਿਰਸੇ ਦੀ ਸੂਚਨਾਮਈ ਸ਼ਬਦਾਵਲੀ ਅਤੇ ਭੇਖ ਨੂੰ ਆਪਣੀ ਢਾਲ ਬਣਾਉਂਦੇ ਹਨ ਤਾਂ ਬੀਬੀ ਸੈਹਬਾ ਕੋਲ ਮਮਤਾਮਈ ਔਰਤ-ਚਿਹਰਾ ਹੈ। ਸੈਹਬ ਜੀ ਦੇ ਸਹਿਜ-ਗਿਆਨ ਦੀ ਥਾਂ ਉਸ ਕੋਲ ਸਾਈਕਾਲੋਜੀ ਦੇ ਰੂਪ ਵਿਚ ਉਤਰ-ਆਧੁਨਿਕ ਸਮੇਂ ਦੇ ਹਾਣ ਦਾ ਵਿਧੀ-ਵੱਤ ਗਿਆਨ ਹੈ। ਗਾਲ੍ਹ ਦਾ ਪਰੰਪਰਕ ਹਥਿਆਰ ਉਹ ਸੈਹਬ ਜੀ ਤੋਂ ਪ੍ਰਾਪਤ ਕਰ ਲੈਂਦੀ ਹੈ ਕਿਉਂਕਿ ਉਹ ਸਮਝ ਚੁੱਕੀ ਹੈ ਕਿ ਗਾਲ਼ ਮਰਦ ਜਾਂ ਔਰਤ ਦੀ ਭਾਸ਼ਾ ਨਹੀਂ ਬਲਕਿ ਸੱਤਾ ਦੀ ਭਾਸ਼ਾ ਹੈ। ਗੁਰੂ ਘਰ ਦੀ ਖ਼ੈਰਾਤ ਨਾਲ ਮਾਸਿਕ ਪਰਚਾ ਕੱਢਣ ਵਾਲੇ ਕਾਮਰੇਡ ਦੀ ਥਾਂ ਬੀਬੀ ਸੈਹਬਾ ਕਾਮਰੇਡ ਦੇ ਪੁੱਤ ਸੁਮੀਤ ਨੂੰ ਮੂਹਰਲੀਆਂ ਸਫ਼ਾਂ ਵਿਚ ਲਿਆਉਂਦੀ ਹੈ। ਰੂਸ ਤੋਂ ਪੜ੍ਹਕੇ ਆਏ ਅਤੇ ਵਿਦਵਾਨ ਸੁਮੀਤ ਨੇ ਬਾਪ ਦੇ ਮਾਸਿਕ ਪੱਤਰ ਨੂੰ 'ਰੋਜ਼ਾਨਾ ਅਖ਼ਬਾਰ' ਵਿਚ ਬਦਲ ਲਿਆ ਹੈ। ਉਂਜ ਵੀ ਉਸ ਦਾ ਬਿੰਬ ਸੱਚੇ ਅਤੇ ਪ੍ਰਤੀਬੱਧ ਵਿਅਕਤੀ ਦਾ ਹੈ। ਬੀਬੀ ਸੈਹਬਾ ਦੇ ਸ਼ਬਦਾਂ ਵਿਚ ਸੱਚਾ ਬੰਦੈ, ਸੱਚੀ ਗੱਲ ਕੈਹਣ 'ਚ ਓਹ ਸੈਹਬ ਜੀਆਂ ਤੇ ਕਾਮਰੇਡ ਦੀ ਵੀ ਪ੍ਰਵਾਹ ਨਹੀਂ ਕਰਦਾ, ਮੂੰਹ ਤੇ ਮਾਰਦੈ, ਮੈਨੂੰ ਓਹਦੀ ਏਹੀ ਗੱਲ ਚੰਗੀ ਲਗਦੀ ਐ। ਮੀਡੀਏ ਦੀ ਸ਼ਕਤੀ ਅਤੇ ਇਮੇਜ਼ ਦੋਨੋਂ ਹੀ ਸੁਮੀਤ ਕੋਲ ਪ੍ਰਾਪਤ ਹਨ ਜਿਨ੍ਹਾਂ ਦੀ ਬੀਬੀ ਸੈਹਬਾ ਨੂੰ ਲੋੜ ਹੈ।

ਸੁਮੀਤ ਨੂੰ ਵੱਸ ਵਿਚ ਕਰਨਾ ਝੋਟਾ ਚੋਣ ਵਰਗਾ ਅਸੰਭਵ ਕੰਮ ਸੀ ਪਰ ਬੀਬੀ ਸੈਹਬਾ ਆਪਣੀ ਉਸਾਈਕਾਲੋਜੀ ਦੀ ਸ਼ਕਤੀ ਦੇ ਸੰਮੋਹਣ ਨਾਲ ਅਜਿਹੀ ਚੋਟੀ ਵੀ ਸਰ ਕਰ ਲੈਂਦੀ ਹੈ। ਇਸ ਸਭ ਕੁਝ ਦੀ ਬਦੌਲਤ ਬੀਬੀ ਸੈਹਬਾ ਹਾਸ਼ੀਏ ਤੋਂ ਉੱਠ ਕੇ ਕੇਂਦਰ ਵਿਚ ਜਾ ਥਾਂ ਮੱਲਦੀ ਹੈ, ਉਤਰ-ਆਧੁਨਿਕ ਯੁਗ ਦੇ ਪ੍ਰਸੰਗ ਵਿਚ ਲਘੂ-ਬਿਰਤਾਂਤ ਤੋਂ ਅੱਗੇ ਜਾ ਕੇ ਮਹਾਂਬਿਰਤਾਂਤ ਦੀ ਸਪੇਸ ਪ੍ਰਾਪਤ ਕਰਦੀ ਹੈ। ਫਲਸਰੂਪ ਸੈਹਬ ਜੀ ਦੀ ਤਾਕਤ ਸਿਰਫ਼ ਚਿੰਨ੍ਹਾਤਮਕ ਰੂਪ ਵਿਚ ਰਹਿ ਜਾਂਦੀ ਹੈ ਅਤੇ ਪ੍ਰਵਚਨ ਸਿਰਫ ਬੀਬੀ ਸੈਹਬਾ ਦਾ ਚੱਲਣ ਲਗਦਾ ਹੈ। ਇਸ ਨਾਲ ਉਸ ਨੂੰ ਖੁਦ ਲਗਦੈ ਕਿ ਸਦੀਆਂ ਤੋਂ ਔਰਤ ਨੂੰ ਲੱਗੀਆਂ ਬੇੜੀਆਂ, ਇਕ ਇਕ ਕਰਕੇ ਟੁੱਟ ਰਹੀਆਂ ਹੋਣ...। ਉਸ ਦੀ ਸ਼ਕਤੀ ਨੂੰ ਤਸਲੀਮ ਕਰਦਿਆਂ ਕਾਮਰੇਡ ਦਾ ਕਹਿਣਾ ਹੈ, ਸਭ ਕੁਝ ਬੀਬੀ ਜੀ ਦੇ ਹੱਥ ਆ, ਨਾ ਏਹਨਾ ਦੀ ਰੂਸ ਮੋੜੇ ਨਾ ਅਮਰੀਕਾ।

ਇਉਂ ਇਕ ਧਿਰ ਤੋਂ ਦੂਜੀ ਧਿਰ ਦੇ ਰੂਪ ਵਿਚ ਸੱਤਾ ਪਰਿਵਰਤਨ ਤਾਂ ਹੁੰਦਾ ਹੈ ਪਰ ਕਿਸੇ ਗੁਣਾਤਮਕ ਪਰਿਵਰਤਨ ਦਾ ਆਭਾਸ ਨਹੀਂ ਹੁੰਦਾ। ਇਸੇ ਲਈ ਜਦੋਂ ਸੁਮੀਤ, ਬੀਬੀ ਸੈਹਬਾ ਨੂੰ ਗਾਲ੍ਹਾਂ ਦੀ ਪੁਰਾਣੀ ਨੀਤੀ ਬਦਲਣ ਲਈ ਆਖਦਾ ਹੈ ਤਾਂ ਉਹ ਜਵਾਬ ਵਿਚ ਆਖਦੀ ਹੈ, ਏਹ ਏਨਾ ਸੌਖਾ ਨਹੀਂ, 'ਨੈਟਵਰਕ' ਐ ਪੂਰਾ। ਬਹੁਤ ਹੱਥ ਨੇ ਇਹਦੇ ਪਿੱਛੇ, ਵੱਡੇ ਵੱਡੇ ਲੋਕਾਂ ਦੇ। ਮੈਂ ਛੱਡਦੀਆਂ ਤਾਂ ਸਾਰਾ ਕੁੱਛ ਮੁੜ ਸੈਹਬ ਜੀਆਂ ਕੋਲ ਚਲਾ ਜਾਊ।

ਜੇ ਸੱਤਾ-ਪ੍ਰਾਪਤੀ ਦੀ ਕੋਈ ਕਲਾ ਹੁੰਦੀ ਹੈ ਤਾਂ ਸੱਤਾ-ਗੁਆਚਣ ਦਾ ਵੀ ਇਕ ਪੈਟਰਨ ਹੁੰਦਾ ਹੈ। ਇਹ ਗੱਲ ਬੜੇ ਸੂਖ਼ਮ ਰੂਪ ਵਿਚ ਕੁਝ ਕਥਾ-ਚਿੰਨ੍ਹਾਂ ਅਤੇ ਵਿਸ਼ੇਸ਼ ਵਿਅਕਤੀ-ਵਿਹਾਰ ਰਾਹੀਂ ਉਜਾਗਰ ਹੁੰਦੀ ਹੈ। ਜੇ ਸੈਹਬ ਜੀ ਦੀ ਕੁਆਰੇ ਜਿਸਮ ਭੋਗਣ ਦੀ ਮਰਦਾਵੀਂ ਅਤੇ ਸ਼ਾਹੀ ਲਾਲਸਾ ਉਸ ਨੂੰ ਪਤਨ ਦੇ ਰਾਹ ਪਾ ਦਿੰਦੀ ਹੈ ਤਾਂ ਬੀਬੀ ਸੈਹਬਾ ਦੀ ਬਦਲਾਖੋਰੀ ਅਤੇ ਕਿਸੇ ਵੱਡੇ ਰਾਜ ਨੂੰ ਅੰਦਰ ਨਾ ਪਚਾ ਸਕਣ ਦੀ ਜ਼ਨਾਨਾ ਕਮਜ਼ੋਰੀ ਉਸਦੀ ਸੀਮਾ ਬਣ ਜਾਂਦੀ ਹੈ। ਸ਼ੈਕਸਪੀਅਰ ਦੇ ਨਾਟਕਾਂ ਵਿਚ ਅਜਿਹੇ ਸੁਭਾਅ-ਦੋਸ਼ ਵੱਡੇ ਦੁਖਾਂਤਾਂ ਨੂੰ ਜਨਮ ਦਿੰਦੇ ਹਨ। ਉਹ ਸੈਹਬ ਜੀ ਦੀ ਧੀ ਸਿਮਰਨ ਦਾ ਪਸ਼ੂਵਾੜੇ ਵਿਚ ਰੇਪ ਕਰਾਉਣ ਬਾਰੇ ਤਰਕੀਬਾਂ ਬਣਾਉਂਦੀ ਹੈ ਅਤੇ ਇਹ ਗੱਲ ਗੁੱਸੇ ਦੇ ਰੌਂਅ 'ਚ ਮੱਲੋ ਮੱਲੋ ਉਸਦੇ ਮੂੰਹੋਂ ਨਿਕਲ ਜਾਂਦੀ ਹੈ।



ਅਜਿਹੇ ਸੁਭਾਅ-ਦੋਸ਼ ਕਾਮਰੇਡ, ਉਸਦੇ ਪੁੱਤ ਸੁਮੀਤ ਅਤੇ ਹੋਰਨਾਂ ਪਾਤਰਾਂ ਵਿਚ ਵੀ ਹਨ। ਮਸਲਨ ਸੁਮੀਤ ਸਿਧਾਂਤਕ ਰੂਪ ਵਿਚ ਅਮਰੀਕੀ ਸਾਮਰਾਜਵਾਦ ਦਾ ਵਿਰੋਧੀ ਹੈ ਪਰ ਸਿਮਰਨ ਨਾਲ ਵਿਆਹ ਕਰਾ ਕੇ ਅਮਰੀਕਾ ਵਾਸੀ ਬਣਨ ਲਈ ਤਰਲੋਮੱਛੀ ਹੈ। ਪਰ ਸੱਤਾ ਦੇ ਸਿਖਰ ਉਤੇ ਬੈਠੀ ਬੀਬੀ ਸੈਹਬਾ ਦਾ ਗੁੱਸੇ ਦੇ ਦੌਰੇ ਸਮੇਂ ਕਾਬੂ ਤੋਂ ਬਾਹਰ ਹੋ ਕੇ ਆਪਣੇ ਪਾਲੇ ਗੁੰਡਿਆਂ ਨਾਲ ਸੁਮੀਤ ਉਤੇ ਹਥਿਆਰਬੰਦ ਹਮਲਾ ਕਰਨ ਲਈ ਚੱਲ ਪੈਣਾ ਇਹ ਸੰਕੇਤ ਦਿੰਦਾ ਹੈ ਕਿ ਉਹ ਆਪਣੇ ਡੰਡੇ ਦੀ ਵਰਤੋਂ ਅਤੇ ਮਾਨਵੀ ਭੇਖ ਵਿਚਲਾ ਢੁੱਕਵਾਂ ਅਨੁਪਾਤ ਗੁਆ ਬੈਠੀ ਹੈ। ਇਸ ਲਈ ਸੁਮੀਤ ਦੇ ਰੂਪ 'ਚ ਉਭਰ ਰਹੇ ਸੱਤਾ ਦੇ ਨਵੇਂ ਕੇਂਦਰ ਨੂੰ ਮਿਟਾਉਂਦੀ ਆਪਣਾ ਇਮੇਜ਼ ਮਿਟਾ ਬੈਠਦੀ ਹੈ। ਹਾਈਪਰ-ਰਿਐਲਟੀ ਦੀ ਪ੍ਰਧਾਨਤਾ ਵਾਲੇ ਉਤਰ-ਆਧੁਨਿਕ ਯੁਗ ਦੀ ਰਾਜਨੀਤਕ ਫ਼ਿਲਾਸਫ਼ੀ ਦੀ ਮਾਮੂਲੀ ਸਮਝ ਰੱਖਣ ਵਾਲੇ ਵੀ ਇਹ ਭਲੀ-ਭਾਂਤ ਜਾਣਦੇ ਹਨ ਕਿ ਕਿਸੇ ਵਸਤ ਜਾਂ ਵਰਤਾਰੇ ਨਾਲੋਂ ਉਸਦੇ ਇਮੇਜ਼ (ਅਕਸ) ਦੀ ਮਹੱਤਤਾ ਕਿਤੇ ਵੱਧ ਪ੍ਰਭਾਵਕਾਰੀ ਹੁੰਦੀ ਹੈ। ਇਸ ਲਈ ਇਕ ਸੱਤਵਾਨ ਦੇ ਰੂਪ ਵਿਚ ਬੀਬੀ ਸੈਹਬਾ ਵੱਲੋਂ ਸੱਤਾਹੀਨ ਵਰਗਾਂ ਦਾ ਰੇਪ ਕਰਨ ਅਤੇ ਉਸ ਨੂੰ ਇੰਜੁਆਏ ਕਰਨ ਦਾ ਦੌਰ ਅੰਤਲੇ ਚਰਨ ਵਿਚ ਦਾਖ਼ਲ ਹੋ ਰਿਹਾ ਦਿਸਦਾ ਹੈ। ਸੰਭਾਵੀ ਰੂਪ ਵਿਚ ਜੇ ਬੀਬੀ ਸੈਹਬਾ ਦੇ ਪ੍ਰਕੋਪ ਵਿਚ ਸੁਮੀਤ ਦਾ ਮਲੀਆਮੇਟ ਹੋ ਜਾਂਦਾ ਹੈ ਤਾਂ ਸੱਤਾਵਾਨਾਂ ਦੀ ਅਗਲੀ ਕੜੀ ਦੇ ਰੂਪ ਵਿਚ ਮੁੰਡੇ ਉਰਫ ਭਾਊ ਜੋ ਪਸ਼ੂਵਾੜੇ ਵਿਚ ਕੱਟੀਆਂ ਨਾਲ ਸੈਕਸੂਅਲ ਇੰਟਰਕੋਰਸ ਕਰਦੇ ਦਰਸਾਏ ਗਏ ਹਨ, ਵੀ ਉਮੀਦਵਾਰ ਹੋ ਸਕਦੇ ਹਨ। ਕੇਂਦਰਮੁਖੀ ਅਤੇ ਰੇਪਵਾਦੀ ਸੱਤਾ ਦਾ ਅਜਿਹੀ ਦਿਸ਼ਾ ਵੱਲ ਵਧ ਜਾਣਾ ਕੋਈ ਅਨੋਖੀ ਗੱਲ ਨਹੀਂ ਜਾਪਦੀ।

ਹਰੇਕ ਵਿਅਕਤੀ ਅੰਦਰ ਜ਼ਮੀਰ ਹੁੰਦੀ ਹੈ ਅਤੇ ਉਸਦੀ ਆਵਾਜ਼ ਨੂੰ ਅਣਸੁਣੀ ਕਰਨ ਵਾਲਿਆਂ ਨੂੰ ਅੰਤ ਪਸ਼ਚਾਤਾਪ ਕਰਨਾ ਪੈਂਦਾ ਹੈ, ਦੀ ਮੱਧਕਾਲੀ ਅਧਿਆਤਮਕ ਧਾਰਨਾ ਨੂੰ ਇਹ ਕਹਾਣੀ ਜਦ ਵਿਹਾਰਕ ਮਾਪਦੰਡਾਂ ਰਾਹੀਂ ਸਚਿਆ ਕੇ ਵੇਖਣ ਲਗਦੀ ਹੈ ਤਾਂ ਸਿੱਟਾ ਇਹ ਨਿਕਲਦਾ ਹੈ ਕਿ ਜ਼ਮੀਰ ਦੀ ਆਵਾਜ਼ ਅਜੋਕੇ ਮਨੁੱਖ ਦੀਆਂ ਸੱਤਾ-ਭੋਗ ਦੀਆਂ ਅਕਾਂਖਿਆਵਾਂ ਤੋਂ ਬਲ਼ਸ਼ਾਲੀ ਨਹੀਂ ਹੁੰਦੀ। ਇਸ ਲਈ ਇਸ ਕਹਾਣੀ ਵਿਚ ਪੈਸੇ, ਭੋਗ-ਵਿਲਾਸ, ਅਮਰੀਕਾ ਦੇ ਵਸੇਬੇ, ਸੱਤਾ ਦੀ ਬੁਰਕੀ ਆਦਿ ਖਾਤਿਰ ਬਹੁਤ ਸਾਰੇ ਪਾਤਰਾਂ ਦੇ ਅੰਦਰੋਂ ਜਾਂ ਤਾਂ ਜ਼ਮੀਰ ਦੀ ਆਵਾਜ਼ ਉਠਦੀ ਹੀ ਨਹੀਂ ਜੇ ਰਤਾ-ਮਾਸਾ ਉਠਦੀ ਹੈ ਤਾਂ ਉਹ ਵਿਅਕਤੀ ਨੂੰ ਕਿਸੇ ਪਸ਼ਚਾਤਾਪ ਤੱਕ ਪਹੁੰਚਾਉਣ ਦੇ ਸਮਰੱਥ ਨਹੀਂ। ਇਨ੍ਹਾਂ ਜ਼ਮੀਰਹੀਣੇ ਸਮੂਹ ਪਾਤਰਾਂ ਲਈ ਕੁੱਤੇ ਦਾ ਮੈਟਾਫ਼ਰ ਵਰਤਿਆ ਗਿਆ ਮਿਲਦਾ ਹੈ। ਅਜਿਹੇ ਵਿਅਕਤੀਆਂ ਦੇ ਸਮੂਹ ਨੂੰ ਪਸ਼ੂਵਾੜਾ ਕਿਹਾ ਗਿਆ ਹੈ। ਫਿਰ ਪਸ਼ੂਵਾੜੇ ਵਿਚ ਸੱਤਾ-ਪ੍ਰਾਪਤੀ ਦੇ ਜੋ ਮਾਪਦੰਡ ਹੋ ਸਕਦੇ ਹਨ, ਉਨ੍ਹਾਂ ਨੂੰ ਫੈਂਟਸੀ ਰੂਪ ਵਿਚ ਇਹ ਕਹਾਣੀ ਬਾਖੂਬੀ ਪੇਸ਼ ਕਰਦੀ ਹੈ। ਇਸ ਕਹਾਣੀ ਦਾ ਕੈਨਵਸ ਕਿਸੇ ਜਾਣੇ-ਪਛਾਣੇ ਲਗਦੇ ਪੰਜਾਬ ਦੇ ਡੇਰੇ ਤੋਂ ਅੱਗੇ ਫੈਲਦਾ ਪੰਜਾਬ/ਭਾਰਤ ਤੱਕ ਮਹਿਦੂਦ ਨਹੀਂ ਰਹਿੰਦਾ ਸਗੋਂ ਨਵ-ਬਸਤੀਵਾਦੀ ਦੌਰ ਦੀਆਂ ਮਹਾਂ-ਸ਼ਕਤੀਆਂ ਦੀ ਰਾਜਸੀ ਹਵਸ ਤੱਕ ਫੈਲਦਾ ਨਜ਼ਰ ਆਉਂਦਾ ਹੈ।

ਇਸ ਕਹਾਣੀ ਦੇ ਗਾਲ੍ਹਾਂ ਵਾਲੇ ਭਾਸ਼ਾਈ-ਪ੍ਰਯੋਗ ਨੂੰ ਲੈ ਕੇ ਛਿੜੇ ਵਿਵਾਦ ਦੌਰਾਨ ਪ੍ਰਗਤੀਵਾਦੀ ਹਲਕਿਆਂ ਵੱਲੋਂ ਇਸਨੂੰ ਚਿੰਤਾਜਨਕ ਰੁਝਾਨ ਕਿਹਾ ਗਿਆ ਹੈ ਪਰ ਅਜਿਹਾ ਇਸ ਦੀ ਪ੍ਰਕਾਰਜੀ ਮਹੱਤਤਾ ਨੂੰ ਨਾ ਪਛਾਣੇ ਜਾਣ ਕਾਰਨ ਹੈ। ਅਜਿਹਾ ਪ੍ਰਯੋਗ ਕਿਸੇ ਅਨਾੜੀ ਗਲਪਕਾਰ ਦੇ ਹੱਥਾਂ ਵਿਚ ਨਿਸਚੇ ਹੀ ਅਸ਼ਲੀਲਤਾ ਅਤੇ ਸਨਸਨੀ ਦਾ ਸਬੱਬ ਬਣ ਜਾਣਾ ਸੀ ਪਰ ਕਿਉਂਕਿ ਸੁਖਜੀਤ ਬਹੁਤ ਗਹਿਰਾ ਅਤੇ ਰਮਜ਼ੀ ਕਹਾਣੀਕਾਰ ਹੈ, ਇਸ ਲਈ ਉਹ ਅਪ-ਭਾਸ਼ਾ ਨੂੰ ਹਿੰਸਾ ਦੇ ਪ੍ਰਗਟਾਵੇ ਦਾ ਵਾਹਨ ਬਣਾਉਂਦਾ ਹੈ। ਇਹ ਭਾਸ਼ਾ ਬੁਲਾਰੇ ਅਤੇ ਸਰੋਤੇ ਦੇ ਵਿਅਕਤਿੱਤਵ ਅੰਦਰ ਵਧ ਰਹੇ ਲੁੰਪਨਵਾਦੀ ਤੱਤਾਂ ਦੇ ਦਖ਼ਲ ਦੀ ਸੂਚਕ ਬਣਦੀ ਹੈ। ਮਿਸਾਲ ਵਜੋਂ ਜਦੋਂ ਕੰਜ-ਕੁਆਰੀ ਬਿਰਤਾਂਤਕਾਰਾ ਸੈਹਬ ਜੀ ਨੂੰ ਆਪਣਾ ਸਰੀਰ ਸੌਂਪਣ ਤੋਂ ਇਨਕਾਰੀ ਹੁੰਦਿਆਂ ਹੱਦੋਂ-ਵੱਧ ਪ੍ਰਤੀਕਰਮ ਵਿਖਾਉਂਦੀ ਹੈ ਤਾਂ ਉਹ ਉਸਦੇ ਸਵੈਮਾਣ ਨੂੰ ਗਹਿਰੀ ਸੱਟ ਮਾਰਨ ਲਈ ਆਖਦਾ ਹੈ, ਏਥੇ ਭੈਣ ਚੋ ਸਾਰੀ ਦੁਨੀਆਂ ਥੱਲੇ ਪੈਣ ਨੂੰ ਫਿਰਦੀ ਐ... ਤੇਰੀ ਭੈਣ ਚੋ ਮੱਤ ਮਾਰੀ ਗਈ ਐ...।

ਇਹ ਵਾਕ ਉਸ ਮੌਕੇ ਵਿਸ਼ੇਸ਼ ਤੋਂ ਅਗਾਂਹ ਫੈਲ ਕੇ ਸਮੁੱਚੇ ਮਹੌਲ ਵਿਚ ਫੈਲ ਚੁੱਕੇ ਲੁੰਪਨਵਾਦੀ ਪ੍ਰਭਾਵਾਂ ਵੱਲ ਸੰਕੇਤ ਕਰ ਜਾਂਦਾ ਹੈ। ਬਿਰਤਾਂਤਕਾਰਾ ਜਦੋਂ ਤੱਕ ਇਕ ਸਧਾਰਨ ਮੱਧਵਰਗੀ ਪਰਿਵਾਰ ਦੇ ਮਾਹੌਲ ਵਿਚ ਰਹਿੰਦੀ ਹੈ, ਉਦੋਂ ਤੱਕ ਉਸ ਦੀ ਸ਼ਬਦੀ ਅਤੇ ਸਰੀਰ ਦੀ ਭਾਸ਼ਾ ਉਸ ਅੰਦਰਲੀ ਮਾਨਵੀ ਸੰਵੇਦਨਾ ਦੇ ਅਨੁਕੂਲ ਹੈ। ਸੈਹਬ ਜੀ ਵੱਲੋਂ ਜੱਟਾਂ ਦੀ ਨੂੰਹ ਨੂੰ ਕੱਢੀਆਂ ਗਈਆਂ ਗਾਲ੍ਹਾਂ ਸੁਣ ਕੇ ਬਿਰਤਾਂਤਕਾਰਾ ਦਾ ਮੂੰਹ 'ਚ ਚੁੰਨੀ ਲੈਣਾ, ਕੰਨਾਂ ਤੇ ਹੱਥ ਧਰ ਲੈਣਾ, ਜੀਭ ਦੰਦਾਂ ਥੱਲੇ ਲੈਣਾ ਆਦਿ ਜਾਂ ਇਹ ਕਹਿਣਾ ਲੱਖ ਲਾਹਨਤ ਥੋਡੀਆਂ ਸਰਦਾਰੀਆਂ 'ਤੇ... , ਉਸਦੀ ਸੰਵੇਦਨਾ ਦੇ ਪੱਛੇ ਜਾਣ ਦੀ ਹੀ ਗਵਾਹੀ ਹੈ। ਫਿਰ ਜਦੋਂ ਉਸਦੀ ਸੰਵੇਦਨਾ ਪਥਰਾ ਕੇ ਸਿੱਲ ਦੀ ਸਿੱਲ ਹੋ ਜਾਂਦੀ ਹੈ ਤਾਂ ਉਹ ਵੀ ਗਾਲ੍ਹਾਂ ਦੀ ਭਾਸ਼ਾ ਵੱਲ ਤੁਰ ਪੈਂਦੀ ਹੈ। ਅੰਤ ਇਹ ਭਾਸ਼ਾ ਉਸ ਨੂੰ ਔਰਤ ਦੀ ਮੁਕਤੀ ਦਾ ਹਥਿਆਰ ਜਾਪਣ ਲੱਗ ਪੈਂਦੀ ਹੈ। ਉਹ ਆਖਦੀ ਹੈ, ਸੱਚ ਦੱਸਾਂ, ਜਦੋਂ ਕਿਸੇ ਮੂੰਹ-ਜ਼ੋਰ ਮਰਦ ਨੂੰ ਮੂੰਹ ਭਰਕੇ ਗਾਲ੍ਹ ਕਢਦੀਆਂ, ਪੂਰੀ ਗੰਦੀ ਗਾਲ੍ਹ, ਤਾਂ ਸੁਆਦ ਆ ਜਾਂਦੈ। ਲਗਦਾ ਕਿ ਸਦੀਆਂ ਤੋਂ ਔਰਤ ਨੂੰ ਲੱਗੀਆਂ ਬੇੜੀਆਂ, ਇਕ ਇਕ ਕਰਕੇ ਟੁੱਟ ਰਹੀਆਂ ਹੋਣ...। ਸ਼ਬਦ ਕਦੇ ਵੀ ਮਾਸੂਮ, ਕੁਦਰਤੀ (ਟ) ਨਹੀਂ ਹੁੰਦੇ ਬਲਕਿ ਵਿਚਾਰਧਾਰਕ ਸ਼ਕਤੀ ਨਾਲ ਲੈਸ ਹੁੰਦੇ ਹਨ, ਰੋਲਾ ਬਾਰਤ ਦੀ ਇਸ ਧਾਰਨਾ ਨੂੰ ਇਹ ਗਲਪੀ-ਭਾਸ਼ਾ ਤਸਦੀਕ ਕਰਦੀ ਹੈ। ਇਸ ਗਲਪੀ-ਭਾਸ਼ਾ ਦੀ ਸ਼ਕਤੀ ਇਸ ਦੇ ਇਤਿਹਾਸਕ, ਵਿਚਾਰਧਾਰਕ ਅਤੇ ਲੋਕਧਾਰਾਈ ਪ੍ਰੇਰਕਾਂ ਵਿਚ ਪਈ ਹੈ।

ਪ੍ਰਸ਼ਨ-ਉਤਰ ਦੀ ਕਹਾਣੀ ਜੁਗਤ ਨੂੰ ਵੀ ਇਸ ਰਚਨਾ ਵਿਚ ਬੜੇ ਨਿਵੇਕਲੇ ਅਤੇ ਸ਼ਕਤੀਸ਼ਾਲੀ ਢੰਗ ਨਾਲ ਵਰਤਿਆ ਗਿਆ ਹੈ। ਇਹ ਜੁਗਤ ਇਕੋ ਸਮੇਂ ਪਾਠਕ-ਮੁਖ ਅਤੇ ਸਰੋਤਾ-ਮੁਖ ਹੈ। ਕਹਾਣੀ ਦੇ ਆਰੰਭ ਤੋਂ ਹੀ ਬਿਰਤਾਂਤਕਾਰਾ ਆਪਣੇ ਪ੍ਰਸ਼ਨ ਨਾਲ ਕੋਈ ਰਹੱਸ ਪੈਦਾ ਕਰਦੀ ਹੈ, ਉਹ ਰਹੱਸ ਕਿਸੇ ਜਾਣਕਾਰੀ ਵਿਸ਼ੇਸ਼ ਦੀ ਮੰਗ ਕਰਦਾ ਹੈ, ਬਿਰਤਾਂਤਕਾਰਾ ਲੋੜ ਅਨੁਸਾਰ ਇਸ ਢੰਗ ਨਾਲ ਜਾਣਕਾਰੀ ਦਿੰਦੀ ਹੈ ਕਿ ਅਗਲੇ ਰਹੱਸ ਲਈ ਫਿਰ ਸਬੱਬ ਬਣ ਜਾਵੇ। ਇਉਂ ਜਾਪਦਾ ਹੈ ਜਿਵੇਂ ਪਾਠਕ ਦੀ ਜਗਿਆਸਾ ਤੋਂ ਵਾਕਫ਼ ਕੋਈ ਅੰਤਰਯਾਮੀ ਗੈਬੀ ਸ਼ਕਤੀ ਪ੍ਰਸ਼ਨ ਪੁੱਛ ਰਹੀ ਹੋਵੇ। ਪ੍ਰਸ਼ਨ-ਉਤਰ ਦੀ ਇਹ ਵਿਧੀ ਮੂਲ ਪਾਠ ਵਿਚ ਹੋਰ ਕਿੰਨੇ ਹੀ ਅੰਤਰ-ਪਾਠ ਸ਼ਾਮਿਲ ਕਰਕੇ ਕਹਾਣੀ ਨੂੰ ਬਹੁ-ਪਰਤੀ ਅਤੇ ਬਹੁ-ਪਾਸਾਰੀ ਬਣਾ ਦਿੰਦੀ ਹੈ।

ਅਜਿਹੀ ਪ੍ਰਕਾਰਜੀ ਗਲਪੀ-ਭਾਸ਼ਾ ਦੇ ਪ੍ਰਯੋਗ ਵਿਚ ਭਾਰਤੀ ਪੰਜਾਬ ਦੇ ਕਹਾਣੀਕਾਰਾਂ ਵੱਲੋਂ ਪਹਿਲਕਦਮੀ ਕਰਨਾ ਸੁਭਾਵਕ ਹੀ ਹੈ ਕਿਉਂਕਿ ਇਸਨੂੰ ਪੰਜਾਬੀ ਸਭਿਆਚਾਰ ਦੇ ਕੇਂਦਰ ਵਿਚ ਵਿਚਰਦੇ ਹੋਣ ਦਾ ਮੌਕਾ ਸੁਲੱਭ ਹੈ। ਪੰਜਾਬ ਦੇ ਇਤਿਹਾਸ, ਲੋਕਧਾਰਾ, ਭੂ-ਦ੍ਰਿਸ਼ਾਂ ਅਤੇ ਰੋਜ਼ਾਨਾ ਕਾਰ-ਵਿਹਾਰ ਵਿਚੋਂ ਫੁੱਟਣ ਵਾਲੇ ਜੀਵੰਤ ਮੋਟਿਫ਼ਾਂ ਤੱਕ ਇਥੋਂ ਦੇ ਕਹਾਣੀਕਾਰ ਦੀ ਰਸਾਈ ਸੌਖੀ ਅਤੇ ਸੁਭਾਵਕ ਹੈ। ਵਿਸ਼ਵੀਕਰਨ ਦੇ ਪ੍ਰਭਾਵਾਂ ਨੇ ਵੀ ਇਸਨੂੰ ਪ੍ਰਭਾਵਿਤ ਜ਼ਰੂਰ ਕੀਤਾ ਹੈ ਪਰ ਇਸ ਕਦਰ ਖਦੇੜਿਆ ਨਹੀਂ ਕਿ ਆਪਣੇ ਹਥਿਆਰ ਸਿੱਟਣੇ ਪੈ ਗਏ ਹੋਣ। ਅਜੇ ਤੱਕ ਤਾਂ ਨਵ-ਬਸਤੀਵਾਦ ਦੇ ਵਿਰੋਧ ਵਿਚੋਂ ਮਿਲੀ ਸ਼ਕਤੀ ਹੀ ਪੰਜਾਬੀ ਕਹਾਣੀ ਦੇ ਨਵੇਂ ਰੁਝਾਨਾਂ ਨੂੰ ਨਿਰਧਾਰਤ ਕਰ ਰਹੀ ਹੈ ਅਤੇ ਭਾਰਤੀ ਪੰਜਾਬ ਦਾ ਕਹਾਣੀਕਾਰ ਇਸ ਚੁਣੌਤੀ ਸਾਹਵੇਂ ਮੂਹਰਲੀਆਂ ਸਫ਼ਾਂ ਵਿਚ ਖੜ੍ਹਾ ਨਜ਼ਰ ਆਉਂਦਾ ਹੈ।

ਪ੍ਰੋਫੈਸਰ, ਪੰਜਾਬੀ, ਪੱਤਰ-ਵਿਹਾਰ ਸਿੱਖਿਆ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।


## ਕਹਾਣੀ ਧਾਰਾ ਦਾ ' ਮਾਂ ਵਿਸ਼ੇਸ਼ ਅੰਕ'

*'ਕਹਾਣੀ ਧਾਰਾ' ਦੇ 'ਬਾਪੂ ਵਿਸ਼ੇਸ਼ ਅੰਕ' ਨੂੰ ਪਾਠਕਾਂ ਵਲੋਂ ਆਸ ਨਾਲੋਂ ਕਿਤੇ ਵੱਧ ਹੁੰਗਾਰਾ ਮਿਲਿਆ। ਪਾਠਕਾਂ ਨੇ ਇਹ ਵੀ ਰਾਇ ਦਿੱਤੀ ਕਿ ਹੁਣ ਕਹਾਣੀ ਧਾਰਾ ਦਾ ਮਾਂ ਵਿਸ਼ੇਸ਼ ਅੰਕ ਵੀ ਪ੍ਰਕਾਸ਼ਤ ਕਰੋ। ਸੋ ਅਸੀਂ ਪਾਠਕਾਂ ਦੀ ਕਦਰ ਕਰਦਿਆਂ 'ਮਾਂ ਵਿਸ਼ੇਸ਼ ਅੰਕ' ਕਹਾਣੀ ਧਾਰਾ ਦਾ ਅੰਕ-18 (ਜੁਲਾਈ-ਸਤੰਬਰ, 2010) ਪ੍ਰਕਾਸਤ ਕਰਨ ਦਾ ਫੈਸਲਾ ਕੀਤਾ ਹੈ। ਲੇਖਕ ਆਪਣੀ ਰਚਨਾਵਾ ਜੂਨ,10 ਤੱਕ ਭੇਜਣ ਦੀ ਖੇਚਲ ਕਰਨ। -ਸੰਪਾਦਕ*





# ਪੂੰਜੀਵਾਦੀ ਵਰਤਾਰੇ ਦੇ ਸਭਿਆਚਾਰਕ ਸੰਤਾਪ ਦਾ ਕਥਾ-ਬੋਧ : 'ਈਸ਼ਵਰ ਦਾ ਜਨਮ'/ ਡਾ. ਗੁਰਮੇਲ ਸਿੰਘ




ਜਤਿੰਦਰ ਸਿੰਘ ਹਾਂਸ ਨਵੀਂ ਪੰਜਾਬੀ ਕਹਾਣੀ ਵਿੱਚ ਪਛਾਨਿਆ ਜਾਣ ਵਾਲਾ ਕਹਾਣੀਕਾਰ ਹੈ। ਉਸਦੀ ਇਹ ਪਛਾਣ ਨਵੀਂ ਕਹਾਣੀ ਵਿੱਚ ਵਸਤੂ ਤੇ ਰੂਪ ਪੱਖੋਂ ਕੁਝ ਇਕ ਨਿਵੇਕਲੇ ਵਾਧੇ ਦੇ ਰੂਪ ਵਿਚ ਦੇਖੀ ਜਾ ਸਕਦੀ ਹੈ। ਭਾਵੇਂ ਉਹ ਨੌਜੁਆਨ ਲੇਖਕ ਹੈ ਪਰ ਜਿਸ ਰੂਪ ਵਿਚ ਉਹ ਕਹਾਣੀ ਦੇ ਲੋਕਧਾਰਕ ਮੁਹਾਵਰੇ ਨੂੰ ਸਜੀਵ ਰੱਖਣ ਲਈ ਪ੍ਰਯਤਨਸ਼ੀਲ ਦਿਖਾਈ ਦਿੰਦਾ ਹੈ ਇਹ ਨਵੀਂ ਪੰਜਾਬੀ ਕਹਾਣੀ ਦੇ ਸਿਆਣੇ ਕਥਾਕਾਰ ਦਾ ਭੁਲੇਖਾ ਪਾਉਂਦਾ ਹੈ। ਕਹਾਣੀ ਦੇ ਲੋਕਧਾਰਕ ਸ੍ਰੋਤਾਂ ਨੂੰ ਉਹ ਨਵੇਂ ਪ੍ਰਸੰਗ ਵਿਚ ਵਰਤ ਕੇ ਜਿਥੇ ਆਪਣੀ ਨਿਵੇਕਲੀ ਪਛਾਣ ਸਥਾਪਤ ਕਰ ਲੈਂਦਾ ਹੈ ਉੱਥੇ ਕਥਾ ਸ਼ਿਲਪ ਦੇ ਮੂਲ ਖ਼ਾਸੇ ਨੂੰ ਸਮੇਂ ਦੀ ਮਾਰ ਨਹੀਂ ਪੈਣ ਦਿੰਦਾ। ਨਵੀਂ ਪੰਜਾਬੀ ਕਹਾਣੀ ਨੇ ਆਧੁਨਿਕ ਮਨੁੱਖੀ ਮਸਲਿਆਂ ਨੂੰ ਬਹੁ-ਕੋਨੀ ਪਰਿਪੇਖ ਵਿਚ ਸਮਝਣ ਤੇ ਚਿਤਰਨ ਦਾ ਨਿੱਗਰ ਉਪਰਾਲਾ ਕੀਤਾ ਹੈ। ਇਸ ਨਾਲ ਪੂਰਬਲੀ ਪੰਜਾਬੀ ਕਹਾਣੀ ਦੇ ਮੁਕਾਬਲੇ ਆਧੁਨਿਕ ਪੰਜਾਬੀ ਕਹਾਣੀ ਦੇ ਵਿਚ ਨਵੇਂ ਤਜ਼ਰਬੇ ਸਾਹਮਣੇ ਆਏ ਹਨ। ਇਸ ਸਾਰੇ ਵਰਤਾਰੇ ਵਿਚ ਜਤਿੰਦਰ ਹਾਂਸ ਦਾ ਜ਼ਿਕਰਯੋਗ ਸਥਾਨ ਇਸ ਕਰਕੇ ਹੈ ਕਿ ਉਹ ਮਸਲਿਆਂ ਨੂੰ ਬਾਹਰਮੁਖੀ ਰੂਪ ਵਿਚ ਪਏ ਹੋਏ ਜਾਂ ਫੈਲਦੇ ਹੋਏ ਨਹੀਂ ਦਿਖਾਉਂਦਾ ਸਗੋਂ ਉਹ ਇਨ੍ਹਾਂ ਦੇ ਦੂਰਗਾਮੀ ਸਭਿਆਚਾਰਕ ਸੰਕਟਾਂ ਨੂੰ ਸੂਖ਼ਮ ਰੂਪ ਵਿਚ ਉਦੈ ਹੁੰਦੇ ਦਿਖਾਉਂਦਾ ਹੈ।

'ਈਸ਼ਵਰ ਦਾ ਜਨਮ' ਉਸ ਦਾ ਦੂਜਾ ਮੌਲਿਕ ਕਹਾਣੀ ਸੰਗ੍ਰਹਿ ਹੈ। ਇਸ ਤੋਂ ਪਹਿਲਾਂ 'ਪਾਵੇ ਨਾਲ ਬੰਨ੍ਹਿਆ ਹੋਇਆ ਕਾਲ' ਕਥਾ ਸੰਗ੍ਰਹਿ ਦੇ ਜਰੀਏ ਉਹ ਕਥਾਕਾਰ ਦੇ ਰੂਪ ਵਿਚ ਹਾਜ਼ਰ ਹੁੰਦਾ ਹੈ। ਜਤਿੰਦਰ ਹਾਂਸ ਦੇ ਹਥਲੇ ਕਹਾਣੀ ਸੰਗ੍ਰਹਿ ਵਿੱਚ ਅੱਠ ਕਹਾਣੀਆਂ ਸ਼ਾਮਿਲ ਹਨ। ਇਸ ਤੋਂ ਇਲਾਵਾ ਦੋ ਨਾਮਵਰ ਵਿਦਵਾਨਾਂ ਦੇ ਵਿਚਾਰ ਤੇ ਟਿੱਪਣੀਆਂ ਵੀ ਹਨ ਜਿਨ੍ਹਾਂ ਵਿਚੋਂ ਉਸਦੀ ਕਥਾਕਾਰੀ ਨੂੰ ਦੇਖਣ ਦੀ ਸੌਖ ਹੋ ਜਾਂਦੀ ਹੈ। ਇਨ੍ਹਾਂ ਵਿਚ ਪ੍ਰੇਮ ਪ੍ਰਕਾਸ਼ ਜਿਥੇ ਖੁਦ ਪ੍ਰੋੜ ਕਥਾਕਾਰ ਹੈ ਉਥੇ ਪੰਜਾਬੀ ਕਹਾਣੀ ਦੀ ਵਿਕਾਸ ਦਿਸ਼ਾ ਨੂੰ ਆਪਣੀ ਵੱਖਰੀ ਦ੍ਰਿਸ਼ਟੀ ਨਾਲ ਦੇਖਣ ਸਮਝਣ ਵਾਲਾ ਵਿਦਵਾਨ ਵੀ ਹੈ। ਇੰਜ ਹੀ ਡਾ. ਸਤਿੰਦਰ ਸਿੰਘ ਨੂਰ ਦੇ ਚਿੰਤਨੀ ਨਜ਼ਰੀਏ ਦਾ ਕਥਾ-ਸਾਰ ਅੰਕਿਤ ਹੈ। ਦੋਵਾਂ ਵਿਦਵਾਨਾਂ ਦੇ ਵਿਚਾਰ ਜਤਿੰਦਰ ਹਾਂਸ ਦੀ ਕਥਾਕਾਰੀ ਨੂੰ ਨਵੀਂ ਪੰਜਾਬੀ ਕਹਾਣੀ ਵਿਚ ਇਸ ਵਿਸ਼ੇਸ਼ ਸਥਾਨ ਗ੍ਰਹਿਣ ਕਰਨ ਵਾਲੀ ਸਿੱਧ ਕਰਦੇ ਹਨ। ਉਸ ਦੀ ਕਹਾਣੀ ਸੰਬੰਧੀ ਲਿਆ ਗਿਆ ਇਹ ਨੋਟਿਸ ਜਿਥੇ ਕਿਸੇ ਸਿਰਜਣਾਤਮਕ ਲੇਖਕ ਲਈ ਉਤਸ਼ਾਹਮਈ ਹੁੰਦਾ ਹੈ ਉਥੇ ਪਾਠਕਾਂ ਤੇ ਆਲੋਚਕਾ ਦਾ ਧਿਆਨ ਆਕਰਸ਼ਿਤ ਕਰਨ ਦਾ ਕੰਮ ਵੀ ਕਰਦਾ ਹੈ।

ਇਸ ਸੰਗ੍ਰਹਿ ਦੀਆਂ ਕਹਾਣੀਆਂ ਬਾਰੇ ਮੇਰਾ ਅਧਿਐਨ ਇਨ੍ਹਾਂ ਵਿਦਵਾਨਾਂ ਤੋਂ ਇਕ ਦ੍ਰਿਸ਼ਟੀ ਗ੍ਰਹਿਣ ਕਰਨ ਵਾਲਾ ਹੋਵੇਗਾ। ਇਸ ਪੁਸਤਕ ਵਿਚਲੀਆਂ ਅੱਠ ਕਹਾਣੀਆਂ ਦੇ ਨਾਂ ਇਸ ਪ੍ਰਕਾਰ ਹਨ, 'ਤੱਖੀ,

ਸਾਖੀ ਅੱਗੇ ਚੱਲੀ, ਰਾਹੂ ਕੇਤੂ, ਈਸ਼ਵਰ ਦਾ ਜਨਮ, ਅੱਗ ਬੰਨ੍ਹਣ ਵਾਲਾ, ਚਲੋ ਪਿਆਰ ਕਰੀਏ, ਬੇਰਵਾਜ਼ਾ ਸੂਟ, ਉਹ ਇੰਜ ਵੀ ਜਿਉਂਦਾ ਹੈ। ਇਨ੍ਹਾਂ ਅੱਠਾ ਕਹਾਣੀਆਂ ਵਿੱਚੋਂ ਪਹਿਲੀਆਂ ਪੰਜ ਕਹਾਣੀਆਂ ਦੇ ਸਿਰਲੇਖ ਸਾਡੇ ਲੋਕ ਮਨ ਅਤੇ ਵਿਸ਼ਵਾਸ ਪ੍ਰਬੰਧ ਦਾ ਅਚੇਤ ਹਿੱਸਾ ਬਣੇ ਸੰਸਕਾਰਾਂ ਦੀ ਚੇਤਨਾ ਜਗਾਉਂਦੇ ਹਨ। ਤੱਖੀ ਉਸ ਸ਼ੇਸ਼ ਨਾਗ ਦਾ ਸੰਕੇਤ ਹੈ ਜਿਸ ਦੀ ਮਾਨਤਾ ਹੈ ਕਿ ਉਸਨੇ ਧਰਤੀ ਨੂੰ ਵਲ ਮਾਰਿਆ ਹੋਇਆ ਹੈ। ਸਾਖੀ ਅੱਗੇ ਚੱਲੀ ਸਿਰਲੇਖ ਵੀ ਸਾਖੀ ਦੇ ਅਲੌਕਿਕ ਵਰਤਾਰੇ ਪ੍ਰਤੀ ਲੋਕ ਮਨ ਦੀ ਸ਼ਰਧਾਭਾਵੀ ਬਿਰਤੀ ਦਾ ਲਖਾਇਕ ਹੈ। ਰਾਹੂ-ਕੇਤੂ ਆਪਣੇ ਆਪ ਵਿਚ ਸੰਸਾਰਕ ਕਾਰਜ ਪ੍ਰਣਾਲੀ ਨੂੰ ਪ੍ਰਾਭੌਤਿਕ ਦਾਇਰੇ ਵਿਚੋਂ ਦੇਖਣ ਦਾ ਮੱਧਕਾਲੀ ਭਾਵ-ਬੋਧ ਹੈ। ਈਸ਼ਵਰ ਦਾ ਜਨਮ ਵੀ ਮਨੁੱਖੀ ਚੇਤਨਾ ਦੇ ਪਾਰਲੌਕਿਕ ਸੰਸਾਰ ਦੀ ਧਾਰਨਾ ਦੀ ਉਪਜ ਹੈ। ਅੱਗ ਬੰਨ੍ਹਣ ਵਾਲਾ ਸਿਰਲੇਖ ਲੋਕ ਮਨ ਦੀ ਜਾਦੂ ਚੇਤਨਾ ਦਾ ਪ੍ਰਤੀਫ਼ਲ ਹੈ। ਇਹਨਾਂ ਨਾਵਾਂ ਨੂੰ ਕਹਾਣੀਕਾਰ ਨੇ ਕਥਾ ਵਿਧੀ ਦੇ ਰੂਪ ਵਿਚ ਵਰਤਦਿਆਂ ਅਜੋਕੇ ਮਨੁੱਖੀ ਯਥਾਰਥ ਨੂੰ ਉਸਦੇ ਕਠੋਰ ਤੇ ਵਰਤਾਰੇ ਦੇ ਰੂਪ ਵਿਚ ਸਿਰਜਣ ਦਾ ਮਾਧਿਅਮ ਬਣਾਇਆ ਹੈ। 'ਤੱਖੀ' ਕਹਾਣੀ ਵਿਚ ਕਹਾਣੀਕਾਰ ਨੇ ਕਾਲੂ ਸਪੇਰੇ ਦੇ ਮੁੰਡੇ ਜੱਗੂ ਦੀ ਕਥਾ ਰਾਹੀ ਇਕ ਉਸ ਸੈਕਸਨ ਦੀ ਗੱਲ ਛੇੜੀ ਹੈ ਜਿਸ ਬਾਰੇ ਸਾਡੇ ਬਹੁਤੇ ਲੇਖਕ ਅਣਜਾਣ ਬਣੇ ਹੋਏ ਹਨ। ਪੰਜਾਬ ਦੇ ਸਮਾਜੀ ਘੇਰੇ ਅੰਦਰ ਇਸ ਸੈਕਸਨ ਦੀ ਸਾਰ ਲੈਣ ਵਾਲਾ ਕੋਈ ਨਹੀਂ ਪਰੰਤੂ ਕਹਾਣੀਕਾਰ ਨੇ ਇਸ ਸਮਾਜੀ ਤਾਣੇ-ਬਾਣੇ ਦੇ ਖੱਲ ਖੂੰਜੇ ਰਹਿੰਦੇ ਹਰ ਬੰਦੇ ਨੂੰ ਸਰਮਾਏਦਾਰੀ ਜਕੜ ਦੀ ਘੇਰੇਬੰਦੀ ਵਿਚ ਘਿਰੇ ਹੋਏ ਮਨੁੱਖ ਦੇ ਰੂਪ ਵਿਚ ਦੇਖਣ ਦਾ ਉਪਰਾਲਾ ਕੀਤਾ ਹੈ। ਕਾਲੂ ਆਪਣੇ ਜੱਦੀ ਪੁਸ਼ਤੀ ਕੰਮ ਨਾਲ ਗੁਜ਼ਰ ਬਸਰ ਕਰਨ ਵਾਲਾ ਆਪਣੇ ਕਸਬ ਦੇ ਉੱਤੇ ਮਾਣ ਕਰਨ ਵਾਲਾ ਸਪੇਰਾ ਹੈ ਪਰ ਉਸ ਦਾ ਮੁੰਡਾ ਕਾਲੂ ਨਵੇਂ ਜ਼ਮਾਨੇ ਦੇ ਲੋਭ ਲਾਲਚਾ ਦੀ ਭੇਟ ਚੜ੍ਹ ਕੇ ਉਸ ਕਸਬ ਨੂੰ ਨਸ਼ੇ ਪੱਤੇ ਲਈ ਵਰਤਣਾ ਸਿਖ ਜਾਂਦਾ ਹੈ। ਇਸੇ ਕਰਕੇ ਇਕ ਜ਼ਹਿਰੀਲੇ ਸੱਪ ਦਾ ਡੰਗਿਆ ਉਹ ਪ੍ਰਾਈਵੇਟ ਹਸਪਤਾਲ ਵਿਚ ਦਮ ਤੋੜ ਦਿੰਦਾ ਹੈ। ਹਸਪਤਾਲ ਅੰਦਰ ਕਾਲੂ ਨੂੰ ਆਪਣੇ ਮੁੰਡੇ ਨਾਲ ਮਿਲਣਾ ਆਸਾਨ ਨਹੀਂ। ਕਹਾਣੀ ਅੰਦਰ ਉਸਦੀ ਛਟਪਟਾਹਟ ਨੂੰ ਸੰਵੇਦਨਸ਼ੀਲ ਢੰਗ ਨਾਲ ਦਰਸਾਇਆ ਗਿਆ ਹੈ। ਜੱਗੂ ਦੀ ਮੌਤ ਸੱਪ ਦੇ ਜ਼ਹਿਰ ਨਾਲ ਨਹੀਂ ਸਗੋਂ ਹਵੇਲੀ ਵਾਲਿਆਂ ਦੀ ਸਟਿੱਕਣੀ ਵਾਲੀ ਅਫੀਮ ਖਾਣ ਨਾਲ ਹੋਣ ਦਾ ਰਾਜ ਕਾਲੂ ਦੇ ਮਨ ਨੂੰ ਢਾਰਸ ਬੰਨ੍ਹਾਂਉਂਦਾ ਹੈ। ਇਥੇ ਕਹਾਣੀ ਖਤਮ ਹੋ ਜਾਂਦੀ ਹੈ। ਇਸ ਕਹਾਣੀ ਅੰਦਰ ਕਈ ਮਸਲੇ ਨਜ਼ਰ ਆਉਂਦੇ ਹਨ ਜਿਵੇਂ ਸਭ ਤੋਂ ਅਹਿਮ ਮਸਲਾ ਆਧੁਨਿਕ ਸਿਹਤ ਸੰਸਥਾਵਾਂ ਦੇ ਉਸ ਰੂਪ ਦਾ ਹੈ ਜਿਸ ਤੱਕ ਆਮ ਬੰਦੇ ਦੀ ਪਹੁੰਚ ਨਹੀਂ ਹੋ ਸਕਦੀ। ਦੂਜਾ ਮਸਲਾ ਹਵੇਲੀ ਵਾਲਿਆਂ ਦੇ ਰੂਪ ਵਿਚ ਉਸ ਧਿਰ ਦੀ ਵੱਧਦੀ ਹੋਈ ਤਾਕਤ ਦਾ ਹੈ ਜਿਹੜੀ ਲੋਕ ਮਾਰੂ ਗਤੀਵਿਧੀਆਂ ਨਾਲ ਸਧਾਰਨ ਲੋਕਾਂ ਦਾ ਘਾਣ ਕਰ ਰਹੀ ਹੈ। ਪਰੰਤੂ ਇਹ ਮਸਲੇ ਕਥਾ ਵਸਤੂ ਦੇ ਗੌਣ ਮਸਲੇ ਹਨ। ਇਹ ਕਹਾਣੀ ਕਿਸੇ ਬਾਹਰਮੁਖੀ ਸੰਕਟ ਨੂੰ ਕੇਂਦਰ ਵਿੱਚ ਰੱਖਣ ਨਾਲੋਂ ਉਸ ਸਭਿਆਚਾਰ ਬਦਲਾਅ ਦੇ ਸੰਕਟ ਨੂੰ ਸੂਖਮ ਰੂਪ ਵਿਚ ਉਠਾਉਂਦੀ ਨਜ਼ਰ ਆਉਂਦੀ ਹੈ ਜਿਸ ਵਿਚ ਕਿਰਤ ਦੀ ਵਿਆਕਰਣ ਬਦਲ ਕੇ ਲਾਲਸਾ ਦੇ ਮੰਡਲ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਇਹ ਪ੍ਰਵਾਹ ਕਾਲੂ ਸਪੇਰੇ ਤੋਂ ਤੁਰ ਕੇ ਉਸਦੇ ਪੁੱਤਰ ਜੱਗੂ ਤੱਕ ਦਾ ਸਫ਼ਰ ਤਹਿ ਕਰਦਾ ਹੈ। ਇੰਜ ਕਹਾਣੀਕਾਰ ਕਾਲੂ ਸਪੇਰੇ ਦੇ ਜ਼ਰੀਏ ਪਰੰਪਰਿਕ ਤੇ ਜੱਦੀ ਪੁਸ਼ਤੀ ਜੀਵਨ ਮੁੱਲਾਂ ਤੇ ਸੰਸਕਾਰਾਂ ਦੀਆਂ ਪਰਤਾਂ ਨੂੰ ਉਘਾੜਦਾ ਹੋਇਆ ਸਰਮਾਏਦਾਰੀ ਤੰਤਰ ਦੇ ਪੈਦਾ ਕੀਤੇ ਉਸ ਵਰਤਾਰੇ ਨੂੰ ਫੜਦਾ ਹੈ ਜਿਸ ਵਿੱਚ ਉਸ ਧਿਰ ਦੀ ਕਿਰਤ ਦਾ ਸਵੈ ਮਾਣ, ਭਰੋਸਾ ਤੇ ਜੀਵਨ ਜਾਂਚ ਦੇ ਸਾਰੇ ਜੀਣ ਯੋਗ ਸਾਧਨ ਗਰਕ ਜਾਂਦੇ ਹਨ। ਇਥੇ ਇਹ ਮੁੱਦਾ ਧਿਆਨ ਦੀ ਮੰਗ ਕਰਦਾ ਹੈ ਕਿ ਕਾਲੂ ਸਪੇਰਾ ਆਪਣੇ ਪੁੱਤ ਦੀ ਮੌਤ ਨੂੰ ਇਸ ਕਰਕੇ ਸੌਖਿਆਂ ਜਰ ਲੈਂਦਾ ਹੈ ਕਿ ਉਸਨੂੰ ਕਿਤੋਂ ਖ਼ਬਰ ਮਿਲਦੀ ਹੈ ਕਿ ਜੱਗੂ ਦੀ ਮੌਤ ਦਾ ਕਾਰਨ ਹਵੇਲੀ ਵਾਲਿਆਂ ਦੀ ਸਟਿੱਕਣੀ ਵਾਲੀ ਅਫੀਮ ਹੋ ਸਕਦੀ ਹੈ। ਇਸ ਤਰ੍ਹਾਂ ਕਹਾਣੀਕਾਰ ਉਨ੍ਹਾਂ ਸਭਿਆਚਾਰਕ ਸੰਕਟਾਂ ਦੀ ਨਿਸ਼ਾਨਦੇਹੀ ਕਰਦਾ ਹੈ ਜਿਹੜੇ ਮਨੁੱਖ ਦੀ ਜੀਣ ਯੋਗ ਸੱਤਾ ਨੂੰ ਖੋਰ ਕੇ ਬੇਚਾਰਗੀ ਤੇ ਬੇਮਾਨਗੀ ਦੇ ਆਲਮ ਵਿੱਚ ਭਟਕਣ ਦੇ ਰਾਹੇ ਤੋਰ ਰਹੀ ਹੈ।

'ਸਾਖੀ ਅੱਗੇ ਚੱਲੀ' ਕਹਾਣੀ ਪੰਜਾਬ ਦੇ ਪਿਛਲੇ ਤਿੰਨ ਦਹਾਕਿਆਂ ਦੇ ਇਤਿਹਾਸ ਦੀ ਸਾਖੀ ਨੂੰ ਅੱਗੇ ਤੋਰ ਰਹੀ ਹੈ ਜਿਸ ਵਿਚ ਪੰਜਾਬ ਦੇ ਸਧਾਰਨ ਕਿਰਤੀ ਮਨੁੱਖ ਨੂੰ ਜ਼ਾਲਮਾਨਾ ਸ਼ਕਤੀਆਂ ਦੀ ਮਾਰ ਸਹਿਣੀ ਪਈ ਕਹਾਣੀਕਾਰ ਨੇ ਸਾਖੀ ਨੂੰ ਮੈਟਾਫਰ ਦੇ ਰੂਪ ਵਿਚ ਲਿਆ ਹੈ। ਇਸੇ ਕਰਕੇ ਉਹ ਸੰਤ ਬਾਬਾ ਰਣਜੋਧ



ਸਿੰਘ ਦੇ ਮਨ ਵਿਚਲੀ ਸਾਖੀ ਨੂੰ ਗੁਰੂ ਸਾਹਿਬਾਨ ਦੀਆਂ ਸਾਖੀਆਂ ਦੇ ਨਾਲੋ ਨਾਲ ਤੋਰਦਾ ਦਿਖਾਉਂਦਾ ਹੈ। ਇਸ ਕਹਾਣੀ ਦੀ ਵੱਡੀ ਪ੍ਰਾਪਤੀ ਕਹਾਣੀਕਾਰ ਦੇ ਉਸ ਸੰਵੇਦਨਸ਼ੀਲ ਭਾਵ-ਬੋਧ ਵਿਚੋਂ ਪਛਾਣੀ ਜਾ ਸਕਦੀ ਹੈ ਜਿਥੇ ਉਹ ਪੰਜਾਬ ਦੇ ਪਿਛਲੇ ਤੀਹਾਂ ਸਾਲਾਂ ਦੇ ਇਤਿਹਾਸਕ ਦੌਰ ਨੂੰ ਇਕ ਦਰਦਨਾਕ ਸਾਖੀ ਵਿਚ ਪ੍ਰਵਰਤਿਤ ਕਰਕੇ ਇਤਿਹਾਸ ਨੂੰ ਮਨਫੀ ਦ੍ਰਿਸ਼ਟੀਕੋਣ ਤੋਂ ਸੁਰਜੀਤ ਕਰਨ ਦਾ ਯਤਨ ਕਰਦਾ ਹੈ। ਇਸ ਕਹਾਣੀ ਵਿਚ ਬਾਬਾ ਪੰਜਾਬ ਸਿਹੁੰ ਕਥਾ ਦੇ ਆਰ ਪਾਰ ਵਿਚਰਦਾ ਦਿਖਾਈ ਦਿੰਦਾ ਹੈ। ਇਹ ਪਾਤਰ ਪੰਜਾਬੀ ਮਾਨਸਿਕਤਾ ਦੇ ਉਸ ਖ਼ਾਸੇ ਦਾ ਚਿਹਨ ਹੈ ਜਿਸ ਵਿਚੋਂ ਪੰਜਾਬ ਦੇ ਬਾਹਰਮੁਖੀ ਵਸਤੂਗਤ ਵਿਕਾਸ਼ ਤੇ ਆਤਮਿਕ ਅਮੀਰੀ ਦਾ ਚਿਤਰ ਬਣਦਾ ਹੈ। ਸੰਤਾਲੀ ਦੀ ਵੰਡ ਦੇ ਉਜਾੜੇ ਵਿਚੋਂ ਹੁੰਦਾ ਹੋਇਆ ਪੰਜਾਬ ਮਨ ਆਪਣੀ ਮਿਹਨਤ ਅਤੇ ਸਿਰੜ ਦੇ ਬਲਬੂਤੇ ਆਪਣੀ ਸਾਖੀ ਨੂੰ ਅੱਗੇ ਤੋਰਦਾ ਹੈ ਪਰ ਇਕ ਦੌਰ ਫਿਰ 1984 ਦੇ ਰੂਪ ਵਿਚ ਆ ਖੜ੍ਹਾ ਹੁੰਦਾ ਹੈ ਜਿਥੇ ਮੁੜ ਤੋਂ ਜੀਆਂ ਦਾ ਉਜਾੜਾ ਪੱਲੇ ਪੈਂਦਾ ਹੈ। ਜ਼ਾਲਮ ਹਾਲਾਤ ਫਿਰ ਉਸਨੂੰ ਨਾ ਇਸ ਥਾਂ 'ਤੇ ਵੱਸਣ ਦਿੰਦੇ ਹਨ ਅਤੇ ਨਾ ਪਰਾਈ ਧਰਤੀ ਨੂੰ ਆਪਣੀ ਠਾਹਰ ਬਣਨ ਦਿੰਦੇ ਹਨ। ਆਪਣੇ ਮਾਂ ਪਿਓ ਨੂੰ 84 ਦੇ ਦੁਖਾਂਤ ਵਿਚ ਗੁਆ ਲੈਣ ਵਾਲਾ ਰਣਜੋਧ ਪੁਲਿਸ ਵਧੀਕੀਆਂ ਤੋਂ ਬਚਦਾ ਬਾਹਰਲੇ ਮੁਲਕ ਜਾਣ ਲਈ ਜੋ ਸੰਕਟ ਭੋਗਦਾ ਦਿਖਾਇਆ ਗਿਆ ਹੈ ਇਹ ਹਾਲਾਤ ਦਿਲ ਵਿੰਨ੍ਹਵੇ ਹਨ। ਰਣਜੋਧ ਕਹਿੰਦਾ ਹੈ, 'ਜਰਮਨ ਵਰਗੇ ਸਵਰਗ ਵਿਚ ਜਾਣ ਲਈ ਮੈਂ ਬੜੇ ਚਾਅ ਨਾਲ ਜਹਾਜ਼ ਚੜ੍ਹਿਆ ਸਾਂ। ਜਹਾਜ਼ ਕੀਵ ਉਤਰਿਆ। ਕੀਵ ਤੋਂ ਲਿਥਵੀਆਂ ਦੇ ਜੰਗਲਾਂ ਰਾਹੀਂ ਪੋਲੈਂਡ ਦੇ ਵਾਰਸਾ ਸ਼ਹਿਰ ਗਏ। ਮੈਂ ਸੰਗਤਾਂ ਨੂੰ ਨਰਕਾਂ ਨੂੰ ਜਾਣ ਵਾਲੇ ਡਰਾਉਣੇ ਰਾਹ, ਜਿਥੋਂ ਦੀ ਜਮਦੂਤ ਲੈ ਕੇ ਜਾਂਦੇ ਨੇ, ਦਾ ਵਰਨਣ ਕਰਦਾ ਹੁੰਦਾ ਹਾਂ ਤੇ ਮੈਨੂੰ ਕੀਵ ਤੋਂ ਜਰਮਨ ਜਾਣ ਵਾਲਾ ਰਾਹ ਯਾਦ ਆ ਜਾਂਦਾ।' ਪੰਨਾ-30

ਇੰਜ ਇਹ ਕਹਾਣੀ ਪੰਜਾਬ ਦੇ ਸਾਧਾਰਨ ਮਨੁੱਖ ਦੇ ਇਤਿਹਾਸ ਦੀ ਉਹ ਸਾਖੀ ਨੂੰ ਸਾਕਾਰ ਕਰਦੀ ਹੈ ਜਿਸ ਵਿਚ ਜ਼ਾਲਮ ਧਿਰ ਇਸ ਕਦਰ ਭਾਰੂ ਬਣ ਕੇ ਸਾਹਮਣੇ ਆਉਂਦੀ ਹੈ ਕਿ ਉਹ ਭਿਅੰਕਰ ਸਥਿਤੀਆਂ ਪੈਦਾ ਕਰਕੇ ਉਸਦੀ ਸਾਰੀ ਜੀਵਨ ਰੌਂਅ ਨੂੰ ਬਦਲ ਕੇ ਰੱਖ ਦਿੰਦੀ ਹੈ। ਇੰਜ ਕਹਾਣੀ ਕਾਰ ਨੇ ਪੰਜਾਬ ਦੇ ਅਜੋਕੇ-ਸਮਕਾਲੀ ਇਤਿਹਾਸ ਨੂੰ ਮੁੜ ਗਹੁ ਨਾਲ ਦੇਖਣ ਦਾ ਉਪਰਾਲਾ ਕੀਤਾ ਹੈ ਜਿਸ ਦੀ ਝਾਕੀ ਦਰਦਨਾਕ ਹੈ। ਇਥੇ ਲੇਖਕ ਬਾਬਾ ਪੰਜਾਬ ਸਿਹੁੰ ਦੇ ਰਾਹੀਂ ਪੰਜਾਬੀ ਮਾਨਸਿਕਤਾ ਦਾ ਵੱਡੇ ਜੇਰੇ ਦਾ ਪ੍ਰਸੰਗ ਦਿਖਾ ਕੇ ਇਨ੍ਹਾਂ ਸ਼ਕਤੀਆਂ ਦੇ ਮੁਕਾਬਲੇ ਨਾ ਝੁਕਣ ਦਾ ਆਸ਼ਾਵਾਦੀ ਪਹਿਲੂ ਵੀ ਉਸਾਰਦਾ ਹੈ। ਇਸ ਜੇਰੇ ਨੂੰ ਦੇਖਦਾ ਹੋਇਆ ਰਣਜੋਧ ਜਿਹੜਾ ਜ਼ਿੰਦਗੀ ਤੋਂ ਟੁੱਟ ਜਾਂਦਾ ਹੈ, ਮੁੜ ਜੀਣ ਦਾ ਸਾਹਸ ਗ੍ਰਹਿਣ ਕਰ ਲੈਂਦਾ ਹੈ।

'ਰਾਹੂ-ਕੇਤੂ' ਕਹਾਣੀ ਚੰਦ ਸਿੰਘ ਪਾਤਰ ਦੀ ਕਥਾ ਨੂੰ ਸਵੈ ਕਥਨੀ ਵਿਧੀ ਦੇ ਰੂਪ ਵਿਚ ਉਸਾਰਦੀ ਹੈ। ਇਹ ਕਹਾਣੀ ਪੰਜਾਬ ਦੀ ਸਧਾਰਨ ਜੱਟ ਕਿਸਾਨੀ ਦੇ ਯਥਾਰਥਕ ਜੀਵਨ ਦੀ ਤਸਵੀਰ ਪੇਸ਼ ਕਰਦੀ ਹੋਈ ਆਰਥਿਕ ਤੇ ਸਭਿਆਚਾਰਕ ਪਤਨ ਦੀ ਨਿਸ਼ਾਨਦੇਹੀ ਕਰਦੀ ਹੈ। ਚੰਦ ਸਿੰਘ ਕਿਸੇ ਵੇਲੇ ਚੰਗੀ ਗੁਜ਼ਰ-ਬਸਰ ਦੀ ਸਥਿਤੀ ਵਿਚ ਹੁੰਦਾ ਸੀ ਪਰ ਹੁਣ ਉਸਦੀ ਹਾਲਤ ਐਸੀ ਪਤਲੀ ਹੋ ਜਾਂਦੀ ਹੈ ਕਿ ਉਹ ਦਰ ਦਰ ਠੋਕਰਾ ਖਾਣ ਨੂੰ ਮਜਬੂਰ ਹੋ ਜਾਂਦਾ ਹੈ। ਪਰੰਤੂ ਕਹਾਣੀਕਾਰ ਉਸ ਅੰਦਰੋਂ ਜੱਟ ਅਵਚੇਤਨ ਨੂੰ ਖੁਰਨ ਨਹੀਂ ਦਿੰਦਾ। ਕਹਾਣੀ ਦੇ ਅਖੀਰਲੇ ਉਸਦੇ ਬੋਲ ਹਨ ਜੱਟ ਤਾਂ ਘੀਸੀ ਕਰਵਾ ਦਿੰਦਾ। ਉਹ ਹੋਰ ਹੋਣਗੇ ਜਿਹੜੇ ਖੁਦਕਸ਼ੀਆਂ ਕਰ ਜਾਂਦੇ ਨੇ।' ਇੰਜ ਕਹਾਣੀਕਾਰ ਇਸ ਪਾਤਰ ਦੇ ਬੋਲਾਂ ਵਿਚੋਂ ਬੁਝ ਰਹੀ ਲਾਟ ਦੀ ਉਸ ਭੜ ਭੜਾਹਟ ਨੂੰ ਦਰਸਾਉਂਦਾ ਹੈ ਜਿਸ ਨੇ ਇਕ ਵਰਗ ਦਾ ਕਚੂਮਰ ਭਾਵੇਂ ਕੱਢ ਦਿੱਤਾ ਹੈ ਪਰ ਉਹ ਆਪਣੇ ਹਉਂ ਦੀ ਸੱਤਾ ਦੇ ਬਲਬੂਤੇ ਜੀਵਨ ਨੂੰ ਠੁੰਮਣਾ ਦੇਣ ਦਾ ਯਤਨ ਕਰ ਰਿਹਾ ਹੈ। ਇਹ ਪਾਤਰ ਪੇਂਡੂ ਜੀਵਨ ਅੰਦਰ ਸਰਮਾਏਦਾਰ ਸੰਬੰਧਾਂ ਦੁਆਰਾ ਹੋਂਦ ਵਿਚ ਆਈ ਸ਼ਰੀਕੇਬਾਜ਼ੀ ਤੇ ਧੜੇਬੰਦੀ ਦਾ ਸ਼ਿਕਾਰ ਹੋ ਕੇ ਭਾਵੇਂ ਇਹ ਭਰਮ ਤਾਂ ਪਾਲ ਲੈਂਦਾ ਹੈ ਕਿ ਉਹ ਵਿਰੋਧੀ ਦੀ ਘੀਸੀ ਕਰਵਾ ਦਿੰਦਾ ਹੈ ਪਰ ਉਹ ਹਾਲਾਤ ਦੁਆਰਾ ਆਪਣੀ ਹੋ ਰਹੀ ਘੀਸੀ ਬਾਰੇ ਬੇਗੌਰਾ ਬਣਿਆ ਰਹਿੰਦਾ ਹੈ। ਸਥਿਤੀ ਦਾ ਦੁਖਾਂਤ ਇਹ ਹੈ ਕਿ ਇਕੱਲੀ ਸ਼ਰੀਕੇਬਾਜ਼ੀ ਹੀ ਉਸਦੇ ਰਾਹ ਦਾ ਰੋੜਾ ਨਹੀਂ ਸਗੋਂ ਦੋ ਪੁੱਤਰਾਂ ਦੇ ਹੁੰਦੇ ਹੋਏ ਵੀ ਉਹ ਹੋਰਨਾਂ ਦੇ ਹੱਥਾਂ ਵੱਲ ਝਾਕਣ ਲਈ ਮਜਬੂਰ ਹੈ। ਕਿਉਂਕਿ ਦੋਵੇਂ ਮੁੰਡੇ ਥੋੜ੍ਹੀ ਜਿਹੀ ਬਚਦੀ ਜ਼ਮੀਨ ਨੂੰ ਲੈ ਕੇ ਆਪੋ ਵਿਚ ਸ਼ਰੀਕ

ਬਣ ਜਾਂਦੇ ਹਨ। ਨਗੂਣੀ ਜਿਹੀ ਪੈਨਸ਼ਨ ਲਵਾਉਣ ਦੇ ਚੱਕਰ ਵਿਚ ਉਹ ਨੀਵਾਂ ਹੋ ਕੇ ਵਕੀਲ, ਡਾਕਟਰ ਤੇ ਪਟਵਾਰੀ ਦੀ ਚਾਪਲੂਸੀ ਕਰਦਾ ਹੈ। ਇਥੇ ਕਹਾਣੀਕਾਰ ਨੇ ਸਰਮਾਏਦਾਰੀ ਸੰਬੰਧਾਂ ਦੀ ਜਕੜਬੰਦੀ ਵਿਚੋਂ ਬਦਲ ਰਹੇ ਉਸ ਕਿਰਦਾਰ ਨੂੰ ਵੱਡੇ ਮੁੱਦੇ ਦੇ ਰੂਪ ਵਿਚ ਸਾਹਮਣੇ ਲਿਆਂਦਾ ਹੈ ਜਿਸ ਵਿਚੋਂ ਮਿਹਨਤਕਸ਼ ਮਨੁੱਖ ਕਿਵੇਂ ਸਭ ਤੋਂ ਪਹਿਲਾਂ ਉਤਪਾਦਨੀ ਵਸੀਲਿਆਂ ਤੋਂ ਲਾਂਭੇ ਕੀਤਾ ਜਾਂਦਾ ਹੈ ਉਸ ਤੋਂ ਮਗਰੋਂ ਉਸ ਨੂੰ ਲੁਭਾਊ ਆਰਥਿਕ ਰਾਜਸੀ ਤੰਤਰ ਦਾ ਹੱਥ ਠੋਕਾ ਬਣਾ ਕੇ ਉਸਦੀ ਜਾਗਦੀ ਜ਼ਮੀਰ ਨੂੰ ਗੁਲਾਮ ਬਣਾ ਲੈਣ ਦੀ ਸਾਜਿਸ ਕੀਤੀ ਜਾਂਦੀ ਹੈ।

'ਈਸ਼ਵਰ ਦਾ ਜਨਮ' ਇਸ ਸੰਗ੍ਰਹਿ ਦੀ ਸਿਰਲੇਖੀ ਕਹਾਣੀ ਹੈ। ਇਹ ਨਾਂ ਜਿਥੇ ਪਾਠਕ ਦੇ ਮਨ ਵਿਚ ਕਈ ਸਵਾਲ ਖੜ੍ਹੇ ਕਰਦਾ ਹੈ ਉਥੇ ਪਾਠਕ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਦਾ ਸਬੱਬ ਵੀ ਬਣਾਉਂਦਾ ਹੈ। ਈਸ਼ਵਰ ਦਾ ਸੰਕਲਪ ਮਨੁੱਖ ਦੇ ਭੌਤਿਕ ਤੇ ਪ੍ਰਾਭੌਤਿਕ ਜਗਤ ਦਾ ਇਕ ਮੂਲ ਸੂਤਰ ਬਣਿਆ ਆ ਰਿਹਾ ਹੈ। ਇਸ ਪ੍ਰਤੀ ਮਨੁੱਖ ਦੇ ਚਿੰਤਨ ਵਿਚ ਨਿਰੰਤਰ ਬਦਲਾਅ ਦੀ ਪ੍ਰਕਿਰਿਆ ਬਣੀ ਹੋਈ ਹੈ। ਇਸੇ ਕਰਕੇ ਵੱਖੋ-ਵੱਖਰੇ ਧਰਮ ਚਿੰਤਨ ਵੀ ਇਸ ਸੰਕਲਪ ਦਾ ਇਕ ਰੂਪ ਦਰਸਾਉਣ ਵਿੱਚ ਸਹਿਮਤ ਨਹੀਂ। ਆਧੁਨਿਕ ਯੁੱਗ ਵਿਚ ਈਸ਼ਵਰ ਦੇ ਸੰਕਲਪ ਨੇ ਇਕ ਵੱਖਰਾ ਰੂਪ ਗ੍ਰਹਿਣ ਕੀਤਾ ਹੈ। ਇਸ ਯੁੱਗ ਵਿਚ ਈਸ਼ਵਰ ਦੀ ਕੋਈ ਬਾਹਰਮੁਖੀ ਹੋਂਦ ਮਨੁੱਖ ਨੂੰ ਪ੍ਰਭਾਵਿਤ ਕਰਨੋਂ ਬੇਵੱਸ ਹੋ ਗਈ ਹੈ ਕਿਉਂਕਿ ਆਧੁਨਿਕ ਯੁੱਗ ਦੇ ਸਰਮਾਏਦਾਰੀ ਰੂਪ ਨੇ ਮਨੁੱਖ ਨੂੰ ਸਵੈ ਤੋਂ ਪਾਰ ਜਾ ਕੇ ਪਾਰਲੌਕਿਕਤਾ ਦੀ ਭਰਮ ਚੇਤਨਾ ਵਿਚੋਂ ਸਕੂਨ ਹਾਸਲ ਕਰਨ ਦੀਆਂ ਸੰਭਾਵਨਾਵਾਂ ਨੂੰ ਖੋਰ ਦਿੱਤਾ ਹੈ। ਇਸੇ ਮਸਲੇ ਦੇ ਵਿਚੋਂ ਈਸ਼ਵਰ ਦਾ ਸੰਕਲਪ, ਨਵੇਂ ਸਮੇਂ ਦੇ ਹਾਣ ਦਾ ਹੋ ਕੇ ਮਨੁੱਖ ਵਿਚੋਂ ਹੀ ਈਸ਼ਵਰੀ ਹੋਂਦ ਦੀ ਜਗਿਆਸਾ ਨੂੰ ਪੈਦਾ ਕਰਨਾ ਚਾਹੁੰਦਾ ਹੈ। ਇਸ ਕਹਾਣੀ ਅੰਦਰ ਅਮਨ ਆਪਣੇ ਮਨ ਦੀ ਅਸਾਂਤੀ ਨੂੰ ਈਸ਼ਵਰੀ ਹੋਂਦ ਦਾ ਰੂਪ ਮੰਨ ਕੇ ਦੂਰ ਕਰਨ ਦਾ ਅਭਿਆਸ ਕਰਦਾ ਦਿਖਾਇਆ ਹੈ। ਜਦ ਕੇ ਸਮਾਜਿਕ ਵਿਹਾਰ ਅੰਦਰ ਉਸਦਾ ਇਹ ਰੂਪ ਅਸਹਿਜ ਤੇ ਅਵੱਲਾ ਬਣ ਜਾਂਦਾ ਹੈ। ਇਥੇ ਅਮਨ ਤੇ ਉਸਦੀ ਘਰਵਾਲੀ ਦੇ ਸਮਾਜੀ ਰਿਸ਼ਤੇ ਦੀ ਹਕੀਕਤ ਵਿਚੋਂ ਕਹਾਣੀਕਾਰ ਇਸ ਭਰਮ ਨੂੰ ਟੁੱਟਦੇ ਦਿਖਾਉਂਦਾ ਹੈ,

"ਰਾਜੀ ਨੇ ਅਮਨ ਨੂੰ ਮੋਢੇ ਤੋਂ ਫੜ ਕੇ ਹਲੂਦਿਆਂ "ਮੈ ਕਿਹਾ ਜੀ...।" ਉਹ ਉਸੇ ਤਰ੍ਹਾਂ ਅੱਖਾਂ ਮੀਚੀ ਸ਼ਾਂਤ ਚਿੱਤ ਬੈਠਾ ਰਿਹਾ। ਰਾਜੀ ਦਾ ਦਿਲ ਕਰ ਰਿਹਾ ਸੀ। ਉਹ ਸਾਰੇ ਕੁੱਟੇ ਹੱਡ-ਹੱਡ ਪੋਲਾ ਕਰ ਦੇਵੇ ਉਸਨੇ ਉਹਦਾ ਮੋਢਾ ਥੋੜਾ ਜ਼ੋਰ ਨਾਲ ਹਲੂਣ ਕੇ ਕਿਹਾ, "ਮੈਂ ਕਿਹਾ ਜੀ, ਗੱਲ ਤਾਂ ਸੁਣੋ...।" ਉਸਨੂੰ ਪੱਥਰ ਬਣਿਆ ਦੇਖ ਰਾਜੀ ਨੂੰ ਜਿਵੇਂ ਕੁਝ ਹੋ ਗਿਆ। ਉਸਨੇ ਅਮਨ ਦੀ ਛਾਤੀ ਤੇ ਦੁਹੱਥੜਾ ਮਾਰਿਆ। ਅੱਗ ਲੱਗ ਜੇ ਤੇਰੇ ਈਸ਼ਵਰ ਨੂੰ ਨਾਲੇ ਤੈਨੂੰ... ਸਾਨੂੰ ਤਾਂ ਤੇਰਾ ਬੋਲਣ ਦਾ ਤਾਂ ਭਾਅ ਨੀ... ਚੋਦਿਆ ਸ਼ਿਵਰ ਦਾ...।' ਪੰਨਾ 68

ਇੰਜ ਕਹਾਣੀਕਾਰ ਨੇ ਅਜੋਕੇ ਯੁਗ ਅੰਦਰ ਧਾਰਮਿਕ ਸੰਸਥਾਵਾਂ ਦੁਆਰਾ ਰੱਬ ਦੇ ਸੰਕਲਪ ਨੂੰ ਆਤਮ ਚਿੰਤਨ ਤੱਕ ਘਟਾ ਕੇ ਦੇਖਣ ਦੇ ਨਵੇਂ ਛੜਯੰਤਰਾਂ ਨੂੰ ਨੰਗਾ ਕੀਤਾ ਹੈ। ਇਥੇ ਲੇਖਕ ਉਸ ਬੁਨਿਆਦੀ ਮਸਲੇ ਨੂੰ ਉਠਾਉਣ ਦਾ ਯਤਨ ਕਰਦਾ ਹੈ ਜਿਸ ਵਿਚ ਰੂਹਾਨੀ ਚਿੰਤਨ ਦੀ ਸਮਾਜਿਕ ਦਾਇੱਤਵ ਤੋਂ ਅਲਹਿਦਗੀ ਪ੍ਰਵਾਨ ਨਹੀਂ ਕੀਤੀ ਜਾ ਸਕਦੀ। ਇਸੇ ਕਰਕੇ ਕਹਾਣੀ ਵਿਚ ਅਮਨ ਦੀ ਘਰਵਾਲੀ ਰਾਜੀ ਉਸ ਦੇ ਰੂਹਾਨੀ ਸੰਸਾਰ ਵਿਚ ਗੁੰਮ ਜਾਣ ਦੇ ਵਿਹਾਰ ਨੂੰ ਘਟੀਆ ਤੇ ਢੌਂਗੀ ਮੰਨਦੀ ਹੈ। ਇਸ ਕਹਾਣੀ ਅੰਦਰ ਕਥਾ ਬਿਰਤਾਂਤ ਨੂੰ ਅਧਿਆਤਮਕ ਸ਼ਿਵਰ ਦੀ ਸਾਧਨਾ ਦੇ ਦ੍ਰਿਸ਼ਾ ਰਾਹੀਂ ਦਰਸਾਇਆ ਗਿਆ ਹੈ। ਇਹ ਦ੍ਰਿਸ਼ ਕਹਾਣੀ ਦੀ ਚਾਲ ਨੂੰ ਮੱਠਾ ਬਣਾ ਦਿੰਦੇ ਹਨ। ਪਰੰਤੂ ਕਹਾਣੀਕਾਰ ਇਸ ਕੋਸ਼ਿਸ਼ ਵਿਚ ਹੈ ਕਿ ਸਵੈ ਸਾਧਨਾ ਦੇ ਨਾਂ 'ਤੇ ਧਾਰਮਿਕ ਸੰਸਥਾਵਾਂ ਦੇ ਭਰਮਾਊ-ਤੰਤਰ ਦਾ ਭਰਵਾਂ ਚਿਤਰ ਪਾਠਕਾਂ ਦੇ ਸਾਹਮਣੇ ਆ ਸਕੇ। ਇਥੇ ਹੋਰ ਮੁੱਦਾ ਵੀ ਵਿਚਾਰਨਯੋਗ ਹੈ ਕਿ ਇਹ ਸੰਸਥਾਵਾਂ ਉਸ ਵਰਗ ਨੂੰ ਆਪਣੀ ਸੋਚ ਦਾ ਪਾਠ ਪੜਾਉਣ ਵਿਚ ਯਤਨਸ਼ੀਲ ਹੈ ਜਿਹੜਾ ਅੱਗੇ ਜਾ ਕੇ ਪੜ੍ਹਨ ਵਾਲੇ ਵਿਦਿਆਰਥੀ ਵਰਗ ਦੀ ਮਾਨਸ਼ਿਕਤਾ ਦੇ ਉੱਤੇ ਅਸਰ ਅੰਦਾਜ਼ ਹੋ ਸਕੇ ਕਹਾਣੀ ਅੰਦਰ ਸ਼ਿਵਰ ਲਾਉਣ ਵਾਲੇ ਅੱਠ ਵਿਅਕਤੀ ਅਧਿਆਪਕ ਹਨ ਜਿਨ੍ਹਾਂ ਨੂੰ ਸਿੱਖਿਆ ਮਹਿਕਮੇ ਦੇ ਸਰਕਾਰੀ ਹੁਕਮਾਂ ਕਰਕੇ ਇਹ ਸ਼ਿਵਰ ਇਸ ਕਰਕੇ ਲਾਉਣ ਲਈ ਕਿਹਾ ਗਿਆ ਹੈ ਕਿ ਸਵੈ-ਚਿੰਤਨ ਰਾਹੀਂ ਸਿੱਖਿਆ ਖੇਤਰ ਵਿਚ ਨੈਤਿਕ ਸੁਧਾਰ ਲਿਆਇਆ ਜਾਵੇ। ਪਰ ਸਿਵਰ



ਦੇ ਪੰਜ ਰੋਜ਼ਾ ਅਭਿਆਸ ਤੋਂ ਮਗਰੋਂ ਕੇਂਦਰੀ ਪਾਤਰ ਦਾ ਵਿਹਾਰ ਅੰਤਰਮੁਖੀ ਬਣ ਜਾਂਦਾ ਹੈ ਜਿਸ ਦਾ ਨਤੀਜਾ ਸਕੂਲ ਵਿਚ ਵੀ ਨਾਂਹ ਮੁਖੀ ਬਣਦਾ ਹੈ ਅਤੇ ਘਰ ਅੰਦਰ ਵੀ। ਪਰ ਇਹ ਪਾਤਰ ਸ਼ਿਵਰ ਅੰਦਰੋਂ ਆਤਮ ਸਿੱਧੀ ਨੂੰ ਪ੍ਰਾਪਤ ਕਰਨ ਵਾਲਾ ਇਕੋ ਇਕ ਕਾਮਯਾਬ ਤੇ ਭਾਗਸ਼ਾਲੀ ਬੰਦਾ ਹੋਣ ਦਾ ਸਨਮਾਨ ਪ੍ਰਾਪਤ ਕਰਦਾ ਹੈ। ਇੰਜ ਇਹ ਕਹਾਣੀ ਧਾਰਮਿਕ ਸੰਸਥਾਵਾਂ ਦੇ ਅਜਿਹੇ ਕਿਰਦਾਰ ਦੇ ਕਈ ਲੁਕਵੇਂ ਪਹਿਲੂਆਂ ਨੂੰ ਵੱਡੇ ਮਸਲਿਆਂ ਦੇ ਰੂਪ ਵਿਚ ਉਠਾਉਂਦੀ ਹੈ ਜਿਹੜਾ ਸਕੂਲੀ ਸਿੱਖਿਆ ਅੰਦਰ ਘੁਸ-ਪੈਠ ਕਰ ਕੇ ਅਧਿਆਪਕ ਵਰਗ ਤੇ ਵਿਦਿਆਰਥੀ ਵਰਗ ਨੂੰ ਆਤਮਮੁਖੀ ਪਾਠ ਪੜ੍ਹਾ ਕੇ ਸਿਰਫ ਆਤਮ ਕੇਂਦਰਿਤ ਬਣਾ ਦੇਣ ਦੀ ਚਾਲ ਚੱਲ ਰਿਹਾ ਹੈ।

'ਅੱਗ ਬੰਨ੍ਹਣ ਵਾਲਾ' ਇਸ ਸੰਗ੍ਰਹਿ ਦੀ ਅਗਲੀ ਮਹੱਤਵਪੂਰਨ ਕਹਾਣੀ ਹੈ। ਇਹ ਕਹਾਣੀ ਸਰਮਾਏਦਾਰੀ ਤੰਤਰ ਦੁਆਰਾ ਪੈਦਾ ਕੀਤੇ ਉਸ ਭਰਮ ਨੂੰ ਤੋੜਦੀ ਹੈ ਜਿਸ ਦੀ ਲਾਲਸਾ ਵਿਚ ਮਿਹਨਤਕਸ਼ ਬੰਦਾ ਕਮਾਈ ਕਰ ਕੇ ਬਿਹਤਰ ਜੀਵਨ ਦਾ ਸੁਪਨਾ ਦੇਖਦਾ ਹੈ। ਆਧੁਨਿਕ ਯੁੱਗ ਵਿਚ ਸਰਮਾਏਦਾਰੀ ਨੇ ਮਿਹਨਤ ਦੇ ਰਾਹੀਂ ਚੰਗੇਰੇ ਭਵਿੱਖ ਦਾ ਸੁਪਨਾ ਦੇਖਣ ਵਾਲੇ ਬੰਦੇ ਦੇ ਰਾਹ ਵਿੱਚ ਅਤਿਅੰਤ ਜ਼ਾਲਮ ਤੇ ਅਮਾਨਵੀ ਰੋਕਾਂ ਲਾ ਦਿੱਤੀਆਂ ਹਨ। ਇਨ੍ਹਾਂ ਰੋਕਾਂ ਤੇ ਮੁਸ਼ਕਿਲਾਂ ਦਾ ਮਾਰਿਆ ਬੰਦਾ ਕਿਸੇ ਪਾਸੇ ਜੋਗਾ ਨਹੀਂ ਰਹਿੰਦਾ। ਇਸ ਕਹਾਣੀ ਦਾ ਮੈਂ ਪਾਤਰ ਬਾਹਰਲੇ ਮੁਲਕ ਵਿਚੋਂ ਵਿਆਹ ਕਰਵਾਉਣ ਇੰਡੀਆ ਆਉਂਦਾ ਹੈ ਪਰ ਉਸਦੇ ਸਹੁਰੇ ਐਨ ਮੌਕੇ 'ਤੇ ਉਸ ਨਾਲ ਕੁੜੀ ਤੋਰਨ ਲਈ ਤਿਆਰ ਨਹੀਂ ਹੁੰਦੇ ਕਿਉਂਕਿ ਉਨ੍ਹਾਂ ਨੂੰ ਉਸਦੀ ਤੇ ਇਥੇ ਵਸਦੇ ਉਸਦੇ ਘਰਦਿਆਂ ਦੀ ਮੰਦਹਾਲੀ ਦਾ ਪਤਾ ਲੱਗ ਜਾਂਦਾ ਹੈ। ਮੈਂ ਪਾਤਰ ਇਸਦਾ ਦੋਸ਼ ਘਰ ਵਾਲਿਆਂ ਸਿਰ ਮੜ੍ਹਦਾ ਹੈ ਪਰ ਘਰ ਵਾਲਿਆਂ ਦੀ ਅਸਲੀ ਹਾਲਤ ਦੇਖ ਕੇ ਉਸ ਨੂੰ ਹਕੀਕਤ ਦਾ ਅਹਿਸਾਸ ਹੋ ਜਾਂਦਾ ਹੈ।

'ਅੱਗ ਬੰਨ੍ਹਣ ਵਾਲਾ' ਇਕ ਕਰਾਮਾਤੀ ਚਿਹਨ ਹੈ ਜਿਸ ਨੂੰ ਕਹਾਣੀਕਾਰ ਪੰਜਾਬੀ ਮਨੁੱਖ ਦੀ ਮਿਹਨਤੀ ਸ਼ਕਤੀ ਦੇ ਅਰਥਾਂ ਵਿਚ ਪ੍ਰਵਰਤਿਤ ਕਰਕੇ ਦੇਖਦਾ ਹੈ। ਪਰੰਤੂ ਇਸ ਚਿਹਨ ਦੇ ਚਿਹਨਤੀ ਸੰਚਾਰ ਦੀ ਯਾਤਰਾ ਅੱਜ ਦੇ ਯੁੱਗ ਅੰਦਰ ਆ ਕੇ ਦਮ ਤੋੜ ਜਾਂਦੀ ਹੈ। ਮਿਹਨਤਕਸ਼ ਮਨੁੱਖ ਦੀ ਸਾਰੀ ਊਰਜਾ ਜਿਹੜੀ ਕਿਸੇ ਵੇਲੇ ਅੱਗ ਬੰਨ੍ਹਣ ਦਾ ਜੇਰਾ ਕਰਨ ਤੱਕ ਜਾਂਦੀ ਸੀ, ਉਹ ਅੱਜ ਹਾਲਾਤ ਦੀ ਮਾਰੀ ਝੰਬੀ ਸਾਹਸੱਤਹੀਣ ਹੋਈ ਪਈ ਹੈ। ਇੰਜ ਕਹਾਣੀਕਾਰ ਲੋਕਧਾਰਾ ਦੇ ਮੌਜੂਦਾ ਦੌਰ ਅੰਦਰਲੇ ਕੁਝ ਅਜਿਹੇ ਮਸਲਿਆਂ ਨੂੰ ਸੰਕੇਤਕ ਢੰਗ ਨਾਲ ਉਠਾਉਣ ਦਾ ਯਤਨ ਕਰਦਾ ਦਿਖਾਈ ਦਿੰਦਾ ਹੈ ਜਿਹੜੇ ਸਮਾਜ ਦੇ ਵੱਡੇ ਫਿਕਰ ਬਣ ਕੇ ਸਾਡੇ ਸਾਹਮਣੇ ਖੜ੍ਹੇ ਹੋਣ ਜਾ ਰਹੇ ਹਨ।

'ਚਲੋ ਪਿਆਰ ਕਰੀਏ' ਕਹਾਣੀ ਸੁਝਾਓਮਈ ਉਨਵਾਨ ਵਾਲੀ ਹੈ। ਮਸਲਾ ਆਪਣੇ ਜੀਵਨ ਸਾਥੀ ਲਈ ਪਿਆਰ ਦੇ ਕਬਜੇ ਵਾਲੇ ਸਿਧਾਂਤ ਵਿਚੋਂ ਪੈਦਾ ਹੁੰਦਾ ਹੈ। ਜਦ ਕਿ ਪਿਆਰ ਕਬਜੇ ਦੇ ਬੰਧਨ ਨੂੰ ਸਵੀਕਾਰ ਨਹੀਂ ਕਰਦਾ। ਕਾਮਨੀ ਵਰਮਾ ਇਕ ਪੜ੍ਹੀ ਲਿਖੀ ਖ਼ੂਬਸੂਰਤ ਔਰਤ ਹੈ ਜਿਹੜੀ ਘਰਵਾਲੇ ਦੇ ਸ਼ਾਕੀ ਰਵੱਈਏ ਤੋਂ ਪਰੇਸ਼ਾਨ ਹੈ। ਪਰੰਤੂ ਅਰਧਚੇਤਨ ਮਨ ਵਿਚ ਵਸੇ ਜਗੀਰੂ ਸੰਸਕਾਰ ਉਸਦੇ ਪਤੀ ਨੂੰ ਮਰਦਾਵੀਂ ਸੋਚ ਤੋਂ ਮੁਕਤ ਨਹੀਂ ਹੋਣ ਦਿੰਦੇ। ਆਖਰ ਕਾਮਨੀ ਵਰਮਾ ਆਪਣੀ ਸਤੁੰਤਰ ਜ਼ਿੰਦਗੀ ਜੀਣ ਦਾ ਫੈਸਲਾ ਕਰ ਲੈਂਦੀ ਹੈ। ਇਸ ਅਜ਼ਾਦ ਮਾਹੌਲ ਵਿਚ ਉਸਦਾ ਰੂਪ ਨਿੱਖਰ ਜਾਂਦਾ ਹੈ ਤੇ ਉਸ ਨੂੰ ਡੀ. ਪੀ. ਓ. ਦੇ ਅਹੁਦੇ ਤੱਕ ਪਹੁੰਚਿਆ ਦੇਖ ਉਸ ਦਾ ਪਤੀ ਨਮੋਸ਼ੀ ਵਿਚ ਗੁੰਮ ਜਾਂਦਾ ਹੈ। ਇੰਜ ਇਹ ਕਹਾਣੀ ਜਿਥੇ ਮਰਦਾਵੀਂ ਸੋਚ ਦੇ ਮਨਮੁੱਖ ਨਵੇਂ ਸਵਾਲ ਖੜ੍ਹੇ ਕਰਦੀ ਹੈ ਉਥੇ ਔਰਤ ਨੂੰ ਪਿਆਰ ਕਰਨ ਦੇ ਤਰੀਕੇ ਵਿਚ ਵੀ ਤਬਦੀਲੀ ਦਾ ਸੁਝਾਓ ਪ੍ਰਸੁਤਤ ਕਰਦੀ ਪ੍ਰਤੀਤ ਹੁੰਦੀ ਹੈ।

'ਬੇਰਵਾਜਾ ਸੂਟ' ਇਸ ਸੰਗ੍ਰਹਿ ਦੀ ਲਾਜਵਾਬ ਕਹਾਣੀ ਹੈ। ਇਸ ਕਹਾਣੀ ਅੰਦਰ ਔਰਤ ਦੀ ਵੇਦਨਾ ਨੂੰ ਨਿਵੇਕਲੇ ਕਥਾ ਵਸਤੂ ਤੇ ਕਥਾ ਵਿਧੀ ਦੇ ਰਾਹੀਂ ਪੇਸ਼ ਕੀਤਾ ਗਿਆ ਹੈ। ਕਹਾਣੀਕਾਰ ਔਰਤ ਦੀ ਇਸ ਵੇਦਨਾ ਨੂੰ ਸੂਤਕ ਰੁੱਤ ਤੋਂ ਲੈ ਕੇ ਜੋਬਨ ਰੁੱਤ ਤੱਕ ਅਤੇ ਅਗਾਂਹ ਕਬੀਲਦਾਰੀ ਤੋਂ ਲੈ ਕੇ ਬੁਢਾਪੇ ਦੀ ਰੁੱਤ ਤੱਕ ਫੈਲਾ ਦਿੰਦਾ ਹੈ ਜਿਥੇ ਜੀਵਨ ਦਾ ਸਫ਼ਰ ਖ਼ਤਮ ਹੋਣ ਵਾਲਾ ਹੁੰਦਾ ਹੈ। ਕਹਾਣੀ ਅੰਦਰ ਪਾਤਰ ਆਪਣੇ ਅਤੀਤ ਦੇ ਉਨ੍ਹਾਂ ਦੁਖਦ ਪਲਾਂ ਨੂੰ ਯਾਦ ਕਰਦੀ ਹੈ ਜਦੋਂ ਜਦੋਂ ਉਸ ਦੇ ਸੀਨੇ ਵਿਚ ਬਰਮ ਬਣਦੇ ਹਨ। ਬਰਮ ਬਣਨ ਦਾ ਪਹਿਲਾ ਵਾਕਿਆ ਆਪਣੇ ਪਿਓ ਦੀ ਮੌਤ ਤੋਂ ਬਾਅਦ ਮਾਂ ਦੁਆਰਾ ਮਜਬੂਰੀ ਵੱਸ ਸਦਾ ਲਈ

ਛੱਡ ਕੇ ਚਲੇ ਜਾਣ ਨਾਲ ਸ਼ੁਰੂ ਹੁੰਦਾ ਹੈ। ਚਾਚੀ ਕੋਲੋਂ ਮਿਲੀ ਝਾੜ ਝੰਬ ਤੇ ਨਿਆਸਰੇ ਹੋਣ ਦਾ ਸੰਤਾਪ ਮਾਰਮਿਕ ਢੰਗ ਨਾਲ ਸਾਹਮਣੇ ਆਉਂਦਾ ਹੈ। ਜੋਬਨ ਰੁੱਤ ਵਿੱਚ ਉਸ ਦੀ ਚਾਹਤ ਦੀ ਮੂਕ ਭਾਵਨਾ ਨੂੰ ਉਸ ਵੇਲੇ ਧੱਕਾ ਲੱਗਦਾ ਹੈ ਜਦੋਂ ਆਪਣੇ ਦੋ ਬੋਲਾਂ ਰਾਹੀਂ ਉਸਦੀ ਰਾਣੀ ਭੈਣ ਦਾ ਦਿਉਰ ਕੁਝ ਸਮੇਂ ਲਈ ਉਸ ਦੀ ਇਕੱਲਤਾ ਤੇ ਨਿਆਸਰੇਪਣ ਨੂੰ ਰਾਂਗਲੇ ਸੁਪਨਿਆਂ ਵਿਚ ਬਦਲਣ ਦਾ ਸੁਪਨਾ ਦਿਖਾਉਂਦਾ ਹੈ। ਪਰ ਛੇਤੀ ਹੀ ਉਸਦਾ ਵਿਆਹ ਕਿਧਰੇ ਹੋਰ ਹੋ ਜਾਂਦਾ ਹੈ। ਇਸ ਵੇਲੇ ਉਸਦੇ ਦੂਜਾ ਬਰਮ ਲੱਗਦਾ ਹੈ। ਅਗਲਾ ਦੁਖਦ ਵਾਕਿਆ ਚਾਚੀ ਵੱਲੋਂ ਅਧਖੜ ਨਸ਼ੇ ਪੱਤੇ ਦੇ ਆਦੀ ਬੰਦੇ ਨਾਲ ਵਿਆਹ ਕਰ ਦੇਣ ਨਾਲ ਸ਼ੁਰੂ ਹੁੰਦਾ ਹੈ। ਇਸ ਮੌਕੇ ਰਾਣੀ ਭੈਣ ਦਾ ਦਿਉਰ ਉਸ ਨੂੰ ਬੂਟੀਆਂ ਵਾਲਾ ਸੂਟ ਭੇਜਦਾ ਹੈ ਜਿਹੜਾ ਸਦਾ ਲਈ ਉਸ ਦੀ ਅਣਮੋਲ ਵਸਤੂ ਬਣ ਜਾਂਦਾ ਹੈ। ਸਹੁਰੇ ਘਰ ਦੇ ਬੋਲ ਕੁਬੋਲ ਤੇ ਨਿਆਸਰੇ ਹੋਣ ਦਾ ਸੰਤਾਪ ਇਥੇ ਵੀ ਉਸ ਦਾ ਖਹਿੜਾ ਨਹੀਂ ਛੱਡਦਾ ਆਖਰ ਉਹ ਵੇਲਾ ਵੀ ਆਉਂਦਾ ਹੈ ਜਦੋਂ ਰਾਣੀ ਭੈਣ ਦੇ ਦਿਉਰ ਅਰਜਣ ਨਾਲ ਉਸ ਦਾ ਮੇਲ ਹੁੰਦਾ ਹੈ। ਇਸ ਤੋਂ ਬਾਅਦ ਉਸਦੇ ਦੋ ਜੌੜੇ ਮੁੰਡੇ ਜੰਮਦੇ ਹਨ। ਇਕ ਧੀਰਾ ਜਿਹੜਾ ਜਵਾਨੀ ਵਿਚ ਨਸ਼ੇ ਪੱਤੇ ਦਾ ਆਦੀ ਹੋ ਕੇ ਉਸ ਨਾਲ ਝਗੜਾ ਝੇੜਾ ਕਰੀਂ ਰੱਖਦਾ ਹੈ। ਇਹ ਨੌਬਤ ਮਾਰ-ਮਰਾਈ ਤੱਕ ਪਹੁੰਚ ਜਾਂਦੀ ਹੈ ਜਿਥੇ ਧੀਰਾ ਉਸ ਨੂੰ ਜ਼ਖ਼ਮੀ ਕਰ ਕੇ ਆਪ ਨਹਿਰ ਵਿਚ ਛਾਲ ਮਾਰ ਦਿੰਦਾ ਹੈ। ਇਹ ਸਥਿਤੀ ਮਾਂ ਦੀ ਵੇਦਨਾ ਦੀ ਕਹਿਰਵਾਨ ਸਥਿਤੀ ਹੈ। ਦੂਜਾ ਪੁੱਤ ਰਾਜੂ ਵੀ ਆਪਣੀ ਘਰਵਾਲੀ ਦਾ ਮੁਰੀਦ ਬਣ ਕੇ ਉਸ ਕੋਲੋਂ ਤੋੜ ਵਿਛੋੜਾ ਕਰ ਲੈਂਦਾ ਹੈ। ਪਰ ਅੱਜ ਮਰਨ ਕਿਨਾਰੇ ਪਈ ਮਾਂ ਦੇ ਕੋਲ ਆ ਕੇ ਆਪਣੇ ਫਰਜ਼ ਅਦਾ ਕਰਨ ਦਾ ਕਾਰਜ ਕਰ ਰਿਹਾ ਹੈ ਕਿਉਂਕਿ ਉਸਦੀ ਨਿਗਾਹ ਵਿਚ ਹੁਣ ਉਹ ਘਰ ਤੇ ਜ਼ਮੀਨ ਜਾਇਦਾਦ ਦਾ ਇਕੱਲਾ ਵਾਰਸ ਹੈ।

ਜੀਵਨ ਭਰ ਦੇ ਇਨ੍ਹਾਂ ਦੁਖਦ ਪਲਾਂ ਵਿਚੋਂ ਗੁਜ਼ਰਦਿਆਂ ਇਸ ਪਾਤਰ ਨੂੰ ਕਹਾਣੀਕਾਰ ਨੇ ਬੂਟੀਆਂ ਵਾਲੇ ਸੂਟ ਦੀ ਸਾਂਝ ਨਾਲ ਜੋੜ ਕੇ ਮੁਹੱਬਤੀ ਅਹਿਸਾਸ ਦੀ ਇਕੋ ਇਕ ਲੋਅ ਨਾਲ ਜੀਵਨ ਜੀਂਦਿਆਂ ਦਿਖਾਇਆ ਹੈ। ਇੰਜ ਬੇਰਵਾਜ਼ੇ ਸੂਟ ਦੀ ਅਹਿਮੀਅਤ ਨੂੰ ਸਿਰਫ ਉਹੀ ਸਮਝ ਸਕਦੀ ਹੈ। ਇਸ ਕਹਾਣੀ ਅੰਦਰ ਔਰਤ ਦੀ ਵੇਦਨਾ ਦੇ ਕਈ ਪਹਿਲੂ ਦ੍ਰਿਸ਼ਟੀਗੋਚਰ ਹੁੰਦੇ ਹਨ। ਇਸਦਾ ਦਰਦਨਾਕ ਰੂਪ ਪਿਤਰੀ ਸੱਤਾ ਦੇ ਉਸ ਤੰਤਰ ਵਿਚੋਂ ਨਜ਼ਰ ਆਉਂਦਾ ਹੈ ਜਿਸ ਵਿਚ ਔਰਤ ਦੀ ਹੂਕ ਨੂੰ ਸੁਣਨ ਵਾਲਾ ਕੋਈ ਨਹੀਂ ਹੁੰਦਾ। ਇਨ੍ਹਾਂ ਪਰਿਸਥਿਤੀਆਂ ਵਿਚੋਂ ਕਹਾਣੀ ਦੀ ਕੇਂਦਰੀ ਪਾਤਰ ਬਚਪਨ ਤੋਂ ਲੈ ਕੇ ਅੰਤਲੇ ਸਮੇਂ ਤੱਕ ਆਪਣੀਆਂ ਸੱਧਰਾਂ ਤੇ ਅਕਾਂਖਿਆਵਾਂ ਨੂੰ ਅੰਦਰੋਂ ਅੰਦਰੀਂ ਮਾਰ ਲੈਣ ਦਾ ਸੰਤਾਪ ਝੱਲਦੀ ਹੈ। ਇੰਜ ਕਹਾਣੀਕਾਰ ਨੇ ਮਰਦਾਵੀਂ ਸੱਤਾ ਦੀ ਸ਼ਿਕਾਰ ਔਰਤ ਦੇ ਭਰਵੇਂ ਚਿੱਤਰ ਨੂੰ ਬਹੁਤ ਸੂਖ਼ਮ ਤੇ ਸੰਵੇਦਨਸ਼ੀਲ ਢੰਗ ਨਾਲ ਪ੍ਰਸਤੁਤ ਕੀਤਾ ਹੈ।

'ਉਹ ਇੰਜ ਵੀ ਜਿਊਂਦਾ ਸੀ' ਇਸ ਕਹਾਣੀ ਸੰਗ੍ਰਹਿ ਦੀ ਅੰਤਲੀ ਕਹਾਣੀ ਹੈ। ਇਸ ਕਹਾਣੀ ਦੇ ਜ਼ਰੀਏ ਕਹਾਣੀਕਾਰ ਉਨ੍ਹਾਂ ਅਣਗੌਲੇ ਪਾਤਰਾਂ ਦੀ ਬਾਤ ਪਾਉਂਦਾ ਹੈ ਜਿਹੜੇ ਸਧਾਰਨ ਨਜ਼ਰੇ ਅਪ੍ਰਮਾਣਿਤ ਜਾਪਦੇ ਹਨ। ਅਜਿਹੇ ਲੋਕਾਂ ਦੇ ਅਸਾਧਾਰਨ ਵਿਹਾਰ ਨੂੰ ਮਨੁੱਖੀ ਅਕਾਂਖਿਆ ਦੇ ਡੂੰਘੇ ਰਹੱਸਾਂ ਵਿਚੋਂ ਤਲਾਸ਼ ਕਰਨਾ ਕਹਾਣੀਕਾਰ ਦੀ ਕਲਾਤਮਕ ਪ੍ਰਤਿਭਾ ਦਾ ਪ੍ਰਮਾਣ ਹੈ। ਇਸ ਕਹਾਣੀ ਦਾ ਮੁੱਖ ਪਾਤਰ ਰੱਖਾ ਸੀਰਪੁਣੇ ਦਾ ਕੰਮ ਕਰਦਾ ਹੋਇਆ ਤੰਗੀ ਤੁਰਸ਼ੀ ਦੇ ਅੰਦਰ ਦਿਨ ਕਟੀ ਕਰਦਾ ਹੈ ਪਰ ਆਪਣੀ ਬਿਮਾਰ ਧੀ ਲਈ ਦਵਾਲੀ ਲੈ ਕੇ ਆਉਣ ਲਈ ਮਿਲੇ ਪੰਜਾਹ ਰੁਪਏ ਨੂੰ ਉਹ ਲਾਗਲੇ ਪਿੰਡ ਵਿਚ ਲੱਗੇ ਅਖਾੜੇ ਵਿਚ ਖ਼ੁਸ਼ੀ  ਖ਼ੁਸ਼ੀ ਗਾਉਣ ਵਾਲੀ ਨੂੰ ਦੇ ਆਉਂਦਾ ਹੈ। ਗਾਉਣ ਸੁਣਨ ਵੇਲੇ ਦੇ ਉਨ੍ਹਾਂ ਕੁਝ ਪਲਾਂ ਲਈ ਰੱਖਾ ਆਪਣੀ ਕਠੋਰ ਜ਼ਿੰਦਗੀ ਤੋਂ ਪਾਰ ਜਾ ਕੇ ਰੱਜਵੀਂ ਜ਼ਿੰਦਗੀ ਨੂੰ ਮਾਨਣਾ ਚਾਹੁੰਦਾ ਹੈ। ਉਹ ਜ਼ਿੰਦਗੀ, ਜਿਹੜੀ ਮੌਦੂਜਾ ਜੀਵਨ ਸਥਿਤੀ ਵਿਚ ਉਸਦੇ ਵੱਸ ਵਿਚ ਕਦੇ ਨਹੀਂ ਆ ਸਕਦੀ। ਇੰਜ ਇਸ ਕਹਾਣੀ ਸੰਗ੍ਰਹਿ ਵਿਚ ਦੱਬੇ ਕੁਚਲੇ ਲੋਕਾਂ ਦੀਆਂ ਅਸਾਧਾਰਨ ਖਾਹਸਾਂ ਨੂੰ ਭਰਪੂਰ ਜ਼ਿੰਦਗੀ ਦੀ ਤਲਾਸ਼ ਵਿਚ ਭਟਕ ਦੀਆਂ ਰੂਹਾਂ ਦੀ ਮੂਕ ਵੇਦਨਾ ਦੇ ਰੂਪ ਵਿਚ ਪ੍ਰਸਤੁਤ ਕਰਕੇ ਕਹਾਣੀਕਾਰ ਨੇ ਬਿਹਤਰ ਸਮਾਜ ਦੀ ਸਿਰਜਣਾ ਅੱਗੇ ਪ੍ਰਸ਼ਨ ਬਣ ਕੇ ਖੜ੍ਹੇ ਮੁੱਦਿਆਂ ਨੂੰ ਕਲਾਮਈ ਢੰਗ ਨਾਲ ਸਾਡੇ ਸਨਮੁਖ ਕੀਤਾ ਹੈ।

**ਪਤਾ : 1623-ਬੀ, ਸੈਕਟਰ-35 ਬੀ, ਚੰਡੀਗੜ੍ਹ, ਮੁਬਾਇਲ 94630-49828**



# ਜਨ ਬੋਧ



## ਦੇਵਦਾਸੀ ਪ੍ਰਥਾ: ਬਨਾਮ ਦਲਿਤ ਸ਼ੋਸ਼ਣ / ਕਿਰਪਾਲ ਕਜ਼ਾਕ

ਸ਼ੁਰੂ ਵਿੱਚ ਦੇਵਦਾਸੀ ਪ੍ਰਥਾ ਬਾਰੇ ਮੈਂ ਬਹੁਤਾ ਨਹੀਂ ਸਾਂ ਜਾਣਦਾ। ਇਸ ਪ੍ਰਥਾ ਬਾਰੇ ਜਾਣਨ ਦਾ ਸਬੱਬ ਅੰਮ੍ਰਿਤਾ ਪ੍ਰੀਤਮ ਦਾ ਦੋ-ਸਤਰਾ ਖ਼ਤ ਬਣਿਆ। 'ਪਿਆਰੇ ਕਜ਼ਾਕ ! ਤੁਰੰਤ ਦਿੱਲੀ ਪਹੁੰਚ, ਪੈਸੇ ਵਾਲਾ ਕੰਮ ਹੈ। ਦੇਰੀ ਨਹੀਂ ਕਰਨੀ।' ਕੁਝ ਦਿਨ ਪਹਿਲਾਂ ਅੰਮ੍ਰਿਤਾ ਨੇਂ ਸਾਬਕਾ ਵਾਈਸ ਚਾਂਸਲਰ, ਡਾ. ਅਮਰੀਕ ਸਿੰਘ ਰਾਹੀਂ ਮੈਨੂੰ ਪੰਜਾਬੀ ਯੂਨੀਵਰਸਿਟੀ ਤੋਂ ਦੋ ਸਾਲ ਦੀ ਫੈਲੋਸ਼ਿਪ ਦੁਆਉਣ ਦੀ ਕੋਸ਼ਿਸ਼ ਕੀਤੀ ਸੀ, ਜੋ ਸਿਰੇ ਨਹੀਂ ਸੀ ਚੜ੍ਹੀ, ਹੋ ਸਕਦੈ ਫ਼ਿਰ ਕੋਈ ਅਜਿਹੀ ਗੱਲ ਹੋਵੇ...

ਦਿੱਲੀ ਗਿਆ ਤਾਂ ਪਤਾ ਲੱਗਾ, ਕੋਈ ਰਵੀ ਸਲੂਜਾ ਪੰਜਾਬ ਦੇ ਟੱਪਰੀਵਾਸਾਂ 'ਤੇ ਡਾਕੂਮੈਂਟਰੀ ਫਿਲਮਾਂ ਬਣਾਉਣ ਦਾ ਇੱਛੁਕ ਸੀ। ਉਹ ਮੈਨੂੰ ਬਦਰਪੁਰ ਆਪਣੇ ਘਰ ਲੈ ਗਿਆ। ਕੁਝ ਦੋਸਤ ਮਿਲਾਏ,ਅਤੇ ਫ਼ੈਸਲਾ ਹੋਇਆ ਕਿ ਮੈਂ 'ਚੰਗੜ' ਅਤੇ 'ਬੌਰੀਆ' ਦੋ ਅਪਰਾਧੀ ਕਬੀਲਿਆਂ ਬਾਰੇ ਫ਼ਿਲਮਾਂ ਲਿਖ਼ ਕੇ ਦਿਆਂ।

ਮੈਨੂੰ ਖ਼ੁਸ਼ੀ ਹੋਈ, ਕਬੀਲਿਆਂ ਬਾਰੇ ਮੇਰੇ ਕੋਲ ਢੇਰ ਸਮੱਗਰੀ ਸੀ, ਪਰ ਦਿੱਕਤ ਉਦੋਂ ਪੇਸ਼ ਆਈ ਜਦੋਂ ਉਹਨਾਂ ਮੰਗ ਕੀਤੀ ਕਿ ਮੈਂ, 'ਹਰਸ਼ ਸੋਲੰਕੀ' (ਕੈਮਰਾਮੈਨ) ਅਤੇ ਐਨ. ਬਰੂਆ (ਡਾਇਰੈਕਟਰ) ਨੂੰ ਉਹਨਾਂ ਥਾਵਾਂ 'ਤੇ ਲੈ ਕੇ ਜਾਵਾਂ, ਜਿੱਥੋਂ ਫ਼ਿਲਮਾਂ ਦੇ ਕੁਝ ਹਿੱਸੇ ਕਬੀਲਿਆਂ ਨੂੰ ਦੱਸੇ ਬਿਨਾਂ ਸ਼ੂਟ ਕੀਤੇ ਜਾ ਸੱਕਣ। ਇਸ ਕੰਮ ਲਈ ਮੈਂ ਮਲੋਟ ਫਾਜ਼ਲਕਾ ਦਾ ਇਲਾਕਾ ਚੁਣਿਆ।

ਇਸ ਔਖੇ ਕੰਮ ਲਈ ਦੋਹਾਂ ਕਬੀਲਿਆਂ ਦੇ ਪ੍ਰਵਾਸ ਬਾਰੇ ਜਾਣਨਾ ਜ਼ਰੂਰੀ ਸੀ। ਇਹ ਵੀ ਜਾਣਨਾ ਜ਼ਰੂਰੀ ਸੀ ਕਿ ਯੂਨਟ ਕਿਸ ਥਾਂ ਰਹਿ ਕੇ ਕੰਮ ਕਰ ਸਕੇਗਾ। ਔਖਾ ਕੰਮ ਸੀ, ਪਰ ਅਸੀਂ ਕੁਝ ਭੱਜ-ਨੱਠ ਤੋਂ ਬਾਦ ਇਕ ਰਫ਼ ਖ਼ਾਕਾ ਬਣਾਉਣ ਵਿਚ ਸਫ਼ਲ ਹੋ ਗਏ। ਹਾਲਾਂ ਕਿ ਇਹ ਖ਼ਾਕਾ ਅਧੂਰਾ ਸੀ। ਇਕ ਤਾਂ ਕਬੀਲਿਆਂ ਦੇ ਜਿਹੜੇ ਪਰਿਵਾਰ ਅਸੀਂ ਚੁਣੇ ਸਨ, ਉਹਨਾਂ ਵਿਚ ਕੋਈ ਬਿਰਧ ਮਰਨ ਕਿਨਾਰੇ ਨਹੀਂ ਸੀ। ਜਿਥੋਂ ਅਸੀਂ ਮੌਤ ਬਾਰੇ ਕੁਝ ਸ਼ੂਟ ਕਰ ਸਕਦੇ। ਨਾ ਕੋਈ ਗਰਭਵਤੀ ਇਸਤਰੀ ਹੀ ਨਜ਼ਰੀਂ ਆਈ ਜਿੱਥੋਂ ਜਨਮ ਬਾਰੇ ਕੁਝ ਫ਼ਿਲਮਾਇਆ ਜਾ ਸਕਦਾ। ਸੋ ਫ਼ੈਸਲਾ ਹੋਇਆ ਕਿ ਦੋ ਗੇੜਾਂ ਵਿੱਚ ਕੰਮ ਮੁਕੰਮਲ ਕੀਤਾ ਜਾਵੇ।

ਕੁਝ ਦਿਨਾਂ ਬਾਦ ਜਦੋਂ ਮੈਂ ਸਕਰਿਪਟਾਂ ਲੈ ਕੇ ਦਿੱਲੀ ਗਿਆ ਤਾਂ ਸਭ ਕੁਝ ਠੁੱਸ ਹੋ ਚੁੱਕਾ ਸੀ। ਸਲੂਜਾ ਦਾ ਵੱਡਾ ਬਜਟ ਦੂਰਦਰਸ਼ਨ ਨੇਂ ਪਾਸ ਹੀ ਨਹੀਂ ਸੀ ਕੀਤਾ। ਬੜਾ ਦੁੱਖ ਹੋਇਆ। ਵੀਹ ਦਿਨ ਖ਼ੂਹ 'ਚ ਪੈ ਗਏ। ਵਿਡੰਬਨਾ ਇਹ ਕਿ ਵਾਪਸੀ ਲਈ ਕਿਰਾਇਆ ਵੀ ਨਹੀਂ ਸੀ। ਹਾਰ ਕੇ ਅੰਮ੍ਰਿਤਾ ਕੋਲ ਚਲਿਆ ਗਿਆ। ਅੰਮ੍ਰਿਤਾ ਨੇਂ ਕੁਝ ਪੈਸੇ ਦਿੰਦੇ ਕਿਹਾ। 'ਐਨ ਬਰੂਆ ਬਹੁਤ ਜ਼ਹੀਨ ਫ਼ਿਲਮ-ਮੇਕਰ ਹੈ। ਉਹਨੇ ਰੋਮਾਂ ਜਿਪਸੀਆਂ 'ਤੇ ਕਮਾਲ ਦਾ ਕੰਮ ਕੀਤਾ ਹੈ। ਤੂੰ ਉਸ ਨਾਲ ਕੰਮ ਕਰਦਾ ਤਾਂ ਬਹੁਤ ਕੁਝ ਸਿੱਖਦਾ।'

ਅਗਲੇ ਦਿਨ ਮੈਂ ਬਰੂਆ ਨੂੰ ਗਰੇਟਰ ਕੈਲਾਸ਼ ਮਿਲਣ ਗਿਆ। ਸੁਣ ਕੇ ਉਹਨੂੰ ਵੀ ਦੁੱਖ ਹੋਇਆ। 'ਮੇਰੇ ਲਾਇਕ ਸੇਵਾ ਦੱਸੋ....।' ਉਸ ਕਿਹਾ। 'ਮੈਂ ਰੋਮਾਂ ਜਿਪਸੀਆਂ ਬਾਰੇ ਕੁਝ ਜਾਣਨਾਂ ਚਾਹੁੰਦਾ ਹਾਂ।' ਮੈਂ ਕਿਹਾ। ਉਹਨੇ ਲੰਮੀ ਗੱਲ-ਬਾਤ ਕੀਤੀ ਅਤੇ ਕੁਝ ਫੋਟੋਗ੍ਰਾਫ਼ ਵਿਖਾਏ। ਮੈਂ ਵਿਦਾ ਲਈ ਤਾਂ ਉਸ ਕਿਹਾ। 'ਮੈਂ ਤੇਰੇ ਫ਼ੀਲਡ ਦੇ ਤਜ਼ਰਬੇ ਤੋਂ ਬਹੁਤ ਪ੍ਰਭਾਵਿਤ ਹਾਂ। ਕਦੇ ਮੌਕਾ ਮਿਲਿਆ ਤਾਂ ਇਹਦਾ ਫ਼ਾਇਦਾ ਉਠਾਵਾਂਗਾ।'

ਕੁਝ ਦਿਨਾਂ ਬਾਦ ਇਕ ਹਜ਼ਾਰ ਰੁਪੈ ਦਾ ਮਨੀਆਰਡਰ ਅਤੇ ਬਰੂਆ ਦਾ ਖ਼ਤ ਮਿਲਿਆ। ਤੁਰੰਤ ਦਿੱਲੀ ਆਉਣ ਲਈ ਲਿਖਿਆ ਸੀ। ਪਤਾ ਲੱਗਾ ਕੋਈ ਲੀਜ਼ਾ ਸਲਾਤੋਵਾ (ਡੱਚ ਕੁੜੀ) ਅਤੇ ਸੀਲੀਆ (ਅਮਰੀਕਨ) ਭਾਰਤੀ ਦੇਵਦਾਸੀਆਂ 'ਤੇ ਡਾਕੂਮੈਂਟਰੀ ਅਤੇ ਟੈਲੀਫ਼ਿਲਮ ਬਣਾਉਣ ਆਈਆਂ ਹਨ।

ਮੈਂ ਪਹਿਲੇ ਤਜ਼ਰਬੇ ਦਾ ਡਰਿਆ ਸਾਂ। ਤਦ ਬਰੂਏ ਕਿਹਾ, 'ਫ਼ਿਕਰ ਨਾ ਕਰੋ, ਇਹ ਸਰਕਾਰੀ ਕੰਮ ਨਹੀਂ। ਸਫ਼ਰ ਲਈ ਟੈਕਸੀ, ਹਵਾਈ ਜਹਾਜ਼ ਜਾਂ ਕੁਝ ਵੀ....8 ਹਜ਼ਾਰ ਡਾਕੂਮੈਂਟਰੀ ਲਿਖਣ ਦੇ, 15 ਹਜ਼ਾਰ ਟੈਲੀਫਿਲਮ ਦੇ....ਆਉਣ-ਜਾਣ, ਖਾਣ-ਪੀਣ, ਰਿਹਾਇਸ਼ ਪ੍ਰਡਿਊਸਰ ਵੱਲੋਂ...ਪੰਜ ਹਜ਼ਾਰ ਅਡਵਾਂਸ। ਸਮਾਂ ਤਿੰਨ ਮਹੀਨੇ।'

ਮੈਨੂੰ ਖੁਸ਼ੀ ਹੋਈ। ਮਜ਼ਦੂਰੀ ਵਿੱਚ ਮੈਂ ਉਹਨੀਂ ਦਿਨੀ ਬਾਈ ਰੁਪੈ ਰੋਜ਼ ਕਮਾਉਂਦਾ ਸਾਂ। ਲਿਖ਼ਤੀ ਅਹਿਦ ਹੋਣ ਲੱਗਾ ਤਾਂ ਮੈਂ ਸ਼ਰਤ ਰੱਖੀ; ਸਹਾਇਕ ਵਜੋਂ ਇੱਕ ਮਰਾਠੀ ਜਾਂ ਕੰਨੜ ਜਾਣਨ ਵਾਲੀ ਕੁੜੀ, ਜੋ ਦੇਵਦਾਸੀਆਂ ਤੱਕ ਰਸਾਈ ਪੈਦਾ ਕਰਨ ਵਿੱਚ ਸਹਾਈ ਹੋ ਸਕੇ। ਸ਼ਡਿਊਲ ਮੇਰੇ ਅਨੁਸਾਰ; ਉਹਨਾਂ ਕਿਹਾ, ਮੰਨਜ਼ੂਰ।.....

ਹੁਣ ਮੇਰੇ ਲਈ ਇੱਕ ਇੱਕ ਮਿੰਨਟ ਕੀਮਤੀ ਸੀ। ਪਰ ਮੇਰੇ ਕੋਲ ਦੇਵਦਾਸੀਆਂ ਬਾਰੇ ਪ੍ਰਮਾਣਿਕ ਜਾਣਕਾਰੀ ਨਹੀਂ ਸੀ। ਉਹਨਾਂ ਕਿਹਾ, ਕੋਈ ਗੱਲ ਨਹੀਂ। ਕਰਨਾਟਕਾ ਦੀ ਇੱਕ ਟੀ.ਵੀ. ਅਨਾਊਂਸਰ ਅੰਬਾਲਿਕਾ ਪਾਸ ਕਾਫ਼ੀ ਜਾਣਕਾਰੀ ਹੈ। ਉਹ ਮੁਢਲੀ ਮਦਦ ਕਰੇਗੀ।

ਅਗਲੇ ਦਿਨ ਜਮਨਾਂ-ਪਾਰ ਗੀਤਾ ਕਾਲੌਨੀ ਵਿੱਚ ਮਦਰ ਡੇਅਰੀ ਦੇ ਇੱਕ ਵੱਡੇ ਅਫ਼ਸਰ ਦੇ ਘਰ ਮੇਰਾ ਉਤਾਰਾ ਕੀਤਾ ਗਿਆ। ਇੱਥੇ ਹੀ ਮੈਂ ਅੰਬਾਲਿਕਾ ਨਾਲ ਲੰਮੀ ਗੱਲਬਾਤ ਰਿਕਾਰਡ ਕੀਤੀ ਅਤੇ ਦੇਵਦਾਸੀਆਂ ਤੱਕ ਪਹੁੰਚ ਦੀਆਂ ਮੁਸ਼ਕਲਾਂ ਨੂੰ ਜਾਣਿਆ। ਦੁਭਾਸ਼ੀਏ ਵਜੋਂ ਘਰ ਦੇ ਮੇਜ਼ਬਾਨ ਦੀ ਮਰਾਠਣ ਧੀ ਸ਼ਸ਼ੀਮਣੀ ਕੁੰਬਲੇ ਨੂੰ ਮੇਰੀ ਸਹਾਇਕ ਨਿਯੁਕਤ ਕੀਤਾ ਗਿਆ। ਉਹ ਕੁਝ ਦਿਨ ਪਹਿਲਾਂ ਹੀ ਰਾਜਸਥਾਨ ਯੂਨੀਵਰਸਿਟੀ ਵਿੱਚ 'ਦਲਿਤ, ਜਾਤੀ ਜਾਂ ਜਮਾਤੀ' ਵਿਸ਼ੈ 'ਤੇ ਇੱਕ ਡੈਜ਼ੇਟੇਸ਼ਨ ਲਿਖ ਕੇ ਹਟੀ ਸੀ। ਮੈਨੂੰ ਬਾਦ 'ਚ ਪਤਾ ਲੱਗਾ ਕਿ ਸ਼ਸ਼ੀਮਣੀ ਦੀਆਂ ਦੋ ਮਸੇਰ ਭੈਣਾ ਨੇਂ ਵੀ ਦੇਵਦਾਸੀ ਪ੍ਰਥਾ ਗ੍ਰਹਿਣ ਕੀਤੀ ਸੀ; ਜਿਸਨੂੰ ਜਾਣਨ ਹਿਤ ਹੀ ਉਹ ਇਸ ਪ੍ਰਾਜੈਕਟ ਨਾਲ ਜੁੜੀ ਸੀ।

ਮੈਂ ਸ਼ੁਰੂ ਤੋਂ ਹੀ ਕਿਤਾਬਾਂ 'ਚੋਂ ਕਿਤਾਬਾਂ ਕੱਢਣ ਦਾ ਕਾਇਲ ਨਹੀਂ ਰਿਹਾ, ਇਸ ਲਈ ਮੈਂ ਛੇਤੀ ਹੀ ਖੁਰਾ ਕੱਢ ਲਿਆ ਕਿ ਭਾਰਤ ਦੇ ਕਿਹੜੇ ਇਲਾਕੇ ਵਿਚ ਦੇਵਦਾਸੀਆਂ ਮਿਲ ਸਕਦੀਆਂ ਸਨ। ਤਹਿ ਹੋਇਆ ਕਿ ਪਹਿਲੇ ਗੇੜ ਵਿਚ ਮੈਂ ਅਤੇ ਸ਼ਸ਼ੀ ਜਾਣਕਾਰੀ ਸ੍ਰੋਤਾਂ ਦੀ ਨਿਸ਼ਾਨਦੇਹੀ ਕਰਾਂਗੇ, ਦੂਜੇ ਗੇੜ ਵਿੱਚ ਫਿਲਮ ਸਕਰਿਪਟਾਂ, ਅਤੇ ਤੀਜੇ ਗੇੜ ਵਿੱਚ ਸ਼ੂਟਿੰਗ।

ਇਉਂ ਮੈਨੂੰ ਆਂਧਰਾ, ਮਹਾਂਰਾਸ਼ਟਰ ਅਤੇ ਕਰਨਾਟਕਾ ਤੋਂ ਦੇਵਦਾਸੀ ਪ੍ਰਥਾ ਬਾਰੇ ਜਾਣਨ ਦਾ ਮੌਕਾ ਮਿਲਿਆ। ਆਂਧਰਾ ਦੇ ਕਰੀਮਨਗਰ, ਵਾਰੰਗਲ ਕਰਨੂਲ ਰਾਏਚੂਰ ਅਤੇ ਮਹਾਂਰਾਸ਼ਟਰ ਦੇ ਸਾਂਗਲੀ ਲਾਤੂਰ ਅਤੇ ਸੋਲ੍ਹਾਪੁਰ/ਕੋਲ੍ਹਾਪੁਰ ਵਿੱਚ ਇੱਕ ਤੋਂ ਵੱਧ ਵਾਰ ਜਾਣ ਦਾ ਮੌਕਾ ਮਿਲਿਆ।

ਪੁਲਿਸ ਅਤੇ ਪ੍ਰਸ਼ਾਸ਼ਨ ਦਾ ਸਹਿਯੋਗ ਹੋਣ ਦੇ ਬਾਵਜੂਦ ਮੈਂ ਆਪਣੇ ਢੰਗ ਨਾਲ ਜਾਣਕਾਰੀ ਇਕੱਤਰ ਕੀਤੀ। ਸਿਵਾਇ ਇੱਕ ਅਜਿਹੀ ਸਥਿਤੀ ਦੇ ਜਦੋਂ (ਵਰਜਿਤ ਦੇਵਦਾਸੀ ਨਗਨ ਨਾਚ ਦੇਖਣ ਸਮੇਂ) ਮਾਰ-ਕੁਟਾਈ ਦੀ ਨੌਬਤ ਆ ਗਈ ਅਤੇ ਪੁਲਿਸ ਦੀ ਮਦਦ ਲੈਣੀ ਪਈ।

ਮੈਨੂੰ ਪਗੜੀ ਤੋਂ ਬਿਨਾਂ ਧੋਤੀ ਬੰਡੀ ਨਾਲ ਅਤੇ ਸ਼ਸ਼ੀਮਣੀ ਨੂੰ ਜੀਨ ਤੋਂ ਬਿਨਾਂ ਸਸਤੀ ਸਾੜ੍ਹੀ ਬਲਾਊਜ਼ ਵਿੱਚ ਪਿੰਡ ਪਿੰਡ ਭਟਕਦਿਆਂ ਕਿਹੜੀਆਂ ਕਿਹੜੀਆਂ ਮੁਸ਼ਕਿਲਾਂ ਪੇਸ਼ ਆਈਆਂ। ਇਹਦੀ ਵਿਥਿਆ ਬੇ-ਲੋੜੀ ਹੈ, ਪਰ ਇਸ ਦੌਰਾਨ ਦੇਵਦਾਸੀ ਪ੍ਰਥਾ ਬਾਰੇ ਜੋ ਕੁਝ ਮੈਂ ਜਾਣਿਆ, ਉਹ ਮੇਰੇ ਲਈ ਹੈਰਾਨੀਜਨਕ ਅਤੇ ਕਾਫ਼ੀ ਦੁਖਦਾਈ ਸੀ।



ਇਸ ਦਾ ਇੱਕ ਦੁਖਦਾਈ ਪੱਖ ਇਹ ਸੀ ਕਿ ਡਾਕੂਮੈਂਟਰੀ ਅਤੇ ਟੈਲੀਫ਼ਿਲਮ ਨੂੰ ਮੈਂ ਧਾਰਮਿਕਤਾ ਦੇ ਓਹਲੇ ਪਿੱਛੇ, ਦਲਿਤ ਸ਼ੋਸ਼ਣ 'ਤੇ ਕੇਂਦਰਿਤ ਕੀਤਾ ਸੀ। ਪਰ ਫ਼ਿਲਮਾਂ ਦੀ ਅਡੀਟਿੰਗ ਸਮੇਂ, ਇਸ ਮਹੱਤਵਪੂਰਨ ਪੱਖ ਨੂੰ ਕੇਵਲ ਸਰਸਰੀ ਮੁੱਦਾ ਸਮਝ ਕੇ ਫ਼ਿਲਮਾਂ ਦਾ ਕਲਾਈਮੈਕਸ, ਦੇਵਦਾਸੀਆਂ ਦੇ ਜੋਬਨ, ਮੰਦਰ ਪੁਜਾਰੀਆਂ ਦੇ ਕਿਰਦਾਰ, ਉਮਰੋਂ ਢਾਲੇ ਪਈਆਂ ਦੇਵਦਾਸੀਆਂ ਦੀ ਸ਼ਹਿਰਾਂ ਵਿਚ ਵੇਸ਼ਵਾਗਮਨੀ ਅਤੇ ਜੁਆਨ ਦੇਵਦਾਸੀਆਂ ਨੂੰ ਪੁਜਾਰੀਆਂ ਅਤੇ ਧਨਵਾਨਾਂ ਦੀ ਹਵਸ (ਯੌਨ ਸ਼ੋਸ਼ਣ) ਦੇ ਸ਼ਿਕਾਰ ਤੱਕ ਸੀਮਤ ਕਰ ਦਿੱਤਾ ਗਿਆ।

ਡਾਕੂਮੈਟਰੀ ਵਿਚ ਵੀ ਵਧੇਰੇ ਉਹ ਸ਼ੂਟਿੰਗ ਸਮੱਗਰੀ ਵਰਤੀ ਗਈ ਜਿਸ ਵਿਚ ਕੰਜਕਾਂ ਦਾ ਦੇਵਦਾਸੀ ਪ੍ਰਥਾ ਵਿਚ ਪ੍ਰਵੇਸ਼, ਉਸਦਾ ਵਿਧੀ-ਵਿਧਾਨ, ਦੇਵ-ਪੂਜਾ, ਨ੍ਰਿਤ, ਜਾਂ ਸੂਬੇ ਵਿੱਚ ਪੈਣ ਵਾਲੇ ਕਾਲ ਦੇ ਵਧੇਰੇ ਵੇਰਵੇ ਸਨ।

ਇਸ ਦਾ ਇਕ ਕਾਰਨ ਸ਼ਾਇਦ ਇਹ ਸੀ ਕਿ ਫਿਲਮਾਂ ਦੀ ਨਿਰਮਾਤੀ ਅਤੇ ਨਿਰਦੇਸ਼ਕਾ ਵਿਦੇਸ਼ੀ ਸਨ। ਉਹਨਾਂ ਨੂੰ ਦਲਿਤ ਸਰੋਕਾਰ ਬਹੁਤਾ ਪ੍ਰਭਾਵਿਤ ਨਹੀਂ ਸਨ ਕਰਦੇ। ਪਰ ਇਸ ਪ੍ਰਾਜੈਕਟ ਦੌਰਾਨ ਮੇਰੇ ਸੰਪਰਕ ਵਿਚ ਕਰਨਾਟਕਾ ਦੀ ਸੁੰਦਰ ਦੇਵਦਾਸੀ 'ਕੋਕਿਲ' ਉਹਦੀ ਬਿਰਾਦਰੀ ਦੀਆਂ ਦੋ ਹੋਰ ਜੋਬਨ ਮੱਤੀਆਂ ਭੈਣਾ,'ਅੰਨਪੂਰਣਾਂ' ਅਤੇ 'ਮਨਿਹਾਰੀ' ਆਈਆਂ। ਜਿਨ੍ਹਾਂ ਦੀ ਅਪਣੱਤ ਅਤੇ ਫ਼ਿਰਾਖ਼ਦਿਲੀ ਸਦਕਾ ਅਸੀਂ ਚੋਰੀ ਉਹਨਾਂ ਨੂੰ ਪੁਜਾਰੀਆਂ ਦੀ ਗਰਿਫ਼ਤ ਵਿਚੋਂ ਕੱਢ ਕੇ ਫਿਲਮਾਂ ਦੇ ਕੁਝ ਹਿੱਸੇ ਇੱਕ ਇਤਿਹਾਸਿਕ ਮੰਦਰ ਵਿਚ ਸ਼ੂਟ ਕਰ ਸਕੇ। ਪਰ ਇਸਦੇ ਬਾਵਜੂਦ ਦੇਵਦਾਸੀਆਂ ਦਾ ਸ਼ੋਸ਼ਤ ਜੀਵਨ ਮੇਰੇ ਸਾਮ੍ਹਣੇ ਹੈ।

ਅੱਜ ਤੀਹ ਸਾਲ ਬਾਦ ਜਦੋਂ ਮੈਂ ਇਹ ਸਤਰਾਂ ਲਿਖ ਰਿਹਾ ਹਾਂ ਤਾਂ ਜਿੱਥੇ ਕੋਕਿਲ, ਮਨਿਹਾਰੀ ਅਤੇ ਅੰਨਪੂਰਣਾ ਦੇ ਨਾਚ ਦੀਆਂ ਸਿਖ਼ਰਾਂ ਯਾਦ ਕਰਕੇ ਮੇਰੀ ਰੂਹ ਕੰਬ ਉੱਠਦੀ ਹੈ, ਉੱਥੇ ਆਂਧਰਾ ਦੀਆਂ 'ਹਰਪ੍ਰਿਯਾ ਅਤੇ ਉਲਗੰਮਾਂ' ਦੇ ਨਾਚ ਦੀਆਂ ਬਾਰੀਕੀਆਂ ਯਾਦ ਕਰਕੇ ਵੀ ਮਨ ਭਰ ਆਉਂਦਾ ਹੈ। ਉਹਨਾਂ ਦੋਹਾਂ ਨੇਂ ਮੈਨੂੰ ਅਤੇ ਸ਼ਸ਼ੀ ਨੂੰ ਸਿਰਫ਼ ਇਸ ਲਈ ਆਪਣੇ ਪ੍ਰਾਂਗਣ ਵਿੱਚ (ਪੁਜਾਰੀਆਂ ਤੋਂ ਚੋਰੀ) ਕਈ ਦਿਨ ਸ਼ਰਣ ਦਿੱਤੀ ਕਿ ਅਸੀਂ ਸੈਂਟਰ ਸਰਕਾਰ ਵੱਲੋਂ ਦੇਵਦਾਸੀ ਪ੍ਰਥਾ ਨੂੰ ਖ਼ਤਮ ਕਰਨ ਅਤੇ ਦੇਵਦਾਸੀਆਂ ਦੇ ਮੁੜ ਵਸੇਬੇ ਲਈ ਕੰਮ ਕਰ ਰਹੇ ਸਾਂ। ਜਦ ਕਿ ਅਜਿਹਾ ਕੁਝ ਵੀ ਨਹੀਂ ਸੀ....

## ਇਤਿਹਾਸਿਕਤਾ

ਦੇਵਦਾਸੀ ਪ੍ਰਥਾ ਕਦੋਂ ਸ਼ੁਰੂ ਹੋਈ ਇਸ ਬਾਰੇ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਫ਼ਿਰ ਵੀ ਕੁਝ ਪ੍ਰਮਾਣ ਉਪਲਬਧ ਹਨ।

ਬੇਬੀਲੋਨ ਸੱਭਿਅਤਾ ਵਿੱਚ ਚਰਚਿਤ 'ਮਿਲਟਾ ਦੇਵੀ' ਦੀ ਇੱਕ ਉਦਾਹਰਨ ਮਿਲਦੀ ਹੈ। ਜਿਸਦੇ ਪ੍ਰਥਾਏ ਸਾਲ ਵਿੱਚ ਇੱਕ ਤਿਉਹਾਰ ਮਨਾਇਆ ਜਾਂਦਾ ਸੀ, ਜਿਸ ਵਿਚ ਕੋਈ ਵੀ ਪੁਰਸ਼ ਜਿਸ ਇਸਤਰੀ ਦਾ ਹੱਥ ਫੜ ਲੈਂਦਾ ਸੀ, ਉਸਨੂੰ ਉਸ ਪੁਰਸ਼ ਨਾਲ ਸਹਿਵਾਸ ਕਰਨਾ ਪੈਂਦਾ ਸੀ। ਸਹਿਵਾਸ ਉਪਰੰਤ ਜੋ ਰਾਸ਼ੀ ਇਸਤਰੀ ਨੂੰ ਪੁਰਸ਼ ਵੱਲੋਂ ਮਿਲਦੀ ਉਹ ਮਿਲਟਾ ਦੇਵੀ ਨਿਮਿੱਤ ਦਾਨ ਕਰ ਦਿੱਤੀ ਜਾਂਦੀ। ਪਰ-ਪੁਰਸ਼ ਵੱਧ ਤੋਂ ਵੱਧ ਧਨ ਦੇਵੇ, ਇਸ ਲਈ ਇਹ ਸਹਿਵਾਸ ਕਾਮੁਕਤਾ ਦੀਆ ਹੱਦਾਂ ਪਾਰ ਕਰ ਜਾਂਦਾ। ਇਉਂ ਪਰ-ਪੁਰਸ਼ ਤੋਂ ਸੰਤਾਨ ਲੈਣ ਦੀ ਇੱਛਾ ਅਧੀਨ ਕੀਤਾ ਜਾਂਦਾ।

ਆਇਰਿਸ਼ ਇਸਤਰੀਆਂ ਵੱਲੋਂ ਦੇਵ-ਪੁਰਸ਼ਾਂ ਨਾਲ ਵਿਵਾਹ ਸਦੀਆਂ ਤੱਕ ਸਨਮਾਨਜਨਕ ਸਮਝਿਆ ਜਾਂਦਾ ਰਿਹਾ ਹੈ। ਇੱਥੇ ਹੀ ਬੱਸ ਨਹੀਂ ਲੜਕੀ ਪੈਦਾ ਹੋਣ ਦੀ ਸੂਰਤ ਵਿੱਚ ਉਸ 'ਤੇ ਪਹਿਲਾ ਅਧਿਕਾਰ ਦੇਵਤਾ ਦਾ ਸਮਝਿਆ ਜਾਂਦਾ ਸੀ।

ਦੇਵਦਾਸੀ ਪ੍ਰਥਾ ਦੀ ਮੂਲ ਭਾਵਨਾਂ ਦੇ ਬੀਜ ਪ੍ਰਾਚੀਨ ਹਿੰਦੂ ਵਿਵਾਹ ਦੀ ਉਸ ਰਸਮ ਵਿੱਚ ਵੀ ਅੰਤਰ-ਨਿਹਤ ਹਨ, ਜਿਸ ਵਿਚ ਹਰ ਹਿੰਦੂ ਇਸਤਰੀ ਲਈ ਮੌਜੂਦਾ ਪਤੀ ਤੋਂ ਪਹਿਲਾਂ ਇੰਦਰ ਸਮੇਤ ਪੰਜ ਦੇਵਤਿਆਂ ਨਾਲ ਮੰਤਰ-ਵਿਵਾਹ ਕਰਨਾਂ ਜ਼ਰੂਰੀ ਸਮਝਿਆ ਜਾਂਦਾ ਸੀ। ਅੱਜ ਵੀ ਅਜਿਹੀ

ਧਾਰਨਾਂ ਪ੍ਰਚਲਿਤ ਹੈ ਕਿ ਦੇਵ ਸਰਬਸ਼ਕਤੀਮਾਨ ਹੈ। ਉਸਨੂੰ ਪ੍ਰਸੰਨ ਕਰਕੇ ਹਰ ਕਸ਼ਟ ਤੋਂ ਮੁਕਤੀ ਪਾਈ ਜਾ ਸਕਦੀ ਹੈ।

ਬੁੱਧ ਸਾਹਿਤ ਵਿਚ ਵੀ ਦੇਵਦਾਸੀ ਸ਼ਬਦ ਦੀ ਵਰਤੋਂ ਕੀਤੀ ਮਿਲਦੀ ਹੈ। ਪੰਜਵੀਂ ਸ਼ਤਾਬਦੀ ਵਿਚ ਬੁੱਧਘੋਸ਼ ਨੇਂ ਲਿਖਿਆ ਕਿ ਜਿਸ ਕੰਨਿਆਂ ਦੇ ਸਰੀਰ ਵਿਚ ਦੇਵਦਾਸੀ ਦਾ ਵਾਸ ਹੋਵੇ, ਬੁੱਧ ਉਸ ਤੋਂ ਪ੍ਰਸ਼ਨ ਨਹੀਂ ਪੁੱਛਦੇ।

ਮੱਧਕਾਲ (1351) ਵਿਚ ਭਾਰਤ ਫ਼ੇਰੀ 'ਤੇ ਆਏ ਦੋ ਮੁਸਲਮਾਨ ਯਾਤਰੀਆਂ ਨੇਂ ਇੱਥੋਂ ਦੀਆਂ ਵੇਸਵਾਵਾਂ ਨੂੰ ਹੀ ਦੇਵਦਾਸੀਆਂ ਕਿਹਾ। ਉਹਨਾਂ ਅਨੁਸਾਰ, ਈਸ਼ਵਰ ਤੋਂ ਸੰਤਾਨ ਦੀ ਇੱਛਾ ਰੱਖਣ ਵਾਲੀ ਕਿਸੇ ਇਸਤਰੀ ਦੇ ਪੁੱਤਰੀ ਪੈਦਾ ਹੋਣ 'ਤੇ ਉਹ ਕੰਨਿਆ, ਈਸ਼ਵਰ ਸਮਝੀ ਜਾਣ ਵਾਲੀ ਮੂਰਤੀ ਨੂੰ ਸੌਂਪ ਦਿੱਤੀ ਜਾਦੀ ਸੀ। ਮਾਸਿਕ-ਧਰਮ ਸ਼ੁਰੂ ਹੋਣ ਤੱਕ ਉਹ ਕੰਨਿਆ ਧਰਮ ਅਸਥਾਨ 'ਤੇ ਰਹਿੰਦੀ ਸੀ ਅਤੇ ਮੁਟਿਆਰ ਹੋਣ 'ਤੇ ਉਹ ਕਿਸੇ ਵੀ ਇੱਛਾਵਾਨ ਰਾਹਗੀਰ ਨਾਲ ਸਹਿਵਾਸ ਕਰਕੇ ਜੋ ਧਨ-ਰਾਸ਼ੀ ਕਮਾਉਂਦੀ ਸੀ, ਉਸਦਾ ਕੁਝ ਹਿੱਸਾ ਧਰਮ ਅਸਥਾਨ ਦੇ ਪੁਜਾਰੀ ਨੂੰ ਦਾਨ ਵਜੋਂ ਦਿੰਦੀ ਸੀ।

ਕੁਝ ਮੁਸਲਮਾਨ ਸ਼ਾਸ਼ਕਾਂ ਨੇਂ ਵੀ ਇਸ ਪ੍ਰਥਾ ਨੂੰ ਨਾ ਰੋਕਿਆ। ਲਖ਼ਨਊ ਵਿਚ ਅਜਿਹੀਆਂ ਕੰਨਿਆਵਾਂ ਨੂੰ 'ਅਛੂਤੀ' ਕਿਹਾ ਜਾਂਦਾ ਸੀ। ਲਖਨਊ ਵਿਚ 'ਅਛੂਤੀ ਗਲੀ' ਇਸ ਤੱਥ ਦੀ ਇੱਕ ਮਾਤਰ ਉਦਾਹਰਨ ਸਮਝੀ ਜਾ ਸਕਦੀ ਹੈ।

ਕੌਟਲਿਆ ਦੇ ਅਰਥ ਸ਼ਾਸ਼ਤ੍ਰ ਵਿਚ ਦੇਵਦਾਸੀ ਪ੍ਰਥਾ ਦਾ ਅਸਿੱਧੇ ਢੰਗ ਨਾਲ ਜ਼ਿਕਰ ਕੀਤਾ ਮਿਲਦਾ ਹੈ। ਕੌਟੱਲਿਆ ਅਨੁਸਾਰ, ਜਿਹੜੀ ਇਸਤਰੀ ਪਰ-ਪੁਰਸ਼ ਦੇ ਵੱਸ ਵਿਚ ਹੋ ਜਾਵੇ, ਉਸ ਲਈ ਰਾਜੇ ਦੀ ਦਾਸੀ ਬਣ ਕੇ ਰਹਿਣ ਦਾ ਚਲਨ ਹੈ।

ਪ੍ਰਾਚੀਨ ਕਾਲ ਵਿਚ ਇਸਤਰੀਆਂ ਨੂੰ ਵੇਚਣ ਅਤੇ ਗਿਰਵੀ ਰੱਖਣ ਦੇ ਪ੍ਰਮਾਣ ਵੀ ਮਿਲਦੇ ਹਨ। ਕੌਟੱਲਿਆ ਸ਼ਾਸ਼ਤ੍ਰ ਵਿਚ ਸੰਨਿਆਸਣਾਂ ਦਾ ਕਾਫ਼ੀ ਜ਼ਿਕਰ ਹੈ। ਗਿਰਵੀ ਇਸਤਰੀਆਂ ਦੀ ਮਰਜ਼ੀ ਵਿਰੁੱਧ ਸਹਿਵਾਸ ਕਰਨ ਵਾਲਿਆਂ ਲਈ ਸਜ਼ਾ ਦੇ ਨਿਯਮ ਸਨ। ਉਮਰ ਦੇ ਦਸਵੇਂ ਸਾਲ ਤੋਂ ਹੀ ਗਣਿਕਾਵਾਂ ਰਾਜਿਆਂ ਸਾਮ੍ਹਣੇ ਨੱਚਣਾ ਸ਼ੁਰੂ ਕਰ ਦੇਂਦੀਆਂ ਸਨ। ਵੇਸਵਾ ਜੀਵਨ ਤੋਂ ਮੁਕਤੀ ਪਾਉਣ ਲਈ 20 ਹਜ਼ਾਰ 'ਪਣ' ਦੇਣੇ ਪੈਂਦੈ ਸਨ।

ਧਾਰਵਾੜ (ਕਰਨਾਟਕਾ) ਯੂਨੀਵਰਸਿਟੀ ਦੇ ਪ੍ਰਫ਼ੈਸਰ, ਡਾ. ਐਸ.ਐਸ. ਸ਼ੇਟਰ ਬਾਰੇ ਪਤਾ ਲਗਾ ਕਿ ਉਹਨਾਂ ਦੇਵਦਾਸੀਆਂ 'ਤੇ ਕੁਝ ਕੰਮ ਕੀਤਾ ਹੈ। ਕਾਫ਼ੀ ਖੱਜਲ-ਖੁਆਰੀ ਬਾਦ ਉਹਨਾਂ ਨੂੰ ਮਿਲੇ ਤਾਂ ਉਹਨਾਂ ਦੱਸਿਆ, ਲਗਭਗ ਦੋ ਹਜ਼ਾਰ ਸਾਲਾਂ ਤੋਂ ਇਸ ਪ੍ਰਥਾ ਦੇ ਪ੍ਰਮਾਣ ਮੱਤਸਯ ਪੁਰਾਣ, ਵਿਸ਼ਨੂੰ ਪੁਰਾਣ ਅਤੇ ਕੌਟੱਲਿਆ ਦੇ ਅਰਥ ਸ਼ਾਸ਼ਤ੍ਰ ਵਿਚ ਮਿਲਦੇ ਹਨ।

ਦੇਵਦਾਸੀ ਪ੍ਰਥਾ ਨੂੰ ਉਤਸ਼ਾਹਿਤ ਕਰਨ ਲਈ ਇਹ ਧਾਰਨਾ ਵੀ ਪ੍ਰਚਲਿਤ ਹੈ ਕਿ ਆਮ ਇਸਤਰੀ ਤਾਂ ਪਤੀ ਦੀ ਮੌਤ ਉਪਰੰਤ ਵਿਧਵਾ ਹੋ ਜਾਂਦੀ ਹੈ, ਪਰ ਦੇਵਦਾਸੀ ਕਿਉਂਕਿ ਦੇਵ ਦੀ ਪਤਨੀ ਹੈ ਅਤੇ ਦੇਵਤਾ ਅਮਰ ਹੈ, ਇਸ ਲਈ ਦੇਵਦਾਸੀ ਮਰਦੇ ਦਮ ਤੱਕ ਸੁਹਾਗਵਤੀ ਰਹਿੰਦੀ ਹੈ। ਉਹ ਹਰ ਸ਼ੁੱਭ-ਅਸ਼ੁੱਭ ਰਸਮਾਂ ਅਤੇ ਅਨੁਸ਼ਠਾਨਿਕ ਕਿਰਿਆਵਾਂ ਦੀ ਭਾਗੀਦਾਰ ਬਣ ਸਕਦੀ ਹੈ। ਇਸ ਧਾਰਨਾਂ ਨੇ ਵੀ ਦੇਵਦਾਸੀ ਪ੍ਰਥਾ ਨੂੰ ਸਥਾਪਿਤ ਕਰਨ ਵਿਚ ਮਦਦ ਕੀਤੀ।

## ਲੋਕ-ਵਿਸ਼ਵਾਸ਼

ਆਂਧਰਾ ਪ੍ਰਦੇਸ਼ ਵਿਚ ਦੇਵਦਾਸੀਆਂ ਨੂੰ 'ਜੋਗਨੀਆਂ' ਕਿਹਾ ਜਾਂਦਾ ਹੈ। ਇਸ ਪ੍ਰਥਾ ਬਾਰੇ ਵੱਖ ਵੱਖ ਪ੍ਰਾਂਤਾਂ ਵਿਚ ਇੱਕ ਤੋਂ ਵਧੇਰੇ ਦੰਤ-ਕਥਾਵਾਂ ਪ੍ਰਚਲਿਤ ਹਨ।

### (ੳ) ਦੰਤ-ਕਥਾ

ਸੈਂਕੜੇ ਸਾਲ ਪਹਿਲਾਂ ਇੱਕ ਬ੍ਰਾਹਮਣ ਦੇ ਘਰ ਬੇਹੱਦ ਸੁੰਦਰ ਕੰਨਿਆ ਪੈਦਾ ਹੋਈ। ਜਦੋਂ ਉਹ ਭਰ ਜੁਆਨ ਹੋਈ ਤਾਂ ਕੁਝ ਨੌਜਵਾਨਾਂ ਨੇ ਉਹਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਣਾ ਚਾਹਿਆ। ਪਰ ਉਹ



ਦੌੜਦੀ ਹੋਈ ਇੱਕ 'ਚੇਲੰਮਾ' ਨਾਂ ਦੀ ਸ਼ੂਦਰ ਇਸਤਰੀ ਦੀ ਸ਼ਰਨ ਵਿਚ ਚਲੀ ਗਈ। ਚੇਲੰਮਾਂ ਨਿਡਰ ਅਤੇ ਦਬੰਗ ਸੀ। ਉਹਨੇਂ ਦਾਤਰ ਕੱਢ ਲਿਆ ਅਤੇ ਕਿਸੇ ਨੂੰ ਨੇੜੇ ਨਾ ਫਟਕਣ ਦਿੱਤਾ। ਇਸ ਤੇ ਚੇਲੰਮਾਂ ਦੀ ਕੀਰਤੀ ਦੂਰ-ਦੂਰ ਤੱਕ ਫੈਲ ਗਈ। ਉਸਦੇ ਮਰਨ ਉਪਰੰਤ, ਉਸਦੇ ਨਾਂ ਤੇ ਮੰਦਰ ਦੀ ਸਥਾਪਨਾ ਹੋਈ ਅਤੇ ਉਹ ਲੋਕ, ਜੋ ਆਪਣੀਆਂ ਧੀਆਂ ਨੂੰ ਅਸੁਰੱਖਿਅਤ ਸਮਝਦੇ ਸਨ, ਚੇਲੰਮਾਂ ਦੇ ਨਾਂ ਤੇ ਅਰਪਣ ਕਰਨ ਲੱਗੇ। ਚੇਲੰਮਾਂ ਕਿਉਂਕਿ ਦਲਿਤ ਸੀ, ਇਸ ਲਈ ਸਦੀਆਂ ਤੋਂ ਇੱਥੇ ਅਰਪਿਤ ਕੀਤੀਆਂ ਜਾਣ ਵਾਲੀਆਂ ਬਹੁਤੀਆਂ ਕੰਨਿਆਵਾਂ ਦਲਿਤ ਸਮਾਜਾਂ ਵਿਚੋਂ ਹਨ।

ਚੇਲੰਮਾਂ ਦੇਵੀ ਦੇ ਨਾਂ ਤੇ ਕਈ ਮੰਦਰ ਹਨ। ਚੇਲੰਮਾਂ ਨੂੰ ਕੀਰਤੀ ਕਿਉਂਕਿ ਇੱਕ ਬ੍ਰਾਹਮਣ ਮੁਟਿਆਰ ਨੇ ਦਿਵਾਈ ਇਸ ਲਈ ਮੰਦਰ 'ਤੇ ਮੁਢਲਾ ਅਧਿਕਾਰ ਬ੍ਰਾਹਮਣ ਪੰਡਤਾਂ ਦਾ ਅਤੇ ਦੂਜਾ ਅਧਿਕਾਰ ਧਨਵਾਨਾਂ ਅਤੇ ਸਥਾਨਕ ਜ਼ਿਮੀਦਾਰਾਂ ਦਾ ਹੁੰਦਾ ਹੈ। ਅਜਿਹੀ ਸਥਿਤੀ ਵਿਚ ਦੇਵਦਾਸੀਆਂ ਕਿਸਦੀ ਸੰਪਤੀ ਹੋਣਗੀਆਂ- ਸੌਖੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਅਜਿਹੇ ਪ੍ਰਮਾਣ ਵੀ ਮਿਲੇ, ਜਿਸ ਵਿਚ ਕਿਸੇ ਸੋਹਣੀ ਅਛੂਤ ਕੰਨਿਆਂ ਨੂੰ ਵੇਖ ਕੇ, ਕੁਲੀਨ ਵਰਗ ਨੇਂ ਉਸਦੇ ਮਾਪਿਆਂ ਨੂੰ ਉਕਸਾਇਆ ਕਿ ਉਹ ਆਪਣੀ ਧੀ ਨੂੰ ਚੇਲੰਮਾਂ ਦੀ ਸ਼ਰਣ ਵਿਚ ਭੇਜ ਦੇਣ ਤਾਂ ਕਿ ਇੱਕ ਤਾਂ ਉਹਦੇ ਵਿਆਹ ਵਗ਼ੈਰਾ ਦਾ ਖਰਚਾ ਬਚ ਸਕੇ। ਉਤੋਂ ਦੇਵਦਾਸੀ ਬਣਨ ਉਪਰੰਤ ਉਹ ਮਾਂ ਪਿਓ ਦੀ ਮਦਦ ਵੀ ਕਰ ਸਕੇਗੀ।

ਕਰਨਾਟਕਾ ਵਿਚ ਦੇਵਦਾਸੀਆਂ ਨੂੰ 'ਸੂਲੇ' (ਵੇਸਵਾ) ਕਿਹਾ ਜਾਂਦਾ ਹੈ। ਕਰਨਾਟਕਾ, ਮਹਾਂਰਾਸ਼ਟਰ ਅਤੇ ਆਂਧਰਾ ਵਿਚ ਮੰਦਰ ਦੀ ਧੁਆਈ, ਦੀਵਾ (ਜੋਤ) ਜਗਾਉਣਾ, ਮੂਰਤੀ ਇਸ਼ਨਾਨ ਲਈ ਪਾਣੀ ਲਿਆਉਣਾ; ਦਿਨ ਵਿਚ ਦੋ ਵਾਰ ਨ੍ਰਿਤ ਨਾਲ ਦੇਵਤਾ ਨੂੰ ਪ੍ਰਸੰਨ ਕਰਨਾ, ਕਿਸੇ ਵੀ ਧਨਵਾਨ ਵੱਲੋਂ ਮੰਦਰ ਵਿਚ ਦਾਨ ਦੇਣ ਸਮੇ ਉਸਦੀ ਆਓ-ਭਾਗਤ ਕਰਨੀ, ਅਤੇ ਦਾਨ-ਇੱਛਾ ਦੀ ਅੰਤਰੀਵ ਭਾਵਨਾਂ ਨੂੰ ਨੱਚ ਕੇ ਦੇਵਤਾ ਅੱਗੇ ਪ੍ਰਗਟ ਕਰਨਾ ਆਦਿ, ਦੇਵਦਾਸੀਆਂ ਦੇ ਮੰਦਰ ਦੀ ਚਾਰਦੀਵਾਰੀ ਅੰਦਰਲੇ ਕਾਰਜ ਹਨ। ਅੱਜ ਵੀ ਕਈ ਮੰਦਰਾਂ ਦੇ ਭਿੱਤ-ਚਿਤਰਾਂ 'ਤੇ ਆਮ੍ਹੋ-ਸਾਮ੍ਹਣੇ ਬੈਠੀਆਂ ਗਣਿਕਾਵਾਂ, ਮੂਰਤੀ ਜਾਂ ਸ਼ਿਵਲਿੰਗ ਤੇ ਪੁਸ਼ਪ (ਫੁੱਲ) ਅਰਪਨ ਕਰਦੀਆਂ ਵੇਖੀਆਂ ਜਾ ਸਕਦੀਆਂ ਹਨ। ਇਹ ਚਿੱਤਰ ਦੇਵਦਾਸੀਆਂ ਦੇ ਹੀ ਹਨ।

ਦੇਵਦਾਸੀ ਲਈ ਇੱਕ ਮੰਦਰ ਨੂੰ ਛੱਡ ਕੇ ਦੂਜੇ ਮੰਦਰ ਵਿਚ ਜਾਣਾ ਮਨ੍ਹਾਂ ਹੈ। ਮੰਦਰ ਦੀ ਪੂਰੀ ਸੰਪਤੀ, ਸਥਾਨਕ ਰਜਵਾੜਿਆਂ, ਜ਼ਿੰਮੀਦਾਰਾਂ ਜਾਂ ਧਨਵਾਨਾਂ ਅਧੀਨ ਹੁੰਦੀ ਹੈ। ਇਸ ਲਈ ਉਹਨਾਂ ਵੱਲੋਂ ਸਮੇਂ ਸਮੇਂ ਧਨ, ਜ਼ਮੀਨਾਂ ਅਤੇ ਬੱਝਵੀਂ ਆਮਦਨ ਵੀ ਮੰਦਰਾਂ ਨੂੰ ਦੇਣ ਦੇ ਪ੍ਰਮਾਣ ਮਿਲਦੇ ਹਨ।

ਇਤਿਹਾਸ ਵਿਚੋਂ ਕੁਝ ਅਜਿਹੇ ਵੇਰਵੇ ਵੀ ਪ੍ਰਾਪਤ ਹਨ, ਜਦੋਂ ਤਾਮਿਲਨਾਡੂ ਦੇ ਰਾਜੇ ਨੇ (ਇੱਕ ਸਮੇਂ) ਮੰਦਰਾਂ ਨੂੰ ਧਨ ਦੇਣ ਦੇ ਇਵਜ਼ ਵਿਚ ਦੇਵਦਾਸੀਆਂ ਨੂੰ ਵੀ ਨਿੱਜੀ ਸੰਪਤੀ ਸਮਝਣਾ ਚਾਹਿਆ। ਪੁਜਾਰੀਆਂ ਨੇਂ ਇਸਦਾ ਡਟ ਕੇ ਵਿਰੋਧ ਕੀਤਾ। ਉੜੀਸਾ ਦੇ ਕੁਝ ਅਜਿਹੇ ਸਾਮੰਤ ਰਜਵਾੜਿਆਂ ਨੂੰ ਵੀ ਦੇਵਦਾਸੀਆਂ ਪੁਜਾਰੀਆਂ ਤੋਂ ਖੋਹ ਕੇ ਭੋਗਣ 'ਤੇ ਪੁਜਾਰੀਆਂ ਦਾ ਵਿਰੋਧ ਸਹਿਣਾ ਪਿਆ। ਪੁਜਾਰੀਆਂ ਦਾ ਮੱਤ ਸੀ ਕਿ ਧਰਮ ਅਧੀਨ ਰਾਜਾ ਵੀ ਆਮ ਜਨਤਾ ਜਿਹੇ ਨਿਯਮਾਂ ਦਾ ਪਾਲਣ ਕਰਦਾ ਹੈ।

ਦਸਵੀਂ ਬਾਰਵ੍ਹੀਂ ਸਦੀ ਵਿਚ ਇਸਤਰੀ ਦੀ ਸੁਤੰਤਰਤਾ ਬਾਰੇ ਕਈ ਮਰਿਆਦਾਵਾਂ ਲਾਗੂ ਕੀਤੀਆਂ ਗਈਆਂ, ਪਰ ਨਾਲ ਹੀ ਨਾਲ ਦੇਵੀ-ਦੇਵਤਿਆਂ ਨੂੰ ਬੱਚੇ ਅਰਪਨ ਕਰਨ ਜਿਹੇ ਰੁਝਾਨ ਵੀ ਸਾਮ੍ਹਣੇ ਆਏ। ਬਹੁਤੀਆਂ ਹਾਲਤਾਂ ਵਿਚ ਧਨਵਾਨ ਲੋਕਾਂ ਨੇ, ਅੰਨ, ਧਨ ਅਤੇ ਸੋਨਾ ਆਦਿ ਦਾਨ ਦੇਣ ਤੋਂ ਇਲਾਵਾ ਗ਼ਰੀਬ ਕੰਨਿਆਵਾਂ ਖ਼ਰੀਦ ਕੇ ਵੀ ਦੇਵ-ਅਰਪਿਤ ਕੀਤੀਆਂ, ਪਰ ਕੰਨਿਆਵਾਂ ਖ਼ਰੀਦਣਾ ਸਭ ਦੇ ਵੱਸ ਵਿਚ ਨਾ ਹੋਣ ਕਰਕੇ, ਇਹ ਰੁਝਾਨ ਛੇਤੀ ਘਟ ਗਿਆ ਅਤੇ ਸੰਤਾਨ ਦੀਆਂ ਇੱਛਾਵਾਨ ਇਸਤਰੀਆਂ ਨੇਂ, ਪਹਿਲੀ ਸੰਤਾਨ ਪੁੱਤਰੀ ਹੋਣ ਦੀ ਸੂਰਤ ਵਿੱਚ, ਕੰਨਿਆਵਾਂ ਦੇਵ-ਅਰਪਿਤ ਕੀਤੀਆਂ।

### (ਅ) ਦੰਤ-ਕਥਾ

ਕਰਨਾਟਕਾ ਅਤੇ ਮਹਾਂਰਾਸ਼ਟਰ ਵਿੱਚ ਦੇਵਦਾਸੀਆਂ ਦੀ ਦੇਵੀ 'ਯੇਲੰਮਾ' ਬਾਰੇ ਕਈ ਦੰਤ-ਕਥਾਵਾਂ ਪ੍ਰਚਲਿਤ ਹਨ। ਕਈ ਧਰਮ ਗ੍ਰੰਥਾਂ ਵਿਚ ਯੇਲੰਮਾ ਦਾ ਦੂਜਾ ਨਾਂ 'ਰੇਣੂਕਾ' ਆਉਂਦਾ ਹੈ। ਇਕ ਮਿਥ

ਅਨੁਸਾਰ, ਰੇਣੂਕਾ ਦਾ ਜਨਮ ਰੇਣੂ ਰਾਜਾ ਵੱਲੋਂ ਕੀਤੇ ਯੱਗ ਦੇ ਫਲਸਰੂਪ ਹੋਇਆ। ਜੁਆਨ ਹੋਣ ਤੇ ਉਹਦਾ ਵਿਆਹ ਕਰੋਧੀ ਸੁਭਾਅ ਵਾਲੇ 'ਜਮਦਗਿਨ' ਰਿਸ਼ੀ ਨਾਲ ਹੋਇਆ। ਇੱਕ ਵੇਰ ਸਰੋਵਰ ਤੇ ਗਈ ਰੇਣੂਕਾ ਆਪਣੀਆਂ ਜਾਣੂ ਇਸਤਰੀਆਂ ਨਾਲ ਕੁਝ ਕਾਮੁਕ ਕਿਸਮ ਦੀ ਛੇੜ-ਛਾੜ ਕਰਨ ਲੱਗੀ। ਜਿਸ ਬਾਰੇ ਅੰਤਰਜਾਮੀ ਰਿਸ਼ੀ ਨੂੰ ਪਤਾ ਲੱਗ ਗਿਆ। ਗੁੱਸੇ ਵਿਚ ਰਿਸ਼ੀ ਨੇਂ ਆਪਣੇ ਪੁੱਤਰਾਂ ਨੂੰ ਮਾਂ ਦਾ ਸਿਰ ਕਲਮ ਕਰਨ ਲਈ ਕਿਹਾ। ਤਿੰਨ ਪੁੱਤਰਾਂ ਨੇਂ ਤਾਂ ਇਨਕਾਰ ਕਰ ਦਿੱਤਾ, ਪਰ ਚੌਥੇ ਪੁੱਤਰ ਪਰਸੁ ਰਾਮ ਨੇਂ ਮਾਂ ਦਾ ਸਿਰ ਵੱਢ ਦਿੱਤਾ। ਇਸ ਤੇ ਰਿਸ਼ੀ ਨੇਂ ਕੋਈ ਵਰ ਮੰਗਣ ਲਈ ਕਿਹਾ, ਜਿਸ ਤੇ ਪਰਸੁ ਨੇਂ ਮਾਂ ਨੂੰ ਜੀਵਤ ਕਰਨ ਦਾ ਵਰ ਹੀ ਮੰਗ ਲਿਆ।

ਕਾਰਤੀਵੀਰਯ (ਜੋ ਹੈਹਯਾਂ ਦਾ ਰਾਜਾ ਸੀ) ਦੀਆਂ ਹਜ਼ਾਰ ਬਾਹਵਾਂ ਸਨ। ਇਕ ਵੇਰ ਉਹ ਜਮਦਗਨੀ ਦੇ ਆਸ਼ਰਮ ਵਿਚੋਂ ਯੱਗ ਦੀ ਗਊ ਜ਼ਬਰਦਸਤੀ ਲੈ ਗਿਆ। ਇਸ ਤੇ ਪਰਸੁ ਨੇ ਕਾਰਤੀਵੀਰਯ ਨੂੰ ਮਾਰ ਦਿੱਤਾ। ਪਰਸੁ ਨੇ ਕਿਉਂਕਿ ਇੱਕ, ਛੱਤਰੀ (ਕਸ਼ੱਤਰੀ) ਨੂੰ ਮਾਰਿਆ ਸੀ, ਇਸ ਲਈ ਰਿਸ਼ੀ ਨੇ ਪਰਸੁ ਨੂੰ ਬਾਰਾਂ ਵਰਿਹਾਂ ਲਈ ਤੀਰਥ ਯਾਤਰਾ ਕਰਕੇ ਪ੍ਰਾਸ਼ਚਿਤ ਕਰਨ ਦਾ ਹੁਕਮ ਦੇ ਦਿੱਤਾ। ਪਿੱਛੋਂ ਕੀਰਤੀਵੀਰਯ ਦੇ ਪੁੱਤਰਾਂ ਨੇ ਜਮਦਗਨੀ ਨੂੰ ਮਾਰ ਦਿੱਤਾ। ਇਸ ਤੇ ਪਰਸੁ ਨੇਂ ਕਸ਼ੱਤਰੀਆਂ ਨੂੰ ਨਾਸ਼ ਕਰਨ ਦਾ ਪ੍ਰਣ ਲਿਆ।

ਕਰਨਾਟਕਾ ਅਤੇ ਮਹਾਂਰਾਸ਼ਟਰ ਦੀਆ ਦੇਵਦਾਸੀਆਂ ਵੱਲੋਂ ਇਸ ਦੰਤ-ਕਥਾ ਵਿਚ ਕੁਝ ਹੋਰ ਵੇਰਵੇ ਜੋੜੇ ਗਏ ਹਨ। ਜਿਵੇਂ, ਜਦੋਂ ਪਰਸੁ ਨੇ ਮਾਂ ਦਾ ਸਿਰ ਵੱਢਿਆ ਅਤੇ ਵਰ ਮਿਲਣ 'ਤੇ ਸਿਰ ਧੜ ਨਾਲ ਜੋੜਨਾਂ ਚਾਹਿਆ ਤਾਂ ਪਰਸੁ ਨੂੰ ਸਿਰ ਨਾ ਲੱਭਾ; ਤਦ ਉਸਨੇ ਕਾਹਲੀ ਵਿਚ ਇੱਕ ਦਲਿਤ ਇਸਤਰੀ 'ਮਾਤੰਗੀ' ਦਾ ਸਿਰ ਵੱਢ ਕੇ ਮਾਂ ਦੇ ਧੜ ਨਾਲ ਜੋੜ ਦਿੱਤਾ। ਪਰ ਕੁਝ ਚਿਰ ਪਿੱਛੋਂ ਪਰਸੁ ਨੂੰ ਮਾਂ ਦਾ ਸਿਰ ਵੀ ਲੱਭ ਗਿਆ, ਜੋ ਉਸਨੇਂ ਮਾਤੰਗੀ ਦੇ ਧੜ ਨਾਲ ਜੋੜ ਦਿੱਤਾ। ਇਸ ਤੇ ਰੈਣੂਕਾ ਅਤੇ ਮਾਤੰਗੀ, ਦੋ ਭੈਣਾ ਵਜੋਂ ਦੇਵਦਾਸੀਆਂ ਲਈ ਦੇਵੀਆਂ ਪ੍ਰਸਿੱਧ ਹੋਈਆਂ।

ਦੇਵਦਾਸੀਆਂ ਦਾ ਪ੍ਰਮੁੱਖ ਸਥਾਨ ਕਰਨਾਟਕਾ ਦੇ 'ਬੇਲਾਰੀ' ਜਿਲ੍ਹੇ ਦੇ 'ਹੁਲਗੇ' ਪਿੰਡ ਵਿੱਚ ਹੈ। ਜਿੱਥੇ ਯੇਲੰਮਾ ਅਤੇ ਹੁਲਗੇਮਾ ਦੇਵੀਆਂ ਦੇ ਮੰਦਰ ਹਨ। ਇੱਕ ਦੰਤ-ਕਥਾ ਅਨੁਸਾਰ ਇਹ ਵੀ ਦੋਵੇਂ ਭੈਣਾਂ ਸਨ। ਉੱਚੀਆਂ ਪਹਾੜੀਆਂ ਤੇ ਬਣੇ ਇਹਨਾਂ ਦੇ ਮੰਦਰਾਂ ਵਿੱਚ ਹਰ ਸਾਲ ਸੈਂਕੜੇ ਕੰਨਿਆਵਾਂ ਅਰਪਿਤ ਕੀਤੀਆਂ ਜਾਂਦੀਆਂ ਹਨ, ਜਿਥੋਂ ਉਹ (ਮਾਸਿਕ ਧਰਮ ਸ਼ੁਰੂ ਹੋਣ ਸਮੇਂ) ਦੇਵੀਆਂ ਨਾਲ ਸੰਬੰਧਿਤ ਇਲਾਕੇ, ਜਾਂ ਆਪਣੀ ਇਛਾ ਅਨੁਸਾਰ, ਵੱਖ-ਵੱਖ ਇਲਾਕੇ ਦੇ ਮੰਦਰਾਂ ਵਿਚ ਦੇਵ-ਵਿਵਾਹ ਉਪਰੰਤ ਦੇਵਦਾਸੀਆਂ ਬਣਦੀਆਂ ਹਨ।

ਹੁਲਗੇਮਾਂ ਨੂੰ ਬੇਹੱਦ ਗੁਸੈਲ ਮੰਨਿਆ ਜਾਂਦਾ ਹੈ। ਕ੍ਰੋਧਿਤ ਹੋਣ 'ਤੇ ਮਹਾਂਮਾਰੀ ਜਾਂ ਕਾਲ ਫ਼ੈਲ ਸਕਦਾ ਹੈ। ਇਸ ਲਈ ਕ੍ਰੋਪੀ ਤੋਂ ਬਚਣ ਹਿੱਤ ਕੰਨਿਆ ਅਰਪਨ ਕਰਨਾ ਸਭ ਤੋਂ ਸ੍ਰੇਸ਼ਟ ਪੁੰਨ ਸਮਝਿਆ ਜਾਂਦਾ ਹੈ। ਉਸਦੀ ਕ੍ਰੋਪੀ ਬਾਰੇ ਕਿਹਾ ਜਾਂਦਾ ਹੈ ਕਿ ਉਸਦੇ ਮੰਦਰ ਨੇੜਿਉਂ ਗੱਡੀ ਚੀਕ ਮਾਰ ਕੇ ਨਾ ਲੰਘੇ ਤਾਂ ਇੰਜਨ ਬੰਦ ਹੋ ਜਾਂਦਾ ਹੈ। ਦੇਵੀ ਦੀ ਯਾਤਰਾ ਸਮੇਂ ਤੱਤਾ ਪਾਣੀ ਹੱਥ ਵੀ ਨਹੀਂ ਲੂੰਹਦਾ।

ਕਰਨਾਟਕਾ ਅਤੇ ਮਹਾਂਰਾਸ਼ਟਰ ਵਿਚ ਹੋਰ ਵੀ ਕਈ ਸਥਾਨ ਹਨ ਜਿਥੇ ਕੰਨਿਆ ਅਤੇ ਬਾਲਕ ਵੱਡੀ ਮਾਤਰਾ ਵਿਚ ਅਰਪਿਤ ਕੀਤੇ ਜਾਂਦੇ ਹਨ। ਜਿਵੇਂ, ਖੰਡੋਵਾ, ਜਯੋਤਵਾ ਮੁਰਲੀ, ਅੰਬਾਬਾਈ ਜੋਗਤੀਣ, ਖਲਨਾਥ ਭਾਵੀਣ, ਭੂਤਨਾਥ ਨਾਯਕੀਣ, ਮਹਾਂ ਬੰਲੇਸ਼ਵਰ ਕਲਾਵੰਤੀਣ ਦਾਰੇਸ਼ਵਰ ਬਸਵੀ, ਮਾਯਵਾ, ਦੁਰਗਵਾ ਜੋਗਤੀ, ਮਾਯਾਵਾ ਮਾਤੰਗੀ, ਅਤੇ ਸ਼ਰਣੀ ਆਦਿ...। ਪਰ ਹੈਰਾਨੀ ਦੀ ਗੱਲ ਹੈ ਕਿ ਸਾਡੇ ਸਰਵ੍ਹੇ ਮੁਤਾਬਿਕ ਪਿਛਲੇ ਤੀਹ ਸਾਲਾਂ ਵਿਚ ਮਹਾਂਰਾਸ਼ਟਰ, ਤਾਮਿਲਨਾਡੂ ਅਤੇ ਆਂਧਰਾ ਵਿਚ ਜੋ ਕੰਨਿਆਵਾਂ ਅਰਪਿਤ ਕੀਤੀਆਂ ਗਈਆਂ ਉਹਨਾਂ ਵਿਚੋਂ 90 ਪ੍ਰਤੀਸ਼ਤ ਦਲਿਤ ਸਮਾਜਾਂ ਵਿਚੋਂ ਸਨ। ਇਹ ਨਿਮਨ ਵਰਗ ਜਿਨ੍ਹਾਂ ਵਿਚ ਮਹਾਰ, ਮਾਂਗ, ਰਵਦਾਸੀਏ, ਤਲਵਾਰ, ਕਬਾਲੀਦਾਰ, ਦਾਸਰ, ਬੇਡਰ, ਕੋਲੀ, ਨਾਈਕ, ਧਨਗਰ, ਕੁਨਬੀ ਅਤੇ ਭੰਡਾਰੀ ਆਦਿ ਸਨ। ਸਵਰਨ ਜਾਤੀਆਂ ਦੀਆਂ ਇੱਕੜ-ਦੁੱਕੜ ਕੰਨਿਆਵਾਂ ਕੇਵਲ ਸੰਤਾਨ ਦੀ ਸੁੱਖਣਾ ਅਧੀਨ ਅਰਪਿਤ ਕੀਤੀਆਂ ਗਈਆਂ।



## ਆਦਰ / ਬਨਾਮ ਆਰਥਿਕਤਾ

ਕਰਨਾਟਕਾ, ਆਂਧਰਾ ਅਤੇ ਮਹਾਂਰਾਸ਼ਟਰ ਦੇ ਜਿਨ੍ਹਾਂ ਪਿੰਡਾਂ ਵਿਚ ਤੀਹ ਸਾਲ ਪਹਿਲਾਂ ਸਾਨੂੰ ਜਾਣ ਦਾ ਮੌਕਾ ਮਿਲਿਆ। ਸ਼ਹਿਰਾਂ ਦੇ ਟਾਕਰੇ ਉਹਨਾਂ ਪਿੰਡਾਂ ਵਿਚ ਖੇਤ ਮਜ਼ਦੂਰਾਂ ਅਤੇ ਦੀਹਾੜੀਦਾਰ ਦਲਿਤ ਕਾਮਿਆਂ ਦੀ ਹਾਲਤ ਗ਼ਰੀਬੀ ਦੀ ਹੇਠਲੀ ਦਰ ਤੋਂ ਵੀ ਬਦਤਰ ਅਤੇ ਦਰਿਦਰੀ ਸੀ। ਪਰ ਅਜਿਹੇ ਗ਼ਰੀਬ ਪਰਿਵਾਰਾਂ ਵੱਲੋਂ ਅਰਪਿਤ ਕੀਤੀਆਂ ਦੇਵਦਾਸੀਆਂ ਦਾ ਜੀਵਨ-ਸਤੱਰ੍ਹ ਗ਼ਰੀਬ ਮਾਂ ਪਿਓ ਨਾਲੋਂ ਬਿਲਕੁਲ ਵਿਪਰੀਤ ਸੀ। ਉਹਨਾਂ ਦੀ ਸਾੜ੍ਹੀ, ਬੰਡੀ, ਨ੍ਰਿਤ ਸਮੇਂ ਗਿਲ੍ਹਟ ਦੇ ਗਹਿਣੇ, ਹਾਰ-ਸ਼ਿੰਗਾਰ ਦਾ ਸਾਜ਼ੋ-ਸਮਾਨ, ਅਤੇ ਜੋਗਤੀ (ਭਿੱਖਿਆ) ਵਿਚ ਮਿਲਣ ਵਾਲੇ ਭੋਜਨ ਦਾ ਕੋਈ ਗ਼ਰੀਬ ਪਰਿਵਾਰ ਸੁਪਨਾ ਵੀ ਨਹੀਂ ਲੈ ਸਕਦਾ। ਇਉਂ ਦੇਵਦਾਸੀ ਪ੍ਰਥਾ ਨੂੰ ਸਦੀਆਂ ਜੀਵੰਤ ਰੱਖਣ ਵਿਚ ਇਸ ਆਰਥਿਕਤਾ ਨੇਂ ਵੀ ਭੂਮਿਕਾ ਨਿਭਾਈ।

ਅਮੀਰ ਘਰਾਂ ਵਿਚ ਹੋਣ ਵਾਲੀਆਂ ਖੁਸ਼ੀ ਰਸਮਾਂ ਵਿਚ ਮਹਿਮਾਨਾਂ ਦਾ ਸੁਆਗਤ ਕਰਨਾ, ਹਵਨ ਆਦਿ ਸਮੇਂ ਪੁਜਾਰੀਆਂ ਨਾਲ ਮਿਲ ਕੇ ਸੰਪੰਨ ਕੀਤੀਆਂ ਜਾਣ ਵਾਲੀਆਂ ਧਾਰਮਿਕ ਰਸਮਾਂ-ਰੀਤਾਂ ਅਤੇ ਅਨੁ ਕਿਰਿਆਵਾਂ ਦੀ ਪੂਰਤੀ ਵਿਚ ਸਹਿਯੋਗੀ ਹੋਣਾ, ਧਾਰਮਿਕ ਵਿਧੀ-ਵਿਧਾਨ ਅਨੁਸਾਰ, ਵਰ ਅਤੇ ਕੰਨਿਆਂ ਦੀ ਵਿਆਹ ਸਮੇਂ ਤਿਆਰੀ ਕਰਵਾਉਣੀ, ਪੰਡਾਲ ਵਿਚ ਵੇਦੀ 'ਤੇ ਸੁਆਗਤ ਦਾ ਜਸ਼ਨ ਅਤੇ ਲਾੜੇ-ਲਾੜੀ ਦੇ ਗਲ਼ ਵਿਚ ਮੋਤੀ ਬੰਨ੍ਹਣ ਤੋਂ ਲੈ ਕੇ ਫੇਰਿਆਂ ਸਮੇਂ ਫੁੱਲਾਂ ਦੀ ਵਰਖਾ ਕਰਨ ਤੱਕ ਸਮੂਹਿਕ ਰਸਮਾਂ ਵਿਚ ਸਹਿਯੋਗੀ ਹੋਣਾ, ਦੇਵਦਾਸੀਆਂ ਦੇ ਆਦਰ ਲਈ ਕਾਫ਼ੀ ਹੈ।

ਆਮ ਜਨ-ਮਾਨਸ ਲਈ ਪਿੱਤਰ-ਸ਼ਰਾਧ ਅਤੇ ਚਿਤਾ ਨੂੰ ਅਗਨੀ ਪੁੱਤਰ ਅਤੇ ਭਰਾ ਦੇ ਜ਼ਿਮੇ ਹੁੰਦੀ ਹੈ, ਪਰ ਦੇਵਦਾਸੀ ਨੂੰ ਇਹ ਅਧਿਕਾਰ ਵੀ ਪ੍ਰਾਪਤ ਹੈ ਕਿ ਉਹ ਪਿੱਤਰ-ਸ਼ਰਾਧ ਕਰੇ ਅਤੇ ਚਿਤਾ ਨੂੰ ਅਗਨੀ ਦੇਵੇ।

ਉਪਰੋਕਤ ਤਿੰਨਾਂ ਪ੍ਰਾਤਾਂ ਵਿਚ ਦਲਿਤ ਜਨ-ਮਾਨਸ ਦੀ ਦਸ਼ਾ ਤਰਸਯੋਗ ਅਤੇ ਬੇਹੱਦ ਆਰਥਿਕ ਥੁੜ੍ਹੋਂ ਵਾਲੀ ਹੈ। ਬਹੁ-ਗਿਣਤੀ ਪਰਿਵਾਰ ਪੀੜ੍ਹੀ ਦਰ ਪੀੜ੍ਹੀ ਧਨਵਾਨਾਂ ਅਤੇ ਜ਼ਿਮੀਦਾਰਾਂ ਦੇ ਕਰਜੇ ਹੇਠ ਹਨ। ਇਹ ਬੰਧੂਆ ਲੋਕ, ਇੱਕ ਤਰ੍ਹਾਂ ਜ਼ਿੰਦਗੀ ਜਿਉਂਦੇ ਨਹੀਂ; ਰੀਂਗਦੇ ਹਨ। ਪਰ ਕਿਸੇ ਵੀ ਦੇਵਦਾਸੀ ਦਾ ਪਰਿਵਾਰ, ਦੇਵਦਾਸੀ ਵੱਲੋਂ ਮਾਂ ਪਿਉ ਦੀ ਕੀਤੀ ਥੋੜ੍ਹੀ ਬਹੁਤ ਆਰਥਿਕ ਮਦਦ ਨਾਲ, ਕੁਝ ਨਾ ਕੁਝ ਸੌਖੇ ਸਾਹ ਜ਼ਰੂਰ ਲੈ ਰਿਹਾ ਹੁੰਦਾ ਹੈ। ਬਸ਼ਰਤੇ ਕਿ ਮੰਦਰ ਵਿਚ ਦੇਵਦਾਸੀਆਂ ਦੀ ਬਹੁਤੀ ਭਰਮਾਰ ਨਾ ਹੋਵੇ ਅਤੇ ਦੇਵਦਾਸੀ ਬਹੁਤੀ ਬਦ-ਸੂਰਤ ਨਾ ਹੋਵੇ।

## ਵਿਧੀ-ਵਿਧਾਨ

ਸਧਾਰਨ ਵਿਵਾਹ ਅਤੇ ਦੇਵਦਾਸੀ ਵਿਵਾਹ ਵਿਚ ਕੋਈ ਅੰਤਰ ਨਹੀਂ ਹੈ। ਫ਼ਿਰ ਵੀ ਕੁਝ ਰਸਮਾਂ ਵਿਸ਼ੇਸ਼ ਹਨ। ਜਿਸ ਕੰਨਿਆਂ ਨੂੰ ਦੇਵ ਅਰਪਨ ਕਰਨਾ ਹੋਵੇ ਉਸ ਲਈ ਉਮਰ ਦਾ ਘੱਟ ਹੋਣਾ ਤਾਂ ਵਰਜਿਤ ਨਹੀਂ ਹੈ; ਪਰ ਮਾਸਿਕ ਧਰਮ ਸ਼ੁਰੂ ਹੋਣ ਤੋਂ ਪਿੱਛੋਂ ਦੇਵਦਾਸੀ ਪ੍ਰਥਾ ਵਿਚ ਜਾਣਾ ਵਰਜਿਤ ਹੈ। ਦੇਵਦਾਸੀ ਪ੍ਰਥਾ ਵਿੱਚ ਪ੍ਰਵੇਸ਼ ਸਮੇਂ ਘਰ ਵਿਚ 'ਪੱਕਾ' ਭੋਜਨ ਤਿਆਰ ਕੀਤਾ ਜਾਂਦਾ ਹੈ। ਨੇੜੇ ਦੀਆਂ ਪੰਜ

ਦੇਵਦਾਸੀਆਂ ਕੰਨਿਆਂ ਨੂੰ ਤਿਆਰ ਕਰਦੀਆਂ ਹੋਈਆਂ ਦੇਵ-ਪੂਜਾ ਕਰਦੀਆਂ ਹਨ। ਪੰਜ ਦੇਵਦਾਸੀਆਂ ਵੱਲੋਂ ਨਾਰੀਅਲ ਤੋੜਨਾ, ਅਗਰਬੱਤੀ ਅਤੇ ਕਪੂਰ ਜਲਾਉਣਾ, ਇਸ਼ਨਾਨ ਉਪਰੰਤ ਕੇਲੇ ਦੇ ਪੱਤਿਆਂ ਨਾਲ ਕੰਨਿਆਂ ਦਾ ਗੁਪਤਾਂਗ ਢੱਕਣਾ ਆਦਿ ਰਸਮਾਂ ਵਿਸ਼ੇਸ਼ ਹਨ।

ਗਾਜੇ-ਵਾਜੇ ਨਾਲ ਬਰਾਤ ਨਿਕਲਦੀ ਹੈ ਅਤੇ ਮੰਦਰ ਵਿਚ ਪੁੱਜਣ ਉਪਰੰਤ, ਮੰਦਰ ਦੀਆਂ ਪੰਜ ਪ੍ਰਕਰਮਾਂ ਕਰਨ ਉਪਰੰਤ ਬਣਨ ਵਾਲੀ ਦੇਵਦਾਸੀ, ਦੇਵਤੇ, ਦੇਵਦਾਸੀਆਂ ਅਤੇ ਪੁਜਾਰੀ ਦੀ ਹਾਜ਼ਰੀ ਵਿਚ ਪੱਤੀਆਂ ਉਤਾਰ ਕੇ ਸਾੜ੍ਹੀ ਅਤੇ ਚੂੜੀਆਂ ਪਹਿਨਦੀ ਹੈ। ਦੇਵਤੇ ਨੂੰ ਹਲਦੀ, ਕੁਮਕੁਮ, ਨਾਰੀਅਲ, ਕਪੂਰ ਅਤੇ ਘਰੋਂ ਲਿਆਂਦਾ ਭੋਜਨ ਚੜ੍ਹਾਇਆ ਜਾਂਦਾ ਹੈ।

ਦੇਵਤੇ ਸਾਮ੍ਹਣੇ ਕੰਬਲ ਵਿਛਾ ਕੇ ਵਿਚਕਾਰ ਸੁੱਚੇ ਪਾਣੀ ਦਾ ਗੜਵਾ ਰੱਖ ਦਿੱਤਾ ਜਾਂਦਾ ਹੈ, ਜਿਸਨੂੰ

ਦੇਵਤੇ ਦਾ ਸਾਖਿਆਤ ਮੰਨ ਕੇ ਲੰਮੇ ਮੰਤ੍ਰ-ਪਾਠ ਉਪਰੰਤ, ਉਸੇ ਗੜਵੇ ਨਾਲ ਦੇਵਦਾਸੀ ਵਿਆਹ ਦਿੱਤੀ ਜਾਂਦੀ ਹੈ। ਪੁਜਾਰੀ ਦੇਵਦਾਸੀ ਦੇ ਗਲ ਵਿਚ ਮੋਤੀ ਵਾਲਾ ਧਾਗਾ ਬੰਨ੍ਹਦਾ ਹੈ। ਜਿਸਨੂੰ ਮੰਗਲ ਸੂਤਰ ਦਾ ਪ੍ਰਤੀਕ ਸਮਝਿਆ ਜਾਂਦਾ ਹੈ। ਫ਼ਿਰ ਉਹ ਮੰਦਰ ਦੀ ਧੁਰ ਅੰਦਰਲੀ ਚੁ-ਖੰਡੀ ਦੇ ਹਨੇਰੇ ਵਿਚ ਦੇਵਦਾਸੀ ਨੂੰ ਕੁਝ ਗੁਪਤ ਆਦੇਸ਼ ਦਿੰਦਾ ਹੈ, ਜੋ ਕਿਸੇ ਨੂੰ ਦੱਸਣੇ ਅਤੇ ਉਹਨਾਂ ਦੀ ਉਲੰਘਣਾ ਵਰਜਿਤ ਹੁੰਦੀ ਹੈ। ਪਰ ਅਸੀਂ ਉਹਨਾਂ ਨੂੰ ਪੁੱਛਣ ਵਿਚ ਸਫ਼ਲ ਹੋ ਗਏ ਅਤੇ ਪਤਾ ਲੱਗਾ ਕਿ ਮੁੱਖ ਆਦੇਸ਼ ਵਿਆਹ ਦਾ ਖਿਆਲ ਵੀ ਮਨ ਵਿਚ ਲਿਆਉਂਦਾ ਮਨ੍ਹਾਂ ਹੁੰਦਾ ਹੈ। ਪ੍ਰਸੂਤਾ ਅਤੇ ਮਰਗਤ ਵਾਲੇ ਘਰੋਂ ਤੇਰਵ੍ਹੀਂ ਤੱਕ ਭੋਜਨ, ਵਸਤੂ ਗ੍ਰਹਿਣ ਕਰਨਾਂ ਅਤੇ ਗ੍ਰਹਿ ਪ੍ਰਵੇਸ਼ ਵਰਜਿਤ ਹੁੰਦਾ ਹੈ। ਮਾਸਿਕ ਧਰਮ ਦੇ ਦਿਨੀਂ ਪੂਜਾ-ਅਰਚਨਾਂ, ਮੂਰਤੀ ਇਸ਼ਨਾਨ ਅਤੇ ਨਾਚ ਵਰਜਿਤ ਹੁੰਦਾ ਹੈ। ਪੁਜਾਰੀ ਦੇ ਹਰ ਹੁਕਮ ਦੀ ਪਾਲਣਾ ਹੀ ਦੇਵਤਾ ਨਮਿਤ ਪੁੰਨ ਦਾ ਕੰਮ ਸਮਝੇ ਜਾਣ ਦੀ ਹਿਦਾਇਤ ਕੀਤੀ ਜਾਂਦੀ ਹੈ। ਸਭ ਤੋਂ ਅਹਿਮ ਹਿਦਾਇਤ ਇਹ ਹੁੰਦੀ ਹੈ ਕਿ ਅੱਜ ਤੋਂ ਤਨ, ਮਨ, ਧਨ, ਵੇਖਣਾ, ਸੁਣਨਾ, ਬੋਲਣਾ ਅਤੇ ਕਰਨਾ, ਦੇਵਤਾ (ਭਾਵ:ਪੁਜਾਰੀ) ਦੇ ਆਦੇਸ਼ਾਂ ਅਨੁਸਾਰ ਹੋਵੇਗਾ। ਹੁਕਮ ਅਦੂਲੀ ਦੇਵੀ ਦੇਵਤਿਆਂ ਦੀ ਕਰੋਪੀ ਸਮਝੀ ਜਾਵੇਗੀ।

ਇਹਨਾਂ ਰਸਮਾਂ ਤੋਂ ਬਾਦ ਦੀ ਰਸਮ, ਦੇਵਦਾਸੀ ਵੱਲੋਂ ਪੰਜ ਪਿੰਡਾਂ ਵਿਚੋਂ ਜੋਗਤੀ (ਭਿੱਖਿਆ) ਮੰਗਣ ਦੀ ਹੁੰਦੀ ਹੈ। ਜਿਸ ਵਿਚ ਲੋਕ ਵਧ ਚੜ੍ਹ ਕੇ ਦਾਨ ਦਿੰਦੇ ਹਨ। ਇਸ ਪਹਿਲੇ ਦਾਨ ਦਾ ਕੁਝ ਹਿੱਸਾ ਦੇਵਦਾਸੀ ਦੇ ਮਾਪਿਆਂ ਨੂੰ ਦਿੱਤਾ ਜਾਂਦਾ ਹੈ। ਅੰਤਿਮ ਰਸਮ, ਦੇਵਦਾਸੀ ਵੱਲੋਂ ਮੂਰਤੀ ਸਾਮ੍ਹਣੇ ਨਗਨ ਇਸ਼ਨਾਨ ਕਰਨ ਅਤੇ ਨੱਚਣ ਦੀ ਹੁੰਦੀ ਹੈ, ਜਿਸ ਵਿਚ ਪਹਿਲੀਆਂ ਦੇਵਦਾਸੀਆਂ ਉਹਦੀ ਮਦਦ ਕਰਦੀਆਂ ਹਨ। ਇਸਨੂੰ ਸੌਨਤੀ (ਸੌਂਦਤੀ) ਦੀ ਰਸਮ ਵੀ ਕਿਹਾ ਜਾਂਦਾ ਹੈ। ਅਸਲ ਵਿਚ ਇਹ ਸਾਰੀਆਂ ਰਸਮਾਂ ਇਕ ਤਰ੍ਹਾਂ ਦੇਵਦਾਸੀ ਲਈ ਅਗਲੇਰੀ ਜਿੰਦਗੀ ਦੇ ਸੰਕੇਤ ਹਨ। ਜਿਵੇਂ, ਪੁਜਾਰੀ ਅਤੇ ਦੇਵਦਾਸੀਆਂ ਦੀ ਹਾਜ਼ਰੀ ਵਿਚ ਵਸਤ੍ਰ ਬਦਲਣਾ, ਨਗਨ-ਇਸ਼ਨਾਨ ਅਤੇ ਨਾਚ ਆਦਿ....।

ਇੰਜ ਹੀ ਜੇਕਰ ਬਾਲ ਅਰਪਨ ਕੀਤਾ ਜਾਵੇ, ਤਦ ਵੀ ਇਹੋ ਰਸਮਾਂ ਨਿਭਾਈਆਂ ਜਾਂਦੀਆਂ ਹਨ। ਖੰਡੋਵਾ ਨੂੰ ਅਰਪਿਤ ਕੀਤੇ ਬਾਲਕ ਨੂੰ 'ਵਾਧਯਾ' ਅਤੇ ਯੇਲੰਮਾ ਨੂੰ ਅਰਪਿਤ ਕੀਤੇ ਬਾਲਕ ਨੂੰ 'ਜੋਗੱਪਾ' ਕਿਹਾ ਜਾਂਦਾ ਹੈ। ਅਰਪਿਤ ਕੀਤੇ ਬਾਲਕ ਲਈ ਵੀ ਸਾੜ੍ਹੀ ਅਤੇ ਚੋਲੀ ਪਹਿਨਣੀ ਜ਼ਰੂਰੀ ਹੁੰਦੀ ਹੈ।

## ਪ੍ਰਥਾ

ਦੇਵਦਾਸੀ ਵਿਆਹ ਉਪਰੰਤ ਦੇਵਤਾ ਹੀ ਉਸਦਾ ਪਤੀ ਅਤੇ ਪੁਜਾਰੀ ਹੀ ਉਸਦਾ ਸਹਾਇਕ ਮੰਨਿਆ ਜਾਂਦਾ ਹੈ। ਇਹ ਵੱਖਰੀ ਗੱਲ ਹੈ ਕਿ ਪੁਜਾਰੀਆਂ ਤੋਂ ਬਾਦ, ਮੰਦਰ ਨੂੰ ਜ਼ਮੀਨਾਂ ਅਤੇ ਇਮਾਰਤਕਾਰੀ ਜਾਂ ਮੂਰਤੀ ਸਥਾਪਨਾ ਲਈ ਰਾਸ਼ੀ ਦੇਣ ਵਾਲੇ ਧਨਵਾਨਾਂ ਦਾ ਵੀ ਪੂਰਾ ਅਧਿਕਾਰ ਹੁੰਦਾ ਹੈ। ਕਿਉਂਕਿ ਬਹੁਤੇ ਮੰਦਰਾਂ ਵਿਚ ਰੋਜ਼ਾਨਾਂ ਚੜ੍ਹਾਵਾ ਨਾ-ਮਾਤਰ ਚੜ੍ਹਦਾ ਹੈ ਅਤੇ ਮੰਦਰ ਦੇ ਕਰਿੰਦਿਆਂ, ਪੁਜਾਰੀਆਂ ਅਤੇ ਦੇਵਦਾਸੀਆਂ ਦੇ ਲੰਗਰ (ਭੰਡਾਰੇ) ਲਈ ਬਹੁਤ ਸਾਰੀ ਰਾਸ਼ੀ ਦੀ ਲੋੜ ਪੈਂਦੀ ਹੈ। ਇਸ ਲੋੜ ਨੂੰ ਰਜਵਾੜੇ, ਜ਼ਿਮੀਦਾਰ ਅਤੇ ਧਨਵਾਨ ਪੂਰਾ ਕਰਦੇ ਹਨ। ਅਜਿਹੀ ਹਾਲਤ ਵਿਚ ਦੇਵਦਾਸੀਆਂ ਅਤੇ ਪੁਜਾਰੀਆਂ ਦੀ ਕੀ ਸਥਿਤੀ ਹੋਵੇਗੀ, ਸੌਖੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਅਫ਼ਸੋਸਜਨਕ ਪ੍ਰਥਾ ਇਹ ਹੈ ਕਿ ਅਜਿਹੇ ਅਣ-ਦਿਸਦੇ ਵਿਭਚਾਰ ਵਿਚੋਂ ਜੇਕਰ ਬਾਲਕ ਪੈਦਾ ਹੋ ਜਾਵੇ ਤਾਂ ਉਹ ਕਿਸੇ ਧਨਵਾਨ ਦੇ ਘਰ ਜਾਂ ਖੇਤਾਂ ਵਿਚ ਮਜ਼ਦੂਰੀ ਕਰਨ ਲੱਗਦਾ ਹੈ। ਜਾਂ ਮੰਦਰ ਦੇ ਅਹਾਤੇ ਵਿਚ ਹੀ ਵੱਡਾ ਹੋ ਕੇ ਕਿਸੇ ਸ਼ਹਿਰ ਦੀ ਗ਼ੁਰਬਤ ਵਿਚ ਮਰਜ ਹੋ ਜਾਂਦਾ ਹੈ।

ਜੋਗੱਪਾ ਅਤੇ ਦੇਵਦਾਸੀ ਦਾ ਆਪਸੀ ਵਿਆਹ ਵਰਜਿਤ ਹੈ, ਪਰ ਦੇਵਦਾਸੀਆਂ ਨੂੰ ਧਨਵਾਨਾਂ ਅਤੇ ਪੁਜਾਰੀਆਂ ਦੇ ਹੱਥੋਂ ਸ਼ੋਸ਼ਤ ਹੁੰਦੇ ਵੇਖ ਉਹਨਾਂ ਦੇ ਸੰਬੰਧ ਵੀ ਬਣਦੇ ਵੇਖੇ ਗਏ ਹਨ। ਪੁਜਾਰੀ ਅਜਿਹੇ ਸੰਬੰਧਾਂ 'ਤੇ ਇਸ ਲਈ ਰੋਕ ਨਹੀਂ ਲਗਾਉਂਦੇ ਕਿ ਜੇਕਰ ਦੇਵਦਾਸੀ ਗਰਭਵਤੀ ਹੋ ਜਾਵੇ ਤਾਂ ਵਿਭਚਾਰ (ਹਮਲ) ਜੋਗੱਪਾ ਦੇ ਖਾਤੇ ਵਿਚ ਪਾਇਆ ਜਾ ਸਕੇ। ਦੇਵਦਾਸੀ ਦੇ ਲੜਕੀ ਹੋਣ ਦੀ ਸੂਰਤ ਵਿਚ ਉਸਨੂੰ ਦੇਵਦਾਸੀ ਹੀ ਬਣਨਾ ਪੈਂਦਾ ਹੈ।



## ਝੂਲਵਾ (ਸ਼ਰਣ)

ਦੇਵਦਾਸੀਆਂ ਨੂੰ ਧਾਰਮਿਕ ਨਿਯਮਾਂ ਅਨੁਸਾਰ, ਆਪਣੇ ਹਰਮ ਦਾ ਸ਼ਿੰਗਾਰ ਬਣਾਇਆ ਜਾ ਸਕੇ ਇਸ ਲਈ ਦੇਵਦਾਸੀਆਂ ਦੀ ਰੱਖਿਆ ਅਧੀਨ ਇੱਕ 'ਝੂਲਵਾ' (ਸ਼ਰਣ) ਦੀ ਰੀਤ ਪ੍ਰਚਲਿਤ ਹੈ। ਇਸ ਰੀਤ ਵਿਚ ਕੋਈ ਵੀ ਧਨਵਾਨ ਦਾਨ ਦੀ ਵੱਡੀ ਰਕਮ, ਦੇਵਦਾਸੀ ਦੇ ਮਾਪਿਆਂ, ਮੰਦਰ ਅਤੇ ਪੁਜਾਰੀ ਨੂੰ ਦੇ ਕੇ ਦੇਵਦਾਸੀ ਨੂੰ ਆਪਣੀ ਧਾਰਮਿਕ ਸ਼ਰਣ ਵਿਚ ਲੈ ਸਕਦਾ ਹੈ।

ਇਸ ਰੀਤ ਨੂੰ ਬੜੇ ਵੱਡੇ ਜਸ਼ਨ ਰਾਹੀਂ ਪੂਰਾ ਕੀਤਾ ਜਾਂਦਾ ਹੈ।ਸ਼ਰਣਿਕ ਵਿਅਕਤੀ ਦੇਵਦਾਸੀ ਨੂੰ ਗੋਦ ਵਿਚ ਲੈ ਕੇ ਮੰਦਰ ਦੇ ਪ੍ਰਾਂਗਣ (ਵਿਹੜੇ) ਵਿਚ ਚੌਂਕੀ 'ਤੇ ਬੈਠਦਾ ਹੈ ਅਤੇ ਪੁਜਾਰੀ ਮੰਤ੍ਰ-ਪਾਠ ਉਪਰੰਤ ਸਾਰੇ ਹਜੂਮ ਦੇ ਸਾਮ੍ਹਣੇ ਸ਼ਰਣਿਕ ਤੋਂ ਦੇਵਦਾਸੀ ਦੀ ਰੱਖਿਆ ਅਤੇ ਹਿਫ਼ਾਜ਼ਤ ਦਾ ਪ੍ਰਣ ਲੈਂਦਾ ਹੈ। ਹੇਠ ਲਿਖੇ ਨਿਯਮ ਪੜ੍ਹ ਕੇ ਸੁਣਾਏ ਜਾਂਦੇ ਹਨ:

- ਦੇਵਦਾਸੀ ਕਿਸੇ ਵੀ ਲੋੜ ਜਾਂ ਮੁਸ਼ਕਿਲ ਸਮੇਂ ਸ਼ਰਣਿਕ ਦੇ ਘਰ ਜਾ ਸਕਦੀ ਹੈ।
- ਸ਼ਰਣਿਕ ਕਿਸੇ ਵੀ ਪੂਜਾ-ਪਾਠ ਸਮੇਂ ਦੇਵਦਾਸੀ ਨੂੰ ਘਰ ਵਿਚ ਬੁਲਾ ਸਕਦਾ ਹੈ।
- ਕੋਈ ਸ਼ਰਣਿਕ ਜਿਤਨੀਆਂ ਚਾਹੇ ਦੇਵਦਾਸੀਆਂ ਨੂੰ ਆਸਰਾ ਦੇ ਸਕਦਾ ਹੈ।
- ਹੁਕਮ-ਅਦੂਲੀ ਅਤੇ ਮਰਿਆਦਾ ਦਾ ਨਾ ਪਾਲਣ ਕਰਨ ਵਾਲੀ ਦੇਵਦਾਸੀ ਤੋਂ ਆਸ਼ਰਿਤ ਸੁਵਿਧਾ ਵਾਪਸ ਲਈ ਜਾ ਸਕਦੀ ਹੈ।
- ਦੇਵਦਾਸੀ ਨੂੰ ਸ਼ਰਣਿਕ ਦੀ ਜਾਇਦਾਦ ਵਿਚੋਂ ਹਿੱਸਾ ਲੈਣ ਦਾ ਅਧਿਕਾਰ ਨਹੀਂ ਹੋਵੇਗਾ।
- ਦੇਵਦਾਸੀ ਪੁਜਾਰੀ ਦੀ ਹਿਦਾਇਤ ਮੁਤਾਬਿਕ ਮੰਦਰ ਦਾ ਪੂਜਾ-ਪਾਠ ਅਤੇ ਨ੍ਰਿਤ ਕਰੇਗੀ; ਪਰ ਸਰਣਿਕ ਦੇ ਬੁਲਾਵੇ 'ਤੇ ਉਸਦੇ ਘਰ ਵੀ ਜਾਵੇਗੀ।

ਕਰਨਾਟਕਾ ਦੇ ਚਿਤਰਦੁਰਗ, ਬੇਲਾਰੀ ਅਤੇ ਸ਼ਿਮੋਗਾ ਜ਼ਿਲ੍ਹਿਆਂ ਵਿਚ ਲਗਭਗ ਹਰ ਪਿੰਡ ਦੇ ਮੰਦਰ ਵਿਚ ਦੇਵਦਾਸੀਆਂ ਅਰਪਨ ਕਰਨ ਦਾ ਚਲਨ ਹੈ। ਦਲਿਤ ਸਮਾਜ ਲਈ ਮੰਦਰ ਦੇ ਧਾਰਮਿਕ ਕਾਰਜਾਂ ਵਿਚ ਭਾਗ ਲੈਣ ਦੀ ਇੱਕ ਤਰ੍ਹਾਂ ਮਨਾਹੀ ਹੈ; ਪਰ ਦੇਵਦਾਸੀਆਂ ਸਭ ਧਾਰਮਿਕ ਰਸਮਾਂ ਨਿਭਾਉਣ ਲਈ ਪ੍ਰਵਾਨ ਹਨ। ਇਸ ਤੇ ਧਨ, ਵਸਤੂ, ਅਨਾਜ ਅਤੇ ਅਮੀਰ ਘਰਾਂ ਦੇ ਅੰਦਰੂਨੀ ਹਿੱਸੇ ਵਿੱਚ ਜਾਣ ਜਿਹੇ ਅਧਿਕਾਰ, ਦੇਵਦਾਸੀ ਪ੍ਰਥਾ ਦੀਆਂ ਜੜ੍ਹਾਂ ਮਜ਼ਬੂਤ ਕਰਨ ਲਈ ਕਾਫ਼ੀ ਹਨ।

ਮੁਰਕੀ, ਭਾਵਣੀ ਅਤੇ ਜੋਗਤੀ (ਜੋਗਨੀ) ਨਾਂ ਦੀਆਂ ਦੇਵਦਾਸੀਆਂ ਉੱਚੇ ਆਚਰਣ ਵਾਲੀਆਂ ਹਨ। ਉਹਨਾਂ ਨੂੰ ਸ਼ਰਧਾ ਦੇ ਰੂਪ ਵਿਚ ਵੇਖਿਆ ਜਾਂਦਾ ਹੈ। ਇਹਨਾਂ ਜੋਗਨੀਆਂ ਲਈ ਮਾਸਕ-ਧਰਮ ਦੇ ਦਿਨੀਂ ਭਿਖਿਆ ਮੰਗਣੀ ਅਤੇ ਮੰਦਰ-ਪੂਜਾ ਵਰਜਿਤ ਹੁੰਦੀ ਹੈ। ਦੇਵਦਾਸੀਆਂ ਅਤੇ ਜੋਗਨੀਆਂ ਦੀ ਪਛਾਣ ਗਲ ਵਿਚ ਪਈ ਮਾਲਾ ਤੋਂ ਕੀਤੀ ਜਾਂਦੀ ਹੈ।

ਤਾਮਿਲਨਾਡੂ ਵਿਚ ਮੰਦਰ ਅਤੇ ਪੁਜਾਰੀਆਂ ਨੂੰ ਭਾਰੀ ਦਾਨ-ਚੜ੍ਹਾਵਾ ਦੇ ਕੇ ਦੇਵਦਾਸੀਆਂ ਸ਼ਰਣ ਵਿਚ ਲੈਣ ਵਾਲਿਆਂ ਦੀ ਲੰਮੀ ਸੂਚੀ ਹੈ। ਕਰਨਾਟਕਾ ਦੇ ਹਰ ਮੰਦਰ ਵਿਚ ਇੱਕ ਤੋਂ ਵਧੇਰੇ ਦੇਵਦਾਸੀਆਂ ਵੇਖੀਆਂ ਜਾ ਸਕਦੀਆਂ ਹਨ।

## ਭਰਤਨਾਟਯਮ/ ਬਨਾਮ ਦੇਵਦਾਸੀ ਨ੍ਰਿਤ

ਭਾਰਤ ਦੇ ਸ਼ਾਸ਼ਤ੍ਰੀ ਨਾਚਾਂ ਵਿਚ ਭਰਤਨਾਟਯਮ ਦੀ ਵਿਸ਼ੇਸ਼ ਥਾਂ ਹੈ। ਇਸ ਨਾਚ ਦੀਆਂ ਜਨਮਦਾਤੀਆਂ ਦੇਵਦਾਸੀਆਂ ਹਨ। ਖਾਸਕਰ ਤਾਮਿਲਨਾਡੂ ਦੀਆਂ ਦੇਵਦਾਸੀਆਂ ਵੱਲੋਂ ਹੀ ਇਹ ਸੌਗਾਤ ਦਿੱਤੀ ਗਈ ਹੈ। ਪਰ ਦੁੱਖ ਦੀ ਗੱਲ ਇਹ ਹੈ ਕਿ ਇਸ ਸ਼ਾਸ਼ਤ੍ਰੀ ਨਾਚ ਦੀ ਉੱਤਪਤੀ ਅਤੇ ਵਿਕਾਸ ਨਾਲ ਕਿਸੇ ਵੀ ਦੇਵਦਾਸੀ ਦਾ ਨਾਂ ਨਹੀਂ ਜੋੜਿਆ ਜਾਂਦਾ, ਜਦ ਕਿ ਇਸ ਨਾਚ ਦੀਆਂ ਸਭ ਤੋਂ ਵੱਧ ਬਾਰੀਕੀਆਂ ਦੇਵਦਾਸੀਆਂ ਦੇ ਭਰਤਨਾਟਯਮ ਵਿਚ ਵੇਖੀਆਂ ਜਾ ਸਕਦੀਆਂ ਹਨ।

ਦੇਵਦਾਸੀਆਂ ਵੱਲੋਂ ਨੱਚੇ ਜਾਂਦੇ ਭਰਤਨਾਟਯਮ ਵਿਚ ਕਈ ਬੰਦਿਸ਼ਾਂ ਅਤੇ ਤਾਲਾਂ ਵੱਖਰੀਆਂ ਹਨ। ਅਸੀਂ ਜਦੋਂ ਇਹਨਾਂ ਫ਼ਿਲਮਾਂ ਲਈ ਵੱਖ ਵੱਖ ਪ੍ਰਾਂਤਾਂ ਦੇ ਭਰਤਨਾਟਯਮ ਦੀਆਂ ਸ਼ੈਲੀਆਂ ਦੇਖ ਰਹੇ ਸਾਂ ਤਾਂ ਕਾਫ਼ੀ ਵਖਰੇਵੇਂ ਨਜ਼ਰ ਆਏ।

ਦੇਵਦਾਸੀਆਂ ਅਨੁਸਾਰ, ਇਹਦਾ ਪ੍ਰਾਚੀਨ ਨਾਂ 'ਦੇਵਦਾਸੀ ਅੱਟਮ' ਹੈ। (ਭ) ਤੋਂ (ਭਾਵ) (ਰ) ਤੋਂ (ਰਾਗ) (ਤ) ਤੋਂ (ਤਾਲ) ਦੇ ਸੰਯੋਜਨ (ਸੁਮੇਲ) ਰਾਹੀਂ ਇਹ ਨ੍ਰਿਤ ਨੱਚਿਆ ਜਾਂਦਾ ਹੈ। ਆਧੁਨਿਕ ਰੂਪ ਵਿਚ ਇਹ ਨਾਚ ਕ੍ਰਿਸ਼ਨ ਲੀਲ੍ਹਾ, ਰਮਾਇਣ, ਮਹਾਂਭਾਰਤ ਜਹੀਆਂ ਕਥਾ ਕਹਾਣੀਆਂ 'ਤੇ ਕੇਂਦਰਿਤ ਕੀਤਾ ਜਾਂਦਾ ਹੈ, ਪਰ ਦੇਵਦਾਸੀਆਂ ਨਿਰੋਲ ਭਗਤੀ ਭਾਵ, ਸ਼ਰਧਾ, ਅਰਾਧਨਾ ਅਤੇ ਦੇਵੀ-ਦੇਵਤਿਆਂ ਦੀ ਇਤਿਹਾਸਿਕ ਪ੍ਰਿਸ਼ਟ-ਭੂਮੀ ਨਾਲ ਸੰਬੰਧਿਤ ਘਟਨਾਵਾਂ ਹੀ ਨੱਚਦੀਆਂ ਹਨ।

ਦੇਵਦਾਸੀਆਂ ਵਾਲੇ ਭਰਤਨਾਟਯਮ ਦੇ ਛੇ ਭਾਗ ਹਨ। ਅਲਾਪ, ਸਵਰਮਮ, ਸ਼ਬਦਮ, ਵਰਣਮ, ਪਦਮਮ ਅਤੇ ਤਿਲਾਨਾ।

ਨ੍ਰਿਤ ਦੇ ਸ਼ੁਰੂ ਵਿਚ 'ਅਲਾਪ' (ਅਲਾਰਿਪੁ) ਨੱਚਿਆ ਜਾਂਦਾ ਹੈ। ਜਿਸ ਦਾ ਭਾਵ ਹੈ, ਦੇਵਤਾ ਦੀ ਫੁੱਲਾਂ ਨਾਲ ਕੀਤੀ ਪੂਜਾ ਜਾਂ ਸਜਾਵਟ। ਇਹ ਇੱਕ ਤਰ੍ਹਾਂ ਦਾ ਮੰਗਲਾਚਰਨ ਹੈ, ਜਿਸ ਵਿਚ ਨਾਚੀ, ਵੰਦਨਾ, ਪੂਜਾ ਅਤੇ ਦੇਵ-ਉਸਤਤ ਨੱਚਦੀ ਹੈ। ਇਹ ਕਾਫ਼ੀ ਔਖੀ ਸ਼ੁਰੂਆਤ ਹੁੰਦੀ ਹੈ। ਨਾਚੀ ਵੱਲੋਂ ਇਸ ਮੰਗਲਾਚਰਨ ਵਿਚ ਆਪਣੇ ਸਰੀਰ ਦੇ ਇੱਕ-ਇੱਕ ਅੰਗ ਰਾਹੀਂ ਭਾਵ ਪ੍ਰਗਟ ਕੀਤੇ ਜਾਂਦੇ ਹਨ।

'ਸਵਰਮਮ' ਵਾਲੇ ਭਾਗ ਵਿਚ ਨਾਚੀ ਤਾਲ ਅਤੇ ਸਵੱਰ ਦੀਆਂ ਬਾਰੀਕੀਆਂ ਨੂੰ ਨੱਚਦੀ ਹੈ। ਦੇਵਦਾਸੀ ਨਾਚ ਦੀ ਵਿਲੱਖਣਤਾ ਇਸ ਵਿਚ ਹੈ ਕਿ ਪੈਰ ਨੱਚਦੇ ਹਨ ਅਤੇ ਮੁਖੜੇ ਦੇ ਅੰਗ, 'ਭਾਵ' ਪ੍ਰਗਟ ਕਰਦੇ ਹਨ। ਧੁੰਨੀ ਤੋਂ ਥੱਲੇ ਅਤੇ ਗੋਡਿਆਂ ਤੋਂ ਉਪਰਲੇ ਸ਼ਰੀਰ ਵਿਚ ਨਿੱਕੀ ਤੋਂ ਨਿੱਕੀ ਹਰਕਤ ਸਥਿਰ ਕਰ ਦਿੱਤੀ ਜਾਂਦੀ ਹੈ। 'ਕੋਕਿਲ' ਦੇਵਦਾਸੀ ਤਾਂ ਆਪਣੀ ਛਾਤੀ ਤੱਕ ਦੀ ਹਰਕਤ ਸਥਿਰ ਕਰ ਦਿੰਦੀ ਸੀ। ਸਭ ਤੋਂ ਵੱਡੀ ਅਤੇ ਔਖੀ ਗੱਲ ਸੀ ਕਿ ਦੇਵਦਾਸੀਆਂ ਇਹ ਹਿੱਸਾ ਪੰਜ ਤੋਂ ਦਸ ਮਿੰਟ ਲਗਾਤਾਰ ਨੱਚਦੀਆਂ ਹਨ; ਜਦ ਕੇ ਪੇਸ਼ਾਵਰ ਨਾਚੀਆਂ ਜਾਂ ਨਾਚੇ ਇਸ ਹਰਕਤ ਨੂੰ ਦੋ ਤੋਂ ਤਿੰਨ ਮਿਨਟ ਹੀ ਨੱਚ ਸਕਦੇ ਹਨ। ਇਸ ਭਾਗ ਨੂੰ ਦੇਵਦਾਸੀਆਂ ਤੋਂ ਬਾਹਰਲੇ ਨੱਚਣ ਵਾਲੇ 'ਜੈਥੀ' ਕਹਿੰਦੇ ਹਨ।

'ਸ਼ਬਦਮ' ਭਾਗ ਵਿਚ ਨਟਵਨ (ਗਮੰਤਰੀਆਂ) ਦੁਆਰਾ ਗਾਏ ਜਾਣ ਵਾਲੇ ਗੀਤਾਂ ਦੇ ਭਾਵਾਂ ਨੂੰ ਨਾਚੀ ਮਸਤਕ ਦੇ ਲੱਲਾਟ, ਛਾਤੀ ਦੇ ਉਭਾਰ, ਹੱਥਾਂ ਦੀਆਂ ਮੁੱਦਰਾਵਾਂ ਅਤੇ ਘੁੰਗਰੂਆਂ ਦੀ ਛਣਕਾਟ ਦੁਆਰਾ ਨੱਚਦੀ ਹੈ। ਇਥੇ ਇਹ ਗੱਲ ਧਿਆਨ ਰੱਖਣ ਯੋਗ ਹੈ ਕਿ ਨਗਰਾਂ ਜਾਂ ਮਹਾਂਨਗਰੀ ਸਟੇਜਾਂ ਤੇ ਨੱਚੇ ਜਾਣ ਵਾਲੇ ਭਰਤਨਾਟਯਮ ਦੀਆਂ ਕਮਜ਼ੋਰ ਬਾਰੀਕੀਆਂ ਨੂੰ 'ਸਾਊਂਡ ਸਿਸਟਮ' ਲਕੋ ਦਿੰਦਾ ਹੈ ਅਤੇ ਨਾਚੀ ਦਾ ਸਹਿਯੋਗੀ ਹੋ ਨਿਬੜਦਾ ਹੈ, ਜਦ ਕੇ ਮੰਦਰਾਂ ਵਿਚ ਨੱਚੇ ਜਾਂਦੇ ਨਾਚਾਂ ਵਿਚ ਕੇਵਲ ਅਤੇ ਕੇਵਲ ਕਲਾ ਦਾ ਹੀ ਪ੍ਰਦਰਸ਼ਨ ਹੁੰਦਾ ਹੈ। ਮੰਦਰਾਂ ਦੇ ਵੱਡੇ ਹਾਤਿਆਂ, ਚੁਖੰਡੀਆਂ ਅਤੇ ਚੁਗਿਰਦੇ ਦੇ ਪਥਰੀਲੇ ਫਰਸ਼ਾਂ ਉੱਤੇ ਕੇਵਲ ਨਾਚੀਆਂ ਦੀਆਂ ਅੱਡੀਆਂ ਅਤੇ ਘੁੰਗਰੂ ਛਣਕਦੇ ਹਨ। ਮ੍ਰਿਦੰਗ, ਮੰਜੀਰਾ ਤਾਨਪੁਰਾ ਅਤੇ ਵੀਣਾ ਗੂੰਜਦੀ ਹੈ। ਇਹਨਾਂ ਸਾਜ਼ਾਂ ਦੀ ਲੈਅ ਅਤੇ ਤਾਲ ਵਿਚ ਦੇਵਦਾਸੀਆਂ ਦਾ ਜੋਬਨ ਥਿਰਕਦਾ ਅਤੇ ਨਾਚ ਦੀਆਂ ਬਰੀਕੀਆਂ ਦੇ ਸਿਖ਼ਰ ਨੂੰ ਛੋਂਹਦਾ ਹੈ। ਇਸ ਭਾਗ ਵਿੱਚ ਸ਼ੁੱਧ ਨ੍ਰਿਤ ਨੱਚਿਆ ਜਾਂਦਾ ਹੈ। ਇਸ ਭਾਗ ਵਿੱਚ ਕਾਮ-ਉਕਸਾਊ ਹਰਕਤਾਂ ਲਈ ਵੀ ਥਾਂ ਹੁੰਦੀ ਹੈ।

'ਵਰਣਮ' ਭਰਤਨਾਟਯਮ ਦਾ ਸਭ ਤੋਂ ਸ਼ੁੱਧ ਨਾਚ ਵਾਲਾ ਭਾਗ ਹੈ। ਇਸ ਭਾਗ ਵਿਚ ਅਭਿਨੈ ਅਤੇ ਭਾਵ ਦਾ ਸੁਮੇਲ ਨੱਚਿਆ ਜਾਂਦਾ ਹੈ। ਇਹ ਸਹਿਜ ਗਤੀ ਵਾਲਾ ਭਾਗ ਹੈ। ਜਿਸ ਵਿਚ ਗੀਤ ਦੇ ਭਾਵ ਨੂੰ ਅੰਗ-ਮੁਦਰਾਵਾਂ ਰਾਹੀ ਬਿਨਾਂ ਸੰਕੋਚ ਪ੍ਰਦਰਸ਼ਿਤ ਕੀਤਾ ਜਾਂਦਾ ਹੈ।

'ਪਦਮਮ' ਭਾਗ ਵਿਚ ਸ਼ਿੰਗਾਰ ਰਸ ਦੇ ਕਾਵਿ ਨੂੰ ਅਭਿਨੈ ਸ਼ੈਲੀ ਦੁਆਰਾ ਨੱਚਿਆ ਜਾਂਦਾ ਹੈ। ਨਾਚੀਆਂ ਤਮਿਲ ਜਾਂ ਤੇਲਗੂ ਵਿਚ ਸ਼ਿੰਗਾਰ ਰਸ ਵਾਲੀਆਂ ਕਾਵਿ ਟੁਕੜੀਆਂ ਨੂੰ ਅੰਗ-ਮੁੰਦਰਾਵਾਂ ਰਾਹੀਂ; ਭਾਵ ਪੱਧਰ ਤੇ ਲੈ ਜਾ ਕੇ ਨੱਚਦੀਆਂ ਹਨ। ਨਟਵਨ (ਗਮੰਤਰੀ) ਇਕੋ ਪੰਕਤੀ ਨੂੰ ਵਾਰ-ਵਾਰ ਦੁਹਰਾਉਂਦਾ ਹੈ। ਇਸ ਲਈ ਇਕੋ ਭਾਵ ਨੂੰ ਬਿਨਾ ਰੁਕੇ ਕਈ ਕਈ ਵਾਰ ਨੱਚਣਾ ਕਾਫ਼ੀ ਔਖਾ ਸਮਝਿਆ ਜਾਂਦਾ ਹੈ। ਨਾਚ ਦੇ ਇਸ ਅੰਗ ਵਿਚ ਦੇਵਦਾਸੀਆਂ ਨੂੰ ਆਪਣੀ ਕਲਪਣਾ, ਸਿਰਜਣਾਤਮਿਕਤਾ ਅਤੇ ਜੋਬਨ ਦੀ ਅਗਨੀ ਦਾ ਭਰਪੂਰ ਪ੍ਰਦਰਸ਼ਨ ਕਰਨ ਦਾ ਅਵਸਰ ਦਿੱਤਾ ਜਾਂਦਾ ਹੈ।

ਨ੍ਰਿਤ ਦਾ ਅੰਤਿਮ ਭਾਗ 'ਤਿਲਾਨਾ' ਹੈ। ਜਿਸ ਵਿਚ ਤੇਜ਼ ਗਤੀ ਨਾਲ ਸ਼ੁੱਧ ਨ੍ਰਿਤ ਦਾ ਪ੍ਰਦਰਸ਼ਨ ਹੁੰਦਾ ਹੈ। 'ਤਿਲਾਨਾ' ਤੋਂ ਭਾਵ 'ਤਰਾਨਾ' ਵੀ ਲਿਆ ਜਾਂਦਾ ਹੈ। ਇਹ ਭਾਗ ਨਿਰੋਲ ਮਿਰਦੰਗ ਦੀਆਂ



ਤਾਲਾਂ 'ਤੇ ਆਧਾਰਿਤ ਹੁੰਦਾ ਹੈ। ਇਸ ਭਾਗ ਵਿਚ ਨਾਚੀ ਪਰਮ ਆਨੰਦ ਦੀ ਕਲਪਣਾ ਕਰਦੀ ਹੋਈ, ਅਥਾਹ ਵੇਗ ਵਿਚ ਨੱਚਦੀ ਹੈ।

ਇਹ ਅੰਤਮ ਭਾਗ ਕੇਵਲ ਨ੍ਰਿਤ ਨਹੀਂ। ਜਿਨ੍ਹਾਂ ਲੋਕਾਂ ਨੇ ਵੱਡੇ ਮੰਦਰਾਂ ਦੇ ਮੋਕਲੇ ਗੁੰਬਜਾਂ ਅਤੇ ਉੱਚੀਆਂ ਛੱਤਾਂ ਹੇਠ ਦੇਵਦਾਸੀਆਂ ਦਾ ਭਰਤਨਾਟਯਮ ਦੇਖਿਆ ਹੈ, ਉਹ ਜਾਣਦੇ ਹਨ ਨਾਚ ਦੇ ਇਸ ਅੰਤਮ ਭਾਗ ਵਿਚ ਕੀ ਕ੍ਰਿਸ਼ਮੇ ਵਾਪਰਦੇ ਹਨ। ਦਸ ਦਸ ਮ੍ਰਿਦੰਗ, ਵੀਣਾਵਾਂ ਅਤੇ ਵੀਹ-ਵੀਹ ਪੈਰਾਂ ਵਿਚ ਹਜ਼ਾਰਾਂ ਘੁੰਗਰੂਆਂ ਦੇ ਪਟੇ ਇਕੋ ਸਮੇਂ ਗੜਗੜਾਹਟ ਵਿਚ ਅੰਬਰ ਨੂੰ ਚੀਰਦੇ ਹਨ ਤਾਂ ਮੰਦਰਾਂ ਦਾ ਇੱਕ ਇੱਕ ਪੱਥਰ ਕੰਬਦਾ ਹੋਇਆ ਨਜ਼ਰੀਂ ਆਉਂਦਾ ਹੈ।ਮ੍ਰਿੰਦਗਾਂ ਦੀ ਗੜਗੜਾਹਟ ਅਤੇ ਲੈਅ, ਅਸਮਾਨੀ ਬਿਜਲੀ ਦੀ ਲਿਸ਼ਕ ਅਤੇ ਕਾਂਬੇ ਨੂੰ ਮਾਤ ਪਾਉਣ ਲੱਗਦਾ ਹੈ। ਮੈਂ ਨਾਚ ਦੇ ਇਸ ਅੰਤਿਮ ਭਾਗ ਵਿਚ ਦੇਵਦਾਸੀ ਕੋਕਿਲ, ਮਨਿਹਾਰੀ ਅਤੇ ਹਰਪ੍ਰਿਯਾ ਨੂੰ ਕਈ ਕਈ ਮਿੰਨਟ ਕੇਵਲ ਤੇ ਕੇਵਲ ਪੈਰਾਂ ਦੇ ਅੰਗੂਠਿਆਂ 'ਤੇ ਨੱਚਦਿਆਂ ਦੇਖਿਆ ਹੈ। ਨਾਚ ਦੇ ਇਸ ਹਿੱਸੇ ਵਿਚ ਦਰਸ਼ਕ ਹਿਰਦੇ ਤੇ ਹੱਥ ਧਰ ਲੈਂਦੇ ਹਨ ਅਤੇ ਆਸਰਾ ਭਾਲਣ ਲੱਗਦੇ ਹਨ ਕਿ ਨਾਚੀਆਂ ਦੀਆ ਤੇਜ਼ ਭੁਆਂਟਲੀਆਂ ਵੇਖਦਿਆਂ ਉਹ ਖ਼ੁਦ ਚੱਕਰ ਖਾ ਕੇ ਨਾ ਡਿੱਗ ਪੈਣ। ਇਹ ਮੁੱਦਰਾਵਾਂ ਨਾਚ ਦੀਆਂ ਸਿਖ਼ਰ ਹਨ।

ਕੋਈ ਵੀ ਦਰਸ਼ਕ ਦੇਵਦਾਸੀਆਂ ਦਾ ਇਹ ਨ੍ਰਿਤ ਵੇਖ ਕੇ ਉਹਨਾਂ ਦੀ ਗ਼ੁਰਬਤ ਵਿਚੋਂ ਪੈਦਾ ਹੋਈ ਆਚਰਣਹੀਣਤਾ ਨੂੰ ਇੱਕ ਪਲ ਵਿੱਚ ਹੀ ਨਜ਼ਰ-ਅੰਦਾਜ਼ ਕਰ ਸਕਦਾ ਹੈ। ਇਸ ਨਾਚ ਦਾ ਸੰਗੀਤ, ਨਾਚੀਆਂ ਦੇ ਇਕਹਿਰੇ ਅਤੇ ਗਠੀਲੇ ਬਦਨ, ਦਰਸ਼ਕ ਦੀ ਸਿਮਰਤੀ ਵਿਚੋਂ ਦੇਰ ਤੱਕ ਮਨਫ਼ੀ ਨਹੀਂ ਹੁੰਦੇ। ਜਦੋਂ ਕਈ-ਕਈ ਮ੍ਰਿਦੰਗ, ਵੀਣਾਵਾਂ, ਬਾਂਸੁਰੀਆਂ, ਤਾਨਪੁਰੇ ਅਤੇ ਝਾਂਜੇ (ਤਲਮ) ਚੁਗਿਰਦੇ ਵਿਚ ਗੂੰਜ ਕੇ ਸਿਮਰਤੀਆਂ ਵਿਚ ਉੱਤਰਨ ਲੱਗਦੇ ਹਨ ਤਾਂ ਨਾ ਚਾਹੁਣ ਤੇ ਵੀ ਇਹ ਕਈ-ਕਈ ਦਿਨ ਕੰਨਾਂ ਵਿਚ ਗੂੰਜਦੇ ਰਹਿੰਦੇ ਹਨ।

ਸਾਨੂੰ ਦੱਸਿਆ ਗਿਆ ਕਿ ਜਿਨ੍ਹਾਂ ਲੋਕਾਂ ਨੇ ਬਹੁਤ ਸਮਾਂ ਪਹਿਲਾਂ ਤੰਜੋਰ ਦੇ ਪੁਨੱਈਆ, ਚਨੱਈਆ, ਵਾਡੀਵਲੀਯੂ (ਪੂਰੇ ਨਾਂ ਯਾਦ ਨਹੀਂ) ਅਤੇ ਸ਼ਿਵਨੰਦਨ ਨਾਚਿਆਂ ਦਾ ਭਰਤਨਾਟਯਮ ਵੇਖਿਅ ਹੈ; ਉਹ ਇਸ ਨਾਚ ਦੇ ਕ੍ਰਿਸ਼ਮੇ ਨੂੰ ਭਲੀਭਾਂਤ ਜਾਣਦੇ ਹਨ।

ਬੇਸ਼ੱਕ ਇਹ ਦੇਵਦਾਸੀਆਂ ਦਾ ਨਾਚ ਹੈ, ਪਰ ਇਸਨੂੰ ਪੁਰਸ਼ ਵੀ ਨੱਚਦੇ ਹਨ। ਉੱਤਰ ਸੁਤੰਤਰਤਾ ਕਾਲ ਵਿਚ ਇਸਨੂੰ ਦੇਵਦਾਸੀ ਪ੍ਰਥਾ ਤੋਂ ਬਾਹਰ ਪ੍ਰਸਿੱਧੀ ਦਿਵਾਉਣ ਵਾਲੀਆਂ ਸ੍ਰੀ ਮਤੀ ਵੇਜੰਤੀਮਾਲਾ ਬਾਲੀ, ਯਾਮਿਨੀ ਕਰਿਸ਼ਨਾ ਮੂਰਤੀ, ਸ੍ਰੀ ਮਤੀ ਰੁਕਮਣੀ ਦੇਵੀ, ਸ੍ਰੀ ਮਤੀ ਬਾਲ ਸਰਸਵਤੀ, ਕੁਮਾਰੀ

ਵੇਕੰਟ ਲਕਸ਼ਮੀ, ਸੋਨਲ ਮਾਨ ਸਿੰਘ, ਸੁਧਾ ਰਾਣੀ ਅਤੇ ਪਦਮਾ ਸੁਬਰਾਮੰਨੀਅਮ ਆਦਿ ਪ੍ਰਸਿੱਧ ਨਰਤਕੀਆਂ ਹਨ।

## ਦੇਵਦਾਸੀ ਪ੍ਰਥਾ ਅਤੇ ਵਿਰੋਧ

ਇਤਿਹਾਸਿਕ ਹਵਾਲਿਆਂ ਅਨੁਸਾਰ, ਬਹੁਤ ਸਾਰੀਆਂ ਸੰਸਥਾਵਾਂ ਉਭਰ ਕੇ ਸਾਮ੍ਹਣੇ ਆਈਆਂ ਜਿਨ੍ਹਾਂ ਨੇ ਬਗ਼ਾਵਤ ਦੇ ਰੂਪ ਵਿਚ ਇਸ ਪ੍ਰਥਾ ਵਿਰੁੱਧ ਅਵਾਜ਼ ਉਠਾਈ ਅਤੇ ਬੜੇ ਵੱਡੇ ਪੱਧਰ ਤੇ ਅੰਦੋਲਨ ਕੀਤੇ। ਇਨ੍ਹਾਂ ਸਾਰੇ ਅੰਦੋਲਨਾਂ ਬਾਰੇ ਬਿਉਰੇ ਵਾਰ ਵੇਰਵੇ ਮੇਰੀ ਜਾਣਕਾਰੀ ਵਿਚ ਨਹੀਂ ਹਨ। ਹਾਲਾਂ ਕਿ ਫ਼ਿਲਮਾਂ ਵਿਚ ਇਤਿਹਾਸਿਕ ਪ੍ਰਿਸ਼ਠ ਭੂਮੀ ਦੀ ਵਿਆਖਿਆ ਵਜੋਂ ਅਸੀਂ (ਇਤਿਹਾਸਿਕ ਕ੍ਰਮ ਅਨੁਸਾਰ) ਕਈ ਵੇਰਵੇ ਸ਼ਾਮਲ ਕੀਤੇ। ਫ਼ਿਰ ਵੀ ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਲੰਮੇ ਵਿਰੋਧ ਦੇ ਸਿੱਟੇ ਵਜੋਂ 1892 ਵਿਚ ਦੇਵਦਾਸੀ ਪ੍ਰਥਾ ਵਿਰੁੱਧ ਅੰਦੋਲਨ ਸ਼ੁਰੂ ਹੋਇਆ ਜਿਸ ਵਿਚ ਰਾਮ ਸੁਆਮੀ ਨਾਇਕ ਨਾਲ ਹੋਰ ਵੀ ਕਈ ਸਮਾਜ ਸੁਧਾਰਕਾਂ ਨੇ ਅਵਾਜ਼ ਉਠਾਈ। 1911 ਵਿਚ ਇਹ ਅੰਦੋਲਨ ਸਿਖ਼ਰ ਤੇ ਪੁੱਜਾ ਅਤੇ 1934-35 ਵਿਚ ਦੇਵਦਾਸੀ ਪ੍ਰਥਾ ਖ਼ਤਮ ਕਰਨ ਸੰਬੰਧੀ ਮਹਾਂਰਾਸ਼ਟਰ (ਬੰਬਈ) ਨੇਂ ਕਾਨੂੰਨ ਪਾਸ ਕੀਤਾ। ਹਾਲਾਂਕਿ 1893 ਨੂੰ (ਮੈਸੂਰ) ਨਾਚ ਵਿਚ ਕੰਨਿਆਵਾਂ 'ਤੇ ਕੀਤੀ ਜਾਂਦੀ ਸਖ਼ਤੀ ਵਿਰੁੱਧ, ਅਤੇ 1909 ਵਿਚ ਦੇਵਦਾਸੀ ਨਾਚ 'ਤੇ ਹੀ ਪਾਬੰਦੀ ਦਾ ਮੈਸੂਰ ਵਿਚ ਕਾਨੂੰਨ ਪਾਸ ਹੋਇਆ। 1910 ਵਿਚ ਦੇਵਦਾਸੀ ਪ੍ਰਥਾ ਬਾਰੇ ਅਤੇ 1922 ਵਿਚ ਦੇਵਦਾਸੀ ਪ੍ਰਥਾ ਨੂੰ ਮੂਲੋਂ ਰੱਦ ਕਰਨ ਦਾ ਕਾਨੂੰਨ

(ਮੈਸੂਰ, ਵਿੱਚ) ਪਾਸ ਹੋਇਆ। 1934 ਵਿਚ ਬੰਬਈ ਨੇ ਇਸ ਪ੍ਰਥਾ 'ਤੇ ਪੂਰੀ ਪਾਬੰਦੀ ਦਾ ਕਾਨੂੰਨ ਪਾਸ ਕੀਤਾ। ਕਿਹਾ ਜਾਂਦਾ ਹੈ ਕਿ ਇਹ ਕਾਨੂੰਨ ਪਾਸ ਕਰਾਉਣ ਵਿਚ ਡਾ. ਬਾਬਾ ਸਾਹਿਬ ਅੰਬੇਦਕਰ, ਰਾਜਾ ਮੋਹਨ ਰਾਇ, ਵਿੱਠਲ ਰਾਮ ਜੀ ਸ਼ਿੰਦੇ, ਜੀ.ਕੇ. ਪਾਰਖ, ਡਾ. ਰਾਮ ਕਰਿਸ਼ਨ ਗੋਪਾਲ ਭੰਡਾਰਕਰ ਆਦਿ ਨੇਂ ਮੁੱਖ ਭੂਮਿਕਾ ਨਿਭਾਈ।

1935/36 ਵਿਚ ਜਿੱਥੇ ਇੱਕ ਪਾਸੇ ਦੇਵਦਾਸੀ ਪ੍ਰਥਾ ਖ਼ਤਮ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਸਨ। ਇਸਦੇ ਨਾਲ ਨਾਲ ਭਰਤਨਾਟਯਮ ਜਹੀ ਕਲਾ ਨੂੰ ਭਾਰਤ ਦੇ ਦੂਜੇ ਸ਼ਾਸ਼ਤ੍ਰੀ ਨਾਚਾਂ ਦੀ ਕੋਟੀ ਵਿਚ ਸ਼ਾਮਲ ਕਰਨ ਦੇ ਉਪਰਾਲੇ ਵਜੋਂ ਕਈ ਸੰਸੰਥਾਵਾਂ ਸਾਮ੍ਹਣੇ ਆਈਆਂ, ਜਿਨ੍ਹਾਂ ਵਿਚੋਂ ਇੱਕ 'ਥਿਉਸਾਫ਼ੀਕਲ ਸੁਸਾਇਟੀ' ਸੀ ਜਿਸ ਨੇ ਕਾਫ਼ੀ ਕੋਸ਼ਿਸ਼ਾਂ ਦੇ ਬਾਵਜੂਦ, ਸ੍ਰੀ ਮਤੀ ਐਚ.ਪੀ. ਬਲਾਵਸਕੀ- (ਫ਼ਿਲਮ ਦੀ ਨਿਰਦੇਸ਼ਿਕਾ ਸਿਲੀਆ ਕਰਾਕੁਲੋਵਾ ਦੀ ਨਾਨੀ, ਜਿਸਦੀ ਡਾਇਰੀ ਨੂੰ ਪੜ੍ਹ ਕੇ ਹੀ ਉਹ ਦੇਵਦਾਸੀਆਂ ਤੇ ਫਿਲਮ ਬਣਾਉਣ ਲਈ ਪ੍ਰੇਰਿਤ ਹੋਈ) ਅਤੇ ਐਚ.ਐਸ. ਓਲਕਾਹ ਨੇਂ ਪ੍ਰਸਿੱਧ ਨਾਚੀ ਰੁਕਮਣੀ ਦੇਵੀ ਅਰੁੰਦਲੇ ਦੇ ਸਹਿਯੋਗ ਨਾਲ, ਦੇਵਦਾਸੀਆਂ ਦੇ ਪ੍ਰਸਿੱਧ ਨਾਚ 'ਸਦਿਰ' ਨੂੰ ਰੂਪਾਂਤਰਿਤ ਕਰਕੇ ਭਰਤਨਾਟਯਮ ਦੇ ਰੂਪ ਵਿਚ ਪ੍ਰਸਿੱਧ ਕੀਤਾ।

ਥਿਉਸਾਫ਼ੀਕਲ ਸੁਸਾਇਟੀ ਨੇਂ ਇਸ ਨਾਚ ਨੂੰ ਬਾਕੀ ਭਾਰਤੀ ਸ਼ਾਸ਼ਤ੍ਰੀ ਨਾਚਾਂ ਦੇ ਟਾਕਰੇ ਸਿਖ਼ਰ 'ਤੇ ਲਿਆਉਣ ਵਿਚ ਵਿਸ਼ੇਸ਼ ਭੂਮਿਕਾ ਨਿਭਾਈ। ਇਸ ਦੇ ਬਾਵਜੂਦ ਕਿ ਬ੍ਰਿਟਸ਼ ਸਰਕਾਰ, ਗ਼ੈਰ-ਬ੍ਰਾਹਮਣ ਨੇਤਾ ਅਤੇ ਈਸਾਈ ਮਿਸ਼ਨਰੀ ਇਸਦੇ ਵਿਰੁੱਧ ਸਨ।

## ਪੂਜਾ/ ਬਨਾਮ ਕਾਮੁਕ ਪ੍ਰਦਰਸ਼ਨ

ਕਰਨਾਟਕਾ ਦੇ ਬੇਲਾਰੀ ਜ਼ਿਲੇ ਦੇ 'ਮੱਦਾਟਨੂਰ' ਅਤੇ 'ਕਲਕੁੰਬਾ' ਪਿੰਡ ਵਿਚ ਦੇਵਦਾਸੀਆਂ ਬਾਰੇ ਇੱਕ ਪਵਿੱਤਰ ਰਸਮ ਵੇਖਣ ਨੂੰ ਮਿਲੀ, ਜਿਸ ਬਾਰੇ ਧਾਰਨਾਂ ਹੈ ਕਿ ਇਸ ਰਸਮ ਵਿਚ ਇਸ਼ਨਾਨ ਕਰਨ ਵਾਲੀ ਹਰ ਇਸਤਰੀ ਪਵਿੱਤਰ ਹੋ ਜਾਂਦੀ ਹੈ। ਦੇਵਦਾਸੀਆਂ ਦੇ ਕਿਉਂਕਿ ਵਧੇਰੇ ਅਪਵਿੱਤਰ ਹੋਣ ਦੇ ਮੌਕੇ ਹੁੰਦੇ ਹਨ। ਇਸ ਲਈ ਉਹਨਾਂ ਦਾ ਇਸ਼ਨਾਨ ਕਰਨਾ ਜ਼ਰੂਰੀ ਸਮਝਿਆ ਜਾਂਦਾ ਹੈ।

ਰਸਮ ਇਹ ਸੀ ਕਿ ਹਨੂਮਾਨ ਦੇ ਮੰਦਰਾਂ ਸਾਮ੍ਹਣੇ ਵੱਡੇ ਤਾਲਾਬ ਹਨ। ਹੋਲੀ ਤੋਂ ਕੁਝ ਦਿਨ ਪਹਿਲਾਂ ਤਲਾਬਾਂ ਦੇ ਪਾਣੀ ਵਿਚ ਰੰਗ ਘੋਲ ਦਿੱਤਾ ਜਾਂਦਾ ਹੈ। ਦੁਪਹਿਰ ਤੱਕ ਦੂਰੋਂ ਦੂਰੋਂ ਦੇਵਦਾਸੀਆਂ ਇਕੱਤਰ ਹੁੰਦੀਆਂ ਹਨ। ਪਿੰਡ ਦੇ ਪਾਟਿਲ, ਦੇਸਾਈ, ਗੌਂਡਰ, ਰੈਡੀ ਆਦਿ ਕੁਲੀਨ ਵਰਗ ਦੇ ਧਨਵਾਨ ਅਤੇ ਜਗੀਰਦਾਰ ਲੋਕ ਇਕੱਠੇ ਹੁੰਦੇ ਹਨ ਅਤੇ ਦੇਵਦਾਸੀਆਂ ਨੂੰ ਨਵੀਆਂ ਨਕੋਰ ਅੰਗੀਆਂ ਧੋਤੀਆਂ ਦਿੰਦੇ ਹਨ। ਹਰ ਦੇਵਦਾਸੀ ਮੂਰਤੀ ਦੇ ਸਨਮੁਖ ਵਸਤ੍ਰ ਬਦਲਦੀ ਹੈ ਅਤੇ ਜਿਸ ਜ਼ਿੰਮੀਦਾਰ ਨੇਂ ਅੰਗੀ ਧੋਤੀ ਦਿੱਤੀ ਹੁੰਦੀ ਹੈ, ਉਹ ਤਲਾਬ ਵਿਚੋਂ ਰੰਗ ਦੀ ਬਾਲਟੀ ਭਰ ਕੇ ਦੇਵਦਾਸੀ ਨੂੰ ਪੂਰੀ ਤਰ੍ਹਾਂ ਭਿਉਂਦਾ ਹੈ। ਇਹ ਕਰਮ ਤਦ ਤੀਕ ਚਲਦਾ ਰਹਿੰਦਾ ਹੈ ਜਦ ਤੱਕ ਕੱਪੜਿਆਂ ਵਿਚੋਂ ਪਿੰਡਾ ਨਹੀਂ ਦਿੱਸਣ ਲੱਗ ਜਾਂਦਾ।

ਫਿਰ ਉੱਚ ਵਰਗ ਦੇ ਲੋਕ ਇਕ ਪਾਸੇ ਰੰਗ ਲੈ ਕੇ ਖਲੋ ਜਾਂਦੇ ਹਨ ਅਤੇ ਭਿੱਜੇ ਬਦਨ ਨਾਲ ਅੱਗੋਂ ਲੰਘਦੀਆਂ ਦੇਵਦਾਸੀਆਂ ਜਿਤਨੀ ਵੇਰੀ ਰੰਗ ਪਵਾਉਂਦੀਆਂ ਹਨ, ਉਤਨੀਆਂ ਚੋਲੀਆਂ ਧੋਤੀਆਂ ਦਾਨ ਵਿੱਚ ਦਿੱਤੀਆਂ ਜਾਂਦੀਆਂ ਹਨ।

ਸਾਨੂੰ ਦੱਸਿਆ ਗਿਆ ਕਿ ਦੋ ਤਿੰਨ ਸੌ ਸਾਲ ਪਹਿਲਾਂ ਇਹ ਰਸਮ ਕਈ ਕਈ ਦਿਨ ਚਲਦੀ ਸੀ। ਪਰ ਸੁਤੰਤਰਤਾ ਉਪਰੰਤ ਇਸ ਰਸਮ ਨੂੰ ਹੋਲੀ ਵਾਲੇ ਦਿਨ ਨੇੜੇ ਸੀਮਤ ਕਰ ਦਿੱਤਾ ਗਿਆ ਹੈ। ਪਿੰਡ ਦੇ ਧਨਵਾਨ ਲੋਕ ਰੰਗ ਸੁੱਟਣ ਲਈ ਅਤੇ ਗ਼ਰੀਬ ਲੋਕ ਰੰਗ ਪਵਾਉਣ ਲਈ ਹੁੰਮ-ਹੁਮਾ ਕੇ ਪੁੱਜਦੇ ਹੁੰਦੇ ਹਨ।

ਇੱਕ ਧਾਰਨਾ ਅਨੁਸਾਰ, ਕੋਈ ਗਰਭਵਤੀ ਇਸਤਰੀ (ਪਤਲੇ ਅਤੇ ਛੋਟੇ ਵਸਤ੍ਰ ਭਿਉਂ ਕੇ) ਜਿਤਨੇ ਨਗਨ ਰੂਪ ਵਿਚ ਹਨੂਮਾਨ ਦੀ ਮੂਰਤੀ ਅੱਗੋਂ ਲੰਘੇਗੀ ਉਤਨਾਂ ਹੀ ਬਲਵਾਨ ਪੁੱਤਰ ਪੈਦਾ ਕਰੇਗੀ। ਦੇਵਦਾਸੀਆਂ ਬਾਰੇ ਧਾਰਨਾਂ ਹੈ ਕਿ ਉਹਨਾਂ ਦੇ ਨਗਨ ਰੂਪ ਵਿਚ ਲੰਘਣ ਤੇ ਹਨੂਮਾਨ ਉਹਨਾਂ ਦੀ ਰੱਖਿਆ ਕਰਦਾ ਹੈ।



ਕੁਝ ਸਾਲਾਂ ਬਾਦ ਜਦੋਂ ਮੈਂ ਦਿੱਲੀ ਦੂਰਦਰਸ਼ਨ ਲਈ (ਹੋਲਿਕਾ) ਹੋਲੀ 'ਤੇ ਇੱਕ ਹੋਰ ਡਾਕੂਮੈਂਟਰੀ ਲਿਖੀ ਤਾਂ ਮੈਂ ਦੁਬਾਰਾ ਉਥੇ ਗਿਆ, ਤਦ ਪਤਾ ਲੱਗਾ ਕਿ 1985 ਵਿਚ ਇਸ ਰਸਮ ਦਾ ਜਿਸਨੂੰ 'ਓਕਲੀ' ਕਿਹਾ ਜਾਂਦਾ ਹੈ ਕਾਫ਼ੀ ਵਿਰੋਧ ਹੋਇਆ। ਜਿਸ ਕਾਰਨ ਇਸ ਰਸਮ ਵਿੱਚ ਦੇਵਦਾਸੀਆਂ ਦੇ ਨਾਲ ਨਾਲ ਆਮ ਇਸਤਰੀ ਮਰਦਾਂ ਨੂੰ ਵੀ ਸ਼ਾਮਲ ਕਰ ਲਿਆ ਗਿਆ ਸੀ। ਜਦ ਕਿ ਪਿਛਲੇ ਦੋ ਸੌ ਸਾਲ ਤੋਂ ਇਸ ਰਸਮ ਵਿਚ ਤੀਹ ਸਾਲ ਤੋਂ ਘੱਟ ਉਮਰ ਦੀਆਂ ਦੇਵਦਾਸੀਆਂ ਨੂੰ ਹੀ ਭਾਗ ਲੈਣ ਦੀ ਆਗਿਆ ਸੀ ਅਤੇ ਦਲੀਲ ਦਿੱਤੀ ਜਾਂਦੀ ਸੀ ਕਿ ਨਾਦਾਨ ਉਮਰ ਵਿਚ ਹੀ ਮਰਿਆਦਾ ਤੋਂ ਡਿੱਗੇ ਹੋਏ ਨੂੰ ਪ੍ਰਾਸ਼ਚਿਤ ਕਰਨ ਦੀ ਲੋੜ ਹੁੰਦੀ ਹੈ। ਸਾਡੇ ਲਈ ਹੈਰਾਨੀ ਦੀ ਗੱਲ ਸੀ ਕਿ ਦੋ ਜੋੜੀ ਧੋਤੀ ਅੰਗੀ ਲਈ ਹੀ ਇਸਤਰੀਆਂ ਹੁੰਮ-ਹੁਮਾ ਕੇ ਆਈਆਂ, ਹਾਲਾਂ ਕਿ ਉਹਨਾਂ ਦਾ ਕਹਿਣਾ ਸੀ ਕਿ ਉਹ ਹਨੁਮਾਨ ਦਾ ਆਸ਼ੀਰਵਾਦ ਲੈਣ ਆਈਆਂ ਹਨ, ਤਾਂ ਕਿ ਉਹ ਪਵਿੱਤਰ ਹੋ ਸੱਕਣ।

ਸਾਡੇ ਫ਼ਿਲਮੀ ਯੂਨਿਟ ਵੱਲੋਂ ਇਸ ਰਸਮ ਨੂੰ ਫ਼ਿਲਮਾਉਣ ਦੀ ਇਤਨੀ ਵਿਰੋਧਤਾ ਹੋਈ ਕਿ ਸਾਨੂੰ ਪਿੰਡ ਵਿਚ ਦਾਖ਼ਲ ਹੀ ਨਾ ਹੋਣ ਦਿੱਤਾ ਗਿਆ ਅਤੇ ਦੂਰੋਂ ਕੇਵਲ ਰਸਮ ਨੂੰ ਵੇਖ ਸੱਕਣ ਦੀ ਪ੍ਰਵਾਨਗੀ ਹੀ ਮਿਲ ਸਕੀ। ਇਹ ਵੱਖਰੀ ਗੱਲ ਹੈ ਕਿ ਸਾਡੀ ਯੂਨਿਟ ਨੇਂ ਪਿੰਡ ਤੋਂ ਬਾਹਰ ਅੰਗੀ ਧੋਤੀ ਲੈ ਕੇ ਪਰਤਦੀਆਂ ਕੁਝ ਭਿੱਜੀਆਂ ਦੇਵਦਾਸੀਆਂ ਦੇ ਸ਼ਾਟ ਫਿਲਮਾ ਲਏ, ਪਰ ਅਫਸੋਸ! ਉਹ ਬਹੁਤੇ ਮਿਆਰੀ ਨਾ ਹੋਣ ਕਾਰਨ ਵਰਤੇ ਨਾ ਜਾ ਸਕੇ ਅਤੇ ਇੱਕ ਮਹੱਤਵਪੂਰਨ ਰਸਮ ਸਾਡੀਆਂ ਸਿਮਰਤੀਆਂ ਤੱਕ ਹੀ ਸੀਮਤ ਰਹਿ ਗਈ।

## ਸਿੜੀ ਆਟੂ

ਕਰਨਾਟਕਾ ਵਿਚ ਦੇਵਦਾਸੀਆਂ ਨਾਲ ਸੰਬੰਧਿਤ ਸਭ ਤੋਂ ਖ਼ਤਰਨਾਕ ਰਸਮ 'ਸਿੜੀ ਆਟੂ' ਹੈ। ਇਹ ਰਸਮ ਇੱਕ ਤਰ੍ਹਾਂ ਫ਼ਸਲਾਂ ਦੀ ਖ਼ੁਸ਼ਹਾਲੀ ਅਤੇ ਵਰਖਾ ਦੀ ਕਾਮਨਾਂ ਨਾਲ ਸੰਬੰਧਿਤ ਹੈ। ਪਰ ਅਸੀਂ ਇਹਨੂੰ ਹੋਰ ਪੱਖ ਤੋਂ ਵੇਖਿਆ, ਲਿਖ਼ਿਆ ਅਤੇ ਫ਼ਿਲਮਾਇਆ।

ਇਸ ਰਸਮ ਵਿਚ ਇੱਕ ਮਜ਼ਬੂਤ ਲੱਕੜ ਦਾ ਖੰਭਾ (ਸੱਤ ਤੋਂ ਅੱਠ ਫੁੱਟ ਉੱਚਾ) ਭੁੰਏ ਵਿਚ ਖੜ੍ਹੇ ਰੁੱਖ ਗੱਡ ਦਿੱਤਾ ਜਾਂਦਾ ਹੈ ਜਿਸਦੇ ਉਪਰਲੇ ਸਿਰੇ ਵਿਚ ਇੱਕ ਲੰਮੀ ਚੂਲ ਕੱਢ ਕੇ ਉਸ ਵਿਚ 35/40 ਫੁੱਟ ਲੰਮੀ ਮਜ਼ਬੂਤ ਲੱਕੜ ਖੁੱਲ੍ਹਾ ਛੇਕ ਕੱਢ ਕੇ ਪਾ ਦਿੱਤੀ ਜਾਦੀ ਹੈ। ਇਸ ਲੱਕੜ ਦੀ ਬਣਤਰ ਮੁੱਢ ਵਾਲੇ ਪਾਸੇ ਮੋਟੀ ਅਤੇ ਅਗਲੇ ਪਾਸੇ ਪਤਲੀ ਹੁੰਦੀ ਹੈ। ਇਸ ਲੱਕੜ ਵਿਚ ਪੰਜ ਸੱਤ ਫੁੱਟ ਮੁੱਢ ਵੱਲੋਂ ਛੱਡ ਕੇ ਛੇਕ ਕੱਢਿਆ ਜਾਂਦਾ ਹੈ,ਤਾਂ ਕਿ ਪਿੱਛੋਂ ਥੱਲੇ ਦੱਬਿਆਂ ਅਗਲਾ ਸਿਰਾ ਤੀਹ ਪੈਂਤੀ ਫੁੱਟ ਉਪਰ ਉੱਠ ਸਕੇ।

ਪੁਜਾਰੀ ਵੱਲੋਂ ਮੰਤਰ-ਪਾਠ ਉਪਰੰਤ ਕਿਸੇ ਮੁਟਿਆਰ ਦੇਵਦਾਸੀ ਨੂੰ ਲੱਕ ਦੇ ਭਾਰ ਲੱਕੜ ਦੇ ਅਗਲੇ ਸਿਰੇ ਨਾਲ ਇਸ ਤਰ੍ਹਾਂ ਲਟਕਾਇਆ ਜਾਂਦਾ ਹੈ ਕਿ ਲੱਕੜੀ ਨੂੰ ਘੁਮਾਉਣ ਸਮੇਂ ਦੇਵਦਾਸੀ 35/40 ਫੁੱਟ ਉੱਚੀ ਹਵਾ ਵਿਚ ਉੱਡ ਸਕੇ। ਰਸਮ ਵਿਚ ਸਾਰਾ ਪਿੰਡ ਇਕੱਠਾ ਹੁੰਦਾ ਹੈ ਅਤੇ ਕੁਝ ਨੌਂ-ਜਵਾਨ ਲੱਕੜੀ ਦੇ ਭਾਰੇ ਸਿਰੇ ਨੂੰ ਹੇਠਾਂ ਵੱਲ ਦੱਬ ਕੇ ਜ਼ੋਰ ਨਾਲ ਘੁੰਮਾਉਂਦੇ ਹਨ। ਜਿਸ ਨਾਲ ਦੇਵਦਾਸੀ ਹਵਾ ਵਿੱਚ ਉੱਡਦੀ ਹੋਈ ਲੋਕਾਂ ਦੇ ਸਿਰਾਂ ਉੱਤੋਂ ਤੇਜ਼ੀ ਨਾਲ ਚੱਕਰ ਕੱਟਣ ਲੱਗਦੀ ਹੈ। ਹਵਾ ਵਿਚ ਉੱਡਦਿਆਂ ਉਹਦੀ ਸਾੜ੍ਹੀ ਅਤੇ ਚੋਲੀ ਜਿਸਮ ਤੋਂ ਵੱਖ ਹੋ ਕੇ ਉੱਡਣ ਲੱਗਦੇ ਹਨ। ਸ਼ੋਰ ਉੱਚਾ ਹੁੰਦਾ ਹੈ। ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਦੇਵਦਾਸੀ ਜਿਤਨੀ ਨਗਨ ਅਵਸਥਾ ਵਿਚ (ਅਪੱਸਰਾ ਦੇ ਰੂਪ ਵਜੋਂ) ਉੱਪਰ ਅਸਮਾਨ ਵਿਚ ਉੱਡੇਗੀ, ਇੰਦਰ ਦੇਵਤਾ ਉਤਨਾਂ ਹੀ ਪ੍ਰਸੰਨ ਹੋ ਕੇ ਵਰਖਾ ਦਾ ਵਰਦਾਨ ਦੇਵੇਗਾ। ਔੜ ਦੇ ਦਿਨੀਂ ਇਹ ਸਿਲਸਿਲਾ ਲਗਾਤਾਰ ਚੱਲਦਾ ਹੈ।

## ਦੇਵਦਾਸੀ ਪ੍ਰਥਾ ਅਤੇ ਜਟਾ ਸੰਕੇਤ

ਆਂਧਰਾ, ਤਾਮਿਲਨਾਡੂ, ਕਰਨਾਟਕਾ ਅਤੇ ਮਹਾਂਰਾਸ਼ਟਰ ਦੇ ਬਹੁਤੇ ਇਲਾਕਿਆਂ ਵਿਚ ਜੇਕਰ ਬਾਲਕ ਜਾਂ ਕੰਨਿਆਂ ਦੇ ਕੇਸਾਂ ਦੀਆਂ ਜਟਾਵਾਂ ਬੱਝ ਜਾਣ ਤਾਂ ਦੇਵੀ ਦਾ ਪ੍ਰਗਟ ਹੋਣਾ ਮੰਨਿਆ ਜਾਂਦਾ

ਹੈ ਅਤੇ ਬੱਚੇ ਨੂੰ ਤੁਰੰਤ ਦੇਵਤਾ ਅਰਪਨ ਕਰਨ ਬਾਰੇ ਸੋਚਿਆ ਜਾਂਦਾ ਹੈ। ਅਜਿਹਾ ਬਾਲਕ ਘਰ ਰੱਖਣ ਦੀ ਸੂਰਤ ਵਿਚ ਦੇਵੀ ਦੀ ਕਰੋਪੀ ਦਾ ਡਰ ਬਣਿਆ ਰਹਿੰਦਾ ਹੈ।

ਪਿਛਲੇ ਸੈਂਕੜੇ ਸਾਲਾਂ ਤੋਂ ਇਹ ਧਾਰਨਾ ਪ੍ਰਚਲਿਤ ਰਹੀ ਹੈ। ਇਸ ਧਾਰਨਾਂ ਨੂੰ ਨਕਾਰਨ ਦੀ ਮੁਹਿੰਮ ਵੱਡੀ ਪੱਧਰ 'ਤੇ ਕੋਲ੍ਹਾਪੁਰ ਜ਼ਿਲੇ ਦੇ ਗਰਗੋਟੀ ਨਿਵਾਸੀ ਇੱਕ ਅਧਿਆਪਕ ਡਾ. ਅਨੰਦ ਵਾਰਕਰ ਤੇ ਉਹਦੀ ਪਤਨੀਂ ਨੇ ਚਲਾਈ। ਉਹਨਾਂ ਨੇਂ ਕਈ ਢੰਗਾਂ ਨਾਲ ਲੋਕਾਂ ਨੂੰ ਸਮਝਾਇਆ ਕਿ ਇਹ ਜਟਾਵਾਂ ਕੁਲੀਨ ਵਰਗ ਦੇ ਬੱਚਿਆਂ ਦੇ ਸਿਰਾਂ ਵਿਚ ਕਿਉਂ ਨਹੀਂ ਬੱਝਦੀਆਂ। ਉਹਨਾਂ ਦੇ ਨਾਲ ਡਾ. ਕੀਰਤੀ ਕੁਮਾਰ ਆਰਗੜੇ ਵੀ ਸ਼ਾਮਿਲ ਹੋਏ ਜਿਨ੍ਹਾਂ ਨੇਂ ਜਟਾ-ਸੰਕੇਤ ਨੂੰ ਦੇਵੀ ਪ੍ਰਗਟ ਹੋਣ ਦੇ ਲੋਕ-ਵਿਸ਼ਵਾਸ਼ ਤੋਂ ਉਲਟ ਸਾਫ਼-ਸਫ਼ਾਈ ਦੀ ਅਣਹੋਂਦ ਨਾਲ ਜੋੜਿਆ।

ਮਹਾਂਰਾਸ਼ਟਰ ਵਿਚ ਇੱਕ 'ਸਾਂਵਲੀ' ਨਾਂ ਦੇ ਕੇਂਦਰ ਦੀ ਸਥਾਪਨਾ ਕੀਤੀ ਗਈ। ਜਿਸਨੇਂ ਜਟਾ ਮੁੰਡਨ ਵਿਚ ਵੱਡੀ ਭੂਮਿਕਾ ਨਿਭਾਈ। ਕਿਹਾ ਜਾਂਦਾ ਹੈ ਕਿ ਸਾਂਵਲੀ ਦੀ ਮੁਖੀ ਸੁਸ਼ੀਲਾ ਨਾਇਕ ਦੀਆਂ ਵੀ ਜਟਾਵਾਂ ਸਨ। ਉਹਨਾਂ ਨੇਂ ਸ਼ੁਰੂਆਤ ਆਪਣੇ ਤੋਂ ਕੀਤੀ। ਇੱਥੇ ਹੀ ਬੱਸ ਨਹੀਂ ਇਸ ਸੰਸਥਾ ਨੇਂ ਮਹਾਤਮਾਂ ਫੂਲੇ ਪ੍ਰਤਿਸ਼ਠਾਨ ਕੇਂਦਰ ਅਤੇ ਕਰਨਾਟਕਾ ਦੇ ਪੁਲਿਸ ਮੁੱਖੀ ਰਮੇਸ਼ ਚੰਦਰ ਦੇ ਸਹਿਯੋਗ ਨਾਲ, ਦੇਵਦਾਸੀ ਕੰਨਿਆਵਾਂ ਦੇ ਲੋੜੀਂਦੇ ਵਿਅਕਤੀਆਂ ਨਾਲ ਵਿਆਹ ਕਰਵਾ ਕੇ ਵੀ ਇਸ ਪ੍ਰਥਾ ਨੂੰ ਠੱਲ੍ਹ ਪਾਉਣ ਦੀ ਕੋਸ਼ਿਸ਼ ਕੀਤੀ। ਬੇਲਾਰੀ ਜਿਲ੍ਹੇ ਵਿਚ ਸਭ ਤੋਂ ਵੱਧ ਦੇਵਦਾਸੀ ਵਿਆਹ ਕੀਤੇ ਗਏ।

ਡਾ. ਬਾਬਾ ਸਾਹਿਬ ਅੰਬੇਦਕਰ ਵੱਲੋਂ ਬੰਬਈ ਆਦਿ ਵਿੱਚ ਇਸ ਪ੍ਰਥਾ ਵਿਰੁੱਧ ਬਹੁਤ ਦਲੀਲ ਯੁਕਤ ਅਵਾਜ਼ ਉਠਾਈ ਅਤੇ ਖਾਸ ਕਰ ਮਹਾਰ ਸਮਾਜ ਦੀਆਂ ਅਨੇਕਾਂ ਔਰਤਾਂ ਜੋ ਦੇਵਦਾਸੀ ਜੀਵਨ ਤੋਂ ਉਕਤਾ ਕੇ ਦੇਹ ਵਪਾਰ ਵਿਚ ਗ੍ਰਸਤ ਸਨ, ਉਭਾਰ ਕੇ ਨੇਕ-ਨੀਅਤੀ ਜੀਵਨ ਵੱਲ ਪ੍ਰੇਰਿਆ। 16 ਜੂਨ, 1936 ਨੂੰ ਬੰਬਈ ਵਿਚ ਹੋਈ ਵਿਸ਼ਾਲ ਸਭਾ ਇਹਦੀ ਇੱਕ ਮਾਤਰ ਉਦਾਹਰਨ ਹੈ।

## ਦੇਵਦਾਸੀ ਨਗਨ-ਪੂਜਾ

ਕਰਨਾਟਕਾ ਦੇ ਜ਼ਿਲ੍ਹੇ ਸਮੋਗਾ ਤਹਿਸੀਲ ਸ਼ੋਰਬ ਦੇ ਪਿੰਡ ਚੰਦ੍ਰ ਗੁੱਟੀ ਵਿਚ ਦੇਵਦਾਸੀ ਨਗਨ ਪੂਜਾ ਬਾਰੇ ਸੂਹ ਸਾਨੂੰ ਇੱਕ ਲੌਂਜ ਵਿਚ ਠਹਿਰਣ ਸਮੇਂ ਮਿਲੀ। ਇੱਕ ਸ਼ਾਮ ਲੌਂਜ ਦੀ ਇੱਕ ਪੜ੍ਹੀ ਲਿਖੀ ਔਰਤ ਨੇਂ ਸਾਡੇ ਤੱਕ ਪਹੁੰਚ ਕੀਤੀ ਅਤੇ ਕਿਹਾ ਕਿ ਉਸਨੂੰ ਕੁਝ ਪੈਸਿਆਂ ਦੀ ਸਖ਼ਤ ਜ਼ਰੂਰਤ ਹੈ ਇਸ ਲਈ ਉਹ ਕਿਸੇ ਨਾਲ ਵੀ ਹਮ-ਬਿਸਤਰ ਹੋਣ ਲਈ ਰਾਜ਼ੀ ਹੈ। ਅਸੀਂ ਜ਼ਰੂਰਤ ਬਾਰੇ ਪੁੱਛਿਆ ਤਾਂ ਉਹਨੇਂ ਬੜੇ ਸੰਕੋਚ ਨਾਲ ਦੱਸਿਆ ਕਿ ਉਹਦੀ ਛੋਟੀ ਭੈਣ ਦੇਵਦਾਸੀ 'ਸ਼ਿਵਨੰਦਨੀ' ਉਪਰੋਕਤ ਪਿੰਡ ਦੇ ਮੰਦਰ ਵਿਚ ਨਗਨ-ਪੂਜਾ ਵਿਚ ਜਾਣਾ ਚਾਹੁੰਦੀ ਹੈ ਪਰ ਪਿਛਲੇ ਤਿੰਨ ਸਾਲ ਤੋਂ ਪੈਸੇ ਦੀ ਥੁੜ ਕਾਰਨ ਜਾ ਨਹੀਂ ਸਕੀ।

ਅਸੀਂ ਇਸ ਸ਼ਰਤ 'ਤੇ ਮਦਦ ਕਰਨ ਲਈ ਰਾਜ਼ੀ ਹੋ ਗਏ ਕਿ ਉਹ ਸਾਡੇ ਲਈ ਵੀ ਪੂਜਾ ਵਾਲੇ ਦਿਨ ਪਿੰਡ ਵਿਚ ਜਾਣ ਦਾ ਇੰਤਜ਼ਾਮ ਕਰੇਗੀ। ਇਉਂ ਉਸ ਰਸਮ ਬਾਰੇ ਜਾਨਣ ਦਾ ਸਬੱਬ ਬਣਿਆ। ਹਾਲਾਂ ਕਿ ਬਾਦ ਵਿਚ ਪਤਾ ਲੱਗਾ ਕਿ ਇਸ ਰਸਮ ਬਾਰੇ ਉੱਥੋਂ ਦੇ ਦੂਰਦਰਸ਼ਨ ਅਧਿਕਾਰੀਆਂ ਅਤੇ ਪੱਤਰਕਾਰਾਂ ਨੂੰ ਪੂਰਾ ਪਤਾ ਸੀ, ਪਰ ਕਿਸੇ ਨੇਂ ਧੂੰ ਨਹੀਂ ਸੀ ਕੱਢਿਆ। ਸਾਡੀ ਜਾਣਕਾਰੀ ਅਨੁਸਾਰ, ਇਸ ਸਧਾਰਨ ਪਿੰਡ ਵਿਚ ਪੂਜਾ ਦੌਰਾਨ ਦੇਵਦਾਸੀਆਂ ਨਾਲ ਲੱਖਾਂ ਸ਼ਰਧਾਲੂ ਪੁੱਜਦੇ ਹਨ। ਪੂਜਾ ਸਥਾਨ 'ਤੇ (ਅਠਵੀਂ ਨੌਂਵੀ ਸਦੀ ਪ੍ਰਾਚੀਨ) ਰੇਣੂਕਾ ਦੇਵੀ ਦਾ ਮੰਦਰ ਹੈ ਜੋ ਬਹੁਤ ਉੱਚੀ ਪਹਾੜੀ ਦੀ ਇੱਕ ਗੁਫ਼ਾ ਵਿਚ ਹੈ। ਪਹਾੜੀ ਦੇ ਪੈਰਾਂ ਵਿਚ ਪਵਿੱਤਰ ਪਾਣੀ ਦਾ ਇੱਕ ਖੂਹ ਹੈ। ਮੰਦਰ ਤੱਕ ਜਾਣ ਲਈ ਘਣੇ ਜੰਗਲ ਅਤੇ ਝਾੜੀਆਂ ਵਿਚੋਂ ਪੌੜੀਆਂ ਜਹੀ ਸੰਕਰੀ ਡੰਡੀ ਦਾ ਵਲ ਖਾਂਦਾ ਰਾਹ ਹੈ। ਸਿਖ਼ਰ 'ਤੇ ਹੋਰ ਵੀ ਛੋਟੇ ਛੋਟੇ ਮੰਦਰ ਹਨ।

### ਦੰਤ-ਕਥਾ (ੳ)

ਕਹਿੰਦੇ ਨੇਂ ਇੱਕ ਦੈਂਤ ਨੇਂ ਰੇਣੂਕਾ (ਪਰਸ਼ੁ ਰਾਮ ਦੀ ਮਾਂ ਅਤੇ ਜਗਦਮਨ ਰਿਸ਼ੀ ਦੀ ਪਤਨੀ) ਦਾ ਸਤ ਭੰਗ ਕਰਨਾ ਚਾਹਿਆ। ਜੰਗਲ ਦੀਆਂ ਝਾੜੀਆਂ ਵਿਚ ਭੱਜਦਿਆਂ ਨੱਠਦਿਆਂ ਰੇਣੂਕਾ ਦੇ ਵਸਤ੍ਰ ਲੀਰੋ-ਲੀਰ ਹੋ ਗਏ ਅਤੇ ਉਹ ਨਗਨ ਅਵਸਥਾ ਵਿਚ ਇਸ ਪਹਾੜੀ ਦੀ ਗੁਫ਼ਾ ਅੰਦਰ ਲੁੱਕ ਗਈ। ਤਦ ਤੋਂ ਉਸਦਾ ਨਿਵਾਸ ਇਸ ਗੁਫ਼ਾ ਵਿਚ ਮੰਨਿਆ ਜਾਂਦਾ ਹੈ।



### ਦੰਤ-ਕਥਾ (ਅ)

ਇੱਕ ਹੋਰ ਦੰਤ-ਕਥਾ ਅਨੁਸਾਰ, ਪਰਸੁ ਜਦੋਂ ਛੱਤਰੀਆਂ ਦਾ ਨਾਸ ਕਰਨ ਨਿਕਲਿਆ, ਤਾਂ ਉਸਨੇ ਰੇਣੂਕਾ (ਮਾਂ) ਨੂੰ ਇਸ ਗੁਫ਼ਾ ਵਿਚ ਰੱਖਿਆ। ਰੇਣੂਕਾ 'ਤੇ ਕਿਉਂਕਿ ਦਲਿਤ 'ਮਾਤੰਗਾ' ਦਾ ਸਿਰ ਹੈ; ਇਸ ਲਈ ਇਸ ਰਸਮ ਵਿਚ 80 ਪ੍ਰਤੀਸ਼ਤ ਸ਼ਰਧਾਲੂ ਦਲਿਤ ਸਮਾਜਾਂ ਦੇ ਭਾਗ ਲੈਂਦੇ ਹਨ।

ਇਸ ਨਗਨ ਪੂਜਾ ਬਾਰੇ ਇਸ ਇਲਾਕੇ ਵਿਚ ਸੈਂਕੜੇ ਕਹਾਣੀਆਂ ਪ੍ਰਚੱਲਿਤ ਹਨ। ਬਹੁਤੀਆਂ ਕਹਾਣੀਆਂ ਅਜਿਹੇ ਅਸਾਧ ਰੋਗਾਂ ਬਾਰੇ ਹਨ, ਜਿਹੜੇ ਵੱਡੇ ਤੋਂ ਵੱਡੇ ਡਾਕਟਰਾਂ ਤੋਂ ਠੀਕ ਨਾ ਹੋਏ ਅਤੇ ਪੂਜਾ ਉਪਰੰਤ ਠੀਕ ਹੋ ਗਏ। ਬਹੁਤ ਸਾਰੀਆਂ ਕਹਾਣੀਆਂ ਉਹ ਹਨ, ਜਿਨ੍ਹਾਂ ਵਿਚ ਕਿਸੇ ਹਾਕਮ, ਪੱਤਰਕਾਰ ਜਾਂ ਪੁਲਿਸ ਵਾਲੇ ਨੇਂ ਇਸ ਪ੍ਰਥਾ ਨੂੰ ਬੰਦ ਕਰਨਾ ਤਾਂ ਦੂਰ, ਕੇਵਲ ਮੰਦੀ ਭਾਵਨਾਂ ਨਾਲ ਵੇਖਿਆ, ਤਾਂ ਉਹ ਤਬਾਹ ਹੋ ਗਿਆ। ਬਹੁਤ ਸਾਰੇ ਲੋਕਾਂ ਦੇ ਨਾਂ ਪਤੇ ਅਤੇ ਅਹੁਦੇ ਤੱਕ ਸ਼ਰਧਾਲੂ ਲਿਖਵਾਉਣ ਲਈ ਤਿਆਰ ਹੋ ਗਏ ਜਿਨ੍ਹਾਂ ਦਾ (ਉਹਨਾਂ ਦੇ ਕਥਨ ਅਨੁਸਾਰ) ਸਰਵਨਾਸ਼ ਹੋ ਗਿਆ। ਇਹ ਵੀ ਪਤਾ ਲੱਗਾ ਕਿ ਸ਼ਰਧਾਲੂ ਅਤੇ ਮੰਦਰ ਕਮੇਟੀ ਦੇ ਅਹੁਦੇਦਾਰ, ਪੱਤਰਕਾਰਾਂ, ਸਿਨਮੈਟੋਗ੍ਰਾਫਰਾਂ, ਦੂਰਦਰਸ਼ਨ ਅਧਿਕਾਰੀਆਂ ਅਤੇ ਫੋਟੋਗ੍ਰਾਫ਼ਰਾਂ ਦੀ ਜੰਮ ਕੇ ਕੁਟਾਈ ਕਰਦੇ ਹਨ। ਪ੍ਰਸ਼ਾਸ਼ਨ, ਨੇੜੇ ਤੱਕ ਨਹੀ ਫਟਕਦਾ। ਪਰ ਸਾਡੇ ਮੰਨਣ ਵਿਚ ਨਾ ਆਇਆ। ਤਦ ਅਸੀਂ ਕੁਝ ਅਜਿਹੇ ਪੱਤਰਕਾਰਾਂ, ਫ਼ੋਟੋਗ੍ਰਾਫ਼ਰਾਂ ਅਤੇ ਦੂਰਦਰਸ਼ਨ ਅਧਿਕਾਰੀਆਂ ਨੂੰ ਮਿਲੇ ਜਿਨ੍ਹਾਂ ਨੇਂ ਸਚਮੁੱਚ ਉੱਥੇ ਦੁਬਾਰਾ ਨਾ ਜਾਣ ਦੀ ਸਹੁੰ ਖਾਧੀ ਹੋਈ ਸੀ।

ਅਸੀਂ ਸੋਚਿਆ, ਨਗਨ ਪੂਜਾ ਸਮੇਂ ਔਰਤਾਂ ਮਰਦਾਂ ਦਾ ਕੁਝ ਹਿੱਸਾ ਤਾਂ ਢਕਿਆ ਹੁੰਦਾ ਹੋਵੇਗਾ। ਤਦ ਮੰਦਰ ਦੇ ਪੁਜਾਰੀ ਨੇਂ ਦੱਸਿਆ ਕੇ ਦੇਵੀ ਰੁਮਾਲ ਰੱਖਣ 'ਤੇ ਵੀ ਕਰੋਪ ਹੋ ਜਾਂਦੀ ਹੈ। ਸਭ ਤੋਂ ਵੱਡੀ ਗੱਲ ਇਸ ਪੂਜਾ ਵਿਚ ਕੋਈ ਦਰਸ਼ਕ ਨਹੀਂ ਹੁੰਦਾ। ਪੁਜਾਰੀ ਨਗਨ ਸ਼ਰਧਾਲੂਆਂ ਵੱਲ ਪਿੱਠ ਕਰਕੇ ਮੰਤਰ ਪੜ੍ਹਦਾ ਹੈ। ਹਰ ਸ਼ਰਧਾਲੂ ਪਵਿੱਤਰ ਖੂਹ 'ਤੇ ਨਗਨ ਇਸ਼ਨਾਨ ਕਰਕੇ ਪਹਾੜੀ 'ਤੇ ਚੜ੍ਹਦਾ ਹੈ ਅਤੇ ਦੇਵੀ ਦੇ ਦਰਸ਼ਨ ਕਰਕੇ ਕੱਪੜੇ ਪਹਿਨਦਾ ਹੈ। ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਕਾਮੁਕ ਨੀਅਤ ਵਾਲਾ ਬੰਦਾ ਅੰਨ੍ਹਾਂ ਹੋ ਜਾਂਦਾ ਹੈ।

ਸ਼ਰਧਾਲੂਆਂ ਤੋਂ ਬਿਨਾਂ ਕਿਸੇ ਦਰਸ਼ਕ ਦਾ ਉਸ ਪੂਜਾ ਵਿਚ ਸ਼ਾਮਲ ਹੋਣਾ ਸੰਭਵ ਨਹੀਂ ਹੈ। ਕਾਫ਼ੀ ਕੋਸ਼ਿਸ਼ਾਂ ਤੋਂ ਬਾਦ ਚਿਤ੍ਰਗੁੱਟੀ ਮੰਦਰ ਕਮੇਟੀ ਦੇ ਪ੍ਰਧਾਨ ਨੇਂ ਦੱਸਿਆ ਕਿ ਉਹਦਾ ਸ਼ਹਿਰ ਪੜ੍ਹਦਾ ਲੜਕਾ, ਨਗਨ ਪੂਜਾ ਦੇ ਵਿਰੁੱਧ ਬਾਗ਼ੀ ਹੋ ਕੇ ਧਾਰਵਾੜ, ਸਿਮੋਗਾ, ਹੁਬਲੀ ਆਦਿ ਦੀਆਂ ਵਿਦਿਆਰਥੀ ਦਲਿਤ ਮੰਡਲੀਆਂ ਨੂੰ ਲੈ ਕੇ ਪਿੰਡ ਪਿੰਡ ਸੜਕ (ਨੁੱਕੜ) ਨਾਟਕ ਕਰ ਰਿਹਾ ਹੈ ਤੁਸੀਂ ਉਸਦੀ ਟੋਲੀ ਨਾਲ ਜਾ ਸਕਦੇ ਹੋ। ਪਰ ਤੀਜੇ ਕੁ ਦਿਨ ਸਾਨੂੰ ਪ੍ਰਧਾਨ ਨੇਂ ਹੀ ਰੋਕ ਦਿੱਤਾ। ਉਸਨੇਂ ਦੱਸਿਆ ਕਿ ਪੂਜਾ ਵਾਲੇ ਦਿਨ ਉਸ ਨਾਟਕ-ਟੋਲੀ ਦੀ ਬੁਰੀ ਤਰ੍ਹਾਂ ਮਾਰ-ਕੁਟਾਈ ਹੋਣ ਵਾਲੀ ਸੀ। ਖ਼ੂਨ-ਖ਼ਰਾਬਾ ਵੀ ਹੋ ਸਕਦਾ ਸੀ।

ਅਸੀਂ ਪੂਜਾ ਅਰਚਨਾਂ ਵੇਖਣ ਲਈ ਬਜ਼ਿੱਦ ਸਾਂ। ਇਸ 'ਤੇ ਪ੍ਰਧਾਨ ਅਤੇ ਮੰਦਰ ਕਮੇਟੀ ਨੇਂ ਮੋਟੀ ਰਕਮ ਲੈ ਕੇ ਯੂਨਿਟ ਦੇ ਇਕ ਦਿਨ ਲਈ, ਪਹਾੜੀ ਉੱਤੇ ਇੱਕ ਨਿੱਕੇ ਜਿਹੇ ਮੰਦਰ ਵਿੱਚ ਲੁੱਕ ਕੇ ਬੈਠਣ ਦਾ ਇੰਤਜ਼ਾਮ ਕਰ ਦਿੱਤਾ ਅਤੇ ਸ਼ਰਤ ਰੱਖੀ ਕਿ ਕੋਈ ਫੋਟੋ ਨਹੀਂ ਖਿੱਚੇਗਾ। ਪੂਜਾ ਵਾਲੇ ਦਿਨ ਪਹਾੜੀ 'ਤੇ ਜਾਣ ਸਮੇਂ ਸਾਡੀ ਸਭ ਦੀ ਤਲਾਸ਼ੀ ਲਈ ਗਈ; ਪਰ ਉਹ ਨਹੀ ਸਨ ਜਾਣਦੇ ਕਿ ਯੂਨਿਟ ਦੇ ਕੁਝ ਹੁਸ਼ਿਆਰ ਕਰਿੰਦੇ ਰਾਤ ਨੂੰ ਪਹਿਲਾਂ ਹੀ ਉਸ ਨਿੱਕੇ ਜਿਹੇ ਮੰਦਿਰ ਦੀਆਂ ਝਾੜੀਆਂ ਵਿਚ ਕੈਮਰਾ ਅਤੇ ਇੱਕ ਵਰਕਰ ਛੁਪਾ ਆਏ ਸਨ।

ਰਸਮ ਪੰਜ ਦਿਨ ਚੱਲਣੀ ਸੀ; ਪਰ ਅਸੀਂ ਪਹਿਲੇ ਦਿਨ ਹੀ ਉਕਤਾ ਗਏ। ਅਸੀਂ ਦੇਖਿਆ ਲੋਕ ਸੈਂਕੜਿਆਂ ਦੀ ਤਾਦਾਦ ਵਿਚ ਇਸ਼ਨਾਨ ਕਰ ਰਹੇ ਸਨ। ਇਸ਼ਨਾਨ ਉਪਰੰਤ ਭੀੜ ਦੇ ਵਿਚ ਹੀ ਨਗਨ ਹੋ ਕੇ ਗ਼ਰੀਬ ਲੋਕ ਨਿੰਮ ਦੀ ਟਹਿਣੀ ਅਤੇ ਅਮੀਰ ਲੋਕ ਫੁੱਲਾਂ ਦੀਆਂ ਲੜੀਆਂ ਨਾਲ ਆਪਣਾ ਗੁਪਤਾਂਗ ਹਿੱਸਾ ਢੱਕ ਰਹੇ ਸਨ। ਇਸਤਰੀਆਂ ਇੱਕ ਤੜਾਗੀ ਨੁਮਾ ਧਾਗੇ ਨਾਲ ਲਟਕਦੀਆਂ ਫੁੱਲਾਂ ਦੀਆਂ ਦੋ ਜਾਂ ਤਿੰਨ ਲੜੀਆਂ ਨਾਲ ਅਗਲੇਰੇ ਗੁਪਤਾਂਗ ਨੂੰ ਢੱਕ ਕੇ ਅਤੇ ਦੋਹਾਂ ਹੱਥਾਂ ਵਿਚ ਫੜੇ ਫੁੱਲਾਂ ਨਾਲ ਛਾਤੀਆਂ ਢੱਕ ਕੇ ਮੰਦਰ ਦੀਆਂ ਪੌੜੀਆਂ ਚੜ੍ਹ ਜਾਂਦੀਆਂ। ਪੁਰਸ਼ ਨਿੰਮ ਦੀ ਟਹਿਣੀ ਨਾਲ ਸਮੂਣੇ ਦਾ ਗੁਪਤਾਂਪ ਕੱਜ ਕੇ ਸਾਰ ਲੈਂਦੇ। ਦੇਵਦਾਸੀਆਂ ਖੂਹ 'ਤੇ ਇਸ਼ਨਾਨ ਕਰਦੀਆਂ ਅਤੇ ਜਿਵੇਂ ਕਦੇ ਰੈਣੂਕਾ

ਦੇ ਕੱਪੜੇ ਤਾਰ-ਤਾਰ ਹੋਏ ਸਨ ਇਵੇਂ ਹੀ ਰਾਹ ਵਿਚ ਆਪਣੇ ਕੱਪੜੇ ਪਾੜ ਪਾੜ ਸੁਟਦਿਆਂ ਮੰਦਰ ਤੱਕ ਪੂਰਨ ਨਗਨ ਹੋ ਕੇ ਪੂਜਾ ਕਰਦੀਆਂ। ਮੰਦਰ ਦੀ ਗੁਫ਼ਾ ਵਿਚ ਪੁਜਾਰੀ ਹਰ ਦੇਵਦਾਸੀ ਨੂੰ ਨਵੇਂ ਕੱਪੜੇ ਦਿੰਦਾ ਇਹ ਚੋਲੀ ਧੋਤੀ ਰੇਣੂਕਾ ਵੱਲੋਂ ਦਿੱਤੀ ਸਮਝੀ ਜਾਂਦੀ। ਬਾਕੀ ਦੀਆਂ ਕਈਂ ਇਸਤਰੀਆਂ ਥੱਲੇ ਜਾ ਕੇ ਕੱਪੜੇ ਪਹਿਨਦੀਆਂ। ਪਰ ਪੂਜਾ ਕਰਨ ਵਾਲੇ ਹਰ ਸ਼ਰਧਾਲੂ ਨੂੰ ਵਸਤ੍ਰ ਦੇਵੀ ਵੱਲੋਂ ਦਿੱਤੇ ਜਾਂਦੇ। ਦੇਵੀ ਦੀ ਛੋਹ ਪ੍ਰਾਪਤ ਕੀਤੇ ਵਸਤ੍ਰ ਲੈਣ ਦੇ ਇਵਜ਼ ਵਿਚ ਹਰ ਸ਼ਰਧਾਲੂ ਅਨਾਜ, ਪੱਤਲਾਂ ਅਤੇ ਰੁਪੈ ਪੈਸੇ ਦੇ ਰੂਪ ਵਿਚ ਮੰਦਰ ਕਮੇਟੀ ਨੂੰ ਦਾਨ ਦਿੰਦਾ ਹੈ।

ਨਗਨ ਅਵਸਥਾ ਤੋਂ ਇਲਾਵਾ ਵੀ ਪੂਜਾ ਦੇ ਕਈ ਰੂਪ ਵੇਖੇ ਗਏ। ਮਿਸਾਲ ਵਜੋਂ ਕਈਂ ਔਰਤਾਂ ਨੇਂ ਫੁੱਲਾਂ ਨਾਲ ਗੁਪਤਾਂਗ ਢੱਕਣ ਦੀ ਥਾਂ ਸਾਰੇ ਸਰੀਰ ਨੂੰ ਚੰਦਨ ਜਾਂ ਗੇਰੀ ਦੇ ਲੇਪ ਨਾਲ ਹੀ ਢਕ ਲਿਆ ਅਤੇ ਨਿਸੰਗ ਹੋ ਕੇ ਪੂਜਾ ਕੀਤੀ। ਕੁਝ ਔਰਤਾਂ ਬਿਲਕੁਲ ਨਗਨ ਅਵਸਥਾ ਵਿਚ ਤਲੀਆਂ 'ਤੇ ਦੀਵੇ ਜਗਾ ਕੇ ਦੇਵੀ ਅਸਥਾਨ ਤੱਕ ਗਈਆਂ। ਉਹਨਾਂ ਨੇ ਆਪਣੇ ਨਾਲ ਇਹ ਸ਼ਰਤ ਮੰਨੀ ਹੋਈ ਸੀ ਕਿ ਦੀਵਿਆਂ ਵਿਚੋਂ ਤੇਲ ਮੁੱਕਣ ਤੋਂ ਪਹਿਲਾਂ ਪੂਜਾ ਮੁਕੰਮਲ ਕਰਨਗੀਆਂ।

ਅਸੀਂ ਪੰਦਰਾਂ ਵੀਹ ਅਜਿਹੀਆਂ ਦੇਵਦਾਸੀਆਂ ਅਤੇ ਔਰਤਾਂ ਦੇਖੀਆਂ ਜਿਨ੍ਹਾਂ ਦੇ ਪੂਰੇ ਬਦਨ, ਛਾਤੀਆਂ, ਧੁੰਨੀ , ਗੁਪਤਾਂਗ, ਬੁੱਲ੍ਹਾਂ ਅਤੇ ਡੌਲਿਆਂ ਦੇ ਮਾਸ ਵਿਚ ਸੂਈਆਂ ਪਰੋ ਕੇ ਨੱਕਿਆਂ ਵਿਚ ਫੁੱਲ ਲਟਕਾਏ ਹੋਏ ਸਨ। ਉਹਨਾਂ ਨੇ ਇਹਨਾਂ ਫੁੱਲਾਂ ਨੂੰ ਵਸਤ੍ਰ ਸਮਝ ਕੇ ਪੂਰਾ ਸਰੀਰ ਨਗਨ ਕੀਤਾ ਹੋਇਆ ਸੀ। ਕਈ ਲੋਕ ਡੰਡਵਤ ਕਰਦੇ ਹੋਏ ਵੀ ਦੇਵੀ ਦੇ ਮੰਦਰ ਤੱਕ ਆਏ।

ਸਾਡੇ ਲਈ ਬੇਹੱਦ ਹੈਰਾਨੀ ਵਾਲੀ ਗੱਲ ਸੀ ਕਿ ਹਰ ਸ਼ਰਧਾਲੂ,ਜਾਂ ਇੱਕ ਤੋਂ ਵਧੇਰੇ ਸ਼ਰਧਾਲੂਆਂ ਨਾਲ, ਕੋਈ ਨਾ ਕੋਈ ਦੇਵਦਾਸੀ ਜ਼ਰੂਰ ਸੀ। ਦੇਵੀ ਨੂੰ ਪੂਰਾ ਖੁਸ਼ ਕਰਨ ਲਈ ਸ਼ਰਧਾਲੂ ਦੇਵਦਾਸੀ ਨੂੰ ਆਪਣੇ ਨਾਲ ਰੱਖਣਾ ਜ਼ਰੂਰੀ ਸਮਝਦੇ ਹਨ। ਵਿਸ਼ਵਾਸ਼ ਹੈ ਕਿ ਦੇਵਦਾਸੀਆਂ ਦੇਵੀ ਦੀਆਂ 'ਦੂਤ' ਹਨ।

ਅੱਜ ਤੀਹ ਸਾਲ ਬਾਦ ਵੀ ਉਹ ਦ੍ਰਿਸ਼ ਚੇਤੇ ਕਰਕੇ ਦਿਲ ਦਹਿਲ ਉੱਠਦਾ ਹੈ। ਜੰਗਲ ਅਤੇ ਝਾੜੀਆਂ ਦੇ ਹਨੇਰੇ ਵਿਚ ਸੈਂਕੜੇ ਔਰਤਾਂ ਦਾ ਨੰਗਾ ਹਜੂਮ ਡਰਾਉਣਾ ਲੱਗਦਾ ਸੀ। ਬਹੁਤੀਆਂ ਔਰਤਾਂ ਮ੍ਰਿਦੰਗ ਅਤੇ ਝਾਂਜ ਦੇ ਸ਼ੋਰ ਵਿੱਚ ਅਲਫ਼ ਨੰਗਾ ਨ੍ਰਿਤ ਕਰਦੀਆਂ ਝੁੰਡ ਦੇ ਰੂਪ ਵਿਚ ਆਉਂਦੀਆਂ ਸਨ ਤਾਂ ਸਾਜ਼ਾਂ ਦੀ ਗੜਗੜਾਹਟ ਅਤੇ ਖੋਪੇ ਦੇ ਤੇਲ ਨਾਲ ਨੁੱਚੜਦੇ ਪਿੰਡੇ, ਦਹਿਸ਼ਤ ਪੈਦਾ ਕਰਦੇ ਸਨ।...

ਦੂਜੇ ਦਿਨ ਵਿਰੋਧੀਆਂ ਵੱਲੋਂ ਪ੍ਰਦਰਸ਼ਨ ਕਰਨ ਦੀ ਕੋਸ਼ਿਸ਼ ਕੀਤੀ ਗਈ; ਪਰ ਸ਼ਰਧਾਲੂਆਂ ਦੀ ਨੰਗੀ ਭੀੜ ਅੱਗੇ ਵਿਦਿਆਰਥੀ ਸ਼ਰਮਸਾਰ ਹੋ ਗਏ ਅਤੇ ਅੱਖਾਂ ਵਿਚ ਅੱਥਰੂ ਲਈ ਪਰਤ ਆਏ।

ਪ੍ਰਸ਼ਾਸ਼ਨ ਅਤੇ ਮੰਦਰ ਕਮੇਟੀ ਅੰਨ੍ਹੀ ਕਮਾਈ ਕਰ ਰਹੀ ਸੀ। ਪੰਜਵੇਂ ਦਿਨ ਕਮੇਟੀ ਕੋਲ ਅਨਾਜ ਅਤੇ ਚੜ੍ਹਾਵੇ ਦਾ ਭੰਡਾਰ ਸੀ। ਕਰਨਾਟਕਾ ਦੇ ਇੱਕ ਟਰਾਂਸਪੋਰਟ ਅਫ਼ਸਰ ਨੇ ਦੱਸਿਆ ਕਿ ਇਸ ਅੱਡੇ 'ਤੇ ਸਾਰੇ ਸਾਲ ਜਿੰਨ੍ਹੀ ਕਮਾਈ ਪੰਜਾਂ ਦਿਨਾਂ ਵਿਚ ਹੀ ਹੋ ਜਾਂਦੀ ਹੈ।

ਪਿੰਡ ਦੇ ਲੋਕ, ਫੁੱਲਾਂ ਦੀਆਂ ਲੜੀਆਂ, ਨਿੰਮ ਦੀਆਂ ਟਹਿਣੀਆਂ ਅਤੇ ਪਾਣੀ ਆਦਿ ਤੋਂ ਛਮਾਹੀ ਦੀ ਖੱਟੀ ਕਰ ਲੈਂਦੇ ਹਨ।

ਇਸ ਰਸਮ ਦੀ ਸਭ ਤੋਂ ਵਿਸ਼ੇਸ਼ ਖਿੱਚ ਪੰਜ ਅਜਿਹੇ ਸ਼ਰਧਾਲੂ ਚੁਣਨ ਦੀ ਹੁੰਦੀ ਹੈ, ਜਿਨ੍ਹਾਂ ਨੇ ਨਿਰ-ਸੰਕੋਚ ਨਗਨ ਪੂਜਾ ਸੰਪੰਨ ਕੀਤੀ ਹੁੰਦੀ ਹੈ। ਹਰ ਰੋਜ਼ ਇੱਕ ਸ਼ਰਧਾਲੂ ਚੁਣਨਾ ਹੁੰਦਾ ਹੈ। ਚੁਣਿਆ ਗਿਆ ਸ਼ਰਧਾਲੂ ਬੇਹਦ ਸਨਮਾਨਯੋਗ ਸਮਝਿਆ ਜਾਂਦਾ ਹੈ।ਉਸਨੂੰ ਇਹ ਸਨਮਾਨ, ਰੇਣੂਕਾ ਦੀ ਗੁਫ਼ਾ ਵਿਚ ਕਮੇਟੀ ਵੱਲੋਂ ਮੁਫ਼ਤ ਨਗਨ ਹੋ ਕੇ ਚਲੀਹਾ ਕੱਟਣ, ਪੰਜ ਜੋੜੀ ਧੋਤੀ-ਚੋਲੀ, ਪਰਿਵਾਰ ਲਈ ਵਸਤ੍ਰ, ਸਿਰੋਪਾ ਅਤੇ ਇੱਕ ਸੌ ਇੱਕ ਰੁਪਿਆ ਪ੍ਰਸ਼ਾਦੀ ਦੇ ਰੂਪ ਵਿਚ ਦਿੱਤਾ ਜਾਂਦਾ ਹੈ। ਇਹ ਇੱਕ ਸੋ ਇੱਕ ਰੁਪਿਆ, ਦੇਵੀ ਦੇ ਚੜ੍ਹਾਵੇ ਅੱਗੋਂ ਚੁੱਕ ਕੇ ਦਿੱਤਾ ਜਾਦਾ ਹੈ। ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਇਹ ਪੈਸੇ ਘਰ ਵਿਚ ਰੱਖਣ 'ਤੇ ਕਮਾਈ ਵਿਚ ਬਰਕਤ ਪੈਂਦੀ ਹੈ। ਇਹਨਾਂ ਸਿੱਕਿਆਂ ਨੂੰ ਪ੍ਰਾਪਤ ਕਰਨ ਲਈ ਸ਼ਰਧਾਲੂ ਅਤੇ ਦੇਵਦਾਸੀਆਂ ਅਸ਼ਲੀਲਤਾ ਦੀ ਕਿਸ ਹੱਦ ਤੱਕ ਜਾ ਸਕਦੇ ਹਨ, ਕੋਈ ਸੋਚ ਵੀ ਨਹੀਂ ਸਕਦਾ। ਮੁਫ਼ਤ ਵਿਚ ਚਲੀਹਾ ਕੱਟਣ ਸਮੇਂ ਦਾ ਨਿਰ-ਵਸਤ੍ਰ ਨ੍ਰਿਤ, ਸੁੰਨ ਕਰ ਦੇਣ ਵਾਲਾ ਹੁੰਦਾ ਹੈ। ਇਹਨਾਂ ਹਿੱਸਿਆਂ ਨੂੰ ਫਿਲਮਾਉਂਦੇ ਅਸੀਂ ਸਾਰੇ, ਯਕੀਨਨ ਸ਼ਰਮਸਾਰ ਹੋਏ।



## ਸਟਿਲ ਸਮੱਗਰੀ

ਡਾਕੂਮੈਂਟਰੀ ਅਤੇ ਟੈਲੀਫ਼ਿਲਮ ਵਿਚ ਅਸੀਂ ਕਾਫ਼ੀ ਸਟਿੱਲ ਸਮੱਗਰੀ ਇਸਤੇਮਾਲ ਕੀਤੀ, ਜੋ ਕਿਤਾਬੀ ਟਿੱਪਣੀਆਂ, ਕੰਧ-ਚਿੱਤਰਾਂ, ਮੂਰਤੀਆਂ, ਫ਼ੋਟੋਗ੍ਰਾਫ਼ੀ ਜਾਂ ਚਲ-ਚਿੱਤਰਾਂ ਤੋਂ ਪ੍ਰਾਪਤ ਹੋਈ।

ਇਨ੍ਹਾਂ ਵਿਚ ਸਭ ਤੋਂ ਵਚਿੱਤਰ ਫੁਟਿੰਗ 'ਮੰਜਨਗੁੱਡ'(ਕਰਨਾਟਕਾ, ਸ਼ੇਰਿੰਗ ਪੱਟਮ ਨੇੜੇ) ਦੇ ਇੱਕ ਸਥਾਨਕ ਫੋਟੋਗ੍ਰਾਫ਼ਰ (ਨਾਂ ਚੇਤੇ ਨਹੀਂ) ਤੋਂ ਮਿਲੀ, ਜੋ 'ਮੋਗੁਰ' ਪਿੰਡ ਦੀ ਦੇਵਦਾਸੀ ਦੇਵੀ 'ਟਿਪੱਮਾਂ' ਬਾਰੇ ਸੀ।

ਇਸ ਪਿੰਡ ਵਿਚ (ਜੋ ਕਸਬਾਨੁਮਾ ਹੈ) ਟਿਪਮਾਂ ਦੇਵੀ ਦੇ ਮੰਦਰ ਵਿਚ ਹਰ ਸਾਲ ਇੱਕ ਤਿਉਹਾਰ ਮਨਾਇਆ ਜਾਂਦਾ ਹੈ, ਜਿਸ ਵਿਚ ਟਿਪਮਾਂ ਦੇਵੀ ਦੀਆਂ ਸੱਤ ਮੂਰਤੀਆਂ ਵੱਖ-ਵੱਖ ਮੈਥੁਨ ਕਿਰਿਆਵਾਂ ਵਿਚ ਬਣਾਈਆਂ ਜਾਂਦੀਆਂ ਹਨ।ਹਰ ਮੂਰਤੀ ਦੇ ਸਾਮ੍ਹਣੇ ਵੱਖ-ਵੱਖ ਪੁਰਸ਼ਾਂ ਦੀਆਂ ਮੈਥੁਨ ਕਿਰਿਆਵਾਂ ਵਿਚ ਮੂਰਤੀਆਂ ਇਸ ਢੰਗ ਨਾਲ ਨਿਰਮਾਣ ਕੀਤੀਆਂ ਜਾਂਦੀਆਂ ਹਨ ਕਿ ਕਿਸੇ ਯੰਤਰ ਦੀ ਵਿਧੀ ਰਾਹੀਂ ਮੂਰਤੀਆਂ ਦਾ ਭੋਗ-ਵਿਲਾਸ ਵਿਖਾਇਆ ਜਾ ਸਕੇ। ਇੰਜ ਬਾਰਾਂ ਸਾਲਾਂ ਵਿਚ ਚੌਰਾਸੀ ਆਸਣ ਪ੍ਰਦਰਸ਼ਿਤ ਕੀਤੇ ਜਾਂਦੇ ਹਨ। ਹਰ ਸਾਲ ਸੱਤ ਦਿਨ ਚੱਲਣ ਵਾਲੇ ਤਿਉਹਾਰ ਵਿਚ ਹਰ ਦਿਨ ਇੱਕ ਝਾਕੀ।

ਕਿਹਾ ਜਾਂਦਾ ਹੈ ਕਿ ਅਜਿਹੀ ਝਾਕੀ ਨੂੰ ਵੇਖਣਾ ਮੁਸ਼ਕਿਲ ਹੁੰਦਾ ਹੈ; ਪਰ ਜੇ ਕੋਈ ਪੂਰੇ ਧਿਆਨ ਨਾਲ ਵੇਖ ਲਵੇ ਤਾਂ ਆਖ਼ਰੀ ਦਿਨ ਟਿਪਮਾਂ ਉਸ ਵਿਚ ਪ੍ਰਗਟ ਹੋ ਜਾਂਦੀ ਹੈ ਅਤੇ ਉਹ ਸਿਰ ਘੁਮਾ-ਘੁਮਾ ਕੇ ਲੋਕਾਂ ਦੀਆਂ ਪੁੱਛਾਂ ਦੇ ਉੱਤਰ ਦੇਣ ਲੱਗਦਾ ਹੈ। ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਉਸ ਸਮੇਉਸ ਵਿਚ ਪ੍ਰਵੇਸ਼ ਕੀਤੀ ਦੇਵੀ ਖ਼ੁਦ ਬੋਲਦੀ ਹੈ ਅਤੇ ਬੋਲੀ ਹੋਈ ਹਰ ਗੱਲ ਪੱਥਰ 'ਤੇ ਲਕੀਰ ਹੁੰਦੀ ਹੈ।

ਇਸ ਤਿਉਹਹਾਰ ਨਾਲ ਸੰਬੰਧਿਤ ਇਨ੍ਹਾਂ ਮੂਰਤੀਆਂ ਦੀ ਨਿਰਮਾਣਕਾਰੀ ਬਾਰੇ ਪੁੱਛਿਆ ਗਿਆ ਤਾਂ ਪਤਾ ਲੱਗਾ, ਹਰ ਸਾਲ ਕਾਰੀਗਰਾਂ ਨੂੰ ਦੇਵਦਾਸੀਆਂ ਦੇ ਵੱਖ ਵੱਖ ਮੰਦਰਾਂ ਵਿਚ ਭੇਜਿਆ ਜਾਂਦਾ ਹੈ। ਉਥੇ ਜਾ ਕੇ ਉਹ ਕਾਮਸੂਤਰ ਦੇ ਚੌਰਾਸੀ ਆਸਣਾਂ ਬਾਰੇ ਦੇਵਦਾਸੀਆਂ ਤੋਂ ਜਾਣਕਾਰੀ ਪ੍ਰਾਪਤ ਕਰਦੇ ਹਨ। ਕਿਵੇਂ ਪ੍ਰਾਪਤ ਕਰਦੇ ਹਨ? ਦੇ ਉੱਤਰ ਵਿਚ ਦੱਸਿਆ ਗਿਆ ਕਿ ਖਾਸ ਕਰ ਟਿਪਮਾਂ ਦੇਵੀ ਦੇ ਮੰਦਰਾਂ ਵਿਚ ਭਰਤਨਾਟਯਮ ਦੇ ਇੱਕ ਹਿੱਸੇ, ਸ਼ਿੰਗਾਰ ਰਸ ਵਿਚ ਵਾਤਸਾਇਨ ਦਾ ਕਾਮ-ਸੂਤਰ ਵੀ ਨੱਚਿਆ ਜਾਂਦਾ ਹੈ। ਲੋੜੀਂਦਾ ਆਸਣ ਕਈ-ਕਈ ਵਾਰ ਨੱਚਿਆ ਜਾਂਦਾ ਹੈ ਤਾਂ ਜੋ ਕਾਰੀਗਰਾਂ ਦੀ ਸਿਮਰਤੀ ਦਾ ਹਿੱਸਾ ਬਣ ਸਕੇ। ਇਹ ਮੂਰਤੀਆਂ ਗੱਚ, ਖੜੀਆ-ਮਿੱਟੀ, ਲਾਖ਼, ਪਾਂਡੋ, ਗਾਚਨੀ ਅਤੇ ਪੱਥਰ ਧੂੜੇ ਨਾਲ ਬਣਾਈਆਂ ਜਾਂਦੀਆਂ ਹਨ। ਮੂਰਤੀਆਂ ਦੇ ਨਿਤੰਬ, ਕੂਲ੍ਹੇ, ਲੱਕ, ਚਿਹਰੇ ਦੇ ਨਕਸ਼, ਸਤਨਾਂ (ਛਾਤੀਆਂ) ਦੇ ਉਭਾਰ ਅਤੇ ਕਾਮੁਕ ਅੰਗ-ਮੁਦਰਾਵਾਂ ਉਭਾਰੀਆਂ ਜਾਂਦੀਆਂ ਹਨ।ਤਹੋਰ ਵੀ ਹੈਰਾਨੀ ਵਾਲੀ ਗੱਲ ਹੈ ਕਿ ਇਹਨਾਂ ਮੂਰਤੀਆਂ ਦੇ ਨਾਂ ਵੀ ਆਸਣ ਨੱਚਣ ਵਾਲੀ ਦੇਵਦਾਸੀ ਦੇ ਨਾਂ 'ਤੇ ਰੱਖੇ ਜਾਂਦੇ ਹਨ; ਅਤੇ ਸਾਮ੍ਹਣੇ ਵਾਲੀ ਪੁਰਸ਼ ਅਕ੍ਰਿਤੀ ਨੂੰ ਕਿਸੇ ਦੇਵਤਾ ਦਾ ਨਾਂ ਦੇ ਦਿੱਤਾ ਜਾਂਦਾ ਹੈ।

ਅਸੀਂ ਕੁਨਾਰਕ ਦੇ ਮੰਦਰਾਂ ਅਤੇ ਖੁਜਰਾਹੋ ਦੇ ਅਜਿਹੇ ਭਿੱਤ ਚਿਤਰਾਂ ਤੋਂ ਵੀ ਸਮੱਗਰੀ ਲਈ, ਜਿਨ੍ਹਾਂ ਬਾਰੇ ਪ੍ਰਮਾਣਿਤ ਕੀਤਾ ਗਿਆ ਕਿ ਉਹ ਚਿੱਤਰ ਦੇਵਦਾਸੀ ਚਲਨ ਨੂੰ ਹੀ ਪ੍ਰਗਟ ਕਰਦੇ ਸਨ।

ਮੱਦਾਟਨੂਰ ਪਿੰਡ ਦੇ ਇੱਕ ਮੰਦਰ ਦੀ ਸ਼ਿਲਾਲੇਖ ਤੇ ਉੱਕਰਿਆ ਇੱਕ ਸ਼ਲੋਕ ਵੀ ਫਿਲਮਾਇਆ ਜਿਸ ਤੇ ਉੱਕਰਿਆ ਸੀ 'ਵੇਸ਼ਯਾਦ੍ਰਸ਼ਨਮ ਪੁੰਣਯ ਪਾਪ ਨਾਸ਼ਨਮ।' ਭਾਵ: ਵੇਸਵਾ ਨਾਲ ਸਮਾਗਮ ਪੁੰਨ ਦਾ ਕਾਰਜ ਹੈ।

ਚੰਦ੍ਰਗੁੱਟੀ ਨਗਨ-ਪੂਜਾ ਦੇ ਦੂਜੇ ਦਿਨ ਵਿਰੋਧੀ ਪ੍ਰਦਰਸ਼ਨ ਦੇ ਖਦੇੜੇ ਜਾਣ ਪਿੱਛੋਂ ਝਾੜੀਆਂ ਵਿੱਚ ਡਿੱਗੀ ਇੱਕ ਤਖ਼ਤੀ ਮਿਲੀ, ਜਿਸ ਉੱਤੇ ਕੰਨੜ ਭਾਸ਼ਾ ਵਿਚ ਮਹਾਤਮਾ ਗਾਂਧੀ ਦੀ ਟਿੱਪਣੀ ਲਿਖੀ ਹੋਈ ਸੀ। ਜਿਸਦਾ ਭਾਵ ਸੀ, 'ਮੈਨੂੰ ਦੁੱਖ ਹੈ ਕਿ ਸਾਡੇ ਹੀ ਦੇਸ਼ ਵਿਚ ਕੁਝ ਮੰਦਰਾਂ ਦੀ ਸਥਿਤੀ ਚਿੰਤਾ ਜਨਕ ਹੈ।' (ਥੱਲੇ ਅੰਗਰੇਜ਼ੀ ਵਿਚ ਸਾਲ 1937 ਦੀ ਕੋਈ ਤਾਰੀਖ਼ ਸੀ)

ਅਚਾਰੀਆ ਚਤੁਰਸੈਨ ਦੇ ਇਤਿਹਾਸਿਕ ਨਾਵਲ 'ਸੋਮਨਾਥ' ਵਿੱਚੋਂ ਕੁਝ ਸਤਰਾਂ ਵੀ ਫਿਲਮਾਈਆਂ, ਜਿਨ੍ਹਾਂ ਵਿਚ ਲਿਖਿਆ ਗਿਆ ਸੀ ਕਿ ਰਾਜਾ ਚਲੁਕਯ ਨੇਂ ਆਪਣੀ ਧੀ ਨੂੰ ਪ੍ਰਸਿੱਧ ਸੋਮਨਾਥ ਦੇ ਮੰਦਰ ਵਿੱਚ ਦੇਵਦਾਸੀ ਵਜੋਂ ਅਰਪਿਤ ਕੀਤਾ।

ਰਾਮਕ੍ਰਿਸ਼ਣ ਮਿਸ਼ਨ ਦੇ ਪ੍ਰਕਾਸ਼ਕ 'ਦ ਕਲਚਰਲ ਹੈਰੀਟੇਜ ਆਫ਼ ਇੰਡੀਆ' ਦੀਆਂ ਉਹ ਟਿੱਪਣੀਆਂ ਵੀ ਅੰਕਿਤ ਕੀਤੀਆਂ ਜਿਨ੍ਹਾਂ ਵਿਚ ਚੋਲ ਰਾਜੇ ਦੇ ਰਾਜਕਾਲ ਦੌਰਾਨ ਤੰਜੌਰ ਦੇ ਮੰਦਰ ਵਿਚ 400 ਦੇਵਦਾਸੀਆਂ ਦਾ ਜ਼ਿਕਰ ਸੀ। ਇਹ ਵੀ ਅੰਕਿਤ ਕੀਤਾ ਕਿ ਪੂਰਬੀ ਬੰਗਾਲ ਦੇ ਰਾਜਾ ਹਰੀ ਬਰਮਨ ਦੇ ਮੰਤਰੀ ਭੱਟ ਭਵਦੇਵ ਨੇਂ ਵਾਸੂਦੇਵ ਦੇ ਮੰਦਰ ਵਿਚ 108 ਦੇਵਦਾਸੀਆਂ ਦਾਨ ਵਿਚ ਭੇਟ ਕੀਤੀਆਂ।

ਕਰਨਾਟਕਾ, ਮਹਾਰਾਸ਼ਟਰ ਅਤੇ ਤਾਮਿਲਨਾਡੂ ਦੇ ਗਜ਼ਟੀਅਰਾਂ ਵਿਚ ਪੇਸ਼ ਬਿਉਰਿਆਂ ਵਿੱਚ ਦੇਵਦਾਸੀਆਂ ਦੀ ਗਿਣਤੀ ਪੜ੍ਹ ਕੇ ਇਤਬਾਰ ਨਹੀਂ ਸੀ ਆਉਂਦਾ, ਪਰ ਦਿੱਲੀ, ਕਲਕੱਤਾ, ਬੰਬਈ ਅਤੇ ਮਦਰਾਸ ਦੇ ਵੇਸਵਾਗਮਨੀ ਇਲਾਕਿਆਂ ਦੀਆ ਬਾਈਆਂ ਨਾਲ ਗੱਲ ਕਰਨ 'ਤੇ ਪੈਰਾਂ ਹੇਠੋਂ ਜ਼ਮੀਨ ਖਿਸਕਣ ਲੱਗਦੀ ਹੈ। ਹਜ਼ਾਰਾਂ ਦੀ ਤਦਾਦ ਵਿਚ ਵੇਸਵਾਵਾਂ ਨਾ-ਬਦਲੀ ਹੇਠ, ਦੇਵਦਾਸੀ ਪ੍ਰਥਾ ਦੀ ਹੀ ਰਹਿੰਦ-ਖੂੰਹਦ ਭੋਗ ਰਹੀਆਂ ਹਨ।

## ਅੰਤਿਕਾ

ਮੇਰੇ ਲਈ ਇਹ ਅਨੁਭਵ ਬਹੁਤ ਹੈਰਾਨੀਜਨਕ ਅਤੇ ਦੁਖ਼ਦਾਈ ਸੀ। ਇਕੋ ਗੱਲ ਤਸੱਲੀ ਵਾਲੀ ਸੀ ਕਿ ਇਸ ਪ੍ਰਾਜੈਕਟ ਨਾਲ ਜੁੜੀਆਂ ਨਿਰਮਾਤਰੀ ਅਤੇ ਨਿਰਦੇਸ਼ਿਕਾ ਨੇਂ ਪ੍ਰਾਜੈਕਟ ਸਿਰੇ ਚੜ੍ਹ ਜਾਣ ਮਗਰੋਂ ਹਰ ਸੰਸਥਾ ਅਤੇ ਉਸ ਵਿਅਕਤੀ ਨੂੰ ਧੰਨਵਾਦੀ ਖ਼ਤ ਲਿਖੇ ਜਿਨ੍ਹਾਂ ਨੇਂ ਸਾਡੀ ਕਿਸੇ ਵੀ ਰੂਪ ਵਿਚ ਮਦਦ ਕੀਤੀ। ਇਸ ਤੋਂ ਵਧੇਰੇ ਖ਼ੁਸ਼ੀ ਦੀ ਗੱਲ ਸੀ ਕਿ ਉਹਨਾਂ ਸੈਂਟਰ ਸਰਕਾਰ ਦੇ ਗ੍ਰਹਿ ਵਿਭਾਗ ਨੂੰ ਬੜੇ ਫ਼ਿਕਰਮੰਦ ਅਤੇ ਸ਼ਖਤ ਸ਼ਬਦਾਂ ਵਿਚ ਇੱਕ ਰਿਪੋਰਟ ਭੇਜੀ, ਜਿਸ ਵਿਚ ਦੇਵਦਾਸੀ ਪ੍ਰਥਾ ਦੀ ਧਾਰਮਿਕ ਨਿਸ਼ਠਾ ਦੇ ਓਹਲੇ ਵਿਚ ਸੈਂਕੜੇ ਸਾਲਾਂ ਤੋਂ ਯੋਨਿ-ਸ਼ੋਸ਼ਣ ਦੀ ਅਲਾਮਤ ਪਨਪ ਰਹੀ ਸੀ। ਉਸ ਰਿਪੋਰਟ ਵਿਚ ਦੇਵਦਾਸੀਆਂ ਦੇ ਹਰਾਮੀ ਬੱਚੇ ਜਿਨ੍ਹਾਂ ਨੂੰ ਮੰਦਰ ਦੇ ਅਹਾਤਿਆਂ ਵਿਚ ਹਰੀਜਨ ਦਾ ਲਕਬ ਦਿੱਤਾ ਜਾਂਦਾ ਸੀ, ਦੀ ਵਿੱਦਿਆ ਵਿਵਸਥਾ ਕਰਨ ਲਈ ਵੀ ਲਿਖਿਆ ਗਿਆ ਅਤੇ ਦੇਵਦਾਸੀਆਂ ਦੇ ਪੁਨਰ ਵਸੇਬੇ ਬਾਰੇ ਬੜੇ ਸਾਰਥਕ ਸੁਝਾਵਾਂ ਦਾ ਬਿਉਰਾ ਵੀ ਭੇਜਿਆ।

### *ਨੋਟ :*


*ਦੇਵਦਾਸੀ ਜਨ-ਜੀਵਨ ਬਾਰੇ ਉਪਰੋਕਤ ਜਾਣਕਾਰੀ ਕਈ ਪੱਖਾਂ ਤੋਂ ਅਧੂਰੀ ਹੋ ਸਕਦੀ ਹੈ। ਇੱਕ ਦਿਨ ਫੋਲਾ-ਫਾਲੀ ਕਰਦਿਆਂ 1979-80 ਦੀ ਇੱਕ ਨੋਟ ਬੁੱਕ ਵਿਚੋਂ ਦੇਵਦਾਸੀ ਪ੍ਰਥਾ ਬਾਰੇ ਕੀਤੇ ਸਰਵ੍ਹੇ ਦੌਰਾਨ ਲਏ ਨੋਟਸ, ਟਿੱਪਣੀਆਂ, ਮੁਲਾਕਾਤਾਂ, ਗਜ਼ਟੀਅਰ ਰਿਪੋਰਟਾਂ, ਅਤੇ ਸ਼ੂਟਿੰਗ ਦੌਰਾਨ ਇਕੱਤਰ ਕੀਤੀ ਜਾਣਕਾਰੀ 'ਤੇ ਅਧਾਰਿਤ ਇਸ ਇਬਾਰਤ ਨੂੰ ਲਿਖਿਆ। ਦੂਜਾ- ਉਸ ਸਮੇਂ ਆਂਧਰਾ, ਕਰਨਾਟਕਾ, ਮਹਾਂਰਾਸ਼ਟਰਾ ਅਤੇ ਤਾਮਿਲਨਾਡੂ ਦੀਆਂ ਮੂਲ-ਭਾਸ਼ਾਵਾਂ ਵਿਚ ਹੋਈ ਗੱਲਬਾਤ ਨੂੰ ਮੈਂ ਸ਼ਸ਼ੀਮਣੀ ਰਾਹੀਂ ਸਮਝਣ ਦੀ ਕੋਸ਼ਿ ਕੀਤੀ। ਤੀਜਾ- ਪਿਛਲੇ ਤੀਹ ਸਾਲਾਂ ਵਿਚ ਦੇਵਦਾਸੀ ਪ੍ਰਥਾ ਦੇ ਸਮਕਾਲੀ ਦ੍ਰਿਸ਼ ਵਿਚ ਕੀ ਪ੍ਰਵਰਤਨ ਆਏ, ਉਹਨਾਂ ਬਾਰੇ ਮੈਨੂੰ ਜਾਣਕਾਰੀ ਨਹੀਂ ਹੈ, ਪਰ ਇਸਦੇ ਬਾਵਜੂਦ ਮੈਂ ਦੇਵਦਾਸੀ ਜੀਵਨ ਦੇ ਅੱਖੀਂ ਵੇਖੇ ਵੇਰਵੇ ਵਧੇਰੇ ਪ੍ਰਮਾਣਿਕ ਮੰਨਦਾ ਹਾਂ ਜੋ ਅੱਜ ਵੀ ਮੇਰੀ ਸਿਮਰਤੀ ਦਾ ਅੰਗ ਹਨ।*

ਸੰਪਰਕ: 2687, ਫੇਜ਼-2, ਅਰਬਨ ਅਸਟੇਟ, ਪਟਿਆਲਾ - 147002,
ਫੋਨ: 98726,44428, 98722 35798



# ਪੁਸਤਕ ਪੜਚੋਲ

## ਨਾਨਕ ਸਿੰਘ ਦੀਆਂ ਚੋਣਵੀਆਂ ਕਹਾਣੀਆਂ
**ਸੰਪਾਦਕ : ਡਾ. ਬਲਦੇਵ ਸਿੰਘ 'ਬੱਦਨ'**
**ਮੁੱਲ : 110 ਰੁਪਏ, ਪੰਨੇ : 284**
**ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ, ਇੰਡੀਆ**




ਨਾਨਕ ਸਿੰਘ ਮੁਢਲੇ ਪੰਜਾਬੀ ਕਹਾਣੀਕਾਰਾਂ ਵਿਚ ਚਰਚਿਤ ਨਾਂ ਹੈ। ਇਸ ਪੁਸਤਕ ਦੀਆਂ ਚੋਣਵੀਆਂ ਕਹਾਣੀਆਂ ਦਾ ਪਾਠ ਕਰਨ ਤੋਂ ਉਪਰੰਤ ਮੇਰੇ ਮਨ ਵਿਚ ਨਾਨਕ ਸਿੰਘ ਦੀ ਕਹਾਣੀ ਪ੍ਰਤੀ ਕੁਝ ਧਾਰਨਾਵਾਂ ਬਣੀਆਂ ਹਨ। ਨਾਨਕ ਸਿੰਘ ਉਸ ਦੌਰ ਵਿਚ ਕਹਾਣੀ ਲਿਖਣ ਲੱਗਾ ਸੀ ਜਦੋਂ ਕੁ ਨਵ-ਜਾਗਰਨ ਦਾ ਦੌਰ ਆਰੰਭ ਹੋਇਆ ਸੀ ਤੇ ਦੇਸ਼ ਨੂੰ ਆਜ਼ਾਦੀ ਮਿਲੇ ਨੂੰ ਥੋੜ੍ਹਾ ਚਿਰ ਹੋਇਆ ਸੀ। ਨਾਨਕ ਸਿੰਘ ਦੀਆਂ ਵਧੇਰੇ ਕਹਾਣੀਆਂ ਨਿਮਨ ਤੇ ਮੱਧਵਰਗ ਦੀਆਂ ਸਮੱਸਿਆਵਾਂ ਉੱਤੇ ਕੇਂਦਰਿਤ ਹਨ। ਜਿਸ ਵੇਲੇ ਨਾਨਕ ਸਿੰਘ ਕਹਾਣੀ ਦੀ ਸਿਰਜਣਾ ਕਰਨ ਲੱਗਾ ਤਾਂ ਉਸ ਵੇਲੇ ਮੱਧਕਾਲੀ ਸਾਹਿਤ ਦਾ ਪ੍ਰਭਾਵ ਸੀ। ਘਟ ਪੜ੍ਹਿਆ ਹੋਣ ਕਰਕੇ ਪੱਛਮੀ ਸਾਹਿਤ ਦੀਆਂ ਤਕਨੀਕਾਂ ਸ਼ੈਲੀ, ਨਿਭਾ ਵਲੋਂ ਉਹ ਅਭਿੱਜ ਸੀ। ਇਹੀ ਕਾਰਨ ਹੈ ਕਿ ਉਸ ਦੀ ਕੁਝ ਕਹਾਣੀਆਂ ਯਥਾਰਥਵਾਦੀ ਸ਼ੈਲੀ ਦੀਆਂ ਹਨ। ਬਾਕੀ ਕਹਾਣੀਆਂ ਵਿਚ ਉਹ ਯਥਾਰਥਵਾਦੀ ਹੋਣ ਦਾ ਪੱਕਾ ਪ੍ਰਭਾਵ ਦਿੰਦਾ ਹੈ। ਇਸ ਪੁਸਤਕ ਦੀਆਂ ਕੁਝ ਉਚ-ਨੀਚ ਨਾਲ ਵਿਤਕਰੇ, ਸੰਪਰਦਾਇਕ ਤੰਗੀਆਂ, ਔਰਤ ਦੀ ਦੁਰਦਸ਼ਾ ਤੇ ਲੋਕ ਪੱਖੀ ਕਲਾਕਾਰਾ ਦੀ ਮੰਦਹਾਲੀ ਆਦਿ ਮੁੱਦੇ ਉਸ ਦੀਆਂ ਕਹਾਣੀ ਦੇ ਕੇਂਦਰੀ ਵਿਸ਼ੇ ਬਣਦੇ ਹਨ। ਇਨ੍ਹਾਂ ਕਹਾਣੀਆਂ ਦਾ ਹੱਲ ਉਹ ਸਾਮੰਤੀ ਨੈਤਿਕ ਕਦਰਾਂ ਕੀਮਤਾ ਅਪਨਾਉਣ ਨੂੰ ਲੈਂਦਾ ਹੈ। ਕੁਝ ਕਹਾਣੀਆਂ ਵਿਚ ਉਹਦਾ ਬਿੰਬ ਸੁਧਾਰਵਾਦੀ ਬਣਦਾ ਹੈ। ਤੇ ਕੁਝ ਵਿਚ ਰੁਮਾਂਟਿਕ ਯਥਾਰਥਵਾਦੀ।

ਨਾਨਕ ਸਿੰਘ ਦੀ ਕਹਾਣੀ ਵਿਚ ਪੰਜਾਬੀ ਸਭਿਆਚਾਰ, ਰਸਮਾਂ-ਰੀਤਾ, ਲੋਕਾਂ ਦੀ ਰਹਿਣੀ ਬਹਿਣੀ ਅਤੇ ਸਮਾਜਿਕ ਆਰਥਿਕ ਤੇ ਰਾਜਨੀਤਿਕ ਸਥਿਤੀ ਦਾ ਭਰਪੂਰ ਜ਼ਿਕਰ ਮਿਲਦਾ ਹੈ। ਨਾਨਕ ਸਿੰਘ ਦੀ ਕਹਾਣੀ ਉਪਦੇਸ਼ ਤੇ ਉਦੇਸ਼ ਮੁਖੀ ਰਹੀ ਹੈ। ਪਾਤਰਾਂ ਦੇ ਬਾਹਰੀ ਪ੍ਰਭਾਵ ਨੂੰ ਨਾਨਕ ਸਿੰਘ ਨੇ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਹੈ। 'ਭੂਆ', 'ਰੱਖੜੀ' ਤੇ 'ਤਾਸ਼ ਦੀ ਆਦਤ' ਨਾਨਕ ਸਿੰਘ ਦੀਆਂ ਵਧੇਰੇ ਚਰਚਿਤ ਕਹਾਣੀਆਂ ਹਨ। ਨਾਨਕ ਸਿੰਘ ਨੇ ਪੰਜਾਬੀ ਸਭਿਆਚਾਰ 'ਚ ਭੂਆ ਦੇ ਪਾਤਰ ਨੂੰ ਬੜੀ ਬਰੀਕੀ ਨਾਲ ਉਭਾਰਿਆ ਹੈ। ਆਪਣੇ ਭਤੀਜੇ ਦੀ ਸੇਵਾ ਭੂਆ ਦੇ ਪਾਤਰ ਰਾਹੀ ਹੁੰਦੀ ਹੈ। ਇਸ ਬਿਰਤਾਂਤ ਨੂੰ ਨਾਨਕ ਸਿੰਘ ਪਿਆਰ ਤੇ ਲਹੂ ਦੀ ਸਾਂਝ ਦੇ ਮੋਟਿਫ਼ ਰਾਹੀ ਉਭਾਰਦਾ ਹੈ। 'ਰੱਖੜੀ' ਕਹਾਣੀ ਭੈਣ ਭਰਾ ਦੇ ਪਿਆਰ ਨੂੰ ਬਹੁਤ ਭਾਵੁਕ ਪੱਧਰ ਤੇ ਬਿਆਨਦੀ ਹੈ। 'ਤਾਸ਼ ਦੀ ਆਦਤ' ਨਿੱਕੀ ਜਿਹੀ ਕਹਾਣੀ ਵਿਚ ਉਚ ਵਰਗ ਦੇ ਦਵੰਦ ਨੂੰ ਉਭਾਰਿਆ ਗਿਆ ਹੈ। 'ਲੱਛਮੀ ਪੂਜਾ' ਦੇਸ਼ ਵੰਡ ਵੇਲੇ ਦੇ ਦੁਖਾਂਤ ਨੂੰ ਰੂਪਮਾਨ ਕਰਦੀ ਕਹਾਣੀ ਹੈ। ਕਹਾਣੀ ਦਾ ਮੁੱਖ ਪਾਤਰ ਕਲਾਕਾਰ ਹੈ ਉਹ ਰੋਟੀ ਰੋਟੀ ਵਾਸਤੇ ਲਛਮੀ ਦੀਆਂ ਮੂਰਤੀਆਂ ਬਣਾਉਂਦਾ ਹੈ। ਲਾਲਚ ਵਸ ਦਿਵਾਲੀ ਤੇ ਉਹ ਵੱਧ ਆਰਡਰ ਲੈ ਲੈਂਦਾ ਹੈ। ਉਹ ਉੱਤੇ ਕੰਮ ਦਾ ਬੋਝ ਵੀ ਹੈ ਪਰ ਉਹ ਕਵੀ ਵੀ ਹੈ। ਜਦੋਂ ਮੂਰਤੀ ਘੜਦਾ ਹੈ ਤਾਂ ਕਵਿਤਾ ਅਹੁੜਦੀ ਹੈ, ਮੂਰਤੀ ਅਧੂਰੀ ਛੱਡ ਕਵਿਤਾ ਸਿਰਜਦਾ ਹੈ ਤਾਂ ਕਵਿਤਾ ਭੱਜ ਜਾਂਦੀ ਹੈ। ਇਸ ਬਿਰਤਾਂਤ ਰਾਹੀ ਕਹਾਣੀ ਪਾਠਕ ਨੂੰ ਇਹ ਸੰਦੇਸ਼ ਦਿੰਦੀ ਹੈ ਕਿ ਲੱਛਮੀ ਦੀਆਂ ਮੂਰਤੀਆਂ ਸਿਰਜਣ ਵਾਲਿਆਂ ਤੋਂ ਲੱਛਮੀ ਹਮੇਸ਼ਾਂ ਭੱਜੀ ਰਹਿੰਦੀ ਹੈ। ਹਰ ਕਾਰਜ ਇਕਾਗਰਤਾ ਦੀ ਮੰਗ ਕਰਦਾ ਹੈ। ਕਹਾਣੀ 'ਸਨੋਫਾਲ' ਅਮੀਰੀ ਗਰੀਬੀ ਦੇ ਦਵੰਧਾਂ ਨੂੰ ਪੇਸ਼ ਕਰਦੀ ਹੈ। 'ਸਨੋਫਾਲ ਦੇਖਣ ਆਇਆ ਯਾਤਰੀ ਲੁਤਫ਼ ਲੈਂਦਾ ਹੈ ਤੇ ਪੈਸੇ ਕਰਕੇ ਝੱਖੜ ਆਉਣ ਤੋਂ ਬਚ ਜਾਂਦਾ ਹੈ। ਪਰ ਜਿਹੜਾ ਮਜਦੂਰ ਉਸ ਦਾ ਸਮਾਨ ਚੁੱਕੀ ਜਾਂਦਾ ਹੈ ਉਹ ਡਿੱਗ ਪੈਂਦਾ ਹੈ। ਉਧਰ ਉਸ ਦੇ ਘਰ ਦੇ ਉਹਦੀ ਉਡੀਕ ਕਰ ਰਹੇ ਹਨ। ਲੇਖਕ ਨੇ ਇਹ ਸੰਦੇਸ਼ ਦਿੱਤਾ ਕਿ ਗਰੀਬ ਹਰ ਥਾਂ ਮਰ ਰਿਹਾ ਹੈ।

ਨਾਨਕ ਸਿੰਘ ਆਪਣੇ ਪਾਤਰਾਂ ਰਾਹੀ ਵਿਰੋਧੀ ਪ੍ਰਸਥਿਤੀਆਂ ਸਿਰਜ ਰਿਹਾ ਹੈ। ਇਕ ਧਿਰ ਕੋਲ ਸੱਤਾ ਹੈ ਦੂਜੀ ਦਰੜ ਹੋ ਰਹੀ ਹੈ। ਜਮਾਤੀ ਘੋਲ ਕੁਝ ਕਹਾਣੀਆਂ 'ਚ ਉਭਰਦਾ ਹੈ। ਸੱਤਾ ਵਾਲਾ ਹਮੇਸ਼ਾ ਆਪਣੇ ਤੋਂ ਨੀਵੇਂ ਨੂੰ ਨਪੀੜਦਾ ਹੈ, ਇਹ ਪ੍ਰਸਥਿਤੀਆਂ 'ਮਾਂ ਦੀ ਦੌਲਤ, ਤਾਸ਼ ਦੀ ਆਦਤ, ਵਿਸ਼ਵਾਸਘਾਤ, ਮੋਤੀ ਨੂੰ ਮੁਲੰਮਾ ਵਿਚ ਉਭਰਵੇਂ ਰੂਪ ਵਿਚ ਦ੍ਰਿਸ਼ਟੀ ਗੋਚਰ ਹੁੰਦੀਆਂ ਹਨ। ਕਹਾਣੀ 'ਮਾਂ ਦੀ ਦੌਲਤ' ਵਿਚ ਇਕ ਸੇਠ ਪੈਸੇ ਤੇ ਰੁਤਬੇ ਨਾਲ ਕਿਸੇ ਦਾ ਬੱਚਾ ਲੈਣਾ ਚਾਹੁੰਦਾ ਹੈ। ਪਰ ਮਾਂ ਲਈ ਤਾਂ ਇਹ ਤਿੰਨੋਂ ਬੱਚੇ ਹੀ ਉਹਦੀ ਦੌਲਤ ਹਨ। ਉਹ ਕੋਈ ਵੀ ਬੱਚਾ ਸੇਠ ਨੂੰ ਨਹੀਂ ਦਿੰਦੀ। 'ਢਿੱਡ ਦੀ ਆਂਦਰ' ਕਾਰਜਸ਼ੀਲ ਰਹਿੰਦੀ ਹੈ।

ਨਾਨਕ ਸਿੰਘ ਆਪਣੀਆਂ ਕੁਝ ਕਹਾਣੀਆਂ ਵਿਚ ਲੇਖਕ, ਕਵੀ ਅਤੇ ਕਹਾਣੀਕਾਰ ਦੀ ਆਰਥਿਕ ਸਥਿਤੀ ਨੂੰ ਭਾਵੁਕ ਪੱਧਰ ਤੇ ਬਿਆਨ ਕਰਦਾ ਹੈ। ਇਨ੍ਹਾਂ ਵਿਸ਼ੇਸ਼ ਲੋਕਾਂ ਨੂੰ ਇਕ ਪਾਤਰ ਦੇ ਤੌਰ ਤੇ ਪੇਸ਼ ਕੀਤਾ ਹੈ। ਚਾਹੇ ਉਹ ਇਨਾਮੀ ਕਹਾਣੀ ਹੋਵੇ ਜਾਂ ਮੋਤੀ ਨੂੰ ਮੁਲੰਮਾ, ਲੱਛਮੀ ਪੂਜਾ, ਗੁਆਚੀ ਕਵਿਤਾ ਜਾਂ ਵਿਸ਼ਵਾਸਘਾਤ ਹੋਵੇ। ਇਨ੍ਹਾਂ ਕਹਾਣੀਆਂ ਦੇ ਮੁੱਖ ਲੇਖਕ ਪਾਤਰਾਂ ਦੀ ਆਰਥਿਕ ਹਾਲਤ ਪਤਲੀ ਹੀ ਰਹਿੰਦੀ ਹੈ। ਸਧਾਰਨ ਲੋਕਾਂ ਲਈ ਉਹਨਾਂ ਦੇ ਨਾਂ ਵੱਡੇ ਹਨ ਪਰ ਤ੍ਰਾਸਦੀ ਇਹ ਹੈ ਕਿ ਘਰ ਵਿਚ ਕੰਗਾਲੀ ਪਈ ਰਹਿੰਦੀ ਹੈ। 'ਵਿਸ਼ਵਾਸ਼ਘਾਤ' 'ਚ ਕੋਈ ਕੁੜੀ ਕਵੀ ਵੱਲ ਖਿਚੀ ਜਾਂਦੀ ਹੈ ਪਰ ਉਹ ਬਦਸੂਰਤ ਹੈ। ਜਿਸ ਕਰਕੇ ਲੇਖਕ ਕੁੜੀ ਨਾਲ ਡਲਹੌਜੀ ਆਪਣੇ ਮਿੱਤਰ ਨੂੰ ਭੇਜ ਦਿੰਦਾ ਹੈ। ਉਹ ਮਿੱਤਰ ਕੁੜੀ ਨਾਲ ਸੰਬੰਧ ਬਣਾ ਕੇ ਲੇਖਕ ਦਾ ਵਿਸ਼ਵਾਸ਼ ਤੋੜ ਦਿੰਦਾ ਹੈ। ਮੌਕਾ ਮੇਲ ਦੀ ਜੁਗਤ ਨਾਨਕ ਸਿੰਘ ਦੀਆਂ ਕਹਾਣੀਆਂ ਵਿਚ ਹਾਵੀ ਰਹਿੰਦੀ ਹੈ। ਇੱਛਤ ਯਥਾਰਥ ਨਾਨਕ ਸਿੰਘ ਦੀਆਂ ਕਹਾਣੀਆਂ ਦਾ ਗੁਣ ਹੈ। ਇਹ ਯਥਾਰਥ ਗੁਵਾਚੀ ਕਵਿਤਾ, ਮਿੱਧੇ ਹੋਏ ਫੁੱਲ, ਲੰਮਾਂ ਪੈਂਡਾ, ਮੋਹ ਮਾਈ, ਠਾਕੁਰ ਜੀ ਆਦਿ ਕਹਾਣੀਆਂ ਵਿਚ ਵੇਖਿਆ ਜਾ ਸਕਦਾ ਹੈ।

ਨਾਨਕ ਸਿੰਘ ਆਦਰਸ਼ਵਾਦੀ ਕਹਾਣੀਕਾਰ ਹੈ। ਇਸ ਅਧੀਨ ਉਹ ਆਪਣੀ ਕਲਪਨਾ ਨਾਲ ਪਾਤਰ ਘੜਦਾ ਹੈ। ਜਿਹੜੇ ਵੱਡੇ ਵੱਡੇ ਕਾਰਜ ਕਰ ਜਾਂਦੇ ਹਨ। ਇਨ੍ਹਾਂ ਪਾਤਰਾਂ ਨੂੰ ਅਨੇਕਾਂ ਤਕਲੀਫਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। 'ਰੱਖੜੀ', 'ਜਦੋਂ ਸਾਡੇ ਵਿਚ ਇਨਸਾਨ ਪ੍ਰਗਟ ਹੁੰਦਾ ਹੈ, ਛੇਕੜਲੀ ਰਿਸ਼ਮ, ਭਗਤ ਜੀ, ਗੰਭੀਰਤਾ ਆਦਿ ਕਹਾਣੀਆਂ ਨਾਨਕ ਸਿੰਘ ਦੀ ਕਹਾਣੀ ਕੁਸ਼ਲਤਾ ਦਾ ਵਧੀਆ ਨਮੂਨਾ ਹਨ। ਨਾਨਕ ਸਿੰਘ ਆਪਣੀ ਕਹਾਣੀ ਵਿਚ ਕਿਤੇ ਕਿਤੇ ਹਾਸ-ਰਸ਼ ਸ਼ੈਲੀ ਵੀ ਪੈਦਾ ਕਰਦਾ ਹੈ। ਉਸ ਨੇ ਭੂਆ ਕਹਾਣੀ ਵਿਚ ਇਹ ਜੁਗਤ ਵਰਤੀ ਹੈ। ਵਿਰੋਧਾਭਾਸ਼ ਦੀ ਜੁਗਤ ਨਾਨਕ ਸਿੰਘ ਦੀਆਂ ਕਹਾਣੀਆਂ ਦਾ ਅਹਿਮ ਲੱਛਣ ਹੈ। ਇਹ ਕਹਾਣੀਆਂ ਮਨੋਵਿਗਿਆਨਕ ਕਹਾਣੀਆਂ ਹਨ ਜਿਸ 'ਚ ਪਾਤਰ ਬਾਹਰੀ ਦਿੱਖ ਤੋਂ ਹੋਰ ਤਰ੍ਹਾਂ ਦਾ ਲੱਗਦਾ ਹੈ ਪਰ ਅੰਦਰੋਂ ਕੁਝ ਹੋਰ ਹੈ। 'ਮਿੱਧੇ ਹੋਏ ਫੁੱਲ' ਦਾ ਗਿਆਨੀ ਬਾਹਰੀ ਦਿਖ ਤੋਂ ਧਰਮ ਦਾ ਪ੍ਰਚਾਰਕ ਹੈ ਪ੍ਰੰਤੂ ਆਪਣੇ ਕੰਮਾਂ ਕਰਕੇ ਮਾੜਾ ਹੈ। ਉਹ ਭਾਈ ਇਕ ਲੜਕੀ ਦੀਆਂ ਭਾਵਨਾਵਾਂ, ਇੱਜਤ ਨਾਲ ਖੇਡਦਾ ਹੈ। ਕਹਿਣੀ ਤੇ ਕਰਨੀ ਜਾਂ ਵਿਰੋਧਾਭਾਸ ਨਾਨਕ ਸਿੰਘ ਦੀਆਂ ਕਹਾਣੀਆਂ ਦਾ ਇਕ ਹੋਰ ਗੁਣ ਹੈ। ਤਾਸ਼ ਦੀ ਆਦਤ ਅਤੇ ਵਿਸ਼ਵਾਸ਼ਘਾਤ ਕਹਾਣੀਆਂ ਵਿਚ ਅਜਿਹੇ ਵੇਰਵੇ ਹਨ।

'ਵੇਸਵਾ ਬਿਰਤੀ' ਤੇ 'ਛੇਕੜਲੀ ਰਿਸ਼ਮ' ਕਹਾਣੀਆਂ 'ਚ ਔਰਤ ਦੀ ਕੁਰਬਾਨੀ ਦਾ ਬਿਰਤਾਂਤ ਸਿਰਜਿਆ ਗਿਆ ਹੈ। 'ਵੱਡਾ ਡਾਕਟਰ' ਤੇ ਤਾਸ਼ ਦੀ ਆਦਤ' ਕਹਾਣੀਆਂ ਬਾਲਾਂ ਦੇ ਮਨੋਵਿਗਿਆਨ ਨੂੰ ਖੂਬਸੂਰਤੀ ਨਾਲ ਪੇਸ਼ ਕਰਦੀਆਂ ਹਨ। 'ਸਵਰਗ ਤੇ ਉਸਦੇ ਵਾਰਸ' ਬੱਚੇ ਦੀ ਮਨੋਵਿਗਿਆਨ ਸਥਿਤੀ ਬਿਆਨ ਕਰਨ ਵਾਲੀ ਕਹਾਣੀ ਹੈ। 'ਸੁਪਨਿਆਂ ਦੀ ਕਬਰ' ਕਹਾਣੀ ਪਤੀ-ਪਤਨੀ ਦੇ ਰਿਸ਼ਤੇ 'ਚ ਗਰੀਬੀ ਟਿਕ ਜਾਂਦੀ ਹੈ ਜਾਂ ਫਿਰ ਤ੍ਰੇੜ ਪੈਦਾ ਕਰ ਦਿੰਦੀ ਹੈ।

ਇੰਝ ਉਪਰੋਕਤ ਧਾਰਨਾਵਾਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਨਾਨਕ ਸਿੰਘ ਇਕ ਸੁਧਾਰਵਾਦੀ, ਆਦਰਸ਼ਵਾਦੀ ਕਹਾਣੀਕਾਰ ਹੈ। ਉਸ ਨੇ ਉਸ ਵੇਲੇ ਪ੍ਰਚੱਲਤ ਸਮਾਜਿਕ ਸਮੱਸਿਆਵਾਂ ਨੂੰ ਬੜੀ ਸਮਰੱਥਾ ਨਾਲ ਉਭਾਰਿਆ। ਉਸ ਦਾ ਬਿਰਤਾਂਤ ਭਾਵੇਂ ਸੁਧਾਰਵਾਦੀ ਰਿਹਾ ਹੋਵੇ ਪਰ ਉਨ੍ਹਾਂ ਨਵੀਂ ਤੇ ਮੁਢਲੀ ਕਹਾਣੀ ਵਿਚ ਮੀਲ ਪੱਥਰ ਕਹਾਣੀਆਂ ਲਿਖੀਆਂ ਹਨ। ਉਸ ਨੇ ਸਮੱਸਿਆ ਪ੍ਰਧਾਨ ਕਹਾਣੀ ਲਿਖੀ।



**ਸੰਪਦਾਇਕਤਾ ਇੱਕ ਜਾਣ ਪਛਾਣ**
**ਲੇਖਕ : ਬਿਪਨ ਚੰਦਰ, ਅਨੁਵਾਦ: ਅਮਰਜੀਤ ਕੌਂਕੇ**
**ਮੁੱਲ : 35 ਰੁਪਏ, ਪੰਨੇ : 96**
**ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ, ਇੰਡੀਆ**





ਬਿਪਨ ਚੰਦਰ ਨੇ ਭਾਰਤੀ ਰਾਜਨੀਤੀ ਅਤੇ ਸਮਾਜ ਦੇ ਭਖਵੇਂ ਮੁੱਦੇ ਸੰਪਰਦਾਇਕਤਾ ਦੀ ਪੜਚੋਲ ਸੁਤੰਲਿਤ ਪਹੁੰਚ ਨਾਲ ਕੀਤੀ ਹੈ। ਲੇਖਕ ਭਾਰਤੀ ਰਾਜਨੀਤਿਕ ਪਾਰਟੀਆਂ, ਗੁੱਟ ਆਦਿ ਦੇ ਸੰਪਰਦਾਇਕ ਅਕਸ ਨੂੰ ਤਰਕ ਨਾਲ ਉਭਾਰਦੀ ਹੈ। ਭਾਜਪਾ ਨੂੰ ਕੇਂਦਰ 'ਚ ਰੱਖ ਕੇ ਭਾਰਤੀ ਰਾਜਨੀਤੀ ਵਿਚ ਸੰਪਰਦਾਇਕ ਫੋਰਸਾ ਨੂੰ ਸਾਡੇ ਸਾਹਮਣੇ ਲਿਆਂਦਾ ਹੈ। ਬਿਪਨ ਚੰਦਰ ਇਹ ਗੱਲ ਵਿਸ਼ੇਸ਼ ਤੌਰ ਤੇ ਉਭਾਰਦਾ ਹੈ ਕਿ ਭਾਰਤੀ ਰਾਜਨੀਤੀ 'ਚ ਜਦੋਂ ਜਦੋਂ ਭਾਜਪਾ ਦਾ ਸੰਪਰਦਾਇਕ ਵਾਲਾ ਅਕਸ ਉਭਰਦਾ ਹੈ। ਭਾਜਪਾ ਰਾਜਨੀਤੀ ਵਿਚ ਹਾਸ਼ੀਏ ਤੇ ਜਾਂਦੀ ਰਹੀ। ਲੇਖਕ ਨੇ ਇਹ ਗੱਲ ਵੀ ਉਭਾਰੀ ਕਿ ਜਦੋਂ ਜਦੋਂ ਧਰਮ ਨਿਰਪੱਖ ਤਾਕਤਾਂ ਤੇ ਖੱਬੇ ਪੱਖੀ ਨਿਸ਼ਚਿੰਤ ਹੋ ਬੇਖਬਰ ਹੋਏ ਤਾਂ ਸੰਪਰਦਾਇਕ ਤਾਕਤਾਂ ਨੇ ਸਿਰ ਚੁੱਕਿਆ। 1959 ਦੇ ਜਬਲਪੁਰ ਦੰਗੇ, 1946-47 ਦੀ ਸੰਪਰਦਾਇਕ ਹਿੰਸਾ, 1980-90 'ਚ ਪੰਜਾਬ 'ਚ ਆਤੰਕਵਾਦ, ਆਦਿ ਇਸ ਦੀਆਂ ਉਦਾਹਰਨਾ ਹਨ। ਭਾਜਪਾ ਨੂੰ ਭਾਵੇਂ 1984 'ਚ ਕੋਈ ਸੀਟ ਨਹੀਂ ਮਿਲਦੀ ਪਰ ਸੰਪਰਦਾਇਕ ਵਿਚਾਰਧਾਰਾ ਦਾ ਪ੍ਰਸਾਰ ਹੁੰਦਾ ਰਿਹਾ, ਕੇਰਲਾ 'ਚ 15-20 ਸਾਲਾਂ ਤੋਂ ਭਾਜਪਾ ਨੇ ਕੋਈ ਸੀਟ ਨਹੀਂ ਜਿੱਤੀ ਪਰ ਅਸੀਂ ਉਸ ਦੀ ਸੰਪਰਦਾਇਕਤਾ ਅੱਖੋਂ ਉਹਲੇ ਨਹੀਂ ਸਰ ਸਕਦੇ। 'ਧਰਮ ਨਿਰਪੱਖਤਾ ਤੇ ਸੰਪਰਦਾਇਕਤਾ ਦੀ ਪਰਿਭਾਸ਼ਾ 'ਚ ਲੇਖਕ ਇਸ ਮੁੱਦੇ ਤੇ ਗੰਭੀਰ ਤੇ ਚਿੰਤਾਜਨਕ ਟਿੱਪਣੀਆਂ ਕਰਦਾ ਹੈ। 'ਰਾਸ਼ਟਰੀ ਸਵੈਮ ਸੇਵਕ ਸੰਘ' ਨੂੰ ਕੇਂਦਰ 'ਚ ਰੱਖ ਕੇ ਲੇਖਕ ਨੇ ਸੰਪਰਦਾਇਕਤਾ ਦਾ ਵਿਸ਼ਲੇਸ਼ਣ ਕੀਤਾ ਹੈ। ਉਹ ਕਹਿੰਦੇ ਹਨ ਇਨ੍ਹਾਂ ਦੇ ਨੇਤਾ ਭਾਰਤ ਨੂੰ ਹਿੰਦੂ ਰਾਸ਼ਟਰ ਮੰਨਦੇ ਹਨ। ਤੇ ਮੁਸਲਮਾਨਾਂ ਨੂੰ ਵਿਦੇਸ਼ੀ। ਜਿਸ ਕਰਕੇ ਮੁਸਲਮਾਨ ਫਿਰਕਾਪ੍ਰਸਤਾਂ ਨੂੰ ਵੱਖਰੇ ਦੇਸ਼ ਤੇ ਹਿੰਦੂ ਫਿਰਕਾਪ੍ਰਸਤਾ ਨੂੰ ਵੱਖਰਾ ਚਾਹੀਦਾ ਹੈ, ਜਿਥੇ ਘੱਟ ਗਿਣਤੀਆਂ ਨੂੰ ਦੱਬੂ, ਦਾਸ ਤੇ ਤਰਸਯੋਗ ਹਾਲਤ ਵਿਚ ਦੂਜੇ ਦਰਜੇ ਦੀ ਜ਼ਿੰਦਗੀ ਜਿਉਣ ਦੀ ਇਜ਼ਾਜਤ ਹੋਵੇ। ਲੇਖਕ ਰਾਸ਼ਟਰੀ ਸਵੈਮ ਸੇਵਕ ਸੰਘ ਨੂੰ ਆਜ਼ਾਦੀ ਤੋਂ ਬਾਅਦ ਫਿਰਕਾਪ੍ਰਸਤੀ ਦਾ ਪੈਰੋਕਾਰ ਮੰਨਦਾ ਹੈ। ਇਸ ਮੁੱਦੇ ਤੇ ਲੜਨ ਤੋਂ ਪਹਿਲਾਂ ਇਹਦੀ ਹੋਂਦ ਨੂੰ ਸਮਝਣਾ ਜ਼ਰੂਰੀ ਹੈ। ਬਿਪਨ ਚੰਦਰ ਆਪਣੀ ਪੁਸਤਕ ਵਿਚ ਕਹਿੰਦਾ ਹੈ ਆਰ. ਐਸ. ਐਸ. ਵਿਸ਼ਵ ਹਿੰਦੂ ਪਰਿਸ਼ਦ, ਬਜਰੰਗ ਦਲ, ਜਮਾਤ ਏ ਇਸਲਾਮੀ, ਅਕਾਲੀ ਦਲ ਸੰਪਰਦਾਇਕ ਰਾਜਨੀਤਿਕ ਦਲ ਹਨ। ਇਨ੍ਹਾਂ ਦਲਾਂ ਵਲੋਂ ਸੰਪਰਦਾਇਕਤਾ ਨੂੰ ਇਕ ਵਿਚਾਰਧਾਰਾ ਦੇ ਤੌਰ ਤੇ ਲਏ ਜਾਣ ਦਾ ਵੀ ਅਧਿਐਨ ਕੀਤਾ ਹੈ। ਫਿਰਕੂ ਨੇਤਾ ਇਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਸਿਧਾਂਤਕਾਰ ਇਹ ਚਾਹੁੰਦੇ ਹਨ ਕਿ ਫਿਰਕੂ ਵਿਚਾਰਧਾਰਾ ਤੇ ਉਸ ਦੇ ਵਿਚਾਰਕ ਢੰਗ ਵੱਧ ਤੋਂ ਵੱਧ ਫੈਲਣ ਤੇ ਇਸ ਨੂੰ ਸਿਧਾਂਤ ਦੇ ਤੌਰ ਤੇ ਸਵੀਕਾਰ ਕਰ ਲਿਆ ਜਾਵੇ। ਜੇ ਇਹ ਸਿਧਾਂਤ ਫੈਲ ਜਾਵੇ ਤਾਂ ਇਸ ਨੂੰ ਰੋਕਣ ਲਈ ਖ਼ਤਮ ਕਰਨ ਲਈ ਵਿਚਾਰਧਾਰਾ ਸਿਧਾਂਤ ਦੇ ਪੱਧਰ ਤੇ ਲੜਾਈ ਲੜੇ ਬਿਨਾਂ ਗੁਜਾਰਾ ਨਹੀਂ ਹੋ ਸਕਦਾ। ਲੇਖਕ ਨੇ ਇਹ ਗੱਲ ਵੀ ਉਭਾਰੀ ਕਿ ਜਦੋਂ ਜਦੋਂ ਭਾਜਪਾ ਨੇ ਸਰਕਾਰ ਬਣਾਈ ਤਾਂ ਸਿੱਖਿਆ ਸੰਸਥਾਵਾਂ, ਸੰਸਕ੍ਰਿਤੀ, ਰੇਡੀਓ, ਦੂਰਦਰਸ਼ਨ, ਗੁਪਤ ਸੇਵਾਵਾਂ, ਗ੍ਰਹਿ ਮੰਤਰਾਲੇ ਉੱਤੇ ਆਰ. ਐਸ. ਐਸ. ਭਾਜਪਾ ਦੇ ਸਵੈਮ ਸੇਵਕਾਂ ਨੂੰ ਬਿਠਾ ਕੇ ਮਨਮਰਜੀ ਕਰਵਾਈ। ਲੇਖਕ ਨੇ ਸੰਪਰਦਾਇਕਤਾ ਅਤੇ ਫਿਰਕੂ ਹਿੰਸਾ ਵਿਚਲੇ ਫਰਕ ਦੀ ਪੜਚੋਲ ਵੀ ਕੀਤੀ ਹੈ। ਫਿਰਕਾਪ੍ਰਸ਼ਤੀ ਨੂੰ ਤਾਕਤ ਨਾਲ ਨਹੀਂ ਦਬਾਇਆ ਜਾ ਸਕਦਾ ਇਹਨੂੰ ਵਿਚਾਰਧਾਰਾਵਾਂ ਦੇ ਪੱਧਰ ਤੇ ਹੀ ਹਰਾਇਆ ਜਾ ਸਕਦਾ ਹੈ।

ਲੇਖਕ ਨੇ ਹਿੰਦੂ, ਮੁਸਲਮਾਨ ਫਿਰਕੂ ਲੇਖਕ ਇਤਿਹਾਸਕਾਰਾਂ ਨੇ ਭਾਰਤੀ ਇਤਿਹਾਸ ਦੀ ਫਿਰਕੂ ਵਿਆਖਿਆ ਕਰਕੇ ਭਾਰਤੀ ਇਤਿਹਾਸ 'ਚ ਧੁੰਦਲਕਾ ਪਾ ਦਿੱਤਾ। ਜਿਸ ਕਰਕੇ ਅਸੀਂ ਭਾਰਤੀ ਇਤਿਹਾਸ

ਦਾ ਪੁਰਾਣਾ ਗੌਰਵ ਵਾਲਾ ਸਮਾਂ, ਮੱਧਕਾਲ ਤੋਂ ਪੱਤਨ ਵੱਲ ਗਿਆ ਪੜ੍ਹਦੇ ਹਾਂ ਕਿਉਂਕਿ ਉਦੋਂ ਮੁਸਲਮਾਨ ਸ਼ਾਸਕ ਸਨ। ਇਤਿਹਾਸ ਰਾਹੀ ਇਹ ਗੱਲ ਵੀ ਉਭਾਰੀ ਗਈ ਹੈ ਮੱਧਕਾਲ 'ਚ ਮੁਸਲਿਮ ਸ਼ਾਸ਼ਕਾਂ ਵਲੋਂ ਹਿੰਦੂਆਂ ਬਹੁਤ ਤੰਗ ਕੀਤੇ ਗਿਆ। ਬ੍ਰਿਟਿਸ਼ ਸ਼ਾਸਕਾਂ ਤੇ ਬੁੱਧੀਜੀਵੀਆਂ ਨੇ ਵੀ ਇਹ ਗੱਲ ਪ੍ਰਚਾਰੀ। ਕਿਉਂਕਿ ਇਸ ਰਾਜ ਦਾ ਅੰਤ ਕਰਕੇ ਉਨ੍ਹਾਂ ਭਾਰਤ 'ਚ ਸ਼ਾਸਨ ਕਰਨ ਸੀ। ਫਿਰਕੂ ਵਿਚਾਰਧਾਰਾ ਦਾ ਬੀਜ ਉਗਾਉਣ 'ਚ ਇਤਿਹਾਸ ਦੀਆਂ ਪਾਠ ਪੁਸਤਕਾਂ ਦੀ ਭੂਮਿਕਾ ਬਹੁਤ ਨਿੱਗਰ ਰਹੀ ਹੈ। ਲੇਖਕ ਨੇ ਅਜੋਕੀ ਰਾਜਨੀਤਿਕ ਸਿਸਟਮ 'ਚ ਫਿਰਕੂ ਸੋਚ ਦੰਗੇ ਤੇ ਹਿੰਸਾ ਦੀ ਪਰਖ ਪੜਚੋਲ ਵੀ ਕੀਤੀ ਹੈ। ਸੰਪਰਦਾਇਕਤਾ ਦਾ ਧਰਮ, ਭਾਰਤੀ ਸੰਸਕ੍ਰਿਤੀ, ਧਰਮ ਨਿਰਪੱਖਤਾ, ਰਾਸ਼ਟਰਵਾਦ, ਤੇ ਕੀ ਪ੍ਰਭਾਵ ਪੈਂਦਾ ਹੈ ਜਾਂ ਇਹ ਸੰਪਰਦਾਇਕਤਾ ਤੇ ਕੀ ਅਸਰ ਕਰਦੇ ਹਨ ਬਾਰੇ ਵਿਸਥਾਰ ਨਾਲ ਵਿਸ਼ਲੇਸ਼ਣ ਕੀਤਾ ਹੈ।

ਪੁਸਤਕ ਦੇ ਅਗਲੇ ਭਾਗ 'ਚ ਤਿੰਨ ਅੰਤਿਕੇ ਦਿੱਤੇ ਹਨ। ਇਕ 'ਚ ਭਾਰਤੀ ਰਾਸ਼ਟਰੀ ਅੰਦੋਲਨ ਧਰਮ ਨਿਰਪੱਖਤਾ ਅਤੇ ਸੰਪਰਦਾਇਕਤਾ, ਗਾਂਧੀ ਨਹਿਰੂ, ਪਟੇਲ ਤੇ ਸੁਭਾਸ਼ ਚੰਦਰ ਬੋਸ ਦੇ ਹਵਾਲਿਆ ਨਾਲ ਗੱਲ ਕੀਤੀ ਹੈ। ਸੰਪਰਦਾਇਕ ਲੋਕ ਅਤੇ ਭਾਰਤੀ ਰਾਸ਼ਟਰੀ ਅੰਦੋਲਨ ਦਾ ਜ਼ਿਕਰ ਵੀ ਕੀਤਾ ਹੈ। ਉਨ੍ਹਾਂ ਸੰਪਰਦਾਇਕਤਾ ਤੇ ਰੂੜੀਵਾਦ ਤੇ ਵੀ ਵਿਚਾਰ ਦਿੱਤੇ ਹਨ। ਅੰਤ ਵਿਚ ਲੇਖਕ ਨੇ ਧਰਮ ਨਿਰਪੱਖ ਲੋਕਾਂ ਤੇ ਤਾਕਤਾਂ ਵੱਲੋਂ ਇਸ ਸੰਪਰਦਾਇਕਤਾ ਨੂੰ ਰੋਕਣ ਲਈ ਕੁਝ ਗੰਭੀਰ ਮੁੱਦੇ ਉਭਾਰੇ ਹਨ। ਲੇਖਕ ਨੇ ਵਿਚਾਰਧਾਰਕ ਪੱਧਰ ਤੇ ਇਸ 'ਤੇ ਸੱਟ ਮਾਰਨ ਲਈ ਕਿਹਾ ਹੈ। ਲੇਖਕ ਨੇ ਕਾਂਗਰਸ ਨੂੰ ਧਰਮ ਨਿਰਪੱਖ ਤਾਕਤ ਵਜੋਂ ਉਭਾਰਿਆ ਹੈ ਤੇ ਭਾਜਪਾ ਤੇ ਉਸਦੇ ਅੰਗਾਂ ਨੂੰ ਸੰਪਰਦਾਇਕਤਾ ਨੂੰ ਉਭਾਰਨ ਵਾਲੇ ਕਿਹਾ ਹੈ।

### ਗਾਂਧੀ ਪਟੇਲ ਖ਼ਤ ਅਤੇ ਤਕਰੀਰਾਂ (ਸਹਿਮਤੀ ਦੇ ਅੰਤਰਗਤ ਅਸਹਿਮਤੀਆਂ)
### ਸੰਕਲਨ : ਨੀਰਜਾ ਸਿੰਘ
### ਅਨੁਵਾਦ : ਗੁਰਚਰਨ ਸਿੰਘ ਅਰਸ਼ੀ
### ਮੁੱਲ : 65, ਪੰਨੇ : 191, ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ, ਇੰਡੀਆ




ਦੇਸ਼ ਵੰਡ ਤੇ ਦੇਸ਼ ਵੰਡ ਤੋਂ ਬਾਅਦ ਦੀ ਰਾਜਨੀਤੀ, ਗਾਂਧੀ-ਪਟੇਲ ਦੇ ਸੰਬੰਧਾਂ ਨੂੰ ਸਮਝਣ ਲਈ ਇਹ ਪੁਸਤਕ ਬਹੁਤ ਅਹਿਮ ਹੈ। ਕਿਉਂਕਿ ਇਸ 'ਚ ਮੂਲ ਸਰੋਤ ਖ਼ਤ ਤੇ ਤਕਰੀਰਾਂ ਹਨ। ਇਹ ਲਿਖਤਾਂ ਇਨ੍ਹਾਂ ਨੇਤਾਵਾਂ ਬਾਰੇ ਬਣੇ ਆਮ ਪਾਠਕ ਦੇ ਬਿੰਬ ਨੂੰ ਤੋੜਦੀਆਂ ਵੀ ਹਨ ਅਤੇ ਨਵੇਂ ਬਿੰਬ ਵੀ ਸਿਰਜਦੀਆਂ ਹਨ। ਖ਼ਤ ਤਕਰੀਰਾ ਨਾਲ ਨੀਰਜਾ ਸਿੰਘ ਨੇ ਆਪਣੇ ਪ੍ਰਤੀਕਰਮ ਨੋਟ ਵੀ ਦਿੱਤੇ ਹਨ ਜਿਸ ਤੋਂ ਪਾਠਕ ਨੂੰ ਸੇਧ ਮਿਲਦੀ ਹੈ। ਪੁਸਤਕ ਨੂੰ ਪੰਜ ਭਾਗਾਂ ਵਿਚ ਵੰਡਿਆ ਗਿਆ ਹੈ। ਸਿਆਸੀ ਮੁੱਦੇ ਤੇ ਸਿਆਸਤ ਇਕ ਅਹਿਮ ਭਾਗ ਹੈ। ਖ਼ਤ-ਤਕਰੀਰਾ ਵਿਚ ਅਹਿੰਸਾ ਦੇ ਮੁੱਦੇ ਬਾਰੇ ਅਸਹਿਮਤੀਆਂ ਦੇਖਣ ਨੂੰ ਮਿਲਦੀਆਂ ਸਨ। ਗਾਂਧੀ ਦਾ ਪਟੇਲ ਨੂੰ ਲਿਖਿਆ ਉਹ ਖ਼ਤ ਬਹੁਤ ਅਹਿਮ ਹੈ ਜੋ ਇਸ ਗੱਲ ਦੀ ਝਲਕ ਦਿੰਦਾ ਹੈ ਕਿ ਪਟੇਲ ਤੇ ਨਹਿਰੂ ਦੇ ਸੰਬੰਧ ਕਿੰਨਾ ਜਟਿਲ ਸੀ। ਅਹਿੰਸਾ ਦੇ ਮਸਲੇ ਤੇ ਪਟੇਲ ਦਾ ਦਿਲ ਗਾਂਧੀ ਜੀ ਨਾਲ ਸੀ। ਪਟੇਲ ਦੀ ਇਸ ਮਸਲੇ ਤੇ ਕੀਤੀ ਤਕਰੀਰ ਬਹੁਤ ਅਹਿਮ ਹੈ। ਗਾਂਧੀ ਅਹਿੰਸਾਵਾਦੀ ਸੀ ਜਿਸ ਕਾਰਨ ਦੋਹਾਂ ਵਿਚ ਮੱਤਭੇਦ ਬਣਿਆ ਰਿਹਾ। ਇਹ ਗੱਲਾਂ ਉਨ੍ਹਾਂ ਦੇ ਖ਼ਤਾਂ ਤੇ ਤਕਰੀਰਾ ਵਿਚੋਂ ਉਭਰ ਕੇ ਆਉਂਦੀਆਂ ਹਨ। ਪਟੇਲ ਨੇ ਨਾਗਰਿਕ ਨਾ ਮਿਲਵਰਤ ਲਹਿਰ ਵਾਪਸ ਲੈਣ ਅਤੇ ਪਰਿਸ਼ਦ ਵਿਚ ਦਾਖ਼ਲੇ ਦੇ ਪ੍ਰੋਗਰਾਮ ਉੱਤੇ ਸਹਿਮਤੀ ਜਤਾਈ ਪਟੇਲ ਦਾ ਉਹ ਖ਼ਤ ਵੀ ਅਹਿਮ ਹੈ ਜਿਸ 'ਚ ਗੁਜਰਾਤ ਦੇ ਕਿਸਾਨਾਂ ਦੀਆਂ ਜਬਰਨ ਕਬਜ਼ਾ ਕੀਤੀਆਂ ਜ਼ਮੀਨਾਂ ਦੀ ਵਾਪਸੀ ਦੇ ਮੁੱਦੇ ਉੱਤੇ ਗਾਂਧੀ ਦੀ ਹੌਲੀ ਚੱਲੋ ਵਾਲੀ ਨੀਤੀ ਨਾਲ ਸਹਿਮਤ ਨਹੀਂ ਸਨ। ਉਧਰ ਗਾਂਧੀ ਇਸ ਮਸਲੇ ਤੇ ਪਟੇਲ ਨੂੰ ਸਾਂਤ ਰਹਿਣ ਲਈ ਕਹਿੰਦੇ ਹਨ। ਪੁਸਤਕ 'ਚ ਪਟੇਲ ਦੀ ਉਹ ਅਹਿਮ ਤਕਰੀਰ ਵੀ ਦਿੱਤੀ ਗਈ ਹੈ ਜਿਸ 'ਚ ਕਿਸਾਨਾਂ ਦੀ ਮੰਦਹਾਲੀ ਤੋਂ ਸਮਾਜਿਕ ਬੁਰਾਈਆਂ ਤੱਕ




ਮੁੱਦਿਆ ਉੱਤੇ ਗੱਲਾਂ ਕੀਤੀਆਂ ਹਨ। ਰਿਆਸਤ ਵਿਚ ਉੱਠਿਆਂ ਲੋਕ-ਲਹਿਰ ਬਾਰੇ ਗਾਂਧੀ ਪਟੇਲ ਸੰਵਾਦ ਵੀ ਅਹਿਮ ਹੈ। ਪਟੇਲ ਦੀ ਜੈਪੁਰ ਵਿਚ ਦਿੱਤੀ ਉਹ ਅਹਿਮ ਤਕਰੀਰ ਵੀ ਪੁਸਤਕ ਵਿਚ ਹੈ। ਜਿਸ 'ਚ ਗਾਂਧੀ ਦੀ ਵਿਚਾਰਧਾਰਾ ਨੂੰ ਰੱਦ ਕਰਦਾ ਹੈ ਤੇ ਮਜ਼ਬੂਤ ਫੌਜ ਅਤੇ ਸੱਨਅਤ ਉੱਤੇ ਅਧਾਰਿਤ ਹਕੂਮਤ ਨੂੰ ਸ੍ਵੀਕਾਰ ਕਰਦਾ ਹੈ।

'ਸਹਿਮਤੀ ਦੇ ਅੰਤਰਗਤ ਅਸਹਿਮਤੀਆਂ' ਭਾਗ 'ਚ ਉਹ ਗੱਲਾਂ ਦਿੱਤੀਆਂ ਗਈਆਂ ਹਨ ਜੋ ਮਹਾਂਦੇਵ ਦੇਸਾਈ ਆਪਣੀ ਡਾਇਰੀ ਵਿਚ ਅੰਕਿਤ ਕਰਦਾ ਹੈ। ਇਸ ਬਹਿਸ ਤੋਂ ਪਤਾ ਲੱਗਦਾ ਹੈ ਕਿ ਪਟੇਲ ਦੀ ਸੋਚ ਪ੍ਰਕ੍ਰਿਆ ਵਿਚ ਦਿਲਚਸਪ ਅੰਤਰ-ਦ੍ਰਿਸ਼ਟੀਆਂ ਕਾਰਜ ਕਰਦੀਆਂ ਹਨ। ਪੁਸਤਕ 'ਚ ਵੱਲਭਭਾਈ ਤੇ ਬਾਪੂ ਦੀ ਗੱਲਬਾਤ ਵੀ ਦਰਜ ਹੈ ਜਿਸ 'ਚ ਉਨ੍ਹਾਂ ਅਛੂਤਾਂ ਦਾ ਮਸਲਾ ਉਭਾਰਿਆ ਹੈ। ਬਾਪੂ ਗਾਂਧੀ ਕਹਿੰਦਾ ਹੈ "ਜੇ ਮੈਂ ਹਰੀਜਨਾਂ ਦਾ ਕੰਮ ਛੱਡਿਆ ਹੁੰਦਾ ਤਾਂ ਅੰਬੇਦਕਰ ਨੇ ਸਭ ਤੋਂ ਪਹਿਲਾਂ ਮੇਰੇ ਉੱਤੇ ਹਮਲਾ ਕੀਤਾ ਹੁੰਦਾ ਅਤੇ ਇਹ ਸਭ ਕੁਝ ਕਹਿਣ ਸੁਣਨ ਦੇ ਮਗਰੋਂ ਅਸੀਂ ਲੱਖਾਂ ਹੀ ਹਰੀਜਨਾਂ ਨੂੰ ਕਿਵੇਂ ਇਹ ਮਹਿਸੂਸ ਕਰਨ ਦੇ ਸਕਦੇ ਹਾਂ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਹਾਲ ਉੱਤੇ ਛੱਡ ਦਿੱਤਾ ਗਿਆ ਹੈ। ਪੰਨਾ-98. ਜਵਾਬ 'ਚ ਪਲੇਟ ਕਹਿੰਦਾ ਹੈ ਕਿ ਤੁਸੀਂ ਉਨ੍ਹਾਂ ਨੂੰ (ਅੰਬੇਡਕਰ ਨੂੰ) ਅਛੂਤਾਂ ਦਾ ਪ੍ਰਤੀਨਿਧ ਨਾਮਜ਼ਦ ਕੀਤਾ ਸੀ ਜੋ ਕਹਿੰਦਾ ਹੈ ਕਿ ਸਾਨੂੰ ਮੰਦਰਾ ਦੀ ਲੋੜ ਨਹੀਂ।

ਕਾਂਗਰਸ ਦੀ ਅੰਦਰੂਨੀ ਤਾਕਤ' 'ਚ ਉਹ ਤਕਰੀਰਾਂ ਤੇ ਖ਼ਤ ਹਨ ਜਿਸ 'ਚ ਰਾਜਨੀਤਿਕ ਮੁੱਦਿਆਂ ਤੇ ਗੱਲਾਂ ਕੀਤੀਆਂ ਗਈਆਂ ਹਨ। ਪਟੇਲ ਸਮਜਵਾਦੀਆਂ ਬਾਰੇ ਬੜੀ ਸ਼ਖਤ ਭਾਸ਼ਾ ਵਰਤਦੇ ਹਨ। ਪਾਰਟੀ ਦੇ ਅੰਦਰੂਨੀ ਮਤਭੇਦ, ਖੱਬੇਪੱਖੀਆਂ ਡੈਲੀਗੈਟਾਂ ਨੂੰ ਰੱਦ ਕਰਨ ਬਾਰੇ, ਚੋਣਾਂ ਲਈ ਆਰਥਿਕ ਪ੍ਰਬੰਧ, ਦੋਹਾਂ 'ਚ ਅਛੂਤਾਂ ਦੇ ਮੁੱਦਿਆ, ਅੰਬੇਡਕਰ ਦੇ ਸਟੈਂਡ ਬਾਰੇ ਵਿਚਾਰ ਉਤੇਜਿਤ ਟਿੱਪਣੀਆਂ ਪੜ੍ਹਨ ਨੂੰ ਮਿਲਦੀਆਂ ਹਨ।

ਸਾਰੀ ਪੁਸਤਕ ਵਿਚ ਪਟੇਲ ਦੀਆਂ ਵੱਖ ਵੱਖ ਸਥਾਨਾਂ ਤੇ ਦਿੱਤੀਆਂ ਤਕਰੀਰਾ ਬਹੁਤ ਅਹਿਮ ਹਨ। ਪਟੇਲ ਤੇ ਗਾਂਧੀ ਦੀ ਦ੍ਰਿਸ਼ਟੀ ਦਾ ਇਨ੍ਹਾਂ ਮੂਲ ਦਸਤਾਵੇਜ਼ ਤੋਂ ਪਤਾ ਲੱਗਦਾ ਹੈ। ਇਹ ਖ਼ਤ ਤੇ ਤਕਰੀਰਾਂ ਪਹਿਲੀ ਵਾਰ ਛਪ ਕੇ ਸਾਹਮਣੇ ਆਈਆਂ ਹਨ। ਪੰਜਾਬੀ ਰਾਜਨੀਤੀ ਸ਼ਾਸਤਰਾਂ, ਬੁੱਧੀਜੀਵੀਆਂ ਅਤੇ ਸਮਾਜਵਿਗਿਆਨੀਆਂ ਲਈ ਇਹ ਕਿਤਾਬ ਬਹੁਤ ਅਹਿਮ ਹੈ।

### ਮੁਲਕ ਰਾਜ ਆਨੰਦ ਭੂਮਿਕਾ ਅਤੇ ਪ੍ਰਾਪਤੀ
### ਅਮਰੀਕ ਸਿੰਘ, ਪੰਜਾਬੀ ਅਨੁਵਾਦ : ਡਾ. ਨਰੇਸ਼
### ਮੁੱਲ : 45 ਰੁਪਏ, ਪੰਨੇ : 124
### ਪ੍ਰਕਾਸ਼ਕ : ਨੈਸ਼ਨਲ ਬੁਕ ਟਰੱਸਟ, ਇੰਡੀਆ




ਅੰਗਰੇਜ਼ੀ ਜ਼ੁਬਾਨ ਵਿਚ ਲਿਖਣ ਵਾਲੇ ਮੋਢੀ ਨਾਵਲਕਾਰਾਂ ਵਿਚ ਮੁਲਕ ਰਾਜ ਆਨੰਦ ਦਾ ਨਾਂ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਅਨਟੱਚੇਬਲ' (ਆਛੂਤ) ਨਾਵਲ ਰਾਹੀ ਉਸ ਨੂੰ ਕੌਮਾਂਤਰੀ ਪ੍ਰਸਿੱਧੀ ਮਿਲੀ। ਲੇਖਕ ਨੇ ਆਨੰਦ ਦੀ ਸਮੁੱਚੀ ਸਖਸ਼ੀਅਤ ਨੂੰ ਇਸ ਪੁਸਤਕ ਵਿਚ ਉਭਾਰਿਆ ਹੈ। ਕਦੇ ਸਰਵੋਦਯ ਫਾਰਮ ਨੂੰ ਆਨੰਦ ਨੇ 'ਲਿਖਾਰੀ ਘਰ' ਦੇ ਰੂਪ ਵਿਚ ਤਿਆਰ ਕਰਨ ਦਾ ਸੁਫ਼ਨਾ ਲਿਆ ਸੀ। ਪਰ ਇਹ ਸੁਪਨਾ ਬਣ ਕੇ ਰਹਿ ਗਿਆ। ਕਿਉਂਕਿ ਉਹ ਪਹਿਲਾਂ ਹੀ ਵਿਛੋੜਾ ਦੇ ਗਏ। ਪੁਸਤਕ ਵਿਚ ਇਹ ਗੱਲ ਵੀ ਉਭਰਦੀ ਹੈ ਕਿ ਉਸ ਦੀਆਂ ਸਾਰੀਆਂ ਹੱਥ ਲਿਖਤਾਂ, ਖਰੜੇ, ਤੇ ਪੱਤਰ ਹੋਰ ਸਾਰਾ ਰਿਕਾਰਡ ਕੁਝ ਵਿਅਕਤੀਆਂ ਦੇ ਕਬਜ਼ੇ ਵਿਚ ਚਲੇ ਗਿਆ ਜੋ ਮਿਲ ਨਹੀਂ ਰਿਹਾ। ਇਸ ਦੇ ਬਾਵਜੂਦ ਵੀ ਆਨੰਦ ਦੀ ਜੀਵਨੀ ਦੇ ਸਰੋਤ ਲੱਭ ਕੇ ਅਮਰੀਕ ਨੇ ਇਹ ਪੁਸਤਕ ਤਿਆਰ ਕੀਤੀ ਹੈ।

ਆਗਮਨ ਵਿਚ ਆਨੰਦ ਦੇ ਨਾਵਲ ਸਿਰਜਣ ਤੇ ਇਹਨੂੰ ਸੋਧਣ, ਪ੍ਰਕਾਸ਼ਤ ਕਰਨ ਦੀ ਕਥਾ ਬਿਆਨ ਕੀਤੀ ਗਈ ਹੈ। ਮੁਢਲਾ ਜੀਵਨ, ਕਾਲਜ ਦੇ ਦਿਨ, ਲੰਡਨ ਦੀ ਪੜ੍ਹਾਈ ਦਾ ਜ਼ਿਕਰ ਹੈ। ਇਕ ਗੱਲ ਹੋਰ ਆਨੰਦ ਦਾ ਮੁਢਲਾ ਜੀਵਨ ਅੰਮ੍ਰਿਤਸਰ ਵਿਚ ਬੀਤਿਆ। ਉਹ ਇਥੋਂ ਦਾ ਹੀ ਰਹਿਣ ਵਾਲਾ ਸੀ। ਪਹਿਲਾ ਨਾਵਲ 'ਅਨਟੱਚੇਬਲ' ਲਿਖ ਕੇ ਆਨੰਦ ਨੇ ਗਾਂਧੀ ਨੂੰ ਪੜ੍ਹਾਇਆ। ਉਸ ਨੇ ਨਾਵਲ ਵਿਚ ਕਈ ਸੋਧਾ ਕਰਵਾਈਆਂ। ਪਰ ਉਸ ਨੇ ਇਸ ਨੂੰ ਆਪਣੇ ਅਨੁਸਾਰ ਸੋਧਿਆ। ਜਦੋਂ ਇਹ ਨਾਵਲ ਛਪਿਆ ਤਾਂ ਇਹਨੂੰ ਪਾਠਕਾਂ ਨੇ ਹੱਥਾਂ ਤੇ ਚੁੱਕ ਲਿਆ। ਹੁਣ ਤੱਕ ਇਹ ਕਈ ਜ਼ੁਬਾਨਾ ਵਿਚ ਪ੍ਰਕਾਸ਼ਤ ਹੋ ਚੁੱਕਾ ਹੈ। ਫਿਰ ਕੁਲੀ ਲਿਖਿਆ। ਇਹ ਸਮਾਂ ਅੰਗਰੇਜ਼ਾਂ ਦੀ ਚੜ੍ਹਤ ਦਾ ਸਮਾਂ ਸੀ। ਅੰਗਰੇਜ਼ਾਂ ਪ੍ਰਤੀ ਆਪਣੇ ਵਿਚਾਰਾਂ ਨੂੰ ਆਨੰਦ ਨੇ ਲਿਖਤੀ ਰੂਪ ਵਿਚ ਵੀ ਪੇਸ਼ ਕੀਤੇ। ਫਿਰ ਉਸ ਨੇ 'ਮਾਰਗ' ਰਸਾਲੇ ਦਾ ਪ੍ਰਕਾਸ਼ਨ ਕੀਤਾ। ਇਸ ਵਿਚ ਉਸ ਨੇ ਸੈਕੜੇ ਲੇਖ ਲਿਖੇ। ਜੋ ਅਜੇ ਤੀਕ ਕਿਤਾਬੀ ਰੂਪ ਵਿਚ ਛਪ ਨਹੀਂ ਸਕੇ। ਆਨੰਦ ਨੇ ਵਾਤਸਿਅਨ ਦੇ ਕਾਮ ਸੂਤਰ ਨੂੰ ਆਪਣੀਆਂ ਵਿਸ਼ੇਸ਼ ਟਿਪਣੀਆਂ ਨਾਲ 'ਮਾਰਗ' 'ਚ ਵੀ ਪ੍ਰਕਾਸ਼ਤ ਕੀਤਾ। ਲੰਡਨ ਵਿਚ ਉਹ ਵੀਹ ਵਰ੍ਹੇਂ ਰਿਹਾ। ਪਰ ਉਹ ਭਾਰਤ ਤੇ ਇਸ ਦੇ ਲੋਕਾਂ ਨਾਲ ਜੁੜਿਆ ਰਿਹਾ। ਇਸ ਸਮੇਂ ਦੌਰਾਨ ਉਸ ਨੇ ਅਨੇਕਾਂ ਨਾਵਲ ਲਿਖੇ। ਉਸ ਦਾ ਨਾਵਲ 'ਦੀ ਓਲਡ ਵੋਮੈਨ ਐਂਡ ਦੀ ਕਾਓ' ਜਿਸ ਨੂੰ ਕੁਝ ਬਦਲ ਕੇ 'ਗੌਰੀ' ਨਾਂ ਨਾਲ ਪ੍ਰਕਾਸ਼ਤਕ ਕੀਤਾ ਉਸ ਦਾ ਬਹੁਤ ਦੀ ਚਰਚਿਤ ਨਾਵਲ ਰਿਹਾ। ਇਸ ਨਾਵਲ ਵਿਚ ਗੌਰੀ ਇਕ ਸ਼ਾਦੀਸ਼ੁਦਾ ਪੇਂਡੂ ਕੁੜੀ ਹੈ ਜਿਸ ਨੂੰ ਇਸ ਬੁੱਢੇ ਆਦਮੀ ਨੂੰ ਵੇਚ ਦਿੱਤਾ ਜਾਂਦਾ ਹੈ। ਅੰਤਲੇ ਸਮੇਂ ਵਿਚ ਆਨੰਦ ਸਵੈ ਜੀਵਨੀ ਮੂਲਕ ਨਾਵਲ 'ਸੈਵਨ ਸਮਰਜ' ਲਿਖਿਆ। ਇਸ ਦੇ ਪੰਨੇ 2000 ਸਨ। ਇੰਝ ਉਸ ਨੇ ਚਾਰ ਨਾਵਲ ਸਵੈ ਜੀਵਨੀ ਮੂਲਕ ਲਿਖੇ। ਆਇਰਿਸ਼ ਪਿੱਠ ਭੂਮੀ ਵਾਲੀ ਉਸ ਦੀ ਪਤਨੀ ਆਈਰੀਨੀ ਨੇ ਉਸ ਦੇ ਲਿਖਣ ਕਾਰਜ ਨੂੰ ਬਹੁਤ ਹੱਲਾਸ਼ੇਰੀ ਦਿੱਤੀ। ਇਸ ਤੋਂ ਇਲਾਵਾਂ ਉਸ ਨੇ 60-70 ਨਿੱਕੀਆਂ ਕਹਾਣੀਆਂ ਵੀ ਲਿਖੀਆਂ।

ਆਨੰਦ ਦੇ ਸਿਰਜਣਾਤਮਿਕ ਸਫ਼ਰ ਤੇ ਉਸ ਦੀ ਜੀਵਨ ਨਾਲ ਜੁੜੇ ਪ੍ਰਸੰਗਾਂ ਨੂੰ ਇਸ ਪੁਸਤਕ ਵਿਚ ਚੰਗੇ ਤਰੀਕੇ ਨਾਲ ਉਭਾਰਿਆ ਹੈ। ਖਾਸ ਕਰਕੇ ਉਸਦੇ ਨਾਵਲ ਬਾਰੇ।

### ਗੁੰਮਨਾਮ ਚੈਂਪੀਅਨ (ਨਾਵਲ)
**ਬਲਵੰਤ ਸਿੰਘ ਸੰਧੂ**
**ਸਫ਼ੇ : 151, ਮੁੱਲ : 150 ਰੁਪਏ**
**ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਲੁਧਿਆਣਾ**




ਇਸ ਨਾਵਲ ਵਿਚ ਲੇਖਕ ਨੇ ਦਾਰਾ ਸਿੰਘ ਨਾਂ ਦੇ ਅਜਿਹੇ ਨਾਇਕ ਨੂੰ ਉਭਾਰਿਆ ਹੈ ਜੋ ਸਮਾਜ ਦੀ ਵਿਲੱਖਣ ਸ਼ਖ਼ਸ਼ੀਅਤ ਵਜੋਂ ਉਭਰਦਾ ਹੈ। ਦਾਰਾ ਸਿੰਘ ਦੁਲਚੀਪੁਰੀ 'ਤੇ ਕੇਂਦਰਤ ਇਹ ਨਾਵਲ ਜੀਵਨੀ ਪ੍ਰਧਾਨ ਨਾਵਲ ਹੈ ਜਿਸ ਨੂੰ ਬਲਵੰਤ ਸੰਧੂ ਨੇ ਗੁੰਮਨਾਮੀ 'ਚ ਚਲੇ ਗਏ ਪਹਿਲਵਾਨ ਨੂੰ ਮੁਖ ਧਾਰਾ ਵਿਚ ਲਿਆ ਕੇ ਗਲਪੀ ਜੁਗਤਾਂ ਨਾਲ ਉਭਾਰਿਆ ਹੈ। ਪ੍ਰੋਜੈਕਟ ਬਣਾ ਕੇ ਨਾਵਲ ਲਿਖਣ ਦੀ ਪ੍ਰੰਪਰਾ ਪੰਜਾਬੀ 'ਚ ਬਹੁਤ ਘੱਟ ਹੈ। ਅਜੋਕੇ ਦੌਰ 'ਚ ਜੀਵਨੀ ਮੂਲਕ ਨਾਵਲ ਪੰਜਾਬੀ ਵਿਚ ਕਾਫੀ ਲਿਖੇ ਜਾ ਰਹੇ ਹਨ। ਉਨ੍ਹਾਂ 'ਤੇ ਜੋ ਪਹਿਲਾਂ ਹੀ ਵੱਡੇ ਨਾਇਕ ਦਾ ਦਰਜਾ ਪ੍ਰਾਪਤ ਕਰ ਚੁੱਕੇ ਹਨ। ਪਰ ਇਹ ਨਾਵਲ ਹਨੇਰੇ 'ਚ ਗੁਵਾਚੇ ਨਾਇਕ ਬਾਰੇ ਹੈ। ਦਾਰਾ ਸਿੰਘ ਦੇ ਕਈ ਨਿਵੇਕਲੇ ਪਹਿਲੂ ਵਿਸ਼ੇਸ਼ ਖੋਜ ਵਿਧੀ ਤੇ ਰੌਚਿਕ ਬਿਰਤਾਂਤ ਰਾਹੀ ਪੇਸ਼ ਕਰਦਾ ਹੈ। ਅਜਿਹਾ ਸ਼ਕਤੀਸਾਲੀ ਭਲਵਾਨ ਜੋ ਸੱਤ ਫੁੱਟ ਦੇ ਕੱਦ ਵਾਲਾ ਹੈ ਤੇ ਸ਼ਕਤੀਸ਼ਾਲੀ ਭਲਵਾਨ ਕਿੰਗ ਕਾਂਗ ਤੇ ਜਬਿਸਕੋ ਨੂੰ ਚਿਤ ਕਰਕੇ ਆਪਣਾ ਕੱਦ ਕੁਸਤੀ ਵਿਚ ਹੋਰ ਉੱਚਾ ਕਰ ਲੈਂਦਾ ਹੈ। ਉਹ ਇਕ ਪਿੰਡ ਦੀ ਮਿੱਟੀ ਵਾਲੇ ਆਖਾੜੇ ਤੋਂ ਉੱਠ ਕੇ ਸੰਸਾਰ ਦੇ ਨਕਸ਼ 'ਚ ਉਭਰਦਾ ਹੈ ਤੇ ਪਿੰਡ ਪਰਤ ਕੇ ਸ਼ਰੀਕੇਬਾਜ਼ੀ ਦੀ ਘਰੇਲੂ ਲੜਾਈ 'ਚ ਪੈ ਕੇ ਆਪਣੇ ਭਰਾ ਦੇ



ਕਤਲ ਦਾ ਬਦਲਾ ਇਕ ਕਤਲ ਕਰਕੇ ਲੈਂਦਾ ਹੈ। ਜੇਲ੍ਹ ਵਿਚ ਪਹੁੰਚ ਕੇ ਇਹ ਭਲਵਾਨ ਆਪਣੀ ਤਾਕਤ ਤੇ ਹੁਨਰ ਨੂੰ ਮਿੱਟੀ ਕਰ ਲੈਂਦਾ ਹੈ। ਇਥੋਂ ਹੀ ਉਹਦੇ ਗੁੰਮਨਾਮੀ ਦਾ ਦੌਰ ਆਰੰਭ ਹੁੰਦਾ ਹੈ। ਮੌਤ ਦੀ ਸਜ਼ਾ ਉਹਦਾ ਸਾਰਾ ਕੈਰੀਅਰ ਖਤਮ ਕਰ ਦਿੰਦੀ ਹੈ। ਸਮਾਂ ਪਾ ਕੇ ਉਹਦੀ ਜ਼ਿੰਦਗੀ ਨਵਾਂ ਮੋੜ ਕੱਟਦੀ ਹੈ। ਇਕ ਦਿਨ ਸਰਕਾਰ ਉਹਦੇ ਭਲਵਾਨੀ ਕੱਦ ਨੂੰ ਦੇਖ ਕੇ ਫਾਸ਼ੀ ਦੀ ਸਜ਼ਾ ਉਮਰ ਕੈਦ ਵਿਚ ਬਦਲ ਕੇ ਉਹਨੂੰ ਕੁਸ਼ਤੀਆਂ ਕਰਨ ਦੀ ਆਗਿਆ ਦਿੰਦੀ ਹੈ। ਕੜੀਆਂ ਵਿਚ ਜਕੜਿਆ ਦਾਰਾ ਸਿੰਘ ਅਖਾੜਿਆਂ 'ਚ ਪਹੁੰਚ ਕੇ ਆਪਣੇ ਹੁਨਰ ਦਾ ਸਬੂਤ ਦਿੰਦਾ ਹੈ। 1954 'ਚ ਉਹਦੀ ਜ਼ਿੰਦਗੀ 'ਚ ਅਹਿਮ ਮੋੜ ਉਦੋਂ ਆਉਂਦਾ ਹੈ ਜਦੋਂ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਦੇ ਹੁਕਮਾ ਨਾਲ ਉਹ ਰਿਹਾਅ ਹੋ ਜਾਂਦਾ ਹੈ ਤੇ ਰੋਮਾਨੀਆ ਦੇ ਭਲਵਾਨ ਕੈਨਟਾਇਮ ਨਾਲ ਖੂਨੀ ਕੁਸ਼ਤੀ ਲੜਦਾ ਹੋਇਆ ਜੇਤੂ ਰਹਿੰਦਾ ਹੈ।

ਨਾਵਲ ਦਾ ਅੰਤ ਦੁਖਾਂਤ ਭਰਿਆ ਹੈ, ਉਹ ਸਤਵੰਤ ਕੌਰ ਨਾਲ ਦੂਜਾ ਵਿਆਹ ਕਰਵਾ ਲੈਂਦਾ ਹੈ। ਸਰਪੰਚ ਬਣਦਾ ਹੈ। ਘਰੇਲੂ ਕਲੇਸ਼ ਉਹਨੂੰ ਮਾਨਸਿਕ ਤੌਰ ਤੇ ਤੋੜਦਾ ਹੈ। ਉਧਰ ਉਹਦੀ ਭਲਵਾਨੀ ਲਿਸ਼ਕ ਵਾਲਾ ਚਿਹਰਾ ਢਲਣ ਲੱਗ ਪੈਂਦਾ ਹੈ। ਇਸੇ ਦੌਰ 'ਚ ਫਿਲਮਾਂ ਵਾਲੇ ਦਾਰੇ ਦਾ ਉਭਾਰ ਹੁੰਦਾ ਹੈ। ਨਾਵਲ 'ਚ ਉਹਦੀ ਪਹਿਲੀ ਪਤਨੀ ਬਲਬੀਰ ਕੌਰ, ਭੈਣ ਪ੍ਰਸਿੰਨ ਕੌਰ, ਜੱਗਾ ਡਾਕੂ ਤੇ ਹੋਰ ਪਰਿਵਾਰਕ ਲੋਕ ਨਾਵਲ ਦੇ ਬਿਰਤਾਂਤ ਨੂੰ ਰੌਚਿਕ, ਗੁੰਝਲਦਾਰ ਅਤੇ ਬਹੁ ਪਰਤੀ ਬਣਾਉਂਦੇ ਹਨ। ਨਾਵਲ 'ਚ ਪਿੰਡ ਦੀ ਸਮਾਜਿਕ ਸਥਿਤੀ ਦੇ ਨਾਲ ਨਾਲ ਆਰਥਿਕ ਸਥਿਤੀ ਤੇ ਵੀ ਝਾਤ ਪਾਈ ਗਈ ਹੈ। ਨਾਵਲ ਚੇਤਨ ਪ੍ਰਵਾਹ ਰਾਹੀ ਚੱਲਦਾ ਹੋਇਆ ਪਿਛਲਛਾਤ ਤਕਨੀਕ ਨਾਲ ਅੱਗੇ ਤੁਰਦਾ ਹੈ। ਅਜਿਹੇ ਨਾਇਕ ਜਿਹੜੇ ਸਮੇਂ ਨਾਲ ਗਵਾਚਦੇ ਜਾ ਰਹੇ ਹਨ ਉਨ੍ਹਾਂ ਨੂੰ ਸਾਹਿਤ ਰਾਹੀ ਉਭਾਰਨਾ ਇਕ ਚੰਗੀ ਪ੍ਰਪੰਰਾ ਦੀ ਨਿਸ਼ਾਨੀ ਹੈ। ਇਹ ਇਤਿਹਾਸਕਾਰੀ ਸਾਡੀਆਂ ਅਗਲੀਆਂ ਪੀੜ੍ਹੀਆਂ ਲਈ ਰੌਸ਼ਨੀ ਦਾ ਕੰਮ ਦੇਣਗੀਆਂ।

### ਰੁਲਦੂ ਦੀ ਆਕਾਸ਼ ਗੰਗਾ (ਨਾਵਲ)
**ਮੁਖਤਿਆਰ ਸਿੰਘ**
**ਸਫ਼ੇ : 127, ਮੁੱਲ : 140 ਰੁਪਏ**
**ਪ੍ਰਕਾਸ਼ਕ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ**





ਮੁਖਤਿਆਰ ਸਿੰਘ ਦਾ ਇਹ ਨਾਵਲ ਪਾਤਰ ਪ੍ਰਧਾਨ ਨਾਵਲ ਹੈ। ਲੇਖਕ ਇਕ ਪਾਤਰ ਰੁਲਦੂ ਸਿਰਜ ਕੇ ਸਾਡੇ ਪੰਜਾਬੀ ਦੀ ਸਮਾਜਿਕ ਸਥਿਤੀ ਅਤੇ ਪਿੰਡ ਦੀ ਬਣਤਰ ਨੂੰ ਫੈਂਟਸੀ ਦੀ ਜੁਗਤ ਨਾਲ ਪੇਸ਼ ਕਰਦਾ ਹੈ। ਪਿੰਡ ਦੇ ਸਧਾਰਨ ਬੰਦੇ ਨੂੰ ਸਾਡਾ ਸਮਾਜਿਕ ਸਿਸਟਮ ਕਿਸ ਤਰ੍ਹਾਂ ਤੇ ਕਿੰਨੀ ਕੁ ਸਪੇਸ ਦਿੰਦਾ ਹੈ। ਇਹ ਗੱਲਾਂ ਨਾਵਲ ਦੇ ਬਿਰਤਾਂਤ ਵਿਚੋਂ ਉਭਰਦੀਆਂ ਹਨ। ਰੁਲਦੂ ਦਾ ਪਿਓ ਜਿਹੜਾ ਸ਼ਰਾਬੀ ਹੈ, ਉਹ ਰੁਲਦੂ ਦੀ ਮਾਂ ਨੂੰ ਕੁੱਟਦਾ ਹੈ, ਉਹਦੀ ਇਕ ਸਾਥਣ ਖੋਤੀ ਹੈ, ਇਕ ਕੁੜੀ ਹੈ, ਜਿਹਦੀ ਇੱਜਤ ਉਹਦੇ ਚਾਚੇ ਦਾ ਭਰਾ ਲੁੱਟਦਾ ਹੈ। ਰੁਲਦੂ ਦੇ ਮਨ ਵਿਚ ਇਹ ਘਟਨਾ ਇਕ ਗੰਢ ਬਣ ਕੇ ਬੈਠ ਜਾਂਦੀ ਹੈ। ਨਿਰਾਸ਼ ਹੋਇਆ ਤੇ ਪੈਸਾ ਕਮਾਉਣ ਦਾ ਸੁਪਨਸਾਜ ਬਣ ਕੇ ਉਹ ਆਪਣੀ ਖੋਤੀ ਨੂੰ ਲੈ ਕੇ ਪਿੰਡੋਂ ਨਿਕਲ ਤੁਰਦਾ ਹੈ। ਰਸਤੇ ਵਿਚ ਪਹਾੜ ਤੇ ਹੋਰ ਬਹੁਤ ਕੁਝ ਆਉਂਦਾ ਹੈ। ਇਕ ਔਰਤ ਨੂੰ ਬਚਾਉਂਦਾ ਹੈ। ਜਿਹਨੂੰ ਰਿੱਛ ਖਾਣ ਲੱਗਦਾ ਹੈ। ਇਕ ਸ਼ਹਿਰ ਪਹੁੰਚ ਕੇ ਉਹ ਪੱਥਰ ਢੋਂਦਾ ਹੈ। ਉਥੇ ਹੀ ਉਹਦੀ ਖੋਤੀ ਗਰਭਵਤੀ ਹੋਣ ਕਰਕੇ ਮਰ ਜਾਂਦੀ ਹੈ ਫਿਰ ਇਕ ਢਾਬੇ ਤੋਂ ਨੌਕਰੀ ਕਰਦਾ ਹੈ। ਉਥੇ ਢਾਬੇ ਦੇ ਮਾਲਕ ਦੀ ਕੁੜੀ ਜੋ ਪੜ੍ਹੀ ਲਿਖੀ ਹੈ, ਨਾਲ ਪਿਆਰ ਪਾ ਕੇ ਉਥੋਂ ਭੱਜ ਜਾਂਦਾ ਹੈ। ਦੋਵੇਂ ਆਪਸ 'ਚ ਵਿਆਹ ਕਰਵਾ ਕੇ ਕੰਮ ਕਰਨ ਲੱਗਦੇ ਹਨ। ਰੁਲਦੂ ਜਲਦੀ ਹੀ ਢਾਬਿਆਂ ਦਾ ਮਾਲਕ ਬਣ ਜਾਂਦੇ ਹਨ। ਅੰਨੇ ਦੇ ਪੈਰ ਥੱਲੇ ਬਟੇਰਾ ਆਉਣ ਵਾਂਗ ਉਹ ਦਿਨ੍ਹਾਂ ਵਿਚ ਅਮੀਰ ਹੋ ਜਾਂਦੇ ਹਨ। ਉਥੋਂ ਦਾ ਰਾਜਾ ਉਹਨੂੰ ਦੇਸ਼ ਵਿਚੋਂ ਕੱਢ ਦਿੰਦਾ ਹੈ। ਪਰ ਉਥੇ ਦੇ ਕਾਮਿਆ ਦੇ ਦਬਾਅ ਤੇ ਦੋਵੇਂ ਵਾਪਸ ਆ ਜਾਂਦੇ ਹਨ। ਫਿਰ ਉਹ

ਕਾਮਿਆ ਨੂੰ ਇਕੱਠੇ ਕਰਕੇ ਰਾਜੇ ਖਿਲਾਫ਼ ਬਗਾਵਤ ਕਰ ਦਿੰਦਾ ਹੈ। ਫੈਂਟਸੀ ਜੁਗਤ ਰਾਹੀ ਨਾਵਲਕਾਰ ਨੇ ਰੁਲਦੂ ਨੂੰ ਫਰਸ ਤੋਂ ਅਰਸ਼ ਤੀਕ ਪਹੁੰਚਾ ਦਿੱਤਾ ਹੈ। ਉਹ ਅਰਸ਼ ਜਿਥੇ ਗੁਪਤ ਕੈਮਰੇ, ਹਥਿਆਰ, ਕਾਰਾਂ, ਫੋਨ ਹੋਟਲ ਹਨ। ਪਾਠਕ ਰੁਮਾਟਿਕ ਲੁਤਫ਼ ਲੈਂਦਾ ਹੈ। ਫੈਂਟਸੀ ਰਾਹੀ ਮੁਖਤਿਆਰ ਸਿੰਘ ਨੇ ਗੁਰਬਤ, ਪੌਰਾਣਿਕ ਕਥਾਵਾਂ, ਪਰੀ ਕਥਾਵਾਂ, ਆਦਰਸ਼ਵਾਦ, ਪੂੰਜੀਵਾਦ, ਵਿਸ਼ਵੀਕਰਨ ਆਦਿ ਨੂੰ ਰੁਲਦੂ ਦੇ ਪਾਤਰ ਰਾਹੀ ਲੈ ਕੇ ਆਉਂਦਾ ਹੈ।

ਮੁਖਤਿਆਰ ਸਿੰਘ ਦਾ ਇਹ ਨਾਵਲ ਯਥਾਰਥਵਾਦੀ ਨਾਵਲੀ ਪ੍ਰੰਪਰਾ ਤੋਂ ਹੱਟਵਾਂ ਨਾਵਲ ਹੈ। ਸ਼ੈਲੀ ਬੜੀ ਰੌਚਿਕ ਹੈ। ਨਾਵਲਕਾਰ ਪਾਠਕ ਨੂੰ ਇਕ ਵੱਖਰੇ ਸੰਸਾਰ ਵਿਚ ਲੈ ਕੇ ਜਾਂਦਾ ਹੈ। ਜਿਸ ਨੂੰ ਅਸੀਂ ਸੁਪਨਮਈ ਸੰਸਾਰ ਕਹਿੰਦੇ ਹਾਂ। ਭਾਵੇਂ ਕਿ ਫੈਂਟਸੀ ਜੁਗਤ ਸਾਡੇ ਪੰਜਾਬੀ ਸਾਹਿਤ ਵਿਚ ਐਨੀ ਪਾਪੂਲਰ ਨਹੀਂ ਹੋਈ ਪ੍ਰੰਤੂ ਇਸ ਜੁਗਤ ਵਿਚ ਥੋੜਾ ਬਹੁਤਾ ਲਿਖਿਆ ਜਾਂਦਾ ਰਿਹਾ ਹੈ।

### ਨੌਵੇਂ ਦਹਾਕੇ ਤੋਂ ਬਾਅਦ ਦੀ ਪੰਜਾਬੀ ਕਹਾਣੀ (ਆਲੋਚਨਾ)
### ਡਾ. ਜੋਗਿੰਦਰ ਸਿੰਘ ਨਿਰਾਲਾ
### ਸਫ਼ੇ : 147, ਮੁੱਲ : 200 ਰੁਪਏ
### ਪ੍ਰਕਾਸ਼ਕ : ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ




ਡਾ. ਨਿਰਾਲਾ ਨੇ ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਦੀਆਂ ਨਵੇਂ ਵਿਸ਼ਿਆ, ਕਥਾ ਜੁਗਤਾਂ ਤੇ ਨਵੇਂ ਸਿਲਪ ਵਾਲੀਆਂ ਕਹਾਣੀਆਂ ਨੂੰ ਅਧਾਰ ਬਣਾ ਕੇ ਇਹ ਆਲੋਚਨਾ ਪੁਸਤਕ ਤਿਆਰ ਕੀਤੀ ਹੈ। ਉਨ੍ਹਾਂ ਨਵੀਂ ਕਹਾਣੀ ਤੇ ਨਿੱਠ ਕੇ ਕੰਮ ਕੀਤਾ ਹੈ। ਉਨ੍ਹਾਂ ਆਪਣੀ ਸਮੀਖਿਆ ਦਾ ਆਧਾਰ ਨੌਵੇਂ ਦਹਾਕੇ ਤੋਂ ਹੁਣ ਤੱਕ ਦੀਆਂ ਕਹਾਣੀਆਂ ਦੇ ਵਿਸ਼ਲੇਸ਼ਣ ਨੂੰ ਬਣਾਇਆ ਹੈ। ਨਵੀਂ ਕਹਾਣੀ ਦੇ ਪਿਛਲੀ ਕਹਾਣੀ ਨੂੰ ਨਿਖੇੜਨ ਵਾਲੇ ਕਈ ਅਹਿਮ ਨੁਕਤੇ ਕੱਢੇ ਹਨ। ਨਵੀਂ ਕਹਾਣੀ ਵਿਚ ਜਿਹੜੀਆਂ ਵਿਧੀ ਮੂਲਕ ਤੇ ਵਸਤੂ ਮੂਲਕ ਤਬਦੀਲੀਆਂ ਵਾਪਰਦੀਆਂ ਹਨ ਇਨ੍ਹਾਂ ਨੂੰ ਵਿਸ਼ਾ-ਚੋਣ, ਬਦਲਦੇ ਵਸਤੂ ਯਥਾਰਥ, ਵਿਲੱਖਣ ਜੁਗਤਾ, ਦ੍ਰਿਸ਼ਟੀਮੂਲਕ ਵਿਲੱਖਣਤਾਵਾ, ਨਿਵੇਕਲੇ ਕਥਾ ਮਾਡਲ ਦੇ ਪ੍ਰਸੰਗ 'ਚ ਉਭਾਰਦਾ ਹੈ। ਪੁਸਤਕ 'ਚ ਕਹਾਣੀ ਦੇ ਸੰਦਰਭ ਵਿਚ ਮੁੱਲਾਂ ਤੇ ਮਨਾਹੀਆਂ, ਨਿਮਨ ਕਿਰਸਾਨੀ, ਨਾਰੀ ਚਿੰਤਨ, ਦਲਿਤ ਸਰੋਕਾਰ, ਉੱਤਰ ਪ੍ਰਗਤੀਵਾਦੀ ਕਹਾਣੀ, ਵਿਧਾਗਤ ਮਸਲੇ, ਨਵਾਂ ਕਹਾਣੀ ਸ਼ਾਸਤਰ, ਪਰਿਵਾਰਕ ਤਨਾਓ ਵਿਸ਼ਿਆ ਦੇ ਅੰਤਰਗਤ ਪੰਜਾਬੀ ਕਹਾਣੀ ਦਾ ਵਿਸ਼ਲੇਸ਼ਣ ਕੀਤਾ ਹੈ।

'ਮੁੱਲ ਤੇ ਮਨਾਹੀਆਂ ਦੇ ਤਣਾਓ' ਦੀ ਕਹਾਣੀ ਦੀ ਗੱਲ ਕਰਦਿਆਂ ਉਹ ਅਵੈਧ ਜਿਸਮਾਨੀ ਸੰਬੰਧ, ਲੈਜ਼ਬੀਅਨ ਸੰਬੰਧਾਂ ਨੂੰ ਬਣਾਈ ਰੱਖਣ ਦੀ ਸਮਝੌਤਾਵਾਦੀ ਰੁਚੀ ਵਾਲੀਆਂ ਕਹਾਣੀਆਂ ਦੇ ਹਵਾਲੇ ਨਾਲ ਗੱਲ ਕਰਦਾ ਹੈ। ਕਿਸਾਨੀ ਸੰਕਟ ਨੂੰ ਉਹ ਅੰਤਰ ਰਾਸ਼ਟਰੀ ਪ੍ਰਸੰਗ ਵਿਚ ਵੇਖਦਾ ਹੈ। ਮਨੋਵਿਗਿਆਨਿਕ ਕਹਾਣੀ ਨੂੰ ਉਹ ਕਾਮ ਕੁੰਠਾ ਦੀ ਕਹਾਣੀ ਕਹਿੰਦਾ ਹੈ।

ਨਾਰੀ ਚਿੰਤਨ ਦੀ ਗੱਲ ਕਰਦਿਆਂ ਨਿਰਾਲਾ ਉਨ੍ਹਾਂ ਕਹਾਣੀਆਂ ਦਾ ਜਿਕਰ ਕਰਦਾ ਹੈ ਜਿਹਨਾਂ 'ਚ ਵਿਆਹੁਤਾ ਤੇ ਪਿਆਰ ਦਾ ਰਿਸ਼ਤਾ ਇਕ ਬੰਧਨ ਹੈ। ਤੇ ਨਾਰੀ ਪਾਤਰ ਦੇਹੀ ਸੁੱਖ ਵੱਲ ਵਧੇਰੇ ਝੁਕੇ ਹਨ। ਇਥੋਂ ਹੀ ਜਿਹੜੀ ਮਨੋ ਗੁੰਝਲ ਉਪਜਦੀ ਹੈ। ਉਸ ਦਾ ਵਿਸ਼ਲੇਸ਼ਣ ਵੀ ਪੁਸਤਕ 'ਚ ਹੋਇਆ ਹੈ।

'ਦਲਿਤ ਪੰਜਾਬੀ ਕਹਾਣੀ ਦੇ ਪਛਾਣ ਚਿੰਨ੍ਹ-ਦਸ਼ਾ ਤੇ ਦਿਸ਼ਾ' ਦੇ ਪ੍ਰਸੰਗ 'ਚ ਅਧਿਐਨ ਕਰਦਿਆਂ ਲੇਖਕ ਇਹ ਗੱਲ ਉਭਾਰਦਾ ਹੈ ਕਿ ਦਲਿਤ ਚੇਤਨਾ ਨਾਲ ਸੰਬੰਧਤ ਕਹਾਣੀ ਚੌਥੀ ਪੀੜ੍ਹੀ ਵਿਚ ਹੀ ਲਿਖੀ ਗਈ ਹੈ। ਪਹਿਲਾਂ ਦਲਿਤ ਦਸ਼ਾ ਦੀ ਕਹਾਣੀ ਲਿਖੀ ਗਈ। ਉਨ੍ਹਾਂ ਇਹ ਗੱਲ ਵੀ ਉਭਾਰੀ ਹੈ ਕਿ ਭੁੱਲਰ, ਅਣਖੀ, ਪ੍ਰੇਮ ਪ੍ਰਕਾਸ਼, ਵਰਿਆਮ ਸੰਧੂ ਹੁਰਾਂ ਇਕਾ ਦੁੱਕਾ ਕਹਾਣੀਆਂ ਦਲਿਤਾਂ ਬਾਰੇ ਤਾਂ ਲਿਖੀਆਂ ਪਰ



ਇਨ੍ਹਾਂ 'ਚ ਦਲਿਤ ਚੇਤਨਾ ਨੇੜੇ ਤੇੜੇ ਵੀ ਨਹੀਂ ਦਿਸਦੀ ਦਲਿਤ ਚੇਤਨਾ, ਚਿੰਤਨ ਦੀ ਗੱਲ ਕਰਦਿਆਂ ਡਾ. ਨਿਰਾਲਾ ਕਈ ਭੁਲੇਖਿਆ ਦਾ ਸ਼ਿਕਾਰ ਹੋਇਆ ਵੀ ਲੱਗਦਾ ਹੈ।

ਡਾ. ਨਿਰਾਲਾ ਦਾ ਵਿਧਾਗਤ ਮਸਲੇ ਅਹਿਮ ਚੈਪਟਰ ਹੈ। ਜਿਸ ਬਾਰੇ ਹੁਣ ਤੱਕ ਬਹੁਤ ਘੱਟ ਗੱਲ ਹੋਈ ਹੈ। ਇਸ ਚੈਪਟਰ ਵਿਚ ਉਹ ਕਹਾਣੀਆਂ ਦੇ ਹਵਾਲਿਆਂ ਨਾਲ ਤਣਾਓ, ਆਂਤਰਿਕ ਸੱਚ, ਇਤਿਹਾਸਕ, ਮਿਥਿਹਾਸਕ, ਲੋਕ ਕਹਾਣੀ, ਫੈਂਟਸੀ, ਮਨੋ ਚੇਤਨਾ ਪ੍ਰਵਾਹ, ਨਾਟਕੀ ਸ਼ੈਲੀ ਬਾਰੇ ਵਿਸ਼ਲੇਸ਼ਣ ਕਰਦਾ ਹੈ। ਕਹਾਣੀ ਸ਼ਾਸਤਰ ਵਾਲਾ ਚੈਪਟਰ ਵਿਚਾਰ ਉਤੇਜਿਤ ਹੈ।

ਪੁਸਤਕ ਦੇ ਅਗਲੇ ਭਾਗ ਵਿਚ ਡਾ. ਨਿਰਾਲਾ ਨੇ ਜਰਨੈਲ ਸਿੰਘ ਦੀ ਦੋ ਟਾਪੂ, ਜਿੰਦਰ ਦੀ 'ਬੱਸ ਹੁਣ ਤੂੰ ਸੌਂ ਜਾਈਂ', ਨਿਰਮਲ ਜਸਵਾਲ ਦੀ 'ਕਾਕਟੇਲ', ਤਲਵਿੰਦਰ ਸਿੰਘ ਦੀ 'ਵਿਚਲੀ ਔਰਤ', ਬਲਬੀਰ ਪਰਵਾਨਾ ਦੀ 'ਅਚਾਨਕ ਸਾਹਮਣੇ', ਬਲਵਿੰਦਰ ਸਿੰਘ ਗਰੇਵਾਲ ਦੀ 'ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ', ਭਗਵੰਤ ਰਸੂਲਪੁਰੀ ਦੀ 'ਕਸੂਰਵਾਰ', ਦੇਸ ਰਾਜ ਕਾਲੀ ਦੀ 'ਚੀਕ' ਆਦਿ ਕਹਾਣੀਆਂ ਦੇ ਵਿਸ਼ਲੇਸ਼ਣ ਕੀਤੇ ਹਨ। ਇਨ੍ਹਾਂ ਵਿਸ਼ਲੇਸ਼ਣਾਂ ਵਿਚ ਨਿਰਾਲਾ ਨੇ ਕਹਾਣੀਆਂ 'ਚ ਖ਼ਮੋਸ਼ ਧੁੰਨੀਆਂ ਉਭਾਰੀਆਂ ਹਨ। ਡਾ. ਨਿਰਾਲਾ ਦੀ ਨਵੀਂ ਕਹਾਣੀ 'ਤੇ ਕੇਂਦਰਿਤ ਆਲੋਚਨਾ ਦੀ ਅਹਿਮ ਪੁਸਤਕ ਹੈ। ਨਵੀਂ ਕਹਾਣੀ ਦੀ ਨਿਸ਼ਾਨਦੇਹੀ ਕਰਨ ਵਾਲੀ ਇਹ ਪਹਿਲੀ ਆਲੋਚਨਾ ਪੁਸਤਕ ਕਹੀ ਜਾਵੇਗੀ।

### ਮੈਂ ਹਿੰਦੂ ਕਿਉਂ ਨਹੀਂ ਹਾਂ (ਸਵੈ ਜੀਵਨੀ)
### ਪ੍ਰੋ. ਕਾਂਚਾ ਇਲੱਈਆ, ਅਨੁ. : ਜਗਦੀਸ਼ ਲਾਲ
### ਪ੍ਰਕਾਸ਼ਕ : ਹਾਸ਼ੀਆ ਪਬਲੀਕੇਸ਼ਨਜ਼, ਪਟਿਆਲਾ
### ਮੁੱਲ : 100 ਰੁਪਏ, ਪੰਨੇ : 183





'ਮੈਂ ਹਿੰਦੂ ਕਿਉਂ ਨਹੀਂ ਹਾਂ' ਪੁਸਤਕ ਅਜੋਕੇ ਸੰਦਰਭ ਵਿਚ ਬੜੀ ਅਹਿਮ ਪੁਸਤਕ ਹੈ। ਭਾਵੇਂ ਕਿ ਇਹ ਸਵੈ ਜੀਵਨੀ ਹੈ ਪ੍ਰੰਤੂ ਇਸ ਵਿਚ ਕਾਂਚਾ ਨੇ ਹਿੰਦੂ ਦਰਸ਼ਨ, ਹਿੰਦੂ ਸਾਹਿਤ, ਆਦਿ 'ਤੇ ਬੜੀਆਂ ਵਿਚਾਰ ਉਤੇਜਿਤ ਤਿੱਖੀਆਂ ਟਿੱਪਣੀਆਂ ਕੀਤੀਆਂ ਹਨ। ਪੁਸਤਕ ਦੇ ਆਰੰਭ ਵਿਚ ਡਾ. ਸੁਰਿੰਦਰ ਅਜਨਾਤ, ਡਾ. ਸ਼ੁਸੀਲਾ ਟਾਕਭੌਰੇ, ਡਾ. ਮੁਕੇਸ਼ ਮਾਨਸ, ਤੇ ਅਨੁਵਾਦਕ ਵਲੋਂ ਪੁਸਤਕ ਅਤੇ ਲੇਖਕਾਂ ਬਾਰੇ ਵਿਚਾਰ ਹਨ। ਪੁਸਤਕ ਨੂੰ ਹਿੰਦੂਤਵ ਫ਼ਲਸਫੇ, ਸੱਭਿਆਚਾਰ ਤੇ ਰਾਜਨੀਤੀ ਅਰਥ-ਸ਼ਾਸਤਰ ਨੂੰ ਸ਼ੂਦਰ ਆਲੋਚਨਾ ਦੇ ਰੂਪ ਵਿਚ ਲਿਖੀ ਹੈ। ਕਿਤਾਬ ਆਂਧਰਾ ਪ੍ਰਦੇਸ਼ ਦੇ ਪਿਛੋਕੜ ਵਿਚ ਲਿਖੀ ਹੈ ਕਿਉਂਕਿ ਬ੍ਰਾਹਮਣਵਾਦੀ ਜਾਤੀ ਪ੍ਰਬੰਧ ਦਾ ਸਰੂਪ ਸਰਬ ਭਾਰਤੀ ਹੈ ਜਿਸ ਕਾਰਨ ਇਹ ਸਾਰੇ ਭਾਰਤ ਤੇ ਢੁੱਕਦੀ ਹੈ। ਕਿਤਾਬ 'ਚ ਲੇਖਕਾਂ ਨੇ ਦਲਿਤ ਚਮਾਰ, ਚੂਹੜੇ, ਬਾਜ਼ੀਗਰ ਤੇ ਪਛੜੀਆਂ ਸ਼੍ਰੇਣੀਆਂ ਸੁਨਿਆਰ, ਨਾਈ, ਝਿਊਰ, ਛੀਂਬੇ, ਤਰਖਾਣ ਆਦਿ ਨੂੰ ਸਾਂਝਾ ਨਾ ਦਲਿਤ ਬਹੁਜਨ ਦੇ ਕੇ ਇਨ੍ਹਾਂ ਦੀ ਤੁਲਨਾ ਵੈਦਿਕ ਸੱਭਿਆਚਾਰ ਨਾਲ ਕਰਕੇ ਇਹ ਸਾਬਤ ਕੀਤਾ ਕਿ ਦਲਿਤ ਬਹੁਜਨਾ ਦੇ ਸਭਿਆਚਾਰ ਸਾਹਮਣੇ ਵੈਦਿਕ ਸੱਭਿਆਚਾਰ ਕਿੰਨਾ ਬੌਣਾ ਹੈ। ਕਿਤਾਬ ਦਲਿਤ ਬਹੁਜਨ ਲਹਿਰ ਦਾ ਇੱਕ ਅਤਿ ਮਹੱਤਵਪੂਰਨ ਦਸਤਾਵੇਜ਼ ਹੈ।

ਪੁਸਤਕ ਦੀ ਬਿਰਤਾਂਤਕਾਰ ਲੇਖਕਾ ਖੁਦ ਹੈ। ਉਹ 'ਮੈਂ' ਸੈਲੀ ਵਿਚ ਸੰਵਾਦ ਤੋਰਦੀ ਹੈ। ਦਲਿਤਾਂ ਤੇ ਭਾਰਤੀ ਨਾਗਰਿਕ ਦੇ ਹੱਕ 'ਚ ਜੋ ਅੰਦੋਲਨ ਸ਼ੁਰੂ ਹੋਏ ਇਹ ਕਿਤਾਬ ਉਸੇ ਵਿਚਾਰ-ਚਰਚਾ ਦਾ ਨਤੀਜਾ ਹੈ। ਕਿਤਾਬ 'ਚ ਜੋ ਵਿਚਾਰ ਆਏ ਹਨ ਉਹ ਨਿੱਜੀ ਤਜ਼ਰਬੇ ਤੇ ਦਲਿਤ ਬਹੁਜਨ ਬੁੱਧੀਜੀਵੀਆਂ ਤੋਂ ਸੰਵਾਦ ਤੌਰ ਕੇ ਲਏ ਹਨ। ਦਲਿਤਾਂ ਦਾ ਬਚਪਨ ਵਿਚ ਹੋਇਆ ਵਿਕਾਸ, ਵਿਆਹ, ਬਾਜ਼ਾਰ ਅਤੇ ਸਮਾਜਿਕ ਰਿਸ਼ਤੇ ਨਵ ਖਤਰੀਆਂ ਦਾ ਉਭਾਰ, ਹਿੰਦੂਵਾਦ, ਹਿੰਦੂ ਦੇਵੀ ਦੇਵਤੇ, ਦਲਿਤ ਬਹੁਜਨ ਦੀ ਮੌਤ, ਦਲਤੀਕਰਨ ਵਰਗੇ ਮੁੱਦਿਆਂ ਤੇ ਕਾਂਚਾ ਨੇ ਤਿੱਖੀਆਂ ਟਿੱਪਣੀਆਂ ਕੀਤੀਆਂ ਹਨ। ਬਹੁਜਨ ਮਾਨਸਿਕਤਾ ਤੇ ਹਿੰਦੂ ਦੇਵੀ ਦੇਵਤੇ ਕਿਵੇਂ ਹਾਵੀ ਕੀਤੇ ਜਾ ਰਹੇ ਹਨ। ਆਦਿਵਾਸੀਆਂ ਨੂੰ ਹੌਲੀ ਹੌਲੀ ਪੂਰੀ ਤਰ੍ਹਾਂ ਨਾਲ

ਬ੍ਰਾਹਮਣਵਾਦੀ ਦਾਇਰੇ 'ਚ ਕਿਵੇਂ ਖਿੱਚਿਆ ਜਾ ਰਿਹਾ ਹੈ। ਇਨ੍ਹਾਂ ਪ੍ਰਸ਼ਨਾ ਨੂੰ ਕਾਂਚਾ ਨੇ ਪੁਸਤਕ ਵਿਚ ਉਭਾਰਿਆ ਹੈ।

ਕਾਂਚਾ ਨੇ ਬਹੁਜਨ ਦੇ ਚਿੰਤਨ ਨੂੰ ਧੁੰਦਲਾ ਕਰਨ ਵਾਲੇ ਕਮਿਊਨਿਸਟਾਂ ਨੂੰ ਲੰਮੇ ਹੱਥੀ ਲਿਆ ਹੈ। ਉਨ੍ਹਾਂ ਹਿੰਦੂਵਾਦ ਦੇ ਹੁੰਦਿਆ, ਸਰਮਾਏਦਾਰੀ ਖ਼ਿਲਾਫ਼ ਹੋਣ ਦਾ ਸਬੂਤ ਤਾਂ ਦਿੱਤਾ। ਪ੍ਰੰਤੂ ਉਹ ਬਹੁਜਨਾਂ ਦੇ ਆਰਥਿਕ, ਸਭਿਆਚਾਰ ਦੇ ਸ਼ੋਸ਼ਣ ਸੰਬੰਧੀ ਖਾਮੋਸ਼ ਰਹੇ। ਜਿਸ ਕਰਕੇ ਬਹੁਜਨ ਉਨ੍ਹਾਂ ਨਾਲ ਜੁੜ ਨਹੀਂ ਸਕੇ ਤੇ ਲਹਿਰ ਖਿੰਡ ਗਈ। ਕਾਂਚਾ ਨੇ ਦਲਿਤਾਂ ਦੀ ਰਾਜਨੀਤਿਕ ਸ਼ਕਤੀ ਨੂੰ ਪੂਰੀ ਤਰ੍ਹਾਂ ਸਮਝਣ ਦਾ ਵੀ ਅਜੰਡਾ ਦਿੱਤਾ। ਨਾਲ ਹੀ ਇਹ ਹੋਰ ਕਾਰਜ ਦਾ ਜ਼ਿਕਰ ਕੀਤਾ ਕਿ ਵੱਡੀ ਗਿਣਤੀ ਵਿਚ ਮੰਦਰ ਜਨਤਕ ਸਿੱਖਿਆ ਕੇਂਦਰਾਂ ਵਿਚ ਬਦਲ ਦੇਣੇ ਚਾਹੀਦੇ ਹਨ। ਪੁਸਤਕ ਦੀ ਅਹਿਮੀਅਤ ਇਸ ਗੱਲ ਵਿਚ ਹੈ ਕਿ ਕਾਂਚਾ ਖੋਜ ਪੂਰਨ ਤਰੀਕੇ ਨਾਲ ਹਿੰਦੂ ਸਮਾਜ 'ਚ ਹਾਸ਼ੀਏ ਤੇ ਪਈ ਇਕ ਵਿਸ਼ਾਲ ਵਸੋਂ ਦੀ ਰੋਜ਼ਾਨਾ ਜ਼ਿੰਦਗੀ ਅਤੇ ਉਹਨਾਂ ਸਾਰੇ ਪੱਖਾ ਨੂੰ ਪ੍ਰਗਟ ਕਰਦੀ ਹੈ। ਇਸ ਪੁਸਤਕ ਤੋਂ ਦਲਿਤ ਸਭਿਆਚਾਰ ਦਾ ਪਤਾ ਲੱਗਦਾ ਹੈ।

### ਆਜ਼ਾਦੀ ਦੇ ਤਰਾਨੇ (ਨਾਟਕ)
### ਨਾਟਕਕਾਰ : ਚਰਨਦਾਸ ਸਿੱਧੂ
### ਮੁੱਲ : 150 ਰੁਪਏ, ਪੰਨੇ : 72
### ਪ੍ਰਕਾਸ਼ਕ : ਸ਼ਿਲਾਲੇਖ, ਸ਼ਾਹਦਰਾ, ਦਿੱਲੀ




ਪ੍ਰਸਿੱਧ ਨਾਟਕਕਾਰ ਤੇ ਭਾਰਤੀ ਸਾਹਿਤ ਅਕੈਡਮੀ ਦਿੱਲੀ ਵੱਲੋਂ ਐਵਾਰਡ ਪ੍ਰਾਪਤ ਚਰਨਦਾਸ ਸਿੱਧੂ ਦਾ ਇਹ ਨਾਟਕ ਰੌਸ਼ਨੀ, ਅਵਾਜ਼, ਤਸਵੀਰਾਂ ਤੇ ਵੀਡਿਓ ਫਿਲਮ ਉਤੇ ਆਧਾਰਿਤ ਨਾਚ ਨਾਟਕ ਹੈ। ਇਹ ਨਾਟਕ ਅਜਾਦੀ ਦੀ ਪੰਜਾਹਵੀਂ ਵਰ੍ਹੇ ਗੰਢ ਦੇ ਜਸ਼ਨਾ ਵਾਸਤੇ ਤਿਆਰ ਕੀਤਾ ਸੀ।

ਨਾਚ ਨਾਟਕ 'ਚ 39 ਦੇ ਕਰਬ ਤਰਾਨੇ ਹਨ। ਸਿੱਧੂ ਬਾਬਾ ਬੰਤੂ, ਅੰਬੀਆਂ ਨੂੰ ਤਰਸੇਂਗੀ, ਮਸਤ ਮੇਘੋਵਾਲੀਆ, ਭਾਈਆ ਹਾਕਮ ਸਿਹੁੰ, ਜੀਤਾ ਫਾਹੇ ਲੱਗਣਾ, ਮੰਗੂ ਤੇ ਬਿੱਕਰ, ਚੰਨੋ ਬਾਜ਼ੀਗਰਨੀ ਵਰਗੇ ਚਰਚਿਤ ਨਾਟਕ ਲਿਖ ਕੇ ਆਪਣੀ ਪਛਾਣ ਬਣਾ ਚੁੱਕਾ ਹੈ। ਇਸ ਨਾਟਕ 'ਚ 1875 ਦੇ ਯੋਧੇ ਸਤਿਗੁਰ ਰਾਮ ਸਿੰਘ ਤੇ ਕੂਕਾ ਫੌਜ, ਪਗੜੀ ਸੰਭਾਲ ਜੱਟਾ ਅੰਦੋਲਨ, ਗਦਰੀ ਬਾਬੇ, ਜਿਲਿਆ ਵਾਲੇ ਬਾਗ਼ ਦਾ ਦ੍ਰਿਸ਼, ਗੁਰਦੁਆਰਿਆਂ ਦੀ ਆਜ਼ਾਦੀ ਲਈ ਘੋਲ, ਦੁਆਬੇ ਦੇ ਬੱਬਰ ਅਕਾਲੀਆਂ ਦਾ ਜੋਸ਼, ਭਗਤ ਸਿੰਘ ਤੇ ਉਸ ਦੇ ਸਾਥੀਆਂ ਦੀਆਂ ਅੰਗਰੇਜ਼ਾਂ ਦੇ ਖ਼ਿਲਾਫ਼ ਨਿੱਤ ਦੀਆਂ ਨੀਤੀਆਂ, ਅਧਿਆਪਕਾਂ ਦਾ ਲੜਾਈ ਵਿਚ ਯੋਗਦਾਨ, ਸਾਈਮਨ ਕਮਿਸ਼ਨ ਤੇ ਲਾਲਾ ਲਾਜਪਤ ਰਾਏ ਦਾ ਸੰਘਰਸ਼, ਜਵਾਹਰ ਲਾਲ ਨਹਿਰੂ ਦਾ ਪੂਰਨ ਸਵਰਾਜ, ਗਾਂਧੀ ਦੀ ਡਾਂਡੀ ਮਾਰਚ, ਕਵੀਆਂ ਦਾ ਯੋਗਦਾਨ, ਸੁਭਾਸ਼ ਚੰਦਰ ਬੋਸ ਤੇ ਆਜ਼ਾਦ ਹਿੰਦ ਫੌਜ਼ ਦਾ ਸੰਘਰਸ, 15 ਅਗਸਤ ਤੇ 1947 ਦੇ ਦ੍ਰਿਸ਼, ਨਾਚ ਨਾਟਕ ਦੀ ਜਿੰਦ-ਜਾਨ ਹਨ। ਨਾਟਕ 'ਚ ਦੋ ਪਾਤਰ ਜਿਨਾਂ ਨੂੰ ਸੂਤਰਧਾਰ ਕਿਹਾ ਜਾਂਦਾ ਹੈ। ਇਤਿਹਾਸਕਾਰ-1 ਅਤੇ ਇਤਿਹਾਸਕਾਰ-2 ਪਾਤਰਾਂ ਹਨ। ਇਨ੍ਹਾਂ ਰਾਹੀ ਨਾਟਕ ਅੱਗੇ ਤੁਰਦਾ ਹੈ। ਇਹ ਪਾਤਰ ਆਜ਼ਾਦੀ ਸੰਬੰਧੀ ਇਤਿਹਾਸਕ ਗੱਲਾਂ ਕਰਦੇ ਹਨ ਤੇ ਵਿਚ ਵਿਚ ਗੀਤ ਚੱਲਦੇ ਹਨ। ਖੁੱਲ੍ਹੇ ਮੰਚ ਤੇ ਇਹ ਨਾਚ ਨਾਟਕ ਬਹੁਤ ਪ੍ਰਭਾਵ ਪਾਉਂਦੇ ਹਨ। ਇਹ ਨਾਟਕ ਖਾਸ ਮਕਸਦ ਲਈ ਲਿਖਿਆ ਜਾ ਲਿਖਵਾਇਆ ਗਿਆ ਹੈ। ਜਿਸ ਕਰਕੇ ਸਿੱਧੂ ਦਾ ਅਸਲੀ ਨਾਟਕਕਾਰ ਦਾ ਬਿੰਬ ਉਭਰ ਦੇ ਸਾਹਮਣੇ ਨਹੀਂ ਆਉਂਦਾ।



### ਨਾਟਕਕਾਰ ਚਰਨਦਾਸ ਸਿੱਧੂ ਲਫ਼ਜ਼ੀ ਤਸਵੀਰਾਂ
### ਸੰਪਾਦਕ : ਰਵੀ ਤਨੇਜਾ
### ਮੁੱਲ : 200 ਰੁਪਏ, ਪੰਨੇ : 136
### ਪ੍ਰਕਾਸ਼ਕ : ਬਿਸ਼ਨ ਚੰਦ ਐਂਡ ਸਨਜ਼, ਦਿੱਲੀ




ਰੰਗ ਮੰਚ ਤੇ ਡਰਾਮੇ ਨਾਲ ਕਾਫੀ ਦੇਰ ਤੋਂ ਜੁੜੇ ਹੋਏ ਅਤੇ ਪ੍ਰਸਿੱਧ ਨਿਰਦੇਸ਼ਕ ਤੇ ਅਦਾਕਾਰ ਰਵੀ ਤਨੇਜਾ ਨੇ ਪ੍ਰਸਿੱਧ ਨਾਟਕਕਾਰ ਚਰਨਦਾਸ ਸਿੱਧੂ ਦੀ ਨਾਟਕੀ ਪ੍ਰਾਪਤੀ ਨੂੰ ਪੇਸ਼ ਕਰਦੀ ਇਹ ਕਿਤਾਬ ਤਿਆਰ ਕੀਤੀ ਹੈ। ਇਹ ਸਿੱਧੂ ਨੂੰ ਸਮਝਣ ਤੇ ਉਹਦੇ ਨਾਟਕੀ ਸਫ਼ਰ ਦੀ ਨਿੱਠ ਕੇ ਗੱਲ ਕਰਦੀ ਹੈ। ਕਿਤਾਬ ਵਿਚ ਢੁਕਵੀਂ ਸਪੇਟ ਤੇ ਦਿੱਤੀਆਂ ਤਸਵੀਰਾਂ ਸਿੱਧੂ ਦੇ ਰੰਗਮੰਚ ਨਾਲ ਨੇਤੜਾ ਦਾ ਦਰਸ਼ਨ ਕਰਵਾਉਂਦੇ ਹਨ। ਆਰੰਭ ਵਿਚ ਚਰਨ ਦਾਸ ਸਿੱਧੂ ਦਾ ਸੁਖੀ ਜੀਵਨ ਸੰਬੰਧੀ ਲੇਖ ਦਾਰਸ਼ਨਿਕ ਪਹਿਲੂ ਵਾਲਾ ਹੈ। ਜਗਦੀਸ਼ ਕੌਸ਼ਲ ਨੇ ਚਰਨ ਦਾਸ ਸਿੱਧੂ ਦੀ ਨਾਟਕ ਕਲਾ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਹੈ। ਜਿਸ ਵਿਚ ਉਸ ਨੇ ਥੁੜੇ ਟੁੱਟੇ ਤੇ ਅਣਗੌਲ੍ਹੇ ਲੋਕਾਂ ਦਾ ਨਾਟਕਕਾਰ ਨਾਟਕੀ ਹਵਾਲਿਆਂ ਨਾਲ ਸਿੱਧ ਕੀਤਾ ਹੈ। ਦਰਅਸਲ ਸਿੱਧੂ ਨੇ ਪਹਿਲੀ ਵਾਰ ਦਲਿਤ ਲੋਕਾਂ ਨੂੰ ਨਾਟਕ ਰਾਹੀ ਸਟੇਜ ਤੇ ਲੈ ਕੇ ਆਂਦਾ। ਸ਼ਰਤ ਸ਼ਰਮਾ, ਕੁਲਵਿੰਦਰ ਕੁਲਾਰ, ਦੀਵਾਨ ਸਿੰਘ, ਗਾਇਤਰੀ ਸਿਨਹਾ, ਬਲਵਿੰਦਰ ਸੋਢੀ, ਰਾਜ ਧੀਰ, ਜੂਹੀ ਸ਼ਾਹ ਆਦਿ ਪੱਤਰਕਾਰਾਂ ਨੇ ਸਿੱਧੂ ਨੂੰ ਇਕ ਨਾਟਕਕਾਰ ਦੇ ਤੌਰ ਤੇ ਪਰਖਿਆ ਹੈ। ਉਨ੍ਹਾਂ ਉਪਰੀ ਧਰਾਤਲ ਤੇ ਸਿੱਧੂ ਦੇ ਪੜਚੋਲ ਕੀਤੀ ਹੈ। ਰਾਜ ਕੁਮਾਰ ਸਾਹਨੀ, ਆਤਮ ਹਮਰਾਹੀ, ਸਤੀਸ਼ ਭੱਲਾ, ਗੁਰਮੁੱਖ ਸਿੰਘ, ਸੁਸ਼ੀਲ ਛੋਕਰ ਆਦਿ ਨੇ ਚਰਨਦਾਸ ਸਿੱਧੂ ਦੇ ਕਾਵਿ ਰੇਖਾ ਚਿੱਤਰ ਲਿਖੇ ਹਨ। ਜਿਸ ਵਿਚ ਉਨ੍ਹਾਂ ਨੂੰ ਨਾਟਕਰਾਰ ਦੇ ਤੌਰ ਤੇ ਉਭਾਰਿਆ ਹੈ। ਡਾ. ਅਜੀਤ ਸਿੰਘ ਵੱਲੋ ਕੀਤੀ ਸਿੱਧੂ ਦੀ ਮੁਲਾਕਾਤ ਪ੍ਰਕਾਸ਼ਤ ਕੀਤੀ ਹੈ। ਪ੍ਰੋ. ਸਵਰਨ ਸਿੰਘ ਨੇ ਚਰਨਦਾਸ ਨੂੰ ਪੰਜਾਬ ਦੇ ਸਭਿਆਚਾਰ ਵਿਰਾਸਤ ਦਾ ਡੇਰੇਦਾਰ ਕਿਹਾ ਹੈ। ਉਸ ਨੇ ਸਭਿਆਚਾਰਕ ਤੱਤਾਂ ਨੂੰ ਉਨ੍ਹਾਂ ਦੇ ਨਾਟਕਾਂ ਵਿਚ ਲੱਭਿਆ ਹੈ।

ਡਾ. ਰਵੇਲ ਸਿੰਘ ਨੇ ਸਿੱਧੂ ਨੂੰ ਪੰਜਾਬ ਦਾ ਘੁਮੱਕੜ ਨਾਟਕਕਾਰ ਕਿਹਾ। ਡਾ. ਕੁਲਦੀਪ ਸਿੰਘ ਧੀਰ ਦਾ ਲੇਖ ਇਸ ਪੁਸਤਕ ਦੀ ਪ੍ਰਾਪਤੀ ਹੈ। ਇਸ ਲੇਖ ਵਿਚ ਧੀਰ ਹੁਰਾਂ ਨੇ ਸਿੱਧੂ ਦੀ ਨਾਟਕ ਕਲਾ, ਸ਼ੈਲੀ, ਵਿਸ਼ਾ ਪੱਖ, ਤੋਂ ਪਾਤਰਾਂ ਦਾ ਮਨੋਵਿਗਿਆਨਿਕ ਵਿਸ਼ਲੇਸ਼ਣ ਕੀਤਾ ਹੈ। ਪੁਸਤਕ ਵਿਚ ਛਪੀਆਂ ਤਸਵੀਰਾਂ ਸਿੱਧੂ ਨੂੰ ਇਕ ਕਲਾਕਾਰ ਵਜੋਂ ਵੀ ਉਭਾਰਦੀਆਂ ਹਨ।

ਸਿੱਧੂ ਹੋਰਾਂ ਦੀ ਦੋਹਤੀ ਦਾ ਲਿਖਿਆ ਲੇਖ 'ਚਰਨ ਦਾਸ ਸਿੱਧੂ ਦੀ ਜੀਵਨੀ' ਕਾਫੀ ਰੌਚਿਕ ਹੈ। ਉਸ ਨੇ ਕੁਝ ਚਿੱਤਰ ਵੀ ਤਿਆਰ ਕੀਤੇ ਹਨ। ਉਸ ਨੇ ਸਿੱਧੂ ਬਾਰੇ ਇਕ ਕਿਤਾਬ ਵੀ ਅੰਗਰੇਜ਼ੀ ਵਿਚ ਲਿਖੀ ਹੈ। ਸਿੱਧੂ ਦੇ ਜੀਵਨ ਬਾਰੇ ਕਾਫੀ ਦਿਲਚਸਪ ਗੱਲਾਂ ਕੀਤੀਆਂ ਹਨ। 35 ਵਰਿਆਂ ਤੋਂ ਨਾਟਕ ਨਾਲ ਜੁੜੇ ਚਰਨ ਦਾਸ ਸਿੱਧੂ ਬਾਰੇ ਇਹ ਬਹੁਤ ਮੁੱਲਵਾਨ ਪੁਸਤਕ ਹੈ।

### ਪੰਜਾਬੀ ਕਹਾਣੀ ਵਿਚਾਰ ਤੇ ਵਿਸਥਾਰ (ਆਲੋਚਨਾ)
### ਸੰਪਾਦਕ : ਡਾ. ਜਸਵਿੰਦਰ ਕੌਰ ਬਿੰਦਰਾ
### ਪ੍ਰਕਾਸ਼ਕ : ਸੁੰਦਰ ਬੁੱਕ ਡਿਪੋ, ਜਲੰਧਰ


ਡਾ. ਜਸਵਿੰਦਰ ਕੌਰ ਬਿੰਦਰਾ ਪੰਜਾਬੀ ਕਹਾਣੀ ਦੀ ਪ੍ਰਸਿੱਧ ਆਲੋਚਕ ਹੈ। ਉਹ ਕਾਫੀ ਦੇਰ ਤੋਂ ਸਮਕਾਲੀ ਪੰਜਾਬੀ ਕਹਾਣੀ ਨਾਲ ਜੁੜੀ ਹੋਈ ਹੈ। ਉਸ ਨੇ ਮਨੋਵਿਗਿਆਨ ਰਾਹੀ ਪੰਜਾਬੀ ਕਹਾਣੀ ਦਾ ਵਿਸ਼ਲੇਸ਼ਣ ਕੀਤਾ ਹੈ। ਇਸ ਪੁਸਤਕ ਵਿਚ ਕਹਾਣੀ ਨਾਲ ਸੰਬੰਧਤ ਵੱਖ ਵੱਖ ਆਲੋਚਕਾਂ ਦੇ ਲੇਖ ਹਨ, ਜਿਨ੍ਹਾਂ ਨੇ ਆਪਣੀ ਆਪਣੀ ਦ੍ਰਿਸ਼ਟੀ ਤੋਂ ਕਹਾਣੀਆਂ ਦਾ ਵਿਸ਼ਲੇਸ਼ਣ ਕੀਤਾ ਹੈ।

ਡਾ. ਗੁਰਲਾਲ ਸਿੰਘ, ਜਗਜੀਤ ਬਰਾੜ, ਸਵਰਨ ਚੰਦਨ ਤੇ ਧੰਨਵੰਤ ਕੌਰ ਦੇ ਲੇਖ ਵਿਚਾਰਧਾਰਕ ਸਮਝ ਵਾਲੇ ਹਨ। ਜਿਨ੍ਹਾਂ 'ਚ ਇਹ ਗੱਲ ਉਭਰਦੀ ਹੈ ਕਿ ਕਹਾਣੀ ਵਿਚ ਕਿਹੜੇ ਕਿਹੜੇ ਤੱਤ, ਸ਼ੈਲੀ, ਅੰਤ ਦਾ ਸਥਿਤੀ ਤੇ ਜੁਗਤਾਂ ਦੀ ਪੱਧਤੀ ਕਿਹੋ ਜਿਹੀ ਆ ਰਹੀ ਹੈ। ਗਲੋਬਲੀ ਪਸਾਰਾ ਤੇ ਵਿਸ਼ਵੀਕਰਨ ਵਿਸ਼ਿਆ 'ਤੇ ਜਿਨ੍ਹਾਂ ਕਹਾਣੀਕਾਰਾਂ ਨੇ ਆਪਣੀਆਂ ਕਹਾਣੀਆਂ ਲਿਖੀਆਂ ਜਾਂ ਇਹ ਪਸਾਰ ਜਿਨ੍ਹਾਂ ਕਹਾਣੀਆਂ ਵਿਚ ਆਏ ਉਨ੍ਹਾਂ ਦਾ ਵਿਸ਼ਲੇਸ਼ਣ ਬੜੇ ਤਰਕ ਅਤੇ ਵਿਭਿੰਨ ਦ੍ਰਿਸ਼ਟੀਆਂ ਅਧੀਨ ਡਾ. ਬਲਦੇਵ ਧਾਲੀਵਾਲ ਤੇ ਡਾ. ਬਲਕਾਰ ਸਿੰਘ ਨੇ ਕੀਤਾ ਹੈ। ਇਸਤਰੀ ਕਹਾਣੀਕਾਰ ਆਪਣੀਆਂ ਕਹਾਣੀਆਂ ਵਿਚ ਕਿਹੋ ਜਿਹੇ ਨਾਰੀ ਪਾਤਰ ਲੈ ਕੇ ਆ ਰਹੀਆਂ ਹਨ ਅਤੇ ਉਹ ਪਿਛਲੇਰੀ ਕਹਾਣੀ ਤੋਂ ਕਿਵੇਂ ਭਿੰਨ ਹਨ। ਉਨ੍ਹਾਂ ਇਸਤਰੀਆਂ ਦੀ ਨਵੇਂ ਦੌਰ 'ਚ ਕਿਹੋ ਜਿਹੀ ਸੋਚ ਹੈ ਅਤੇ 'ਨਾਰੀ ਖੁੱਲ੍ਹਾਂ' ਨੂੰ ਕਿਵੇਂ ਦੇਖ ਰਹੀ ਹੈ ਇਨ੍ਹਾਂ ਦੀ ਪੜਚੋਲ ਜਸਵਿੰਦਰ ਬਿੰਦਰ ਨੇ ਆਪਣੇ ਪੇਪਰ ਵਿਚ ਕੀਤੀ ਹੈ। 1980 ਤੋਂ ਬਾਅਦ ਦੀ ਨਵੀਂ ਕਹਾਣੀ ਕਿਨ੍ਹਾਂ ਮੂਲ ਸਰੋਕਾਰਾਂ ਕਰਕੇ ਪਿਛਲੀ ਕਹਾਣੀ ਤੋਂ ਵਿਲੱਖਣ ਸੀ ਇਸ ਨੂੰ ਡਾ. ਬਲਵੰਤ ਸਿੰਘ ਸੰਧੂ ਨੇ ਆਪਣੇ ਪੇਪਰ 'ਚ ਉਭਾਰਿਆ ਹੈ 'ਡੈੱਡ ਲਾਈਨ' ਬਾਰੇ ਡਾ. ਦਲਜੀਤ ਸਿੰਘ ਨੇ, 'ਖੱਬਲ' ਬਾਰੇ ਡਾ. ਮਹਿਲ ਸਿੰਘ ਨੇ, 'ਦੋ ਟਾਪੂ' ਬਾਰੇ ਗੁਰਪਾਲ ਸੰਧੂ ਨੇ, 'ਕਬੂਤਰ' ਬਾਰੇ ਡਾ. ਬਿੰਦਰਾ ਨੇ, 'ਕਤਲ' ਬਾਰੇ ਡਾ. ਰਵਿੰਦਰ ਰਵੀ ਨੇ, 'ਵਿਚਲੀ ਔਰਤ' ਬਾਰੇ ਗੁਰਪਾਲ ਸੰਧੂ ਆਦਿ ਕਹਾਣੀਆਂ ਦੇ ਵਿਸ਼ਲੇਸ਼ਣ ਕੀਤੇ ਹਨ। ਇਹ ਵਿਸ਼ਲੇਸ਼ਣ ਇਨ੍ਹਾਂ ਚਿੰਤਕਾਂ ਨੇ ਭਿੰਨ ਭਿੰਨ ਦ੍ਰਿਸ਼ਟੀਆਂ ਰਾਹੀ ਕੀਤੇ ਹਨ। ਸਮਕਾਲੀ ਸਮਾਜਿਕ, ਆਰਥਿਕ, ਸਭਿਆਚਾਰਕ ਸਥਿਤੀ ਦੇ ਪ੍ਰਸੰਗ 'ਚ ਇਨ੍ਹਾਂ ਕਹਾਣੀਆਂ ਦੇ ਪਾਤਰਾਂ ਦੀਆਂ ਦੱਬੀਆਂ ਜਾਂ ਅਣਕਹੀਆਂ ਗੱਲਾਂ ਨੂੰ ਸਾਡੇ ਸਨਮੁੱਖ ਰੱਖਿਆ ਹੈ।




ਪੁਸਤਕ ਤਿਆਰ ਕਰਨ ਵਿਚ ਕਹਾਣੀਕਾਰ ਜਿੰਦਰ ਦਾ ਅਹਿਮ ਯੋਗਦਾਨ ਹੈ। ਕਿਉਂਕਿ ਉਸ ਨੇ ਇਹ ਲੇਖ ਆਪਣੀ ਪਸੰਦ ਦੇ ਅਧਾਰ ਤੇ ਉਚੇਚਾ ਯਤਨ ਕਰਕੇ ਇਧਰੋ ਉਧਰੋ ਇਕੱਠੇ ਕੀਤੇ ਹਨ।

**ਪਾਕਿਸਤਾਨੀ ਕਹਾਣੀ**
**ਅਨੁ. : ਰਾਬਿੰਦਰ ਸਿੰਘ ਬਾਠ**
**ਮੁੱਲ : 140 ਰੁਪਏ, ਪੰਨੇ : 128**
**ਪ੍ਰਕਾਸ਼ਨ: ਚੇਤਨਾ ਪ੍ਰਕਾਸ਼ਨ, ਲੁਧਿਆਣਾ**




ਇਸ ਪੁਸਤਕ ਰਾਹੀ ਪਾਕਿਸਤਾਨੀ ਕਹਾਣੀ ਦੀ ਨਿੱਗਰ ਝਲਕ ਮਿਲਦੀ ਹੈ। ਪੁਸਤਕ 'ਚ 10 ਪ੍ਰਤੀਨਿਧ ਕਹਾਣੀਆਂ ਸਾਮਿਲ ਕੀਤੀਆਂ ਗਈਆਂ ਹਨ। ਇਹ ਪਾਕਿਸਤਾਨ ਦੀ ਉਰਦੂ ਕਹਾਣੀ ਹੈ। ਇਹ ਪਿਛਲੇ 50 ਸਾਲਾਂ ਦੀ ਪਾਕਿ ਕਹਾਣੀ ਦੀ ਪ੍ਰਤੀਨਿਧਤਾ ਕਰਦੀਆਂ ਕਹਾਣੀਆਂ ਹਨ। ਇਨ੍ਹਾਂ ਪੰਜਾਹ ਸਾਲਾਂ 'ਚ ਮੁਸਲਿਮ ਜਿੰਦਗੀ, ਉਨ੍ਹਾਂ ਦੀਆਂ ਮੁਸ਼ਕਲਾਂ, ਸਭਿਆਚਾਰਕ ਤਣਾਓ, ਗੁਰਬਤ, ਪਾਰਿਵਾਰਕ ਟੁੱਟ ਭੱਜ ਅਤੇ ਕਿਸ ਤਰ੍ਹਾਂ ਮੁਸਲਿਮ ਸਮਾਜ ਬਦਲ ਰਿਹਾ ਹੈ। ਇਨ੍ਹਾਂ ਕਹਾਣੀਆਂ ਰਾਹੀ ਪੇਸ਼ ਹੋਇਆ ਹੈ।

ਆਗਾ ਬਾਬਰ ਦੀ ਕਹਾਣੀ 'ਚਿੱਠੀ ਰਸੈਣ ਗੁਲਾਬਦੀਨ' ਵੇਸ਼ਵਾ ਬਿਰਤੀ ਦੀਆਂ ਅੰਦਰਲੀਆਂ ਪਰਤਾ ਨੂੰ ਬਖੂਬੀ ਪੇਸ਼ ਕਰਦੀ ਹੈ। 'ਹੀਰਾ ਮੰਡੀ' 'ਚ ਜਦੋਂ ਚਿੱਠੀ ਰਸੈਣ ਗੁਲਾਬਦੀਨ ਦੀ ਬਦਲੀ ਹੋ ਜਾਂਦੀ ਹੈ ਤਾਂ ਉਹ ਉਥੇ ਕਿਹੋ ਜਿਹੇ ਖ਼ਤ ਵੰਡੇਗਾ, ਮਨੋ-ਚੇਤਨਾ 'ਚ ਇਹ ਗੱਲਾਂ ਆਉਣ ਤੇ ਗੁਲਾਬਦੀਨ ਦੀ ਮਾਨਸਿਕਤਾ ਖਿੰਡਣ ਲੱਗਦੀ ਹੈ। ਨਸੀਮ ਅਹਿਮਦ ਖਰਲ ਦੀ ਕਹਾਣੀ 'ਚੌਂਤੀਵਾਂ ਦਰਵਾਜ਼ਾ' ਵਿਚ



ਪਾਤਰ ਲਵਾਰਸ਼ ਲਾਸ਼ ਦੇਖ ਕੇ ਕਿਵੇਂ ਵਰਤਾਓ ਕਰਦਾ ਹੈ। ਜਦੋਂ ਲਾਸ਼ ਦੀ ਰੀਪੋਰਟ ਕੋਈ ਵੀ ਦਰਜ ਨਹੀਂ ਕਰਦਾ ਤੇ ਉਹ ਲਾਸ਼ ਪਾਣੀ 'ਚ ਵਹਾ ਦਿੰਦਾ ਹੈ। ਆਮ ਆਦਮੀ ਦੇ ਲਵਾਰਸ਼ ਹੋਣ ਦੇ ਪ੍ਰਤੀਕ ਨੂੰ ਬਾ-ਖੂਬੀ ਪੇਸ਼ ਕਰਦਾ ਹੈ।

'ਜੁੱਤੀ' ਕਹਾਣੀ ਪਾਕਿਸਤਾਨ ਦੇ ਸਭਿਆਚਾਰਕ ਸੰਕਟ ਨੂੰ ਉਭਾਰਦੀ ਹੈ। ਪਾਕਿ ਦਾ ਜਗੀਰਦਾਰੀ ਸਮਾਜ ਭਾਵੇਂ ਟੁੱਟ ਰਿਹਾ ਹੈ। ਕਹਾਣੀ ਕਰਮੂ ਮਰਾਸੀ ਦੁਆਲੇ ਘੁੰਮਦੀ ਹੈ। ਜੋ ਬੱਚਿਆਂ ਨੂੰ ਪੜਾਉਂਦਾ ਹੈ ਤਾਂ ਜੋ ਖਾਨਦਾਨੀ ਕੰਮ ਛੱਡ ਕੇ ਸ਼ਹਿਰ ਨੌਕਰੀਆਂ ਕਰਨ ਜਾਂਦਾ ਹੈ। ਪਰ ਉੱਚ ਵਰਗ ਨੂੰ ਇਹ ਪਸੰਦ ਨਹੀਂ। ਜਦੋਂ ਚੌਧਰੀ ਆਪਣੀ ਸ਼ਾਨ ਲਈ ਮਰਾਸੀ ਕੋਲੋਂ ਕੰਬਲ ਖਰੀਦਾ ਦਾ ਹੈ ਤੇ ਕਹਿੰਦਾ ਹੈ 'ਮੈਂ ਦੋ ਟਕੇ ਦੇ ਮਰਾਸੀ ਨੂੰ ਢਾਈ ਤਿੰਨ ਸੌ ਦਾ ਕੰਬਲ ਲੈ ਕੇ ਫਿਰਦੇ ਨੂੰ ਨਹੀਂ ਵੇਖ ਸਕਦਾ।' ਜਾਤੀ ਅਵਚੇਤਨ ਨੂੰ ਕਹਾਣੀ ਚੰਗੇ ਤਰੀਕੇ ਨਾਲ ਪੇਸ਼ ਕਰਦੀ ਹੈ। ਇਬਰਾਹੀਮ ਜਲੀਸ 'ਜਾਨਵਰ' ਕਹਾਣੀ ਰਾਹੀ ਮੌਲਵੀ ਫ਼ਤਾ ਅਲੀ ਦੀ ਪਤਨੀ ਭੋਗਣ ਦੀ ਮਨੋ ਗੁੰਝਲ ਨੂੰ ਖੋਹਲਦਾ ਹੈ। ਮੌਲਵੀ ਜਿਸ ਔਰਤ ਨਾਲ ਬਾਗ ਵਿਚ ਫੜਿਆ ਜਾਂਦਾ ਹੈ ਉਹ ਔਰਤ ਉਹਦੀ ਪਤਨੀ ਹੁੰਦੀ ਹੈ।


ਮੁਹੰਮਦ ਸਾਇਦ ਅਖ਼ਤਰ ਦੀ ਕਹਾਣੀ ਸਿਆਸੀ ਸਿਸਟਮ ਹੱਥੋਂ ਤੰਗ ਦੋ ਪੜ੍ਹੇ ਲਿਖੇ ਵਿਅਕਤੀਆਂ ਦੀ ਕਹਾਣੀ ਹੈ। ਖ਼ਾਲਦ ਅਸ.ਗਰ ਆਪਣੀ ਕਹਾਣੀ 'ਸ਼ਹਿਰ ਪਨਾਹ' ਮਨੁੱਖੀ ਪਛਾਣ ਦਾ ਮਸਲਾ ਉਭਾਰਦੀ ਹੈ। ਸੰਵੇਦਨਹੀਣ ਰਿਸ਼ਤੇ ਕਿਵੇਂ ਬੰਦੇ ਨੂੰ ਆਪਸ 'ਚ ਤੋੜਦੇ ਹਨ ਕਹਾਣੀ ਰਾਹੀ ਉਭਰਦੇ ਹਨ। ਇੰਤਜ਼ਾਰ ਹੁਸੈਨ ਦੀ 'ਦਾਇਰੇ' ਕਹਾਣੀ ਸੁਪਨਿਆਂ ਨੂੰ ਹਾਸਲ ਕਰਨ ਦੀ ਪਾਤਰ ਦੀ ਤੀਬਰਤਾ ਪੇਸ਼ ਕਰਦੀ ਹੈ।

ਸਾਯਰਾ ਹਾਸ਼ਮੀ ਨੇ ਕਬਾਇਲੀ ਸਮਾਜ ਨੂੰ ਆਪਣੀ ਕਹਾਣੀ ਵਿਚ ਲੈ ਕੇ ਆਂਦਾ ਹੈ। ਕਹਾਣੀ 'ਤੇ ਉਹ ਕਾਲੀ ਹੋ ਗਈ' ਇਸ ਸਮਾਜ ਦੀ ਟੁੱਟ ਭੱਜ ਨੂੰ ਬਖੂਬੀ ਪੇਸ਼ ਕਰਦੀ ਹੈ। ਕਹਾਣੀ ਮਨੁੱਖੀ ਜੀਵਨ ਦੀ ਤਬਾਹੀ ਨੂੰ ਪੇਸ਼ ਹੋਈ ਹੈ। ਇਸ ਤਬਾਹੀ ਦਾ ਧੁਰਾ ਔਰਤ ਹੈ। ਔਰਤ ਦੀ ਦੁਖਾਂਤਕ ਸਥਿਤੀ ਕਹਾਣੀ ਵਿਚ ਪੇਸ਼ ਕਰਦੀ ਹੈ। ਜਾਹਿਦ ਹਿਨਾ ਨੇ ਤਸਲੀਮਾ ਨਸਰੀਨ ਦੇ ਜੀਵਨ ਤੋਂ ਪ੍ਰਭਾਵਿਤ ਹੋ ਕੇ ਲਿਖੀ ਕਹਾਣੀ 'ਪਾਣੀਆਂ ਤੇ ਵਹਿੰਦੀ ਪਨਾਹ' ਧਾਰਮਿਕ ਜਨੂੰਨ ਨਾਲ ਲੜਾਈ ਉਸ ਸਮਾਜ ਵਿਚ ਵਿਚ ਰਹਿ ਕੇ ਲੜੀ ਜਾ ਸਕਦੀ ਹੈ। ਹਸ਼ਨ ਮੰਜਰ ਨੇ 'ਕਾਨਾ ਦੇਵੀ ਦਾ ਘਰਾਣਾ' ਵਿਚ ਬੜਾ ਸੰਵੇਦਨਸ਼ੀਲ ਵਿਸ਼ਾ ਲਿਆ ਹੈ। ਜਦੋਂ ਲੋਕੀ ਬਹੁ-ਸੰਖਿਅਕ ਤੋਂ ਅਲਪ ਸੰਖਿਅਕ ਬਣ ਜਾਂਦੇ ਹਨ। ਦਮਯੰਤੀ ਭਾਰਤ ਤੋਂ ਪਾਕਿਸਤਾਨ ਵਿਆਹੀ ਆਉਣ ਤੇ ਬਹੁ ਤੋਂ ਅਲਮ ਸੰਖਿਅਕ ਬਣ ਜਾਂਦੀ ਹੈ। ਉਹਨੂੰ ਆਪਣਾ ਧਰਮ ਇਥੇ ਦੇ ਲੋਕਾਂ ਵਿਚ ਦਮ ਤੋੜਦਾ ਲੱਗਦਾ ਹੈ। ਭਾਵੇਂ ਭਾਰਤ ਵਿਚ ਕੋਈ ਘਟਨਾ ਵਾਪਰਦੀ ਹੈ ਪਰ ਚਿੰਤਾ ਉਥੇ ਬੈਠੇ ਹਿੰਦੂ ਪਰਿਵਾਰਾਂ ਨੂੰ ਕਿਓਂ ਹੁੰਦੀ ਹੈ। ਬੜਾ ਸੰਵੇਦਸ਼ੀਲ ਪੱਖ ਕਹਾਣੀ ਵਿਚ ਉਭਰਦਾ ਹੈ। ਰਾਬਿੰਦਰ ਸਿੰਘ ਬਾਠ ਨੇ ਇਸ ਪੁਸਤਕ ਵਿਚ ਪ੍ਰਤੀਨਿਧ ਪਾਕਿਸਤਾਨੀ ਕਹਾਣੀ ਨੂੰ ਥਾਂ ਦਿੱਤੀ ਹੈ। ਵੱਖਰੇ ਧਰਾਤਲ ਤੇ ਵਿਚਰਦੇ ਪਾਤਰਾਂ ਨੂੰ ਸਾਰੇ ਕਹਾਣੀਕਾਰਾਂ ਨੇ ਫੜਿਆ ਹੈ।

**- ਭਗਵੰਤ ਰਸੂਲਪੁਰੀ**

**(ਉਪਰਲੀਆਂ ਸਾਰੀਆਂ ਕਿਤਾਬਾਂ ਦੇ ਰਿਵਿਊ ਭ. ਰਸੂਲਪੁਰੀ ਵੱਲੋਂ ਕੀਤੇ ਗਏ)**

**ਸੁਧੀਸ਼ ਪਚੌਰੀ ਨੇ ਕਿਹਾ ਸੀ (ਕਹਾਣੀਆਂ)**
**ਬਲਜੀਤ ਸਿੰਘ ਰੈਨਾ**
**ਮੁੱਲ:200 ਰੁਪਏ, ਪੰਨੇ: 166**
**ਪ੍ਰਕਾਸ਼ਕ : ਚੇਤਨ ਪ੍ਰਕਾਸ਼ਕ ਲੁਧਿਆਣਾ**





'ਸੁਧੀਸ਼ ਪਚੌਰੀ ਨੇ ਕਿਹਾ ਸੀ' ਬਲਜੀਤ ਸਿੰਘ ਰੈਨਾ ਦੀ ਹਥਲੀ ਪੁਸਤਕ ਦੀ ਪਹਿਲੀ ਤੇ ਮੁੱਖ ਕਹਾਣੀ ਹੈ। ਕਹਾਣੀ ਇਹ ਮੁੱਖ ਪਾਤਰ ਲਹਿਣਾ ਉਰਫ਼ ਲਾਇਨ ਦੇ ਚਰਿਤਰ ਪਰਿਵਾਰਤਨ ਤੇ ਉਸਰੀ ਹੈ। ਕਹਾਣੀ ਵਿਚ ਭਾਰਤੀ ਮੁੱਲਾਂ ਨੂੰ ਸਤਿਕਾਰਨ ਵਾਲੀ ਅਮੈਰੀਕਨ ਮੋਨਿਕਾ ਨਾਲ ਸਹਿਣਾ ਸਵਾਰਥ ਕਰਕੇ ਵਿਆਹ ਕਰਵਾਉਂਦਾ ਹੈ। ਉਸ ਦੇ ਮਨ ਵਿਚ ਪੱਕਾ ਹੋਣ ਦਾ ਤੇ ਨਾਗਰਿਕਤਾ ਲੈਣ ਦਾ ਸੁਆਰਥ

ਹੈ ਪਰ ਮੋਨਿਕਾ ਦੀ ਸੰਜੀਦਗੀ ਤੇ ਸੁਧੀਸ਼ ਪਚੌਰੀ ਦੇ ਚਿੰਤਨ ਦਾ ਗਿਆਨ ਉਸਦੇ ਚਰਿਤਰ ਨੂੰ ਬਦਲ ਦਿੰਦਾ ਹੈ 'ਕੋਈ ਵੀ ਸਭਿਆਚਾਰ ਵੈਲਿਯੂ ਸਿਸਟਮ ਦੇ ਖਤਮ ਹੋਣ ਨਾਲ ਜ਼ਿੰਦਾ ਨਹੀਂ ਰਹਿ ਸਕਦੀ। ਸੁਧੀਸ਼ ਪਚੌਰੀ ਦੇ ਚਿੰਤਨ ਦਾ ਨਿਚੋੜ ਕਹਾਣੀ 'ਚ ਚਰਿਤਰਨ ਪਰਿਵਾਰਤਨ ਮੁੱਖ ਰੋਲ ਅਦਾ ਕਰਦਾ ਹੈ। ਕਹਾਣੀ ਦੀ ਤਕਨੀਕ ਤੇ ਪ੍ਰਗਟਾਅ ਦੋਨਾਂ 'ਚ ਸਰਲਤਾ ਹੈ। ਸਮੁੰਦਰ ਸੁਨਾਮੀ ਤੇ ਸੋਫੀਆ ਵਿਆਹ ਬਾਹਰੇ ਸੰਬੰਧਾਂ ਤੇ ਪਸਰੀ ਸਸਪੈਂਸ ਬਣਾਉਂਦੀ ਦਿਲਚਸਪ ਤੇ ਸਰਲ ਸ਼ੈਲੀ 'ਚ ਲਿਖੀ ਕਹਾਣੀ ਹੈ। ਬਲਜੀਤ ਸਿੰਘ ਰੈਨਾ ਰਿਸ਼ਤਿਆਂ ਦੀ ਉੱਥਲ-ਪੁੱਥਲ ਵਿਖਾ ਕੇ ਅੰਤ ਵਿੱਚ ਯਕੀਨ ਮਰਿਆਦਾ ਅਨੁਸਾਰ ਭਾਰਤੀ ਪਤੀ-ਪਤਨੀ ਦੇ ਰਿਸ਼ਤੇ ਵਿੱਚ ਰਖਦਾ ਹੈ। ਇਹੀ ਪੈਟਰਨ ਉਹ ਆਪਣੀ ਕਹਾਣੀ ਗਲੋਬਲ ਪਿੰਡ ਦੇ ਵਾਸੀ ਵਿਚ ਕਾਇਮ ਰੱਖਦਾ ਹੈ। 'ਪੱਤਰ ਮਿੱਤਰ' ਕਹਾਣੀ ਆਧੁਨਿਕ ਯੁੱਗ ਵਿਚ ਪਤਨੀ ਵਲੋਂ ਪਤੀ ਨੂੰ ਦਿੱਤੀ ਦੋਸਤੀਆਂ ਦੀ ਛੂਟ ਦੀ ਕਹਾਣੀ ਹੈ। 'ਹੱਲਾ ਗਾੜੀ' ਕਹਾਣੀ ਕਾਲਜ ਵਿੱਚ ਪੜ੍ਹਦੇ ਇੱਕ ਮੁੰਡੇ ਵੱਲੋਂ ਵੇਸਵਾਵਾਂ ਤੇ ਲਿਖੇ ਜਾਣ ਵਾਲੇ ਲੇਖ ਤੇ ਇਸ ਲੇਖ ਦੇ ਚੱਕਰ ਵਿੱਚ ਵੇਸਵਾਵਾਂ ਦੇ ਬਜ਼ਾਰ ਵਿੱਚ ਪੁਲਿਸ ਵੱਲੋਂ ਫੜੇ ਜਾਣ ਤੇ ਛੁੱਟਣ ਦੀ ਕਹਾਣੀ ਹੈ। ਵੇਸਵਾ ਦੇ ਕਿਰਦਾਰ ਦਾ ਦਵੰਦ ਇਸ ਕਹਾਣੀ ਦੀ ਪ੍ਰਾਪਤੀ ਹੈ। ਰਿਸ਼ਤਿਆਂ ਦੇ ਤਣਾਓ ਦੇ ਨਾਲ ਨਾਲ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਆਰਥਿਕ ਨਾ ਬਰਾਬਰੀ ਨਾਲ ਵੀ ਸੰਬੰਧਿਤ ਹਨ। ਫਿਲਮ ਨਿਰਦੇਸ਼ਕ ਦੇ ਕਿੱਤੇ ਨਾਲ ਜੁੜੇ ਹੋਣ ਕਰਕੇ ਕੁਝ ਕਹਾਣੀਆਂ ਸਿੱਧੇ ਤੌਰ ਤੇ ਇਸ ਵਿਸ਼ੇ ਨਾਲ ਸੰਬੰਧਿਤ ਹਨ। ਮੌਤ ਤੇ ਪਿਆਰ ਰਸ਼ੀਅਨ ਰੂਪਵਾਦੀਆਂ ਅਨੁਸਾਰ ਸਾਹਿਤ ਦੇ ਸਰਬਕਾਲੀ ਵਿਸ਼ੇ ਹਨ। ਸੰਗ੍ਰਹਿ ਦੀਆਂ ਬਹੁਤੀਆਂ ਕਹਾਣੀਆਂ ਸਰਬਕਾਲੀ ਵਿਸ਼ੇ ਪਿਆਰ ਨਾਲ ਸੰਬੰਧਿਤ ਹਨ।

**- ਜਸਲੀਨ ਕੌਰ**

**ਭਾਗੂ (ਨਾਵਲ)**
**ਲੇਖਕ ਪਰਗਟ ਸਿੰਘ ਸਤੌਜ**
**ਮੁੱਲ 60 ਰੁਪਏ, ਪੰਨੇ 144**
**ਪ੍ਰਕਾਸ਼ਕ ਹਰਫ਼ ਪ੍ਰਕਾਸ਼ਨ ਬਿਲਾਸਪੁਰ, ਮੋਗਾ**




'ਭਾਗੂ' ਨਾਵਲ ਵਿਚ ਲੇਖਕ ਨੇ ਪੇਂਡੂ ਕਾਵਿ ਮੁਹਾਵਰਾ ਮਲਵਈ ਬੋਲੀ ਵਿਚ ਬੜੀ ਬਰੀਕੀ ਨਾਲ ਪੇਸ਼ ਕੀਤਾ ਹੈ। ਰੁਮਾਂਟਿਕ ਯਥਾਰਥਵਾਦ ਨੂੰ ਲੇਖਕ ਨੇ ਆਪਣੇ ਨਾਵਲ ਵਿਚ ਪੇਸ਼ ਕੀਤਾ ਹੈ। 'ਭਾਗੂ' ਨਾਵਲ ਦੇ ਪਾਤਰ ਬੜੇ ਸਹਿਜ ਹਨ। ਬੜੀ ਸਹਿਜਤਾ ਨਾਲ ਪਾਤਰ ਨਾਵਲ ਵਿਚ ਪੇਸ਼ ਹੋਏ ਹਨ। ਨਾਵਲ ਦਾ ਮੁੱਖ ਪਾਤਰ ਭਾਗੂ ਹੈ। ਨਾਵਲ ਦੀ ਕਹਾਣੀ 'ਭਾਗੂ' ਦੇ ਇਰਦ ਗਿਰਦ ਘੁੰਮਦੀ ਹੈ। ਕਿਸਾਨੀ ਨੂੰ ਬੜੀ ਬਰੀਕੀ ਨਾਲ ਚਿਤਰਿਆ ਹੈ। ਫ਼ਸਲੀ ਚੱਕਰ, ਪਿੰਡਾਂ ਦੇ ਦ੍ਰਿਸ਼, ਖੇਤਾਂ ਬਾਰੇ ਅਨੁਭਵ, ਰਸਤਿਆਂ-ਪਹਿਆ ਤੇ ਰਾਤ ਦੇ ਦ੍ਰਿਸ਼ ਨਾਵਲ ਨੂੰ ਰੌਚਿਕ ਬਣਾਉਂਦੇ ਹਨ। ਰਾਜਨੀਤਿਕ ਘਟਨਾਵਾਂ ਨਾਵਲ ਨੂੰ ਮੋੜਾ ਦਿੰਦੀਆਂ ਹਨ। ਨਾਵਲ ਦੀ ਇਕ ਕਹਾਣੀ ਰੁਮਾਂਟਿਕ ਪਿਆਰ ਦੀ ਹੈ। ਕਿਰਨਾਂ ਨਾਂ ਦੀ ਪਾਤਰ ਦੇ ਮਨ ਵਿਚ ਪਿਆਰ ਤਾਂ ਉਪਜਦਾ ਹੈ ਪਰ ਉਹ ਪਿਆਰ ਦੇ ਮੁਕਾਬਲੇ ਧੰਨ ਨੂੰ ਪਹਿਲ ਦਿੰਦੀ ਹੈ। ਪਛਤਾਵਾਂ ਭੋਗਦੀ ਹੋਈ ਧਰਮੇ ਦੀ ਮੌਤ ਦਾ ਕਾਰਨ ਵੀ ਬਣਦੀ ਹੈ। ਭਾਗੂ ਤੇ ਕਰਮੀ ਨਾਵਲ ਵਿਚ ਭੈਣ ਭਰਾ ਵਜੋ ਵਿਚਰਦੇ ਹਨ। ਨਾਵਲ ਵਿਚ ਅਨੇਕਾਂ ਸਮੱਸਿਆਵਾਂ ਨੂੰ ਲਿਆ ਹੈ। ਕਿਰਨਾਂ ਨਾਂ ਦੀ ਪਾਤਰ ਦਾ ਰੋਲ ਵੀ ਨਾਵਲ ਵਿਚ ਬਹੁਤ ਅਹਿਮ ਹੈ। ਆਪਣੇ ਪ੍ਰਤੀ ਬੇਵਿਸ਼ਵਾਸੀ ਪੈਦਾ ਕਰਦੀ ਹੈ। ਗੁਰਮੀਤ ਤੇ ਭਾਗੂ ਦਾ ਪਿਆਰ ਵਿਚ ਵਲੀਨ ਹੋ ਕੇ ਘਰੋ ਭੱਜਣ ਨਾਲ ਨਾਵਲ ਮੋੜਾ ਕੱਟਦਾ ਹੈ। ਜਿਨਸੀ ਰਿਸ਼ਤਿਆਂ ਨੂੰ ਲੇਖਕ ਨੇ ਪੇਂਡੂ ਪ੍ਰਸੰਗ ਵਿਚ ਪੇਸ਼ ਕੀਤੇ ਹਨ।

**- ਹਰਪ੍ਰੀਤ ਕੌਰ ਹੈਪੀ**



## ਹੁੰਗਾਰਾ

ਕਹਾਣੀ ਧਾਰਾ ਆਪਣੀ ਮੌਜ ਵਿਚ ਵਗਦੀ ਜਾ ਰਹੀ ਹੈ ਤੇ ਸਾਹਿਤ ਸੇਵਾ ਹਿਤ ਆਪਣੀ ਅਹਿਮ ਭੂਮਿਕਾ ਨਿਭਾ ਰਹੀ ਹੈ। ਜਨਵਰੀ-ਮਾਰਚ 2010 ਅੰਕ, ਪਹਿਲੇ ਅੰਕਾਂ ਦੀ ਤਰ੍ਹਾਂ, ਸਮੇਂ ਸਿਰ ਮਿਲਿਆ ਤੇ ਵਿਚਲੀ ਵੱਥ ਨੇ ਮਨ ਪ੍ਰਸੰਨ ਕੀਤਾ। ਜਿੱਥੇ ਕੁਲਦੀਪ ਸਿੰਘ ਬੇਦੀ ਨੇ ਆਪਣੀ ਕਹਾਣੀ 'ਕੀ ਹੈ ਰਿਸ਼ਤੇ ਦਾ ਨਾਂ' ਵਿਚ ਰੱਜੇ-ਪੁੱਜੇ ਸਮਾਜ ਦਾ ਯਥਾਰਥ ਦਰਸਾਇਆ ਹੈ ਉਥੇ ਸੁਰਜੀਤ ਬਰਾੜ ਨੇ ਗ਼ੁਰਬਤ ਤੇ ਮੁਫਲਿਸ ਕਿਰਤੀ ਸਮਾਜ ਦੇ ਯਥਾਰਥ ਦੀ ਝਾਤ ਪੁਆਈ ਹੈ ਤੇ ਪ੍ਰੋ. ਹਰਭਜਨ ਸਿੰਘ ਨੇ ਸਿਆਸਤ ਦੇ ਯਥਾਰਥ ਨੂੰ ਅਨਾਵਰਣ ਕੀਤਾ ਹੈ। ਇੰਝ ਯਥਾਰਥ ਤੇ ਕੇਵਲ ਯਥਾਰਥ ਪਾਠਕ ਨੂੰ ਯਥਾਰਥ ਪੱਖੀ ਬਣਾਉਂਦਾ ਹੈ ਤੇ 'ਸੱਚ ਸੁਣਾਇਸੀ ਸੱਚ ਕੀ ਬੇਲਾ' ਦਾ ਪ੍ਰਸ਼ੰਸਕ।

ਡਾ. ਬਿੰਦਰਾ ਜੀ ਨੇ ਦੋ ਪੁਸਤਕਾਂ ਦੀ ਜਾਣ ਪਛਾਣ ਕਰਾਈ ਹੈ। ਪਹਿਲੀ ਪੁਸਤਕ ਭਾਵੇਂ ਮੇਰੀ ਹੋ ਹੈ ਤੇ ਮੇਰਾ ਉਸ ਸੰਬੰਧੀ ਕੁਝ ਕਹਿਣਾ ਬਣਦਾ ਵੀ ਨਹੀਂ ਪਰ ਫਿਰ ਵੀ ਐਨਾ ਕਹਿਣਾ ਹੀ ਯੋਗ ਸਮਝਦਾ ਹਾਂ ਕਿ ਸੂਝਵਾਨ ਆਲੋਚਕਾ ਨੇ ਆਪਣੇ ਲੇਖ ਦੇ ਅੰਤਲੇ ਵਾਕ ਵਿਚ ਰਚਨਾ 'ਪਰਾਤੜੇ 'ਚ ਗੰਗਾ ' ਦੀ ਆਤਮਾ ਨੂੰ ਛੂਹਿਆ ਹੀ ਨਹੀਂ ਸਗੋਂ ਪਕੜ ਲਿਆ ਹੈ। ਇਹੀ ਭਾਵ ਹੈ, ਇਹੀ ਨੀਂਹ ਹੈ ਜਿਸ ਉਪਰ ਸਮੁੱਚੀ ਉਸਾਰੀ ਕੀਤੀ ਗਈ ਹੈ। ਕਹਾਣੀ ਰਚਨਾ 'ਖੁਲ੍ਹ ਜਾ ਸਿਮ-ਸਿਮ' ਦੀਆਂ ਕਹਾਣੀਆਂ ਨੂੰ ਵੀ ਬਹੁਤ ਭਲੀ ਭਾਂਤਿ ਪਾਠਕਾਂ ਅੱਗੇ ਆਪਣੇ ਮੂਲਾਂਕਣ ਸਹਿਤ ਰਖਿਆ ਹੈ। ਹਰ ਕਹਾਣੀ ਦੀ ਮੂਲ ਭਾਵਨਾ ਨੂੰ ਸਹੀ ਅਤੇ ਰੋਚਕ ਢੰਗ ਨਾਲ ਸੁਆਰ ਕੇ ਪੇਸ਼ ਕੀਤਾ ਹੈ। ਜਿੱਥੇ ਡਾ. ਸਾਹਿਬ ਨੂੰ ਕਲਮ ਤੇ ਅਬੂਰ ਹੈ ਉਥੇ ਉਨ੍ਹਾਂ ਦੀ ਰਸਨਾ ਤੇ ਵੀ 'ਸਰਸਵਤੀ' ਦਾ ਵਾਸ ਹੈ। ਦਿੱਲੀ ਹੋਏ ਸੈਮੀਨਾਰ ਵਿਚ ਉਨ੍ਹਾਂ ਨੂੰ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ ਸੀ ਤੇ ਉਨ੍ਹਾਂ ਦੇ ਪ੍ਰਭਾਵਸ਼ਾਲੀ ਵਿਚਾਰ ਬਹੁਤ ਚੰਗੇ ਲੱਗੇ ਸਨ। 'ਪੰਜਾਬੀ ਮਾਨਸਿਕਤਾ' ਸਿਰਲੇਖ ਹੇਠ ਸੰਪਾਦਕੀ ਲੇਖ ਵੀ ਵੱਡੀ ਸੂਝ ਦਾ ਲਖਆਇਕ ਹੈ ਅਤੇ ਮਿੱਥ ਚਰਚਾ ਵੀ। ਅੱਜ ਦੇ ਸੰਦਰਭ ਵਿਚ ਇਹ ਅਹਿਮ ਵਿਸ਼ਾ ਹੈ ਜੋ ਜੁਗਾਂ ਜੁਗਾਂਤਰਾਂ ਦੇ ਭੇਦ ਖੋਲ੍ਹਣ ਦੇ ਸਮਰਥ ਹੈ। ਰੰਗ ਬਰੰਗੇ ਫੁੱਲਾਂ ਨਾਲ ਸਜਾਇਆ ਟਾਇਟਲ ਪੰਨਾ ਵੀ ਬਹੁਤ ਲੁਭਾਉਣਾ ਹੈ - ਸਾਹਿਤ ਕਾਰਾਂ ਦੀ ਗੁਲਜ਼ਾਰ ਹੈ। ਪਾਠਕਾਂ ਦੇ ਹੁੰਗਾਰੇ ਵੀ ਇਸ ਰਸਾਲੇ ਦੇ ਮਹੱਤਵ ਦਾ ਹੁੰਗਾਰਾ ਭਰਦੇ ਹਨ। ਥੋੜ੍ਹੇ ਜਿਹੇ ਪਾਠਕਾਂ ਦੇ ਵਿਚਾਰ ਸਮੁਚੇ ਪਾਠਕ ਵਰਗ ਲਈ ਬੜੇ ਅਹਿਮ ਹਨ।

ਪੰਜਾਬੀ ਮਾਂ ਦੀ ਸੇਵਾ ਵਿਚੋ ਜੁਟੇ ਰਹੋ ਮੇਰੇ ਵੀਰ, ਜਵਾਨੀਆਂ ਮਾਣੋਂ ਤੇ ਸਾਹਿਤ ਨੂੰ ਵੀ ਜਵਾਨ ਰੱਖਣ ਲਈ ਕੋਈ ਕਸਰ ਨ ਛੱਡੋ। ਆਉਣ ਵਾਲੀਆਂ ਪੀੜ੍ਹੀਆਂ ਤੁਹਾਡੇ ਜਤਨਾਂ ਤੋਂ ਪ੍ਰਭਾਵਿਤ ਵੀ ਹੋਣ੍ਹਗੀਆਂ ਤੇ ਪ੍ਰੇਰਿਤ ਵੀ। **- ਰਾਜਿੰਦਰ ਸਿੰਘ (ਡਾ.)**

ਕਹਾਣੀ ਸਾਹਿਤ ਸਰਵੇਖਣ ਅੰਕ ਬਹੁਤ ਹੀ ਨਿਵੇਕਲਾ ਯਤਨ ਸੀ। ਬਹੁਤ ਮਿਹਨਤ ਵਾਲਾ ਕਾਰਜ ਸੀ। ਇਹੋ ਜਿਹਾ ਸਰਵੇਖਣ ਕਿਸੇ ਸਾਹਿਤਨ ਪਰਚੇ ਵਿਚ ਪਹਿਲੀ ਵਾਲ ਹੋਇਆ ਹੈ। ਅਜਿਹਾ ਸਰਵੇਖਣ ਭਵਿੱਖ ਵਿਚ ਕਰਵਾਉਂਦੇ ਰਹੋ। ਇਸ ਸਰਵੇਖਣ ਤੋਂ ਚੰਗੀਆਂ ਸਾਹਿਤਕ ਪੁਸਤਕਾਂ ਦਾ ਪਤਾ ਲੱਗਦਾ ਹੈ। 90% ਸਹੀ ਸਰਵੇਖਣ ਮੈਂ ਮੰਨਦਾ ਹਾਂ। ਬਾਕੀ 'ਮਿੱਥ' ਤੇ ਕੇਂਦਰਤ ਜਨ ਬੋਧ ਵਾਲਾ ਭਾਗ ਬਹੁਤ ਹੀ ਗਿਆਨ ਭਰਪੂਰ ਸੀ। ਕਹਾਣੀਆਂ ਚੰਗੀਆਂ ਹਨ। **-ਡਾ. ਹਰਪ੍ਰੀਤ ਪਾਲ**

ਕੁਲਦੀਪ ਸਿੰਘ ਬੇਦੀ ਦੀ ਕਹਾਣੀ ਧਾਰਾ ਅੰਕ-16 ਦੀ ਕਹਾਣੀ 'ਕੀ ਹੈ ਰਿਸ਼ਤੇ ਦਾ ਨਾਂ' ਚੰਗੀ ਲੱਗੀ। ਵਧਾਈਆਂ ! **-ਗੋਵਰਧਨ ਗੱਬੀ**

ਕਹਾਣੀ ਧਾਰਾ ਵਿਚ ਕੁਲਦੀਪ ਬੇਦੀ ਦੀ ਕਹਾਣੀ 'ਕੀ ਹੈ ਰਿਸ਼ਤੇ ਦਾ ਨਾਂ' ਬਹੁਤ ਚੰਗੀ ਲੱਗੀ। ਇਕੋ ਬੈਠਕ ਵਿਚ ਕਹਾਣੀ ਪੜ੍ਹੀ ਗਈ। ਬਾਕੀ ਸਾਹਿਤ ਸਰਵੇਖਣ ਵੀ ਚੰਗਾ ਸੀ। -ਦੀਪ ਨਿਰਮੋਹੀ।

ਕਹਾਣੀ ਧਾਰਾ-16 ਅੰਕ ਵਿਚ ਬੇਦੀ ਦੀ ਕਹਾਣੀ 'ਕੀ ਹੈ ਰਿਸ਼ਤੇ ਦਾ ਨਾਂ' ਬਹੁਤ ਖੂਬਸੂਰਤ ਲੱਗੀ। ਖਾਸ ਕਰਕੇ ਕਹਾਣੀ ਦਾ ਅੰਤ ਬਹੁਤ ਦਿਲ ਟੁੰਬਦਾ ਹੈ। ਪਤੀ ਦਾ ਪਾਤਰ ਬਹੁਤ ਚੰਗੀ ਤਰ੍ਹਾਂ ਉਭਾਰਿਆ ਹੈ। ਐਹੋ ਜਿਹੇ ਪਤੀ ਹਕੀਕਤ ਵਿਚ ਨਹੀਂ ਲੱਭਦੇ। **-ਤ੍ਰਿਪਤਾ ਕੇ. ਸਿੰਘ**

ਕਹਾਣੀ ਧਾਰਾ ਦੇ ਸਰਵੇਖਣ ਵਿਚ ਤੁਸੀਂ ਕੁਝ ਖਾਸ ਚਹੇਤੇ ਲੋਕਾਂ ਨੂੰ ਉਭਾਰਿਆ ਹੈ। ਕੁਝ ਸਾਹਿਤਕਾਰਾਂ ਦੇ ਨਾਂ ਤੱਕ ਨਹੀਂ ਲਿਖੇ। **-ਬਰਨਾਲੇ ਤੋਂ ਇਕ ਪਾਠਕ ਦਾ ਖ਼ਤ ਬਿਨਾ ਨਾਂ ਦੇ**